ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ


# ਸਾਡੇ ਲੋਕ
SADE LOK
sadelok.com

18-24 ਜੂਨ 2025

ਸਾਲ 16ਵਾਂ - ਅੰਕ 25
email : info@sadelok.com

Ph. : 510-706-1300
Fax : 925-373-1300


## ਵਸ਼ਿੰਗਟਨ ਵਿਖੇ ਅਮਰੀਕਨ ਆਰਮੀ ਦੀ 250ਵੀਂ ਵਰ੍ਹੇਗੰਢ ਮੌਕੇ ਵਿਸ਼ਾਲ ਫੌਜੀ ਪਰੇਡ

(ਦੇਖੋ ਸਫ਼ਾ 7 'ਤੇ)



## ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ 'ਚ ਪ੍ਰਦਰਸ਼ਨ




(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਸਾਨ ਫਰਾਂਸਿਸਕੋ : ਡੱਚ ਕਿੰਗ ਵਿਲੀਅਮ ਅਲੈਗਜ਼ੈਂਡਰ ਦੀ ਯਾਦ 'ਚ ਮਨਾਏ ਜਾਣ ਵਾਲੇ 'ਕਿੰਗਜ਼ ਡੇ' ਮੌਕੇ ਅਮਰੀਕਾ ਭਰ 'ਚ ਟਰੰਪ ਪ੍ਰਸ਼ਾਸਨ ਦੇ ਖਿਲਾਫ 'ਨੋ ਕਿੰਗਜ਼' ਦਿਵਸ ਦੇ ਵਿਰੋਧ ਵਜੋਂ ਮਨਾਇਆ ਗਿਆ। ਇਸ ਦੌਰਾਨ ਦੇਸ਼ ਭਰ ਵਿਚ ਲਗਭਗ 2,000 ਵਿਰੋਧ ਪ੍ਰਦਰਸ਼ਨ ਤੇ ਰੈਲੀਆਂ ਕੀਤੀਆਂ। ਕੁਝ ਖੇਤਰਾਂ ਵਿਚ

(ਦੇਖੋ ਸਫ਼ਾ 7 'ਤੇ)

## ਪੰਥ ਦੇ ਮਹਾਨ ਕੀਰਤਨੀਏ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਖ਼ਾਲਸਾ ਦਾ ਅੰਤਿਮ ਸਸਕਾਰ 20 ਜੂਨ ਨੂੰ



(ਦੇਖੋ ਸਫ਼ਾ 36 'ਤੇ)

# ਇਜ਼ਰਾਇਲ-ਇਰਾਨ ਦੀ ਜੰਗ 'ਚ ਤੀਸਰੀ ਵਿਸ਼ਵ ਜੰਗ ਦਾ ਖਤਰਾ

## ਅਮਰੀਕੀ ਫੌਜ ਕਿਸੇ ਵੇਲੇ ਵੀ ਕਰ ਸਕਦੀ ਹੈ ਇਰਾਨ 'ਤੇ ਹਮਲਾ

### ਇਜ਼ਰਾਇਲ ਵਲੋਂ ਇਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਖਮੇਨੀ ਨੂੰ ਖਤਮ ਕਰਨ ਦੀ ਧਮਕੀ



(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਇਰਾਨੀਅਨ ਮਿਜ਼ਾਇਲ ਨਾਲ ਰਮਤ ਗੰਨ ਤੇਲ ਅਵੀਵ ਸ਼ਹਿਰ ਵਿਖੇ ਤਬਾਹੀ ਹੋਈ ਬਿਲਡਿੰਗ (ਦੇਖੋ ਸਫ਼ਾ 22-23 'ਤੇ)

# G-7 ਸੰਮੇਲਨ ਲਈ ਕੈਨੇਡਾ ਦੇ ਕੈਨਾਨਾਸਕਿਸ ਵਿਖੇ ਵੱਖ-ਵੱਖ ਦੇਸ਼ਾਂ ਦੇ ਮੁਖੀ




51ਵੇਂ ਜੀ-7 ਸੰਮੇਲਨ ਮੌਕੇ ਵਿਸ਼ਵ ਦੇ ਵੱਖ-ਵੱਖ ਨੇਤਾ ਕੈਨਾਨਾਕਿਸ (ਕੈਨੇਡਾ) ਵਿਖੇ ਕਾਨਫਰੰਸ ਦੌਰਾਨ। (ਦੇਖੋ ਸਫ਼ਾ 26-27 'ਤੇ)

## ਵਿੱਦਿਆ ਵੀਚਾਰੀ ਤਾਂ ਪਰਉਪਕਾਰੀ ॥



ਸਿਲੀਕੋਨ ਵੈਲੀ/ਕੈਲੀਫੋਰਨੀਆ : ਗੁਰਦੁਆਰਾ ਸਾਹਿਬ ਸਿਲੀਕੋਨ ਵੈਲੀ ਕੈਲੀਫੋਰਨੀਆ ਵਿਖੇ ਖਾਲਸਾ ਸਕੂਲ ਦੇ ਬੱਚਿਆਂ ਅਤੇ ਅਧਿਆਪਕਾ ਸਮੇਤ ਵੱਡੀ ਗਿਣਤੀ 'ਚ ਬੱਚਿਆਂ ਨੇ ਪਰਿਵਾਰਾਂ ਸਮੇਤ

(ਦੇਖੋ ਸਫ਼ਾ 28-29 'ਤੇ)

## ਇਜ਼ਰਾਇਲ-ਇਰਾਨ ਦੀ ਲੜਾਈ 'ਚ ਦੁਨੀਆ ਭਰ ਦੀਆਂ ਉਡਾਣ ਪ੍ਰਭਾਵਤ



ਮੁੰਬਈ ਦੇ ਛਤਰਪਤੀ ਮਹਾਰਾਜਾ ਏਅਰਪੋਰਟ ਵਿਖੇ ਆਪਣੀ ਵਾਰੀ ਦਾ ਇੰਤਰਾਜ਼ ਕਰਦੇ ਹੋਏ।

(ਦੇਖੋ ਸਫ਼ਾ 35 'ਤੇ)


**Bhatia & Co, Inc**
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

**Bhatia Law Associates**
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories
PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

**Jaspreet Singh**
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ

Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

**Padam Builders**
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

**CJ Singh**
BH HS
License # 24012019
Real Estate Broker
NORTHWEST REAL ESTATE
BERKSHIRE HATHAWAY HOMESERVICES

M. 206-401-4000 Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC | Lathrop URGENT CARE | Main Street URGENT CARE
https ://www.sanramonurgentcare.com | Email us at info@sanramonucc.com


- ਪੋਲੀਟੀਕਲ ਅਸਾਈਲਮ - Political Asylum
- Deportation of Defense - BIA Appeal
- 9 Circuit Court - Federal Court
- ਗਰੀਨਕਾਰਡ - ਸਿਟੀਜਨਸ਼ਿਪ
- Green Card - Citizenship
- ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
- Divorce - Civil and Criminal Cases
- Family Petition Immigration
- Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
209-481-7750
209-624-3919
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111


# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਗੁਰਦੁਆਰਾ ਵੈਸਟ ਸੈਕਰਾਮੈਂਟੋ ਕੈਲੀਫੋਰਨੀਆ 'ਚ ਬਲਬੀਰ ਸਿੰਘ ਚੰਗਿਆੜਾ ਦਾ ਸਨਮਾਨ




ਸੈਕਰਾਮੈਂਟੋ (ਹੁਸਨ ਲੜੋਆ ਬੰਗਾ) : ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਵੈਸਟ ਸੈਕਰਾਮੈਂਟੋ ਕੈਲੀਫੋਰਨੀਆ ਵਿੱਚ ਨਾਲ ਮਨਾਇਆ ਗਿਆ ਇਸ ਮੌਕੇ ਤੇ ਕਨੇਡਾ ਤੋਂ ਪਹੁੰਚੇ ਬਲਬੀਰ ਸਿੰਘ ਚੰਗਿਆੜਾ ਨੇ ਆਖਿਆ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਗੁਰੂ ਕੀ ਵਡਾਲੀ ਦੀ ਧਰਤੀ ਤੇ ਮਾਤਾ ਗੰਗਾ ਜੀ ਦੀ ਕੁੱਖੋਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗ੍ਰਿਹਿ ਵਿਖੇ ਹੋਇਆ ਪੰਜਵੇਂ ਪਾਤਸ਼ਾਹ ਨੇ ਛੇਹਰਟਾ ਸਾਹਿਬ ਦਾ ਇਤਿਹਾਸਕ ਅਸਥਾਨ ਸਥਾਪਿਤ ਕਰ ਇਲਾਕੇ ਦੀ ਪਾਣੀ ਦੀ ਘਾਟ ਨੂੰ ਪੂਰਾ ਕੀਤਾ, ਅੱਜ ਤੁਸੀ ਹਜ਼ਾਰਾਂ ਮੀਲਾਂ ਦੀ ਦੂਰੀ ਤੇ ਅਮਰੀਕਾ ਦੀ ਧਰਤੀ ਤੇ ਸਤਿਗੁਰੂ ਸੱਚੇ ਪਾਤਸ਼ਾਹ ਦੀਆਂ ਅਸੀਸਾਂ ਪ੍ਰਾਪਤ ਕਰ ਰਹੇ ਹੋ। ਬੱਬਰ ਅਕਾਲੀ ਲਹਿਰ ਤੇ ਬੋਲਦਿਆਂ ਆਖਿਆ ਕਿ ਸਾਡੇ ਬਜ਼ੁਰਗਾਂ ਨੇ ਦੇਸ਼ ਵਿੱਚ ਜਾ ਕੇ ਕੁਰਬਾਨੀਆਂ ਦਿੱਤੀਆਂ ਸ੍ਰ. ਕਰਮ ਸਿੰਘ ਦੌਲਤਪੁਰ ਕੈਨੇਡਾ ਦੀ ਧਰਤੀ 'ਤੇ ਚੱਲ ਕੇ ਬਬੇਲੀ ਵਿੱਚ ਪਹਿਲੀ ਸਤੰਬਰ 1923 ਨੂੰ ਸ਼ਹੀਦੀਆਂ ਪ੍ਰਾਪਤ ਕੀਤੀਆਂ। ਅੱਜ ਉਸ ਨਗਰ ਦੇ ਹੀ ਸ੍ਰ. ਨਰਿੰਦਰ ਸਿੰਘ ਥਾਦੀ ਇਸ ਗੁਰੂ ਘਰ ਦੇ ਮੁੱਖ ਸੇਵਾਦਾਰ ਹਨ ਉਹਨਾਂ ਨੂੰ ਤੇ ਗੁਰੂ ਘਰ ਦਾ ਪ੍ਰਬੰਧ ਦੇਖ ਕੇ ਗੋਲਡ ਹਰੀ ਸਿੰਘ ਨਲੂਆ ਦੇ ਸਿੱਕੇ ਨਾਲ ਸਨਮਾਨਿਤ ਕੀਤਾ। ਇਸ ਦੌਰਾਨ ਗੁਰੂ ਘਰ ਦੇ ਸਮੁੱਚੇ ਰਾਗੀ ਸਿੰਘਾਂ ਤੇ ਕਮੇਟੀ ਵੱਲੋਂ ਗਿ. ਬਲਬੀਰ ਸਿੰਘ ਚੰਗਿਆੜਾ ਦਾ ਸਨਮਾਨ ਕੀਤਾ ਗਿਆ।

# ਸ਼ਿਕਾਗੋ ਗੁਰਦੁਆਰਾ ਸਾਹਿਬ ਵਿਚ ਪੰਜਾਬੀ ਦੀਆਂ ਕਲਾਸਾਂ ਸ਼ੁਰੂ

ਸ਼ਿਕਾਗੋ : ਗੁਰਦੁਆਰਾ ਸਾਹਿਬ ਕਰਾਊਨ ਪੁਆਇੰਟ ਇੰਡੀਆਨਾ ਦੇ ਵਿਚ ਪੰਜਾਬੀ ਸਿਖਾਉਣ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ। ਕਲਾਸਾਂ ਲਈ ਬੱਚਿਆਂ ਵਿਚ ਭਾਰੀ ਉਤਸ਼ਾਹ ਪਾਇਆ ਗਿਆ। ਪੰਜਾਬੀ ਕਵੀ ਰਵਿੰਦਰ ਸਿੰਘ ਸਹਿਰਾਅ ਦੇ ਉਪਰਾਲੇ ਸਦਕਾ ਇਹ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ, ਜਿਸ ਵਿਚ ਲਗਭਗ 24 ਬੱਚੇ ਪੰਜਾਬੀ ਸਿੱਖ ਰਹੇ ਹਨ। ਪਿਤਾ ਦਿਵਸ ਤੇ ਵਿਸ਼ੇਸ਼ ਤੌਰ 'ਤੇ ਪੰਜਾਬੀ ਸਕੂਲ ਦੇ ਬੱਚਿਆਂ ਨੇ ਪਿਤਾ ਦਿਵਸ ਸਬੰਧੀ ਕਵਿਤਾਵਾਂ ਤੇ ਸਮੂਹਿਕ ਗਾਣੇ ਅਤੇ ਕਵਿਤਾ ਰਾਹੀ ਆਪਣੀ ਹਾਜ਼ਰੀ ਲਗਵਾਈ। ਗੁਰਸਿਫ਼ਤ ਕੌਰ ਨੇ ਕਵਿਤਾ ਪਿਉ ਸੁਣਾਈ ਉਸ ਤੋਂ ਬਾਅਦ ਲਗਭਗ 20 ਬੱਚਿਆਂ ਨੇ ਸਾਂਝੀ ਕਵਿਤਾ ਦਾ ਗਾਇਨ ਕੀਤਾ। ਜਿਸ ਦੀ ਅਗਵਾਈ ਗੁਰਸਿਮਰਨ ਕੌਰ, ਨਵਕੀਰਤ ਕੌਰ, ਗੁਰਸਿਫ਼ਤ ਕੌਰ, ਮਨਸੀਰਤ ਕੌਰ ਤੇ ਸਹਿਜਦੀਪ ਸਿੰਘ ਨੇ ਕੀਤੀ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਵਣ ਸਿੰਘ ਟਿਵਾਣਾ ਨੇ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ। ਉਨ੍ਹਾਂ ਸੰਗਤ ਦਾ ਧੰਨਵਾਦ ਵੀ ਕੀਤਾ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

State of California Benefits Identification Card
STATE OF CALIFORNIA BENEFITS IDENTIFICATION CARD

Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com



Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences



ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।



- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।



S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.



OUR EXPERT COMPLIANCE DRIVING YOUR SUCCESS



## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਅਮਰੀਕਾ 'ਚ ਸੰਸਦ ਮੈਂਬਰ ਤੇ ਉਸ ਦੇ ਪਤੀ ਦੀ ਗੋਲੀਆਂ ਮਾਰ ਕੇ ਹੱਤਿਆ

## ਇਕ ਹੋਰ ਸੰਸਦ ਮੈਂਬਰ ਤੇ ਉਸ ਦੀ ਪਤਨੀ ਜ਼ਖ਼ਮੀ



ਮੇਲਿਸਾ ਹੌਰਟਮੈਨ



ਜੌਹਨ ਹਾਫਮੈਨ

ਬਲੇਨ (ਅਮਰੀਕਾ) : ਅਮਰੀਕਾ ਦੇ ਮਿਨੀਸੋਟਾ ਦੇ ਬਰੁਕਲਿਨ ਪਾਰਕ ਅਤੇ ਚੈਂਪਲਿਨ 'ਚ ਡੈਮੋਕ੍ਰੇਟਿਕ ਪਾਰਟੀ ਦੇ ਦੋ ਸੰਸਦ ਮੈਂਬਰਾਂ ਨੂੰ ਉਨ੍ਹਾਂ ਦੇ ਘਰਾਂ 'ਚ ਗੋਲੀਆਂ ਮਾਰ ਦੇਣ ਦੀ ਖ਼ਬਰ ਹੈ, ਜਿਸ 'ਚ ਇਕ ਦੀ ਮੌਤ ਹੋ ਗਈ, ਜਦੋਂਕਿ ਦੂਜੇ ਦੀ ਹਾਲਤ ਗੰਭੀਰ ਬਣੀ ਹੋਈ ਹੈ। ਮਿਨੀਸੋਟਾ ਦੇ ਗਵਰਨਰ ਟਿਮ ਵਾਲਜ਼ ਨੇ ਉਕਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਰੁਕਲਿਨ ਪਾਰਕ ਵਿਖੇ ਘਰ 'ਚ ਵੜ ਕੇ ਕੀਤੇ ਗਏ ਹਮਲੇ 'ਚ ਸਾਬਕਾ ਸਪੀਕਰ ਤੇ ਸੰਸਦ ਮੈਂਬਰ ਮੇਲਿਸਾ ਹੌਰਟਮੈਨ ਤੇ ਉਨ੍ਹਾਂ ਦੇ ਪਤੀ ਦੀ ਮੌਤ ਹੋ ਗਈ। ਜਦਕਿ ਚੈਂਪਲਿਨ ਵਿਖੇ ਇਸੇ ਤਰ੍ਹਾਂ ਦੇ ਇਕ ਹੋਰ ਹਮਲੇ 'ਚ ਸੰਸਦ ਮੈਂਬਰ ਜੌਹਨ ਹਾਫਮੈਨ ਤੇ ਉਨ੍ਹਾਂ ਦੀ ਪਤਨੀ ਯਵੇਟ ਜ਼ਖ਼ਮੀ ਹੋ ਗਏ। ਜਾਣਕਾਰੀ ਅਨੁਸਾਰ ਹਾਫਮੈਨ ਤੇ ਉਨ੍ਹਾਂ ਦੀ ਪਤਨੀ ਦੀ ਸਰਜਰੀ ਸਫਲ ਹੋ ਗਈ ਹੈ ਅਤੇ ਉਹ ਖ਼ਤਰੇ ਤੋਂ ਬਾਹਰ ਹਨ। ਵਾਲਜ਼ ਨੇ ਇਸ ਨੂੰ ਇਕ ਰਾਜਨੀਤਿਕ ਹਮਲਾ ਕਰਾਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਦੋਵੇਂ ਸੰਸਦ ਮੈਂਬਰ ਇਕ ਦੂਜੇ ਤੋਂ ਲਗਭਗ 12 ਕਿਲੋਮੀਟਰ ਦੀ ਦੂਰੀ 'ਤੇ ਰਹਿੰਦੇ ਹਨ। ਮਿਨੀਸੋਟਾ ਦੇ ਬਿਊਰੋ ਆਫ਼ ਕ੍ਰਿਮੀਨਲ ਆਪ੍ਰੇਸ਼ਨ (ਬੀ.ਸੀ.ਏ.) ਦੇ ਮੁਖੀ ਡਿਊ ਇਵਾਨਸ ਨੇ ਕਿਹਾ ਕਿ ਪੁਲਿਸ ਇਕ ਸ਼ੱਕੀ ਦੀ ਭਾਲ ਕਰ ਰਹੀ ਹੈ, ਜੋ ਪੁਲਿਸ ਵਰਦੀ 'ਚ ਸੀ। ਉਨ੍ਹਾਂ ਦੱਸਿਆ ਕਿ ਪੁਲਿਸ ਦਾ ਭੇਸ ਬਦਲ ਕੇ ਇਸ ਕਾਰੇ ਨੂੰ ਅੰਜਾਮ ਦਿੱਤਾ ਗਿਆ। ਇਸ ਦੇ ਨਾਲ ਹੀ ਪੁਲਿਸ ਨੇ ਮਾਮਲੇ 'ਚ ਇਕ ਸ਼ੱਕੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਹਾਲਾਂਕਿ ਉਸ ਦੀ ਪਛਾਣ ਅਜੇ ਤੱਕ ਪ੍ਰਗਟ ਨਹੀਂ ਕੀਤੀ ਗਈ ਹੈ, ਜਦਕਿ ਹੋਰ ਸ਼ੱਕੀ ਫ਼ਰਾਰ ਹਨ, ਜਿਨ੍ਹਾਂ ਦੀ ਭਾਲ ਲਈ ਮੁਹਿੰਮ ਤੇਜ਼ ਕਰ ਦਿੱਤੀ ਹੈ। ਇਸ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਮੈਨੂੰ ਮਿਨੀਸੋਟਾ 'ਚ ਹੋਈ ਇਸ ਭਿਆਨਕ ਗੋਲੀਬਾਰੀ ਬਾਰੇ ਜਾਣਕਾਰੀ ਮਿਲੀ ਹੈ, ਜੋ ਕਿ ਸਪੱਸ਼ਟ ਤੌਰ 'ਤੇ ਰਾਜ ਦੇ ਨੇਤਾਵਾਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਗਈ ਸੀ। ਅਮਰੀਕਾ 'ਚ ਅਜਿਹੀ ਹਿੰਸਾ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਨੇ ਐਫ.ਬੀ.ਆਈ. ਨੂੰ ਜਾਂਚ ਕਰਨ ਦੇ ਹੁਕਮ ਦਿੱਤੇ ਹਨ।

# ਸਨਵਾਕੀਨ ਵਿਖੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਤੇ 1984 ਦੇ ਸ਼ਹੀਦਾਂ ਨੂੰ ਸਮਰਪਿਤ ਦਿਨ ਮਨਾਇਆ

## ਸਨਵਾਕੀਨ ਦੇ ਪੁਰਾਣੇ ਵਸਨੀਕ ਹੋਏ ਇਕੱਠੇ

ਫਰਿਜ਼ਨੋ/ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ) : ਸੈਂਟਰਲ ਵੈਲੀ ਕੈਲੇਫੋਰਨੀਆ ਦੇ ਸਭ ਤੋਂ ਪੁਰਾਣੇ ਇਤਿਹਾਸਕਾਰ ਗੁਰਦੁਆਰਾ "ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ" ਵਿਖੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਬੜੀ ਸ਼ਰਧਾ ਨਾਲ ਇੱਥੋਂ ਦੇ ਵਸਨੀਕ ਰਹਿ ਚੁੱਕੇ ਪਰਿਵਾਰਾਂ ਵੱਲੋ ਆਪਸੀ ਇਕੱਤਰਤਾ ਕਰਦੇ ਹੋਏ ਮਨਾਇਆ ਗਿਆ। ਇਸ ਸਮੇਂ 1984 ਦੇ ਸਮੂੰਹ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਸਰਧਾਂਜਲੀਆਂ ਵੀ ਦਿੱਤੀਆਂ ਗਈਆਂ ਅਤੇ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ। ਇੱਥੇ ਅਖੰਡ ਸਾਹਿਬ ਦੇ ਭੋਗ ਉਪਰੰਤ ਗੁਰਬਾਣੀ, ਕੀਰਤਨ, ਕਥਾ ਅਤੇ ਧਾਰਮਿਕ ਗਾਇਕੀ ਦੇ ਪ੍ਰਵਾਹ ਚੱਲੇ। ਗੁਰੂਘਰ ਦੇ ਹਜ਼ੂਰੀ ਕੀਰਤਨ ਜੱਥੇ ਨੇ ਗੁਰਬਾਣੀ ਸਰਵਨ ਕਰਵਾਈ। ਜਦ ਕਿ ਹੈੱਡ ਗ੍ਰੰਥੀ ਭਾਈ ਕੁਲਵੰਤ ਸਿੰਘ ਧਾਲੀਵਾਲ ਨੇ ਕਥਾ ਸਰਵਨ ਕਰਵਾਈ। ਭਾਈ ਕੁਲਵੰਤ ਸਿੰਘ ਖੈਹਿਰਾ ਨੇ ਸ਼ਹੀਦਾਂ ਨੂੰ ਸਮਰਪਿਤ ਵਾਰ ਗਾਇਨ ਕੀਤੀ। ਇਸ ਬਾਅਦ ਦਿਲਦਾਰ ਬ੍ਰਦਰਜ਼ ਦੇ ਅਵਤਾਰ ਗਰੇਵਾਲ, ਰਾਣਾ ਗਿੱਲ ਅਤੇ ਕਾਂਤਾ ਸਹੋਤਾ ਨੇ ਆਪਣੇ ਬਹਾਦਰੀ ਭਰੇ ਧਾਰਮਿਕ ਗੀਤ ਗਾਏ। ਇਸੇ ਤਰ੍ਹਾਂ ਗਾਇਕ ਪੱਪੀ ਭਦੌੜ ਅਤੇ ਗਾਇਕਾ ਦਿਲਪ੍ਰੀਤ ਦਿਲ ਦੀ ਜੋੜੀ ਨੇ ਵੀ ਧਾਰਮਿਕ ਗੀਤ ਗਾ ਸਰੋਤਿਆਂ ਵਿੱਚ ਜਜ਼ਬਾ ਭਰਿਆ। ਇਸ ਸਮੇਂ ਸਿੱਖ ਕੌਂਸ਼ਲ ਆਫ ਸ਼ੈਟਰਲ ਕੈਲੇਫੋਰਨੀਆਂ ਵੱਲੋ ਭਾਈ ਰਾਜਵਿੰਦਰ ਸਿੰਘ ਅਤੇ ਭਾਈ ਗੁਰਦੀਪ ਸਿੰਘ ਖਾਲਸਾ ਨੇ ਵਿਚਾਰਾਂ ਦੀ ਸਾਂਝ ਪਾਈ। ਗੁਰੂਘਰ ਦੇ ਸਕੱਤਰ ਭੁੱਲਰ ਸਾਹਿਬ ਨੇ ਸੰਗਤਾਂ ਦਾ ਇਸ ਉਪਰਾਲੇ ਲਈ ਧੰਨਵਾਦ ਕੀਤਾ।



ਗੁਰੂਘਰ ਵੱਲੋਂ ਹਰ ਸਾਲ ਦੀ ਤਰ੍ਹਾਂ ਬਾਹਰ ਮੁੱਖ ਸੜਕ ਉੱਪਰ ਰਾਹਗੀਰਾਂ ਲਈ ਛਬੀਲ ਲਾਈ ਹੋਈ ਸੀ। ਇਸ ਤੋਂ ਇਲਾਵਾ ਗੁਰੂਘਰ ਅੰਦਰ ਖ਼ੂਨਦਾਨ ਕੈਂਪ ਵੀ ਚੱਲ ਰਿਹਾ ਸੀ। ਜਿੱਥੇ ਹਾਜ਼ਰ ਸੰਗਤਾਂ ਨੇ ਖ਼ੂਨਦਾਨ ਕਰਕੇ ਆਪਣਾ ਇਨਸਾਨੀਅਤ ਪ੍ਰਤੀ ਫਰਜ਼ ਨਿਭਾਇਆ। ਇਸੇ ਤਰ੍ਹਾਂ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ "ਫ਼ਾਦਰ ਡੇ" ਵੀ ਗੁਰੂ ਦਾ ਅਸ਼ੀਰਵਾਦ ਪ੍ਰਾਪਤ ਕਰਦੇ ਹੋਏ ਮਨਾਇਆ ਗਿਆ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਅੱਜ ਤੋਂ ਚਾਰ-ਪੰਜ ਦਹਾਕੇ ਪਹਿਲਾਂ ਪੰਜਾਬ ਤੋਂ ਆਉਣ ਵਾਲੇ ਪਰਿਵਾਰਾਂ ਲਈ ਯੂਬਾ ਸਿਟੀ ਤੋਂ ਬਾਅਦ ਖੇਤੀਬਾੜੀ ਦਾ ਏਨੀਆਂ ਹੋਣ ਕਰਕੇ ਪਸੰਦੀਦਾ ਕਸਬਾ ਰਿਹਾ ਹੈ। ਇੱਥੇ ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਰਹਿਣ ਕਰਕੇ ਗੁਰਦੁਆਰਾ ਸਾਹਿਬ ਦੀ ਸ਼ੁਰੂਆਤ ਵੀ ਇਲਾਕੇ ਵਿੱਚ ਸਭ ਤੋਂ ਪਹਿਲਾਂ ਹੋਈ ਸੀ। ਇਹੀ ਕਾਰਨ ਹੈ ਕਿ ਇਸ ਗੁਰਦੁਆਰਾ ਸਾਹਿਬ ਨੂੰ ਸਰਕਾਰੀ ਤੌਰ 'ਤੇ ਹੈਰੀਟੇਜ਼ ਹੋਣ ਦਾ ਮਾਣ ਪ੍ਰਾਪਤ ਹੈ। ਬੇਸ਼ੱਕ ਉੱਚ ਵਿੱਦਿਆ ਅਤੇ ਚੰਗੇ ਰੋਜ਼ਗਾਰ ਕਰਕੇ ਸਥਾਨਕ ਪੰਜਾਬੀ ਵਸਨੀਕ ਵੱਡੇ ਸ਼ਹਿਰਾਂ ਵਿੱਚ ਜਾ ਵਸੇ ਹਨ, ਪਰ ਧਾਰਮਿਕ ਤੌਰ 'ਤੇ ਉਨ੍ਹਾਂ ਦੀਆਂ ਭਾਵਨਾਵਾਂ ਇਸੇ ਗੁਰੂਘਰ ਨਾਲ ਜੁੜੀਆਂ ਹੋਈਆਂ ਹਨ। ਉਹ ਆਪਣੇ ਸਾਰੇ ਧਾਰਮਿਕ ਅਤੇ ਪਰਿਵਾਰਕ ਕਾਰਜ ਇੱਥੇ ਆ ਕੇ ਕਰਦੇ ਹਨ।

# 56 ਹਜ਼ਾਰ ਤੋਂ ਵੱਧ ਲੋਕਾਂ ਨੇ ਛੱਡਿਆ ਅਮਰੀਕਾ



ਮੈਕਸੀਕੋ ਸਿਟੀ : ਅਮਰੀਕਾ ਤੋਂ ਵੱਡੀ ਗਿਣਤੀ ਵਿਚ ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਹੈ। ਹਾਲ ਹੀ ਵਿਚ ਮੈਕਸੀਕਨ ਸਰਕਾਰ ਨੇ ਦੱਸਿਆ ਹੈ ਕਿ ਇਸ ਸਾਲ 20 ਜਨਵਰੀ ਤੋਂ ਹੁਣ ਤੱਕ ਕੁੱਲ 56,298 ਮੈਕਸੀਕਨਾਂ ਨੂੰ ਅਮਰੀਕਾ ਤੋਂ ਵਾਪਸ ਲਿਆਂਦਾ ਗਿਆ ਹੈ, ਜਿਨ੍ਹਾਂ ਵਿੱਚੋਂ 12,183 ਹਵਾਈ ਰਸਤੇ ਆਏ ਹਨ। ਮਨੁੱਖੀ ਅਧਿਕਾਰ, ਆਬਾਦੀ ਅਤੇ ਪ੍ਰਵਾਸ ਲਈ ਅੰਡਰ ਸੈਕਟਰੀ ਆਰਟੂਰੋ ਮੈਡੀਨਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅਮਰੀਕੀ ਇਮੀਗ੍ਰੇਸ਼ਨ ਕਾਰਵਾਈ ਦੇ ਜਵਾਬ ਵਿੱਚ ਸ਼ੁਰੂ ਕੀਤੇ ਗਏ ਸਰਕਾਰ ਦੇ ਦੇਸ਼ ਵਾਪਸੀ ਪ੍ਰੋਗਰਾਮ 'ਮੈਕਸੀਕੋ ਐਂਬ੍ਰੇਸ ਯੂ' ਤਹਿਤ ਸਰਹੱਦ 'ਤੇ ਸਥਾਪਤ ਦੇਖਭਾਲ ਕੇਂਦਰਾਂ ਵਿੱਚ 24,082 ਨਾਗਰਿਕ ਪਹੁੰਚੇ ਹਨ।

ਉਨ੍ਹਾਂ ਕਿਹਾ ਕਿ ਹੁਣ ਤੱਕ 92,246 ਤੋਂ ਵੱਧ ਲੋਕਾਂ ਨੂੰ ਭੋਜਨ ਰਾਸ਼ਨ ਵੰਡਿਆ ਜਾ ਚੁੱਕਾ ਹੈ। ਇਸ ਤੋਂ ਇਲਾਵਾ 9,786 ਲੋਕਾਂ ਨੂੰ ਡਾਕਟਰੀ ਅਤੇ 4,019 ਲੋਕਾਂ ਨੂੰ ਮਨੋਵਿਗਿਆਨਕ ਸੇਵਾਵਾਂ ਦਿੱਤੀਆਂ ਗਈਆਂ ਹਨ। ਲਿੰਗ-ਅਧਾਰਤ ਹਿੰਸਾ ਦੇ ਪੀੜਤਾਂ ਨੂੰ ਕਾਨੂੰਨੀ ਸਲਾਹ ਅਤੇ ਸਹਾਇਤਾ ਵੀ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਨੇ ਕਿਹਾ, '19,282 ਤੋਂ ਵੱਧ ਲੋਕਾਂ ਨੂੰ ਪੈਸੇਨੋ ਵੈਲਫੇਅਰ ਕਾਰਡ ਦਿੱਤੇ ਗਏ ਸਨ, ਜਿਸ ਦੇ ਤਹਿਤ ਉਨ੍ਹਾਂ ਨੂੰ ਆਪਣੇ ਜੱਦੀ ਭਾਈਚਾਰਿਆਂ ਦਾ ਦੌਰਾ ਕਰਨ ਲਈ 2,000 ਪੇਸੋ (105 ਅਮਰੀਕੀ ਡਾਲਰ) ਦਾ ਯਾਤਰਾ ਭੱਤਾ ਦਿੱਤਾ ਗਿਆ ਸੀ ਅਤੇ ਸਾਡੇ ਸਾਥੀ ਨਾਗਰਿਕਾਂ ਨੂੰ ਬਿਨੇਸਟਾਰ (ਕਲਿਆਣ) ਪ੍ਰੋਗਰਾਮਾਂ ਵਿੱਚ ਸ਼ਾਮਲ ਕੀਤਾ ਗਿਆ ਸੀ।' ਉਸਨੇ ਦੱਸਿਆ ਕਿ ਅਮਰੀਕਾ ਤੋਂ ਵਾਪਸ ਆਉਣ ਵਾਲੇ ਨਾਗਰਿਕਾਂ ਨੂੰ ਪਛਾਣ ਪੱਤਰ ਅਤੇ ਜਨਮ ਸਰਟੀਫਿਕੇਟ ਪ੍ਰਾਪਤ ਕਰਨ ਵਿੱਚ ਵੀ ਸਹਾਇਤਾ ਕੀਤੀ ਗਈ ਸੀ। ਇਸ ਤੋਂ ਇਲਾਵਾ 2,495 ਲੋਕਾਂ ਨੂੰ ਨਿੱਜੀ ਖੇਤਰ ਦੀ ਮਦਦ ਨਾਲ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ।

# ਟਰੰਪ ਪ੍ਰਸ਼ਾਸਨ ਵਲੋਂ ਡੈਮੋਕ੍ਰੇਟਿਕ ਸੈਨੇਟਰ ਨਾਲ ਬਦਸਲੂਕੀ ਤੇ ਖਿੱਚ-ਧੂਹ, ਲਗਾਈ ਹਥਕੜੀ

ਸਾਨ ਫਰਾਂਸਿਸਕੋ : ਟਰੰਪ ਪ੍ਰਸ਼ਾਸਨ 'ਚ ਆਮ ਬੰਦੇ ਦਾ ਕੀ ਹਾਲ ਹੋਵੇਗਾ ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਅੱਜ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਊਰਟੀ ਦੀ ਸਕੱਤਰ ਕ੍ਰਿਸਟੀ ਨੋਇਮ ਦੀ ਲਾਸ ਏਂਜਲਸ ਵਿੱਚ ਆਈਸ ਰੇਡ ਤੋਂ ਬਾਅਦ ਦੀ ਵਿਗੜੀ ਸਥਿਤੀ 'ਤੇ ਕੀਤੀ ਜਾ ਰਹੀ ਪ੍ਰੈੱਸ ਕਾਨਫ਼ਰੰਸ ਦੌਰਾਨ ਕੈਲੀਫੋਰਨੀਆ ਦੇ ਡੈਮੋਕ੍ਰੇਟਿਕ ਸੈਨੇਟਰ ਅਲੈਕਸ ਪੈਡੀਲਾ ਨੂੰ ਗੁਪਤ ਸੇਵਾਵਾਂ ਤੇ ਕਾਨੂੰਨ ਲਾਗੂ ਕਰਨ ਵਾਲੇ ਤੇ ਐਫ. ਬੀ. ਆਈ. ਅਧਿਕਾਰੀਆਂ ਵਲੋਂ ਜਬਰਦਸਤੀ ਧੂਹ ਕੇ ਬਾਹਰ ਹੀ ਨਹੀਂ ਕੱਢਿਆ ਗਿਆ ਸਗੋਂ ਫ਼ਰਸ਼ 'ਤੇ ਪੁੱਠਾ ਲਿਟਾ ਕੇ ਹੱਥ ਪਿੱਛੇ ਕਰ ਕੇ ਹੱਥਕੜੀ ਵੀ ਲਗਾ ਦਿੱਤੀ ਗਈ। ਜਿਸ ਨੂੰ ਬਾਅਦ ਵਿਚ ਭਾਵੇਂ ਖੋਲ੍ਹ ਦਿੱਤਾ ਗਿਆ ਸੀ। ਨੋਇਮ ਲਾਸ ਏਂਜਲਸ ਦੇ ਖੇਤਰ ਵਿੱਚ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ਆਈਸ) ਦੇ ਛਾਪਿਆਂ ਵਿਰੁੱਧ ਵਿਰੋਧ ਪ੍ਰਦਰਸ਼ਨਾਂ ਪ੍ਰਤੀ ਸੰਘੀ ਪ੍ਰਤੀਕਿਰਿਆ ਬਾਰੇ ਮੀਡੀਆ ਨਾਲ ਗੱਲ ਕਰ ਰਹੀ ਸੀ। ਜਦੋਂ ਪੈਡਿਲਾ ਕਮਰੇ ਵਿੱਚ ਦਾਖ਼ਲ ਹੋਇਆ ਅਤੇ ਨੋਇਮ ਦੇ ਪੋਡੀਅਮ ਦੇ ਨੇੜੇ ਪਹੁੰਚਿਆ ਤਾਂ ਉਥੇ ਮੌਜੂਦ ਪੁਲਿਸ ਅਧਿਕਾਰੀਆਂ ਨੇ ਸੈਨੇਟਰ ਨੂੰ ਫੜ ਲਿਆ, ਉਸ ਨੂੰ ਕਮਰੇ ਤੋਂ ਬਾਹਰ ਇੱਕ ਹਾਲ ਵਿੱਚ ਲੈ ਗਏ ਤੇ ਉਸ ਨੂੰ ਜ਼ਬਰਦਸਤੀ ਫ਼ਰਸ਼ 'ਤੇ ਸੁੱਟ ਕੇ ਹੱਥਕੜੀ ਲਗਾ ਦਿੱਤੀ ਗਈ। ਹਾਲਾਂ ਕਿ ਪੈਡੇਲਾ ਨੇ ਬਾਅਦ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਸੈਨੇਟ ਨਿਆਪਾਲਿਕਾ ਕਮੇਟੀ ਦੀ ਇਮੀਗ੍ਰੇਸ਼ਨ, ਨਾਗਰਿਕਤਾ ਅਤੇ ਸਰਹੱਦੀ ਸੁਰੱਖਿਆ 'ਤੇ ਸਬ-ਕਮੇਟੀ ਦੇ ਰੈਂਕਿੰਗ ਮੈਂਬਰ ਹਨ ਉਹ ਕੋਈ ਸਵਾਲ ਪੁੱਛਣਾ ਚਾਹੁੰਦੇ ਸਨ ਪਰ ਕਾਨੂੰਨ ਲਾਗੂ ਕਰਨ ਵਾਲਿਆਂ ਨੇ ਉਸ ਨੂੰ ਬਾਹਰ ਕੱਢ ਦਿੱਤਾ। ਉਧਰ ਨੋਇਮ ਨੇ ਆਪਣੇ ਸਪੱਸ਼ਟੀਕਰਨ ਵਿਚ ਕਿਹਾ ਕਿ ਕਾਨੂੰਨ ਲਾਗੂ ਕਰਨ ਵਾਲਿਆਂ ਨੇ ਦੱਸਿਆ ਕਿ ਉਸ ਨੇ ਆਪਣੀ ਪਛਾਣ ਦੱਸੇ ਬਿਨਾਂ ਅੱਗੇ ਵਧਣਾ ਜਾਰੀ ਰੱਖਿਆ ਸੀ। ਪੈਡਿਲਾ ਦੇ ਡੈਮੋਕ੍ਰੇਟਿਕ ਸਹਿਯੋਗੀ ਉਸ ਨਾਲ ਕੀਤੇ ਗਏ ਵਿਵਹਾਰ ਦੀ ਆਲੋਚਨਾ ਕਰ ਰਹੇ ਸਨ। ਸੈਨਿਟ ਘੱਟ ਗਿਣਤੀ ਨੇਤਾ ਚੱਕ ਸ਼ੂਮਰ ਨੇ ਕਿਹਾ ਕਿ ਇਹ ਸਭ ਬਰਦਾਸ਼ਤ ਤੇ ਹਜ਼ਮ ਕਰਨ ਵਾਲਾ ਨਹੀਂ ਹੈ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਪੈਡਿਲਾ ਨੂੰ ਸਭ ਤੋਂ ਵਧੀਆ ਤੇ ਚੰਗੇ ਲੋਕਾਂ 'ਚੋਂ ਇੱਕ ਕਿਹਾ। ਨਿਊਸਮ ਨੇ ਸੋਸ਼ਲ ਮੀਡੀਆ 'ਐਕਸ' 'ਤੇ ਲਿਖਿਆ 'ਇਹ ਘਿਣਾਉਣਾ, ਤਾਨਾਸ਼ਾਹੀ ਅਤੇ ਸ਼ਰਮਨਾਕ ਹੈ ਤੇ ਟਰੰਪ ਅਤੇ ਉਸ ਦੀਆਂ ਹੈਰਾਨ ਕਰਨ ਵਾਲੀਆਂ ਫੌਜਾਂ ਕਾਬੂ ਤੋਂ ਬਾਹਰ ਹਨ। ਇਹ ਹੁਣ ਖ਼ਤਮ ਹੋਣਾ ਚਾਹੀਦਾ ਹੈ।' ਲਾਸ ਏਂਜਲਸ ਦੇ ਮੇਅਰ ਕੈਰਨ ਬਾਸ ਨੇ ਇਸ ਨੂੰ ਅੱਤ ਘਿਨਾਉਣੀ ਹਰਕਤ ਕਿਹਾ। ਕੈਲੀਫੋਰਨੀਆ ਦੇ ਸੈਨੇਟ ਐਡਮ ਸ਼ਿਫ ਨੇ ਪੈਡਿਲਾ ਵਿਰੁੱਧ ਕਾਰਵਾਈਆਂ ਨੂੰ ਲੋਕਤੰਤਰ 'ਤੇ 'ਹਮਲਾ' ਕਰਾਰ ਦਿੰਦੇ ਕਿਹਾ ਕਿ ਇਹ ਇੱਕ ਅਜਿਹਾ ਪ੍ਰਸ਼ਾਸਨ ਹੈ ਜਿਸ ਦਾ ਸਾਡੇ ਲੋਕਤੰਤਰ, ਸਾਡੇ ਅਦਾਰਿਆਂ, ਸ਼ਕਤੀਆਂ ਲਈ ਕੋਈ ਸਤਿਕਾਰ ਨਹੀਂ ਹੈ। ਹਾਊਸ ਘੱਟ ਗਿਣਤੀ ਨੇਤਾ ਹਕੀਮ ਜੈਫਰੀਜ਼ ਨੇ ਪੱਤਰਕਾਰਾਂ ਨੂੰ ਕਿਹਾ ਕਿ ਜੋ ਕੁਝ ਤੇ ਜਿਵੇਂ ਪੈਡਿਲਾ ਨਾਲ ਵਾਪਰਿਆ ਹੈ, ਉਹ ਬਹੁਤ ਅਪਮਾਨਜਨਕ ਹੈ।



ਸੈਨੇਟਰ ਐਲੇਕਸ ਪੈਡੇਲਾ ਦੀ ਕੀਤੀ ਜਾ ਰਹੀ ਖਿੱਚ-ਧੂਹ ਤੇ ਹੱਥਕੜੀ ਲਗਾਉਂਦੇ ਐਫ.ਬੀ.ਆਈ.ਅਧਿਕਾਰੀ

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336

hsrotal.64@gmail.com

369 Pine Street, Suite 420, San Francisco, CA 94104

Enyinwalaw@gmail.com

## All Services Under One Roof



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ 'ਚ ਪ੍ਰਦਰਸ਼ਨ

ਸਾਨ ਫਰਾਂਸਿਸਕੋ : ਡੱਚ ਕਿੰਗ ਵਿਲੀਅਮ ਅਲੈਗਜ਼ੈਂਡਾ ਦੀ ਯਾਦ 'ਚ ਮਨਾਏ ਜਾਣ ਵਾਲੇ 'ਕਿੰਗਜ਼ ਡੇ' ਮੌਕੇ ਅਮਰੀਕਾ ਭਰ 'ਚ ਟਰੰਪ ਪ੍ਰਸ਼ਾਸਨ ਦੇ ਖਿਲਾਫ 'ਨੋ ਕਿੰਗਜ਼' ਦਿਵਸ ਦੇ ਵਿਰੋਧ ਵਜੋਂ ਮਨਾਇਆ ਗਿਆ। ਇਸ ਦੌਰਾਨ ਦੇਸ਼ ਭਰ ਵਿਚ ਲਗਭਗ 2,000 ਵਿਰੋਧ ਪ੍ਰਦਰਸ਼ਨ ਤੇ ਰੈਲੀਆਂ ਕੀਤੀਆਂ। ਕੁਝ ਖੇਤਰਾਂ ਵਿਚ ਪ੍ਰਦਰਸ਼ਨਕਾਰੀਆਂ ਨੇ ਬਰਫ਼ੀਲੇ ਮੌਸਮ ਦਾ ਸਾਹਮਣਾ ਕਰਦੇ ਹੋਏ ਵੀ ਪ੍ਰਵਾਸੀਆਂ ਦੇ ਅਧਿਕਾਰਾਂ ਦਾ ਸਮਰਥਨ ਕਰਨ ਵਾਲੇ ਚਿੰਨ੍ਹ ਖੜ੍ਹੇ ਕੀਤੇ ਤੇ ਨਾਅਰੇ ਲਗਾਏ। ਫਲੋਰੀਡਾ ਵਿਚ, ਮਾਰਚ ਕਰਨ ਵਾਲੇ ਟਰੰਪ ਦੇ ਪਾਮ ਬੀਚ ਅਸਟੇਟ, ਮਾਰ-ਏ-ਲਾਗੋ ਦੇ ਨੇੜੇ ਵੀ ਇਕੱਤਰ ਹੋਏ। ਉੱਧਰ ਵਾਈਟ ਹਾਊਸ ਦੇ ਬਾਹਰ ਪ੍ਰਦਰਸ਼ਨਕਾਰੀ ਇੱਕ ਘੰਟੇ ਤੋਂ ਵੱਧ ਜੋਰਦਾਰ ਵਿਰੋਧ ਪ੍ਰਦਰਸ਼ਨ ਕਰਦੇ ਰਹੇ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਡਾਇਪਰ ਪਹਿਨੇ ਹੋਏ 20 ਫੁੱਟ ਦੇ ਗੁਬਾਰੇ ਨੂੰ ਫੁਲਾਇਆ ਗਿਆ ਤੇ ਲਾਸ ਏਂਜਲਸ ਦੇ ਗਲੋਰੀਆ ਮੋਲੀਨਾ ਗ੍ਰੈਂਡ ਪਾਰਕ ਵਿਚ ਇੱਕ ਸਾਰਡਾਈਨ ਭੀੜ ਵਿਚੋਂ ਲੰਘਿਆ। 'ਨੋ ਕਿੰਗਜ਼ ਡੇ' ਮਾਰਚ ਮੌਕੇ ਕਿਤੇ ਵੀ ਕਾਨੂੰਨ ਲਾਗੂ ਕਰਨ ਵਾਲਿਆਂ ਨਾਲ ਟਕਰਾਅ ਹੋਣ ਦੀ ਖਬਰ ਨਹੀਂ ਹੈ। ਪ੍ਰਦਰਸ਼ਨਕਾਰੀਆਂ ਦੇ ਉਪਰੋਂ ਹੈਲੀਕਾਪਟਰ ਲੰਘਦੇ ਰਹੇ ਪਰ ਨਾਅਰੇ ਤੇ ਤਾਲੀਆਂ ਦੀ ਆਵਾਜ ਮੱਧਮ ਨਾ ਹੋਈ।




ਨਿਊਯਾਰਕ, ਫਿਲਾਡੇਲਫੀਆ ਅਤੇ ਹਿਊਸਟਨ ਵਰਗੇ ਸ਼ਹਿਰਾਂ ਵਿਚ ਕਾਨੂੰਨਸਾਜ਼ਾਂ, ਯੂਨੀਅਨ ਆਗੂਆਂ ਤੇ ਕਾਰਕੁੰਨਾਂ ਨੇ ਟਰੰਪ ਦੇ ਵਿਰੋਧ ਵਿਚ ਅਮਰੀਕੀ ਝੰਡੇ ਤੇ ਚਿੰਨ੍ਹ ਲਹਿਰਾਉਂਦੇ ਹੋਏ ਵੱਡੇ ਇਕੱਠ ਵਿਚ ਭਾਸ਼ਣ ਦਿੱਤੇ। ਫਿਲਾਡੇਲਫੀਆ ਵਿਚ ਇਕ 61 ਸਾਲਾ ਨਰਸ ਵੈਨ ਟਰਾਈਸਟ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਸਾਨੂੰ ਆਪਣੇ ਲੋਕਤੰਤਰ ਦੀ ਰੱਖਿਆ ਕਰਨ ਦੀ ਲੋੜ ਹੈ। 29 ਸਾਲਾ ਐਲੀਡੀਆ ਬੁਏਨਰੋਸਟ੍ਰੋ ਨੇ ਦੱਸਿਆ ਕਿ ਉਸਨੇ ਦੇਸ਼ ਵਿਚ ਰਹਿ ਰਹੇ ਗੈਰ-ਦਸਤਾਵੇਜ਼ੀ ਪਰਿਵਾਰਕ ਮੈਂਬਰਾਂ ਵਲੋਂ ਮਾਰਚ ਕੀਤਾ ਹੈ। ਉਸਨੇ ਤੇ ਉਸਦੀ ਧੀ ਨੇ ਇੱਕ ਤਖ਼ਤੀ ਫੜੀ ਹੋਈ ਸੀ ਜਿਸ 'ਤੇ ਲਿਖਿਆ ਸੀ 'ਪਰਿਵਾਰ ਇਕੱਠੇ ਰਹਿੰਦੇ ਹਨ। ਇਕ ਲੋਕ 'ਨੋ ਕਿੰਗਜ਼' ਵਿਰੋਧ ਪ੍ਰਦਰਸ਼ਨ ਵਿਚ ਹਿੱਸਾ ਲੈ ਰਹੇ ਸਨ ਤੇ ਦੂਜੇ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਾਸ਼ਿੰਗਟਨ, ਡੀ.ਸੀ. ਵਿਚ ਇੱਕ ਫੌਜੀ ਪਰੇਡ ਦੀ ਪ੍ਰਧਾਨਗੀ ਕਰ ਰਹੇ ਸਨ।



## 'ਨੋ ਕਿੰਗਜ਼' ਰੈਲੀ ਮੌਕੇ ਗੋਲੀ ਲੱਗਣ ਕਾਰਨ ਇੱਕ ਹਲਾਕ

ਸਾਲਟ ਲੇਕ ਸਿਟੀ (ਅਮਰੀਕਾ): ਅਮਰੀਕਾ ਦੀ ਸਾਲਟ ਲੇਕ ਸਿਟੀ ਵਿੱਚ 'ਨੋ ਕਿੰਗਜ਼' ਰੈਲੀ ਦੌਰਾਨ ਇੱਕ ਸ਼ਖ਼ਸ ਨੇ ਪ੍ਰਦਰਸ਼ਨਕਾਰੀਆਂ 'ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕਰ ਰਹੇ ਵਿਅਕਤੀ 'ਤੇ ਗੋਲੀਆਂ ਚਲਾਈਆਂ, ਜੋ ਰਾਹਗੀਰ ਨੂੰ ਲੱਗੀਆਂ। ਇਸ ਘਟਨਾ ਵਿੱਚ ਰਾਹਗੀਰ ਦੀ ਇਲਾਜ ਦੌਰਾਨ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਗੋਲੀ ਚਲਾਉਣ ਵਾਲਾ ਵਿਅਕਤੀ ਸ਼ਾਂਤੀ ਰੱਖਿਅਕ ਦਲ ਦਾ ਹਿੱਸਾ ਸੀ। ਸਾਲਟ ਲੇਕ ਸਿਟੀ ਦੇ ਪੁਲਿਸ ਮੁਖੀ ਬਰਾਇਨ ਰੈੱਡ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਪੁਲਿਸ ਨੇ ਪ੍ਰਦਰਸ਼ਨਕਾਰੀਆਂ 'ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕਰ ਰਹੇ ਕਥਿਤ ਹਮਲਾਵਰ ਅਰਟੂਰੋ ਗਾਂਬੋਆ (24) ਨੂੰ ਹੱਤਿਆ ਦੇ ਦੋਸ਼ ਹੇਠ ਹਿਰਾਸਤ ਵਿੱਚ ਲਿਆ ਗਿਆ। ਮ੍ਰਿਤਕ ਰਾਹਗੀਰ ਦੀ ਪਛਾਣ 39 ਸਾਲਾ ਆਰਥਰ ਫੋਲਸਾ ਆਹ ਲੂ ਵਜੋਂ ਹੋਈ ਹੈ। ਰੈੱਡ ਨੇ ਦੱਸਿਆ ਕਿ ਮੁਲਜ਼ਮ ਨੇ ਤਿੰਨ ਗੋਲੀਆਂ ਚਲਾਈਆਂ ਜੋ ਗਾਂਬੋਆ ਅਤੇ ਲੂ ਨੂੰ ਲੱਗੀਆਂ। ਪੁਲਿਸ ਨੇ ਦੱਸਿਆ ਕਿ ਗਾਂਬੋਆ ਦਾ ਕੋਈ ਅਪਰਾਧਕ ਰਿਕਾਰਡ ਨਹੀਂ ਹੈ। ਉਹ ਹਮਲੇ ਵਿੱਚ ਜ਼ਖ਼ਮੀ ਹੋ ਗਿਆ ਅਤੇ ਉਸ ਦਾ ਇਲਾਜ ਚੱਲ ਰਿਹਾ ਹੈ। ਉਸ ਖ਼ਿਲਾਫ਼ ਕੇਸ ਵੀ ਦਰਜ ਕੀਤਾ ਗਿਆ ਹੈ। ਰੈੱਡ ਨੇ ਕਿਹਾ ਕਿ ਹਮਲਾਵਰ ਅਤੇ ਇੱਕ ਹੋਰ ਵਿਅਕਤੀ ਨੇ ਗਾਂਬੋਆ ਨੂੰ ਰਾਤ ਕਰੀਬ 8 ਵਜੇ ਰਾਈਫਲ ਕੱਢਦੇ ਦੇਖਿਆ ਸੀ।

## ਪ੍ਰਦਰਸ਼ਨਕਾਰੀਆਂ ਨੂੰ ਫੜ ਕੇ ਡਿਪੋਰਟ ਕਰਨ 'ਤੇ ਅੜੇ ਟਰੰਪ

### ਅਧਿਕਾਰੀਆਂ ਨੂੰ ਡੈਮੋਕਰੈਟਿਕ ਸ਼ਾਸਨ ਵਾਲੇ ਸੂਬਿਆਂ 'ਚ ਕਾਰਵਾਈ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼

ਵਾਸ਼ਿੰਗਟਨ : ਅਮਰੀਕਾ ਦੇ ਲਾਸ ਏਂਜਲਸ ਤੇ ਹੋਰ ਅਹਿਮ ਸ਼ਹਿਰਾਂ ਵਿੱਚ ਪਰਵਾਸ ਨੀਤੀ ਖ਼ਿਲਾਫ਼ ਵੱਡੇ ਪੱਧਰ 'ਤੇ ਪ੍ਰਦਰਸ਼ਨਾਂ ਮਗਰੋਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੰਘੀ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਡੈਮੋਕਰੈਟਿਕ ਪਾਰਟੀ ਸ਼ਾਸਿਤ ਸੂਬਿਆਂ ਤੋਂ ਪਰਵਾਸੀਆਂ ਨੂੰ ਕੱਢਣ ਲਈ ਤਰਜੀਹ ਦੇਣ ਦੇ ਨਿਰਦੇਸ਼ ਦਿੱਤੇ ਹਨ। ਟਰੰਪ ਨੇ ਸੋਸ਼ਲ ਮੀਡੀਆ ਪੋਸਟ ਵਿੱਚ ਅਮਰੀਕੀ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈਸੀਈ) ਅਧਿਕਾਰੀਆਂ ਨੂੰ ਇਤਿਹਾਸ ਦੇ ਸਭ ਤੋਂ ਵੱਡੇ ਸਮੂਹਿਕ ਡਿਪੋਰਟੇਸ਼ਨ ਮੁਹਿੰਮ ਦੇ ਬਹੁਤ ਹੀ ਅਹਿਮ ਟੀਚੇ ਨੂੰ ਹਾਸਲ ਕਰਨ ਲਈ ਆਪਣੀ ਪੂਰੀ ਸਮਰੱਥਾ ਨਾਲ ਕੰਮ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ, "ਇਸ ਟੀਚੇ ਨੂੰ ਹਾਸਲ ਕਰਨ ਲਈ ਅਧਿਕਾਰੀਆਂ ਨੂੰ 'ਲਾਸ ਏਂਜਲਸ, ਸ਼ਿਕਾਗੋ ਅਤੇ ਨਿਊਯਾਰਕ ਵਰਗੇ ਵੱਡੇ ਸ਼ਹਿਰਾਂ ਵਿੱਚ ਪਰਵਾਸੀਆਂ ਨੂੰ ਹਿਰਾਸਤ ਵਿੱਚ ਲੈਣ ਅਤੇ ਉਨ੍ਹਾਂ ਨੂੰ ਡਿਪੋਰਟ ਕਰਨ ਦੇ ਯਤਨਾਂ ਵਿੱਚ ਤੇਜ਼ੀ ਲਿਆਉਣ ਲਈ ਕਿਹਾ ਗਿਆ ਹੈ।"



ਟਰੰਪ ਦਾ ਇਹ ਬਿਆਨ ਕਈ ਹਫ਼ਤੇ ਤੱਕ ਕਾਰਵਾਈ ਵਿੱਚ ਤੇਜ਼ੀ ਅਤੇ 'ਵ੍ਹਾਈਟ ਹਾਊਸ' ਦੇ ਡਿਪਟੀ ਚੀਫ ਆਫ ਸਟਾਫ ਤੇ ਟਰੰਪ ਦੀ ਪਰਵਾਸ ਨੀਤੀ ਦੇ ਮੁਖੀ ਸਟੀਫਨ ਮਿੱਲਰ ਦੇ ਉਸ ਬਿਆਨ ਮਗਰੋਂ ਆਇਆ ਹੈ, ਜਿਸ ਵਿੱਚ ਉਨ੍ਹਾਂ ਨੇ ਕਿਹਾ ਕਿ ਆਈਸੀਈ ਅਧਿਕਾਰੀ ਰੋਜ਼ਾਨਾ ਘੱਟੋ-ਘੱਟ ਤਿੰਨ ਹਜ਼ਾਰ ਗ੍ਰਿਫ਼ਤਾਰੀਆਂ ਦਾ ਟੀਚਾ ਰੱਖਣਗੇ। ਅਮਰੀਕੀ ਅਧਿਕਾਰੀ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਇਸੇ ਦੌਰਾਨ ਟਰੰਪ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਖੇਤਾਂ, ਰੈਸਤਰਾਂ ਅਤੇ ਹੋਟਲਾਂ ਵਿੱਚ ਗ੍ਰਿਫ਼ਤਾਰੀਆਂ ਰੋਕਣ ਦਾ ਨਿਰਦੇਸ਼ ਵੀ ਦਿੱਤਾ ਹੈ। ਅਮਰੀਕਾ ਵਿੱਚ ਸੰਘੀ ਇਮੀਗ੍ਰੇਸ਼ਨ ਅਧਿਕਾਰੀਆਂ ਦੇ ਛਾਪਿਆਂ ਖ਼ਿਲਾਫ਼ ਪੂਰੇ ਦੇਸ਼ ਵਿੱਚ ਪ੍ਰਦਰਸ਼ਨ ਹੋ ਰਹੇ ਹਨ।

## ਵਸਿੰਗਟਨ ਵਿਖੇ ਅਮਰੀਕਨ ਆਰਮੀ ਦੀ 250ਵੀਂ ਵਰ੍ਹੇਗੰਢ ਮੌਕੇ ਵਿਸ਼ਾਲ ਫੌਜੀ ਪਰੇਡ





ਵਾਸ਼ਿੰਗਟਨ, ਡੀ.ਸੀ: ਦੁਨੀਆ ਦੀ ਮਹਾਨ ਫੌਜ ਅਮਰੀਕੀ ਫੌਜ ਦੀ ਵਾਸ਼ਿੰਗਟਨ, ਡੀ.ਸੀ. ਵਿਚ ਹਥਿਆਰਬੰਦ ਸੇਵਾਵਾਂ ਦੀ 250ਵੀਂ ਵਰ੍ਹੇਗੰਢ ਮੌਕੇ ਇੱਕ ਪਰੇਡ ਉਪਰ ਅਮਰੀਕੀ ਫੌਜ ਦੀ ਲੜਾਈ ਦੀ ਭਾਵਨਾ ਤੇ ਅਡੋਲ ਸ਼ਕਤੀ ਦਾ ਜਸ਼ਨ ਮਨਾਇਆ ਗਿਆ। ਜਿਸ ਵਿਚ ਪੂਰੇ ਨੈਸ਼ਨਲ ਮਾਲ ਵਿਚ ਫੌਜ ਦੀ ਸ਼ਕਤੀ ਦਾ ਸ਼ਾਨਦਾਰ ਪ੍ਰਦਰਸ਼ਨ ਦੇਖਣ ਨੂੰ ਮਿਲਿਆ। ਅਣਗਿਣਤ ਫੌਜੀ ਵਾਹਨ, ਜਿਨ੍ਹਾਂ ਵਿਚ 28 ਅਬਰਾਮ ਟੈਂਕ, 6,700 ਮਾਰਚਿੰਗ ਸਿਪਾਹੀ ਤੇ ਹੋਰ ਫੌਫਡ ਜੀ ਪੇਸ਼ਕਾਰੀਆਂ ਸ਼ਾਮਿਲ ਸਨ, ਵਾਸ਼ਿੰਗਟਨ ਦੀਆਂ ਗਲੀਆਂ ਵਿਚ ਜਸ਼ਨ ਮਨਾਏ ਗਏ।

ਪਰੇਡ ਦੇ ਨਾਲ-ਨਾਲ ਹੀ ਪੱਛਮੀ ਤੱਟ 'ਤੇ ਵਿਰੋਧ ਪ੍ਰਦਰਸ਼ਨ ਤੇਜ਼ ਹੁੰਦੇ ਜਾ ਰਹੇ ਸਨ। ਦੇਸ਼ ਵਿਆਪੀ 'ਨੋ ਕਿੰਗਜ਼ ਡੇ' ਪ੍ਰਦਰਸ਼ਨਾਂ ਦੇ ਹਿੱਸੇ ਵਜੋਂ ਸ਼ਹਿਰ ਵਿਚ ਘੰਟਿਆਂ ਤੱਕ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨ ਚਲਦਾ ਰਿਹਾ। ਪਰੇਡ ਦੀ ਸਮਾਪਤੀ 'ਤੇ ਟਰੰਪ ਦੀ ਟਿੱਪਣੀ ਸੀ ਕਿ ਅੱਜ ਅਸੀਂ ਇੱਕ ਅਜਿਹੀ ਤਾਰੀਖ ਦੀ ਯਾਦ ਮਨਾਉਂਦੇ ਹਾਂ ਜਿਸਨੇ ਨਾ ਸਿਰਫ਼ ਅਮਰੀਕਾ ਦੇ ਇਤਿਹਾਸ ਨੂੰ ਬਦਲ ਦਿੱਤਾ, ਸਗੋਂ ਪੂਰੀ ਦੁਨੀਆ ਦਾ ਇਤਿਹਾਸ ਬਦਲ ਦਿੱਤਾ ਸੀ । ਅੱਜ ਸਾਡੀ ਫੌਜ ਦਾ ਵੀ ਜਨਮ ਦਿਨ ਹੈ । ਉਸਨੇ ਫੌਜ ਦੀ ਤਾਕਤ ਦਾ ਜ਼ਿਕਰ ਕਰਦਿਆਂ ਅਮਰੀਕਾ ਦੇ ਦੁਸ਼ਮਣਾਂ ਨੂੰ ਚੇਤਾਵਨੀ ਦਿੱਤੀ ਕਿ ਸਾਡੀ ਫੌਜ ਨੇ ਬਹੁਤ ਕੁਝ ਕੀਤਾ ਹੈ ਤੇ ਸ਼ੈਤਾਨ ਨੂੰ ਖੁਦ ਪੂਰੀ ਤਰ੍ਹਾਂ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ ਹੈ। ਟਰੰਪ ਪਹਿਲੀ ਮਹਿਲਾ ਮੇਲਾਨੀਆ ਟਰੰਪ ਦੇ ਨਾਲ ਪਹੁੰਚੇ, ਵ੍ਹਾਈਟ ਹਾਊਸ ਦੇ ਨੇੜੇ ਇੱਕ ਵਿਊਇੰਗ ਸਟੈਂਡ ਤੋਂ ਸੰਵਿਧਾਨ ਐਵੇਨਿਊ ਤੋਂ ਮਾਰਚ ਕਰਦੇ ਹੋਏ ਫੌਜੀ ਕਾਫਲੇ ਨੂੰ ਵੇਖਿਆ ਤੇ ਉਨ੍ਹਾਂ ਨੂੰ ਲੰਘਣ ਸਮੇਂ ਖੜ੍ਹੇ ਹੋ ਕੇ ਸਲਾਮੀ ਦਿੱਤੀ। ਇਹ ਸ਼ਾਨਦਾਰ ਫੌਜੀ ਪਰੇਡ ਕੰਸਟੀਚਿਊਸ਼ਨ ਐਵੇਨਿਊ 'ਤੇ ਟੈਂਕਾਂ, ਫੌਜਾਂ ਅਤੇ 21 ਬੰਦੂਕਾਂ ਦੀ ਸਲਾਮੀ ਨਾਲ ਸਮਾਪਤ ਹੋਈ। ਇਸ ਮੌਕੇ ਰੱਖਿਆ ਸਕੱਤਰ ਪੀਟ ਹੇਗਸੇਥ, ਇੱਕ ਸਾਬਕਾ ਫੌਜ ਸਿਪਾਹੀ ਤੇ ਗਾਰਡਸਮੈਨ ਤੇ ਉੱਪ ਰਾਸ਼ਟਰਪਤੀ ਜੇ.ਡੀ. ਵੈਂਸ, ਇੱਕ ਮਰੀਨ ਅਨੁਭਵੀ ਤੇ ਉਨ੍ਹਾਂ ਦਾ ਪਰਿਵਾਰ ਵੀ ਹਾਜ਼ਰ ਸਨ।

# ਤਬਾਹਕੁੰਨ ਹੋਵੇਗੀ ਇਜ਼ਰਾਈਲ ਅਤੇ ਈਰਾਨ ਦੀ ਜੰਗ

ਮੱਧ ਪੂਰਬ ਵਿਚ ਹੁਣ ਇਜ਼ਰਾਈਲ ਅਤੇ ਈਰਾਨ ਵਿਚਕਾਰ ਜੰਗ ਸ਼ੁਰੂ ਹੋ ਗਈ ਹੈ। ਇਜ਼ਰਾਈਲ ਨੇ ਈਰਾਨ ਦੇ ਪ੍ਰਮਾਣੂ ਖੋਜ ਕੇਂਦਰਾਂ ਦੇ ਨਾਲ-ਨਾਲ ਫ਼ੌਜੀ ਟਿਕਾਣਿਆਂ ’ਤੇ ਵੀ ਮਿਜ਼ਾਈਲਾਂ ਨਾਲ ਹਮਲੇ ਕੀਤੇ ਹਨ, ਜਿਨ੍ਹਾਂ ਵਿਚ ਈਰਾਨ ਦੇ ਵੱਡੇ ਫ਼ੌਜੀ ਜਰਨੈਲ ਅਤੇ ਪ੍ਰਮਾਣੂ ਨਿਰੀਖਣ ਵਿਚ ਲੱਗੇ ਕਈ ਸਾਇੰਸਦਾਨ ਮਾਰੇ ਗਏ ਹਨ। ਇਸ ਵਾਰ ਪੱਛਮੀ ਏਸ਼ੀਆ ਦਾ ਇਹ ਤਣਾਅ 7 ਅਕਤੂਬਰ, 2023 ਨੂੰ ਉਸ ਘਟਨਾ ਨਾਲ ਸ਼ੁਰੂ ਹੋਇਆ ਸੀ, ਜਿਸ ਵਿਚ ਗਾਜ਼ਾ ਪੱਟੀ ’ਤੇ ਕਾਬਜ਼ ਹਮਾਸ ਦੇ ਲੜਾਕੂਆਂ ਨੇ ਇਜ਼ਰਾਈਲ ਅੰਦਰ ਘੁਸ ਕੇ ਸੈਂਕੜੇ ਵਿਅਕਤੀਆਂ ਨੂੰ ਮਾਰ ਦਿੱਤਾ ਸੀ ਅਤੇ ਹਜ਼ਾਰ ਤੋਂ ਵਧੇਰੇ ਲੋਕਾਂ ਨੂੰ ਬੰਧਕ ਬਣਾ ਕੇ ਉਹ ਗਾਜ਼ਾ ਪੱਟੀ ਵਿਚ ਲੈ ਗਏ ਸਨ। ਉਸ ਤੋਂ ਬਾਅਦ ਗਾਜ਼ਾ ਪੱਟੀ ’ਤੇ ਇਜ਼ਰਾਈਲ ਨੇ ਲਗਾਤਾਰ ਬੰਬਾਰੀ ਕਰਕੇ ਹਮਾਸ ਲੜਾਕੂਆਂ ਦੇ ਨਾਲ-ਨਾਲ ਵੱਡੀ ਗਿਣਤੀ ਵਿਚ ਆਮ ਲੋਕ, ਜਿਨ੍ਹਾਂ ਵਿਚ ਬੱਚੇ ਅਤੇ ਔਰਤਾਂ ਵੀ ਸ਼ਾਮਿਲ ਸਨ, ਨੂੰ ਮਾਰ ਦਿੱਤਾ ਸੀ। ਹੁਣ ਤੱਕ ਦੇ ਅੰਕੜਿਆਂ ਅਨੁਸਾਰ ਉੱਥੇ 55,000 ਤੋਂ ਵਧੇਰੇ ਲੋਕ ਮਾਰੇ ਜਾ ਚੁੱਕੇ ਹਨ।

ਇਜ਼ਰਾਈਲ ਵਲੋਂ ਸਾਰੇ ਪਾਸਿਓਂ ਗਾਜ਼ਾ ਪੱਟੀ ਦੀ ਘੇਰਾਬੰਦੀ ਕਰਨ ਕਾਰਨ ਉੱਥੇ ਦਰ-ਬ-ਦਰ ਭਟਕ ਰਹੇ ਸ਼ਰਨਾਰਥੀਆਂ ਲਈ ਖ਼ੁਰਾਕ ਦਾ ਸੰਕਟ ਖੜ੍ਹਾ ਹੋ ਗਿਆ ਹੈ, ਇਸ ’ਤੇ ਦੁਨੀਆ ਭਰ ਦੇ ਦੇਸ਼ਾਂ ਦਾ ਸਖ਼ਤ ਪ੍ਰਤੀਕਰਮ ਸਾਹਮਣੇ ਆਇਆ ਹੈ। ਇਹ ਗੱਲ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਹਮਾਸ ਜਥੇਬੰਦੀ ਦੇ ਨਾਲ-ਨਾਲ ਈਰਾਨ ਵਲੋਂ ਲਿਬਨਾਨ ਵਿਚ ਹਿਜ਼ਬੁੱਲਾ ਲੜਾਕੂਆਂ ਦੀ ਵੀ ਪੂਰੀ-ਪੂਰੀ ਮਦਦ ਕੀਤੀ ਜਾਂਦੀ ਰਹੀ ਹੈ, ਜੋ ਲਗਾਤਾਰ ਇਜ਼ਰਾਈਲੀ ਟਿਕਾਣਿਆਂ ’ਤੇ ਹਮਲੇ ਕਰ ਰਹੇ ਹਨ। ਈਰਾਨ ਨੇ ਇਜ਼ਰਾਈਲ ਦੇ ਹੋਂਦ ਵਿਚ ਆਉਣ ਤੋਂ ਬਾਅਦ ਹੀ ਇਸ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੇ ਬਿਆਨ ਦਿੱਤੇ ਸਨ ਅਤੇ ਇਸ ਦੁਆਲੇ ਲਗਾਤਾਰ ਘੇਰਾਬੰਦੀ ਕਰਨ ਦਾ ਵੀ ਯਤਨ ਕੀਤਾ ਸੀ, ਜਿਸ ਕਰਕੇ ਇਨ੍ਹਾਂ ਦੋਹਾਂ ਦੀ ਦੁਸ਼ਮਣੀ ਪਿਛਲੇ 7 ਦਹਾਕਿਆਂ ਤੋਂ ਬਰਕਰਾਰ ਹੈ। ਇਜ਼ਰਾਈਲ ਨੇ ਅਮਰੀਕਾ ਅਤੇ ਪੱਛਮੀ ਮੁਲਕਾਂ ਦੀ ਮਦਦ ਨਾਲ ਮੱਧ ਪੂਰਬ ਵਿਚ ਆਪਣੀ ਸ਼ਕਤੀ ਬਣਾਈ ਰੱਖੀ ਹੈ। ਪਿਛਲੇ ਲੰਮੇ ਸਮੇਂ ਤੋਂ ਕਈ ਅਰਬ ਮੁਲਕਾਂ ਦੀਆਂ ਇਸ ਨਾਲ ਲੜਾਈਆਂ ਹੋਈਆਂ, ਜਿਸ ਵਿਚ ਉਨ੍ਹਾਂ ਨੂੰ ਸਫ਼ਲਤਾ ਨਾ ਮਿਲ ਸਕੀ। ਅਖ਼ੀਰ ਉਨ੍ਹਾਂ ਨੇ ਇਜ਼ਰਾਈਲ ਦੀ ਹੋਂਦ ਨੂੰ ਮੰਨਦਿਆਂ ਇਸ ਨਾਲ ਸਮਝੌਤੇ ਸਹੀਬੰਦ ਕਰ ਲਏ।



ਈਰਾਨ ’ਤੇ ਇਜ਼ਰਾਈਲ ਵਲੋਂ ਕੀਤੇ ਗਏ ਤਾਜ਼ਾ ਹਮਲੇ ਸੰਬੰਧੀ ਵੀ ਅਰਬ ਮੁਲਕ ਵੰਡੇ ਨਜ਼ਰ ਆਉਂਦੇ ਹਨ। ਈਰਾਨ ਵਿਚ ਬਹੁਗਿਣਤੀ ਸ਼ੀਆ ਮੁਸਲਮਾਨਾਂ ਦੀ ਹੈ ਜਦੋਂ ਕਿ ਬਹੁਤੇ ਅਰਬ ਰਾਸ਼ਟਰਾਂ ਵਿਚ ਸੁੰਨੀ ਮੁਸਲਮਾਨਾਂ ਦੀ ਆਬਾਦੀ ਹੈ। ਇਨ੍ਹਾਂ ਫ਼ਿਰਕਿਆਂ ਦਾ ਸਦੀਆਂ ਤੋਂ ਟਕਰਾਅ ਚਲਦਾ ਆਇਆ ਹੈ। ਈਰਾਨ ਨੇ ਪਿਛਲੇ ਦਹਾਕਿਆਂ ਤੋਂ ਆਪਣੀ ਪ੍ਰਮਾਣੂ ਸ਼ਕਤੀ ਨੂੰ ਵਧਾਉਣ ਦੇ ਯਤਨ ਕੀਤੇ ਹਨ। ਉਸ ਨੇ ਮੁੱਢਲੀ ਤਕਨਾਲੋਜੀ ਭਾਵ ਜਨਰੇਸ਼ਨ ਸੈਂਟੀਫਿਊਜਜ਼ ਪਾਕਿਸਤਾਨ ਦੇ ਪ੍ਰਮਾਣੂ ਵਿਗਿਆਨੀ ਏ.ਕਿਊ ਖ਼ਾਨ ਤੋਂ ਲੁਕਵੇਂ ਢੰਗ ਨਾਲ ਪ੍ਰਾਪਤ ਕੀਤੇ ਸਨ। ਉਸ ਤੋਂ ਬਾਅਦ ਰੂਸ ਨੇ ਵੀ ਈਰਾਨ ਦੀਆਂ ਪ੍ਰਮਾਣੂ ਯੋਜਨਾਵਾਂ ਵਿਚ ਮਦਦ ਕੀਤੀ ਸੀ। ਪਰ ਈਰਾਨ ਨੂੰ ਪ੍ਰਮਾਣੂ ਤਕਨਾਲੋਜੀ ਹਾਸਲ ਕਰਨ ਤੋਂ ਰੋਕਣ ਲਈ ਅਮਰੀਕਾ ਦੇ ਨਾਲ-ਨਾਲ ਉਹ ਅਰਬ ਮੁਲਕ ਵੀ ਈਰਾਨ ਦੇ ਖ਼ਿਲਾਫ਼ ਭੁਗਤਦੇ ਰਹੇ ਹਨ, ਜਿਨ੍ਹਾਂ ਨੂੰ ਇਸ ਤੋਂ ਖ਼ਤਰਾ ਮਹਿਸੂਸ ਹੁੰਦਾ ਰਿਹਾ ਹੈ।

ਇਜ਼ਰਾਈਲ ਇਸ ਸੰਬੰਧੀ ਲਗਾਤਾਰ ਚਿੰਤਾਤੁਰ ਰਿਹਾ ਹੈ ਕਿ ਈਰਾਨ ਜੇਕਰ ਪ੍ਰਮਾਣੂ ਸ਼ਕਤੀ ਬਣ ਜਾਂਦਾ ਹੈ ਤਾਂ ਇਹ ਉਸ ਦੀ ਹੋਂਦ ਲਈ ਖ਼ਤਰਾ ਬਣ ਜਾਵੇਗਾ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਈਰਾਨ ਨੂੰ ਇਸ ਸੰਬੰਧੀ ਧਮਕੀਆਂ ਦਿੱਤੀਆਂ ਸਨ। ਇਸ ਮਸਲੇ ਨੂੰ ਲੈ ਕੇ ਦੋਹਾਂ ਦੇਸ਼ਾਂ ਦੀਆਂ ਕਈ ਮੀਟਿੰਗਾਂ ਵੀ ਹੋ ਚੁੱਕੀਆਂ ਹਨ। ਪਰ ਈਰਾਨ ਨੇ ਇਨ੍ਹਾਂ ਮੀਟਿੰਗਾਂ ਵਿਚ ਆਪਣੇ ਪ੍ਰਮਾਣੂ ਪ੍ਰੋਗਰਾਮ ਨੂੰ ਬੰਦ ਕਰਨ ਦਾ ਕੋਈ ਵਾਅਦਾ ਨਹੀਂ ਸੀ ਕੀਤਾ। ਖ਼ਬਰਾਂ ਅਨੁਸਾਰ ਉਹ ਆਪਣੇ ਮਿਸ਼ਨ ਦੀ ਸਫ਼ਲਤਾ ਦੇ ਨੇੜੇ ਜ਼ਰੂਰ ਪਹੁੰਚ ਗਿਆ ਹੈ, ਜਿਸ ਨੂੰ ਵੇਖਦਿਆਂ ਇਜ਼ਰਾਈਲ ਨੇ ਇਕ ਵਾਰ ਫਿਰ ਉਸ ’ਤੇ ਸਖ਼ਤ ਹਮਲੇ ਸ਼ੁਰੂ ਕਰ ਦਿੱਤੇ ਹਨ। ਈਰਾਨ ਵਲੋਂ ਵੀ ਇਜ਼ਰਾਈਲ ’ਤੇ ਲਗਾਤਾਰ ਮਿਜ਼ਾਈਲਾਂ ਦਾਗ਼ੀਆਂ ਜਾ ਰਹੀਆਂ ਹਨ।

ਇਸ ਨਾਲ ਪੱਛਮੀ ਏਸ਼ੀਆ ਇਕ ਵਾਰ ਫਿਰ ਤਬਾਹੀ ਦੇ ਕੰਢੇ ’ਤੇ ਖੜ੍ਹਾ ਦਿਖਾਈ ਦੇ ਰਿਹਾ ਹੈ। ਇਸ ਖਿੱਤੇ ਦੇ ਦਰਜਨ ਤੋਂ ਵਧੇਰੇ ਦੇਸ਼ਾਂ ਵਿਚੋਂ ਘੱਟੋ-ਘੱਟ 8 ਦੇਸ਼ ਪਿਛਲੇ ਢਾਈ ਦਹਾਕਿਆਂ ਤੋਂ ਜੰਗ ਜਾਂ ਗ੍ਰਹਿ-ਯੁੱਧ ਦਾ ਸੰਕਟ ਝੱਲ ਰਹੇ ਹਨ, ਜਿਸ ਨੇ ਉੱਥੇ ਵਸਦੇ ਕਰੋੜਾਂ ਹੀ ਲੋਕਾਂ ਦਾ ਜੀਵਨ ਨਰਕ ਬਣਾ ਕੇ ਰੱਖ ਦਿੱਤਾ ਹੈ। ਤੇਲ ਤੇ ਖਣਿਜਾਂ ਨਾਲ ਭਰਪੂਰ ਇਨ੍ਹਾਂ ਦੇਸ਼ਾਂ ਦੇ ਬਹੁਤੇ ਹਿੱਸੇ ਖੰਡਰ ਬਣਦੇ ਜਾ ਰਹੇ ਹਨ। ਪੱਛਮੀ ਏਸ਼ੀਆ ਵਿਚ ਅੱਜ ਦੁਨੀਆ ਦਾ ਲਗਭਗ 50 ਫ਼ੀਸਦੀ ਤੇਲ ਹੈ, ਜਿਸ ਵਿਚ ਈਰਾਨ ਦੀ ਵੀ ਵੱਡੀ ਹਿੱਸੇਦਾਰੀ ਹੈ, ਉਹ ਦੁਨੀਆ ਦੇ ਸਭ ਤੋਂ ਵੱਡੇ ਤੇਲ ਭੰਡਾਰਾਂ ਵਾਲੇ ਦੇਸ਼ਾਂ ਵਿਚੋਂ ਚੌਥਾ ਦਰਜਾ ਰੱਖਦਾ ਹੈ। ਇਸ ਵਿਚ ਬੇਹੱਦ ਅਣਮੁੱਲੇ ਖਣਿਜ ਭੰਡਾਰ ਵੀ ਮੌਜੂਦ ਹਨ। ਇਸ ਦੇ ਅਸਥਿਰ ਹੋਣ ਨਾਲ ਭਾਰਤ ਸਮੇਤ ਦੁਨੀਆ ਭਰ ਵਿਚ ਵੱਡਾ ਅਸਰ ਪਵੇਗਾ ਅਤੇ ਇਸ ਨਾਲ ਤੇਲ ਦੀਆਂ ਕੀਮਤਾਂ ਵੀ ਅਸਮਾਨ ਛੂਹਣ ਲੱਗਣਗੀਆਂ। ਅੱਜ ਵੀ ਭਾਰਤ ਦਾ ਬਹੁਤਾ ਦਾਰੋਮਦਾਰ ਤੇਲ ਦੀ ਦਰਾਮਦ ’ਤੇ ਹੀ ਟਿਕਿਆ ਹੋਇਆ ਹੈ। ਬਿਨਾਂ ਸ਼ੱਕ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਨਵੀਂ ਲੜਾਈ ਨੂੰ ਸ਼ਹਿ ਦੇ ਕੇ ਇਕ ਵਾਰ ਫਿਰ ਦੁਨੀਆ ਵਿਚ ਖਲਬਲੀ ਪੈਦਾ ਕਰ ਦਿੱਤੀ ਹੈ।

# ਪੰਜਾਬ ਨਸ਼ਿਆਂ ਨਾਲ ਕਿਵੇਂ ਨਜਿੱਠੇ

ਗੁਰਬਚਨ ਜਗਤ

ਇਵੇਂ ਜਾਪ ਰਿਹਾ ਹੈ ਜਿਵੇਂ ਪੰਜਾਬ ਸਰਕਾਰ ਨੇ ਨਸ਼ਿਆਂ ਅਤੇ ਨਾਜਾਇਜ਼ ਸ਼ਰਾਬ ਖ਼ਿਲਾਫ਼ ਯੁੱਧ ਵਿੱਢ ਰੱਖਿਆ ਹੈ। ਨਾਜਾਇਜ਼ ਸ਼ਰਾਬ ਕੱਢਣ ਦਾ ਇਤਿਹਾਸ ਸ਼ਾਇਦ ਮਨੁੱਖ ਜਾਤੀ ਦੀ ਉਤਪਤੀ ਜਿੰਨਾ ਹੀ ਪੁਰਾਣਾ ਹੈ। ਮੇਰੀ ਪਹਿਲੀ ਤਾਇਨਾਤੀ ਪੁਲੀਸ ਸੁਪਰਡੈਂਟ ਐਸਪੀ ਵਜੋਂ ਕਪੂਰਥਲਾ ਵਿਖੇ ਹੋਈ ਸੀ ਜੋ ਉਸ ਸਮੇਂ ਨਿਸਬਤਨ ਛੋਟਾ ਜ਼ਿਲ੍ਹਾ ਹੁੰਦਾ ਸੀ ਜਿਸ ਵਿੱਚ ਸਿਰਫ਼ ਛੇ ਪੁਲੀਸ ਸਟੇਸ਼ਨ ਆਉਂਦੇ ਸਨ। ਉਨ੍ਹਾਂ ਸਮਿਆਂ ਦੀ ਅਮਨ ਕਾਨੂੰਨ ਦੀ ਇੱਕ ਸਮੱਸਿਆ ਦਰਿਆ ਨੇੜੇ ਪੈਂਦੇ ਮੰਡ ਖੇਤਰ ਵਿੱਚ ਨਾਜਾਇਜ਼ ਸ਼ਰਾਬ ਕੱਢਣ ਨਾਲ ਜੁੜੀ ਹੁੰਦੀ ਸੀ। ਇਨ੍ਹਾਂ ਵੱਲੋਂ ਸੰਘਣੀਆਂ ਝਾੜੀਆਂ-ਬੂਟੀਆਂ ‘ਚ ਲੁਕ ਕੇ ਇਹ ਸ਼ਰਾਬ ਕੱਢੀ ਜਾਂਦੀ ਸੀ ਜਿਸ ਕਰ ਕੇ ਉਹ ਪੁਲੀਸ ਦੀਆਂ ਨਜ਼ਰਾਂ ਵਿੱਚ ਨਹੀਂ ਸਨ ਆਉਂਦੇ। ਸੂਹਾਂ ਦੇ ਆਧਾਰ ’ਤੇ ਅਸੀਂ ਇਲਾਕੇ ਵਿੱਚ ਵੱਡੇ ਪੱਧਰ ’ਤੇ ਛਾਪੇ ਮਾਰ ਕੇ ਵੱਡੀ ਗਿਣਤੀ ਨਾਜਾਇਜ਼ ਸ਼ਰਾਬ ਕੱਢਣ ਵਾਲਿਆਂ ਨੂੰ ਫੜਦੇ ਸਾਂ ਅਤੇ ਭਾਰੀ ਮਾਤਰਾ ਵਿੱਚ ਲਾਹਣ ਤੇ ਸ਼ਰਾਬ ਜ਼ਬਤ ਕਰ ਲੈਂਦੇ ਸਾਂ।




ਪੰਜਾਹ ਸਾਲਾਂ ਬਾਅਦ ਮੈਂ ਅਜੇ ਵੀ ਪੜ੍ਹ-ਸੁਣ ਰਿਹਾ ਹਾਂ ਕਿ ਯੁੱਧ ਚੱਲ ਰਿਹਾ ਹੈ, ਭਾਵੇਂ ਇਸ ਖ਼ਾਤਿਰ ਹੋਰ ਜ਼ਿਆਦਾ ਨਫ਼ਰੀ ਅਤੇ ਤਕਨਾਲੋਜੀ ਉਪਲਬਧ ਹੋ ਗਈ ਹੈ। ਇਸੇ ਤਰ੍ਹਾਂ ਦੇ ਅਪਰੇਸ਼ਨ ਅਫ਼ੀਮ, ਭੁੱਕੀ, ਜੂਏ, ਵੇਸਵਾਗਮਨੀ ਆਦਿ ਲਈ ਚਲਾਏ ਜਾਂਦੇ ਹਨ। ਉਂਝ, ਹੁਣ ਨਾਲੋਂ ਉਦੋਂ ਇਨ੍ਹਾਂ ਸਮੱਸਿਆਵਾਂ ਦਾ ਪੈਮਾਨਾ ਕਿਤੇ ਛੋਟਾ ਹੁੰਦਾ ਸੀ। ਨਸ਼ੀਲੀਆਂ ਦਵਾਈਆਂ ਖ਼ਾਸਕਰ ਰਸਾਇਣਕ ਕਿਸਮ ਦੀਆਂ ਦਵਾਈਆਂ ਇਸ ਧੰਦੇ ਵਿੱਚ ਆ ਗਈਆਂ ਹਨ ਅਤੇ ਨਾ ਕੇਵਲ ਰਾਜ ਸਗੋਂ ਸਮੁੱਚੇ ਦੇਸ਼ ਵਿੱਚ ਵੱਡੇ ਗਰੋਹ (ਖ਼ਾਸਕਰ ਪੱਛਮੀ ਤਟ ਦੇ ਨਾਲੋ-ਨਾਲ ਜਿੱਥੇ ਭਾਰੀ ਮਾਤਰਾ ਵਿੱਚ ਬਰਾਮਦਗੀਆਂ ਹੋਈਆਂ ਹਨ) ਵਿੱਚ ਸਰਗਰਮ ਹਨ ਪਰ ਇਸ ਬਾਬਤ ਕੋਈ ਵੇਰਵਾ ਉਪਲਬਧ ਨਹੀਂ ਹੈ ਕਿ ਇਹ ਨਸ਼ੀਲੀਆਂ ਦਵਾਈਆਂ ਕਿੱਥੋਂ ਚੱਲੀਆਂ ਸਨ ਤੇ ਕਿੱਥੇ ਪਹੁੰਚਾਈਆਂ ਜਾਣੀਆਂ ਸਨ।

ਸਮਾਜਿਕ ਅਲਾਮਤਾਂ ਨਾਲ ਨਜਿੱਠਣ ਲਈ ਸਮੇਂ-ਸਮੇਂ ’ਤੇ ਰਹੀਆਂ ਸਰਕਾਰਾਂ ਦੇ ਰਵੱਈਏ ਤੋਂ ਮੈਂ ਹੈਰਾਨ ਹਾਂ। ਕੋਈ ਵੀ ਦੇਸ਼ ਮਨੁੱਖੀ ਬੁਰਾਈਆਂ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੇ ਯੋਗ ਨਹੀਂ ਬਣ ਸਕਿਆ ਕਿਉਂਕਿ ਇਹ ਬੁਰਾਈਆਂ ਵੀ ਮਨੁੱਖੀ ਸਭਿਅਤਾ ਜਿੰਨੀਆਂ ਹੀ ਪੁਰਾਣੀਆਂ ਹਨ; ਹਾਲਾਂਕਿ ਵੱਖ-ਵੱਖ ਦੇਸ਼ਾਂ ਨੇ ਬਿਹਤਰ ਤਵਾਜ਼ਨ ਬਣਾਉਣ ਦੀ ਜੱਦੋਜਹਿਦ ਕੀਤੀ ਹੈ।

ਅਮਰੀਕਾ ਨੇ ਇੱਕ ਸਦੀ ਪਹਿਲਾਂ ਸ਼ਰਾਬਬੰਦੀ ਦਾ ਤਜਰਬਾ ਕੀਤਾ ਸੀ ਪਰ ਇਸ ਦਾ ਸਿੱਟਾ ਉਲਟ ਨਿਕਲਿਆ ਤੇ ਇਹ ਅਪਰਾਧਿਕ ਸਰਗਨਿਆਂ ਅਤੇ ਬੇਖੌਫ਼ ਮਾਫੀਆ ਗਰੋਹਾਂ ਦੀ ਧਰਤੀ ਬਣ ਗਿਆ। ਆਖ਼ਿਰਕਾਰ ਬਹੁਤ ਸਾਰੇ ਮੁਲਕਾਂ ਨੇ ਸਮਾਜ ਦੇ ਅਪਰਾਧੀਕਰਨ ਨੂੰ ਨੱਥ ਪਾਉਣ ਅਤੇ ਆਪੋ-ਆਪਣੇ ਸਮਾਜਾਂ ਲਈ ਢੁਕਵੇਂ ਹੱਲਾਂ ਜ਼ਰੀਏ ਸ਼ਰਾਬਖੋਰੀ ’ਤੇ ਕਾਬੂ ਪਾਉਣ ਦੇ ਯਤਨ ਕੀਤੇ ਸਨ। ਕੁਝ ਦੇਸ਼ਾਂ ਨੇ ਅਲਕੋਹਲ ਦੀ ਘੱਟ ਮਾਤਰਾ ਵਾਲੇ ਪੀਣ ਵਾਲੇ ਪਦਾਰਥ ਬਣਾਉਣ ’ਤੇ ਜ਼ੋਰ ਦਿੱਤਾ; ਕੁਝ ਹੋਰਨਾਂ ਨੇ ਭੰਗ ਅਤੇ ਮੌਜ ਮਸਤੀ ਦੇ ਇਹੋ ਜਿਹੇ ਹੋਰ ਨਸ਼ਿਆਂ ਦੀ ਕਾਸ਼ਤ ਤੇ ਸੇਵਨ ਨੂੰ ਕਾਨੂੰਨੀ ਕਰਾਰ ਦਿੱਤਾ। ਉਨ੍ਹਾਂ ਨੇ ਨਸ਼ੀਲੀਆਂ ਦਵਾਈਆਂ ਅਤੇ ਬੱਚਿਆਂ ਨੂੰ ਇਨ੍ਹਾਂ ਦੀ ਸਪਲਾਈ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ। ਲਗਾਤਾਰ ਚੇਤਨਾ ਮੁਹਿੰਮਾਂ ਚਲਾਈਆਂ ਗਈਆਂ ਤਾਂ ਕਿ ਸ਼ਰਾਬ ਅਤੇ ਨਸ਼ੀਲੀਆਂ ਦਵਾਈਆਂ ਦੇ ਸਰੀਰ ਤੇ ਮਨ ਉਪਰ ਪੈਂਦੇ ਬੁਰੇ ਪ੍ਰਭਾਵਾਂ ਤੋਂ ਲੋਕਾਂ ਨੂੰ ਜਾਣੂ ਕਰਾਇਆ ਜਾ ਸਕੇ।

ਆਓ, ਇੱਕ ਵਾਰ ਫਿਰ ਆਪਣੇ ਸੂਬੇ ਪੰਜਾਬ ਦੀ ਗੱਲ ਕਰੀਏ। 1980ਵਿਆਂ ਅਤੇ 1990ਵਿਆਂ ਦੇ ਦਹਾਕਿਆਂ ਵਿੱਚ ਹੋਈਆਂ ਗੜਬੜਾਂ ਨੇ ਸਮਾਜਿਕ ਆਰਥਿਕ ਤਾਣੇ-ਬਾਣੇ ਉੱਪਰ ਬਹੁਤ ਬੁਰਾ ਪ੍ਰਭਾਵ ਪਾਇਆ। ਪਾਕਿਸਤਾਨ ਵੱਲੋਂ ਸ਼ੁਰੂ ਕੀਤੀ ਗਈ ਦਹਿਸ਼ਤਗਰਦੀ ਅਤੇ ਲੁਕਵੀਂ ਜੰਗ ਨੇ ਸੂਬੇ ਦਾ ਘਾਣ ਕੀਤਾ। ਆਈਐੱਸਆਈ ਵੱਲੋਂ ਹਥਿਆਰਾਂ, ਅਸਲੇ ਅਤੇ ਸਿਖਲਾਈ ਦੀ ਨਾ ਖਤਮ ਹੋਣ ਵਾਲੀ ਧਾਰਾ ਵਹਾਈ ਗਈ। ਅਫ਼ਗਾਨਿਸਤਾਨ ਵਿੱਚ ਸੋਵੀਅਤ ਸੰਘ ਖ਼ਿਲਾਫ਼ ਮੁਜ਼ਾਹਿਦੀਨ ਦੇ ਰੂਪ ਵਿੱਚ ਅਜ਼ਮਾਏ ਗਏ ਪੈਂਤੜੇ ਅਤੇ ਹਥਿਆਰ ਵਰਤੇ ਗਏ। ਏਕੇ 47 (ਜਿਨ੍ਹਾਂ ਵਿੱਚੋਂ ਬਹੁਤੀਆਂ ਉੱਪਰ ਅਫ਼ਗਾਨ ਨਿਸ਼ਾਨ ਹੁੰਦੇ ਸਨ) ਖ਼ੌਫ਼ਨਾਕ ਹਥਿਆਰ ਬਣ ਗਈ ਅਤੇ ਦਹਿਸ਼ਤਗਰਦਾਂ ਦੀ ਤਾਕਤ ਕਈ ਗੁਣਾ ਵਧ ਗਈ। ਸਨਅਤਾਂ ਬੰਦ ਹੋ ਗਈਆਂ ਜਾਂ ਫਿਰ ਪਲਾਇਨ ਕਰ ਗਈਆਂ; ਹੱਤਿਆਵਾਂ ਨਾਲ ਪਰਿਵਾਰ ਤਬਾਹ ਹੋ ਗਏ ਅਤੇ ਫਿਰੌਤੀਆਂ ਦਾ ਖ਼ਤਰਾ ਹਰ ਸਮੇਂ ਬਣਿਆ ਰਹਿੰਦਾ। ਹਜ਼ਾਰਾਂ ਲੋਕ ਮਾਰੇ ਗਏ; ਜਿਨ੍ਹਾਂ ’ਚ ਆਮ ਨਾਗਰਿਕਾਂ ਦੇ ਨਾਲ-ਨਾਲ ਪੁਲੀਸ ਅਤੇ ਨੀਮ ਫ਼ੌਜੀ ਜਵਾਨ ਵੀ ਸ਼ਾਮਿਲ ਸਨ। ਇੰਨੇ ਵੱਡੇ ਪੱਧਰ ’ਤੇ ਵਾਪਰੇ ਇਸ ਸਰੀਰਕ, ਮਨੋਵਿਗਿਆਨਕ ਅਤੇ ਆਰਥਿਕ ਸੰਤਾਪ ਨੂੰ ਮੁਖ਼ਾਤਿਬ ਹੋਣ ਲਈ ਕੋਈ ਵੱਡਾ ਯਤਨ ਨਹੀਂ ਕੀਤਾ ਗਿਆ।

ਪੂਰੇ ਰਾਜ ਨੂੰ ਲਗਭਗ ਜੀਵਨ ਦੇ ਸਾਰੇ ਮਾਪਦੰਡਾਂ ’ਤੇ ਤਬਾਹ ਕਰ ਦਿੱਤਾ ਗਿਆ ਤੇ ਇਸ ਉਥਲ-ਪੁਥਲ ਦੇ ਕਾਰਨਾਂ ਤੇ ਅਸਰਾਂ ਨੂੰ ਘੋਖਣ ਅਤੇ ਹੱਲ ਸੁਝਾਉਣ ਲਈ ਇੱਕ ਵੀ ਕਮਿਸ਼ਨ ਨਹੀਂ ਬਣਾਇਆ ਗਿਆ। ਇਸ ਨਾਲ ਨਜਿੱਠਣ ਲਈ ਲੋਕਾਂ ਨੂੰ ਉਨ੍ਹਾਂ ਦੇ ਹਾਲ ’ਤੇ ਹੀ ਛੱਡ ਦਿੱਤਾ ਗਿਆ- ਕੁਝ ਪਰਵਾਸ ਕਰ ਗਏ, ਕੁਝ ਅਪਰਾਧ ਕਰਨ ਲੱਗ ਪਏ ਤੇ ਗੈਂਗ ਬਣਾ ਲਏ, ਬਾਕੀ ਬਚੇ ਹੋਏ ਤਸਕਰੀ ਤੇ ਨਸ਼ਿਆਂ ਦੀ ਵੰਡ ’ਚ ਪੈ ਗਏ। ਕੁਝ ਸਮਾਂ ਬੀਤਣ ’ਤੇ ਸਿਆਸਤਦਾਨ ਸੱਤਾ ’ਚ ਪਰਤ ਆਏ ਤੇ ਇਸ ਨੇ ਸਿਰਫ਼ ਤੇ ਸਿਰਫ਼ ਸਮਾਜ ਦਾ ਹੋਰ ਅਪਰਾਧੀਕਰਨ ਹੀ ਕੀਤਾ ਕਿਉਂ? ਇਸ ਮੰਤਵ ਦੀ ਪੂਰਤੀ ਲਈ ਉੱਘੇ ਜੱਜਾਂ, ਸਮਾਜ ਸ਼ਾਸਤਰੀਆਂ ਤੇ ਪ੍ਰਸ਼ਾਸਕਾਂ ਦੀ ਪੜਤਾਲੀਆ ਕਮੇਟੀ ਬਣਾਈ ਜਾ ਸਕਦੀ ਸੀ। ਵੱਖਰਾ ਕਮਿਸ਼ਨ ਬਣਾਉਣਾ ਚਾਹੀਦਾ ਸੀ ਜੋ ਸੂਬੇ ਤੇ ਇਸ ਦੀਆਂ ਸੰਸਥਾਵਾਂ, ਇਸ ਦੇ ਲੋਕਾਂ ਨੂੰ ਹੋਏ ਨੁਕਸਾਨ ਨੂੰ ਵਿਚਾਰਦਾ ਅਤੇ ਮੁੜ ਵਸੇਬੇ ਲਈ ਢੁੱਕਵੀਂ ਯੋਜਨਾ ਸੁਝਾਉਂਦਾ ਤੇ ਨਾਲ ਹੀ ਵਿੱਤੀ ਅਤੇ ਰੁਜ਼ਗਾਰ ਪੈਕੇਜ ਦੀ ਵੀ ਸਿਫਾਰਿਸ਼ ਕਰਦਾ।

ਦੋ ਦਹਾਕਿਆਂ ਤੱਕ ਪੰਜਾਬ ’ਚ ਜੋ ਵਾਪਰਿਆ, ਉਹ ਪਾਕਿਸਤਾਨ ਦੀ ਸ਼ਹਿ ਪ੍ਰਾਪਤ ਅਣਐਲਾਨੀ ਜੰਗ ਸੀ। ਕੀ ਇਸ ਨੂੰ ਉਸੇ ਤਰ੍ਹਾਂ ਨਜਿੱਠਿਆ ਗਿਆ? ਪਹਿਲਾਂ ਅਤਿਵਾਦ ਨੂੰ ਕੁਚਲਣ ਲਈ ਹੀ ਪੂਰਾ ਸਮਰਥਨ ਦਿੱਤਾ ਗਿਆ ਪਰ ਬਾਅਦ ’ਚ ਇਸ ਦੇ ਸਿੱਟਿਆਂ ਨਾਲ ਨਜਿੱਠਣ ਲਈ ਪੰਜਾਬ ਨੂੰ ਕੁਦਰਤ ਦੇ ਰਹਿਮੋ-ਕਰਮ ’ਤੇ ਛੱਡ ਦਿੱਤਾ ਗਿਆ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਪੰਜਾਬ ਪੁਲੀਸ ਹੀ ਸੀ ਜਿਸ ਨੇ ਪੰਜਾਬੀ ਸਿਵਲ ਸੁਸਾਇਟੀ ਨਾਲ ਮਿਲ ਕੇ, ਮੂਹਰੇ ਹੋ ਕੇ ਇਹ ਲੜਾਈ ਲੜੀ ਤੇ ਇਸ ਦਾ ਸਭ ਤੋਂ ਵੱਧ ਨੁਕਸਾਨ ਵੀ ਝੱਲਿਆ।

ਕਿਸੇ ਖੇਤਰ ਦੇ ਆਰਥਿਕ ਤੌਰ ’ਤੇ ਖ਼ੁਸ਼ਹਾਲ ਹੋਣ ਲਈ, ਜ਼ਰੂਰੀ ਚੀਜ਼ਾਂ ਵਿੱਚੋਂ ਇੱਕ, ਵਪਾਰ ਕਰਨ ਦੀ ਸਮਰੱਥਾ ਹੈ। ਪੰਜਾਬ ਚਾਰੇ ਪਾਸਿਓਂ ਜ਼ਮੀਨ ਨਾਲ ਘਿਰਿਆ ਹੋਇਆ ਹੈ। ਇਤਿਹਾਸਕ ਤੌਰ ’ਤੇ, ਇਹ ਖੇਤਰ ‘ਸਿਲਕ ਰੋਡ’ ਰਾਹੀਂ ਮੱਧ ਏਸ਼ੀਆ, ਅਫ਼ਗਾਨਿਸਤਾਨ ਅਤੇ ਇਸ ਤੋਂ ਅੱਗੇ ਵਪਾਰ ਕਰਦਾ ਸੀ ਜਿਸ ਵਿੱਚ ਖੈਬਰ ਦੱਰਾ ਪ੍ਰਮੁੱਖ ਰਸਤਾ ਸੀ। ਅੰਗਰੇਜ਼ਾਂ ਦੇ ਆਉਣ ਅਤੇ ਬਾਅਦ ਵਿੱਚ ਵੰਡ ਨੇ ਇਹ ਰਸਤਾ ਖ਼ਤਮ ਕਰ ਦਿੱਤਾ। ਅੱਜ ਵੀ, ਇਹ ਬਦਲ ਉਪਲਬਧ ਨਹੀਂ ਹੈ। ਅਸਲ ’ਚ ਇਸ ਨੂੰ ਖੋਲ੍ਹਣ ਦੀਆਂ ਕੁਝ ਕਮਜ਼ੋਰ ਕੋਸ਼ਿਸ਼ਾਂ ਤੋਂ ਬਾਅਦ ਇਹ ਕਈ ਦਹਾਕਿਆਂ ਤੋਂ ਬੰਦ ਹੀ ਪਿਆ ਹੈ।

‘ਫਰੇਟ ਇਕੁਲਾਈਜ਼ੇਸ਼ਨ ਸਕੀਮ’ (ਮਾਲ-ਭਾੜਾ ਸਮਾਨਤਾ ਨੀਤੀ) ਬੰਦ ਹੋਣ ਕਰ ਕੇ, ਦੱਖਣੀ ਤੇ ਪੱਛਮੀ ਭਾਰਤ ਦੇ ਬੰਦਰਗਾਹ ਜ਼ਿਆਦਾਤਰ ਉਤਪਾਦਾਂ ਲਈ ਹੁਣ ਫ਼ਾਇਦੇਮੰਦ ਨਹੀਂ ਰਹੇ। ਨਤੀਜੇ ਵਜੋਂ ਮੰਡੀ ਗੋਬਿੰਦਗੜ੍ਹ, ਖੰਨਾ, ਲੁਧਿਆਣਾ ਆਦਿ ਦੀਆਂ ਫੈਕਟਰੀਆਂ ਹੁਣ ਆਪਣੇ ਚਮਕਦੇ ਅਤੀਤ ਦਾ ਫਿੱਕਾ ਜਿਹਾ ਝਲਕਾਰਾ ਹਨ। ਸਾਡੇ ਕੋਲ ਜ਼ਿਕਰਯੋਗ ਹਵਾਈ ਸੰਪਰਕ ਨਹੀਂ ਹੈ, ਜਦੋਂਕਿ ਵੱਡੀ ਗਿਣਤੀ ਪਰਵਾਸੀ ਭਾਰਤੀ ਇਸ ਸੂਬੇ ਨਾਲ ਸਬੰਧ ਰੱਖਦੇ ਹਨ। ਇਸ ਸੂਰਤ ਵਿੱਚ ਅਸੀਂ ਕਿੱਥੇ ਤੇ ਕਿਵੇਂ ਵਪਾਰ ਕਰੀਏ ਰਾਜ ਅਤੇ ਕੇਂਦਰ ਸਰਕਾਰ ਇਸ ਨੂੰ ਸੁਵਿਧਾਜਨਕ ਬਣਾਉਣ ਲਈ ਕੀ ਕਰ ਰਹੇ ਹਨ?

ਨਾਜਾਇਜ਼ ਸ਼ਰਾਬ ਤੇ ਨਸ਼ਿਆਂ ਵਿਰੁੱਧ ਵਿੱਢੇ ਯੁੱਧ ’ਤੇ ਆਉਂਦੇ ਹਾਂ, ਇੱਥੇ ਇਸ ਸਮੱਸਿਆ ਨੂੰ ਮੁੱਖ ਤੌਰ ’ਤੇ ਕਾਨੂੰਨ-ਵਿਵਸਥਾ ਦੀ ਸਮੱਸਿਆ ਵਜੋਂ ਨਜਿੱਠਿਆ ਗਿਆ ਹੈ ਤੇ ਇਸ ਨਾਲ ਨਜਿੱਠਣ ਦੀ ਜ਼ਿੰਮੇਵਾਰੀ ਪੁਲੀਸ ਨੂੰ ਸੌਂਪੀ ਗਈ ਹੈ।

ਜਿੱਥੋਂ ਤੱਕ ਮੈਨੂੰ ਪਤਾ ਹੈ, ਸਮੱਸਿਆ ਦੀਆਂ ਜੜ੍ਹਾਂ ਤੱਕ ਜਾਣ ਲਈ ਰਾਜ ਪੱਧਰ ’ਤੇ ਕੋਈ ਸੂਚੀਬੱਧ ਅਧਿਐਨ ਨਹੀਂ ਹੋਇਆ, ਜਿਸ ਵਿੱਚ ਸਮਾਜਿਕ ਅਤੇ ਆਰਥਿਕ ਸ਼ਕਤੀਆਂ ਤੇ ਮਾਨਸਿਕ ਸਿਹਤ ਦੇ ਮੁੱਦਿਆਂ ਨਾਲ ਜੁੜੇ ਕਾਰਕ ਸ਼ਾਮਿਲ ਹਨ- ਕੌਮੀ ਅਤੇ ਕੌਮਾਂਤਰੀ ਗਰੋਹਾਂ ਦੀ ਭੂਮਿਕਾ, ਵੱਖ-ਵੱਖ ਸਰਕਾਰੀ ਏਜੰਸੀਆਂ ਦੀ ਭੂਮਿਕਾ ਅਤੇ ਸਾਡੀ ਅਪਰਾਧਿਕ ਨਿਆਂ ਪ੍ਰਣਾਲੀ ਦਾ ਸੰਕਟਗ੍ਰਸਤ ਚਰਿੱਤਰ। ਸਾਨੂੰ ਚੋਟੀ ਦੇ ਸਮਾਜ ਵਿਗਿਆਨੀਆਂ, ਮਨੋਵਿਗਿਆਨੀਆਂ, ਸਮਾਜ ਸੇਵਕਾਂ ਤੇ ਨਸ਼ੀਲੇ ਪਦਾਰਥਾਂ ਨਾਲ ਨਜਿੱਠਣ ਵਾਲੀਆਂ ਏਜੰਸੀਆਂ ਨੂੰ ਇਸ ਦਾ ਹਿੱਸਾ ਬਣਾਉਣਾ ਚਾਹੀਦਾ ਸੀ।

ਸਾਨੂੰ ਇਸ ਕਾਰੋਬਾਰ ਦੀਆਂ ਜੜ੍ਹਾਂ, ਦੇਸ਼ ਭਰ ਵਿੱਚ ਇਸ ਦੇ ਫੈਲਾਅ ਤੇ ਰਾਜਨੇਤਾਵਾਂ, ਪੁਲੀਸ ਅਤੇ ਡਰੱਗ ਸਿੰਡੀਕੇਟ ਦੇ ਗੱਠਜੋੜ ਦਾ ਪਤਾ ਲਾਉਣ ਲਈ ਆਪਣੀਆਂ ਖ਼ੁਫ਼ੀਆ ਏਜੰਸੀਆਂ ਦੀਆਂ ਖ਼ਾਸ ਇਕਾਈਆਂ (ਅੰਦਰੂਨੀ ਤੇ ਬਾਹਰੀ) ਨੂੰ ਵੀ ਪ੍ਰਕਿਰਿਆ ’ਚ ਸ਼ਾਮਿਲ ਕਰਨਾ ਚਾਹੀਦਾ ਹੈ। ਇਹ ਵਿਆਪਕ ਸੁਝਾਅ ਹੈ, ਪਰ ਜੇਕਰ ਸਰਕਾਰ ਚਾਹੇ ਤਾਂ ਸਮੱਸਿਆ ਨੂੰ ਸਮਝਣ ਤੇ ਹੱਲ ਸੁਝਾਉਣ ਲਈ ਕਾਰਜਸ਼ੀਲ ਛੋਟਾ ਗਰੁੱਪ ਜਾਂ ਕਈ ਗਰੁੱਪ ਬਣਾ ਸਕਦੀ ਹੈ।

*ਸਾਬਕਾ ਗਵਰਨਰ, ਮਨੀਪੁਰ ਅਤੇ ਸਾਬਕਾਡੀਜੀਪੀ, ਜੰਮੂ ਕਸ਼ਮੀਰ।

ਸਾਡੇ ਲੋਕ
SADE LOK
ਸਤਨਾਮ ਸਿੰਘ ਖਾਲਸਾ
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਭਾਰਤ-ਪਾਕਿ ਦੀ ਤਰ੍ਹਾਂ ਇਰਾਨ-ਇਜ਼ਰਾਈਲ 'ਚ ਸਮਝੌਤਾ ਕਰਵਾ ਸਕਦਾ ਹਾਂ : ਟਰੰਪ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦਾਅਵਾ ਕੀਤਾ ਕਿ ਉਹ ਇਰਾਨ ਤੇ ਇਜ਼ਰਾਈਲ ਵਿਚਾਲੇ ਠੀਕ ਉਸੇ ਤਰ੍ਹਾਂ ਸਮਝੌਤਾ ਕਰਵਾ ਸਕਦੇ ਹਨ ਜਿਵੇਂ ਉਨ੍ਹਾਂ ਹੋਰ ਕੱਟੜ ਦੁਸ਼ਮਣਾਂ ਵਿਚਾਲੇ ਕਰਵਾਇਆ ਸੀ। ਟਰੰਪ ਨੇ ਇੱਕ ਵਾਰ ਫਿਰ ਆਪਣਾ ਦਾਅਵਾ ਦੁਹਰਾਇਆ ਕਿ ਉਨ੍ਹਾਂ ਪਿਛਲੇ ਮਹੀਨੇ ਭਾਰਤ ਤੇ ਪਾਕਿਸਤਾਨ ਵਿਚਾਲੇ ਸੰਘਰਸ਼ 'ਵਪਾਰ ਦੀ ਵਰਤੋਂ ਕਰਕੇ' ਰੁਕਾਇਆ ਸੀ। ਟਰੁੱਥ ਸੋਸ਼ਲ 'ਤੇ ਇੱਕ ਪੋਸਟ 'ਚ ਰਾਸ਼ਟਰਪਤੀ ਟਰੰਪ ਨੇ ਦਾਅਵਾ ਕੀਤਾ ਕਿ ਇਰਾਨ-ਇਜ਼ਰਾਈਲ ਮੁੱਦੇ 'ਤੇ 'ਹੁਣ ਕਈ ਫੋਨ ਕਾਲਾਂ ਕੀਤੀਆਂ ਜਾ ਰਹੀਆਂ ਹਨ ਅਤੇ ਮੀਟਿੰਗਾਂ ਹੋ ਰਹੀਆਂ ਹਨ।' ਉਨ੍ਹਾਂ ਕਿਹਾ, 'ਇਰਾਨ ਤੇ ਇਜ਼ਰਾਈਲ ਨੂੰ ਸਮਝੌਤਾ ਕਰਨਾ ਚਾਹੀਦਾ ਹੈ ਅਤੇ ਉਹ ਇਹ ਕਰਨਗੇ। ਠੀਕ ਉਸੇ ਤਰ੍ਹਾਂ ਜਿਵੇਂ ਮੈਂ ਭਾਰਤ ਤੇ ਪਾਕਿਸਤਾਨ ਵਿਚਾਲੇ ਕਰਵਾਇਆ ਸੀ। ਉਸ ਸਮੇਂ ਮੈਂ ਅਮਰੀਕਾ ਨਾਲ ਵਪਾਰ ਦੀ ਵਰਤੋਂ ਕਰਕੇ ਗੱਲਬਾਤ 'ਚ ਸਮਝਦਾਰੀ, ਏਕਤਾ ਤੇ ਤਵਾਜ਼ਨ ਲਿਆਂਦਾ। ਦੋਵੇਂ ਹੀ ਬਿਹਤਰੀਨ ਆਗੂਆਂ ਨੇ ਜਲਦੀ ਫ਼ੈਸਲਾ ਲਿਆ ਤੇ ਸਭ ਕੁਝ ਰੋਕ ਦਿੱਤਾ।'

# ਮਿਨੀਸੋਟਾ ਹਾਊਸ ਸਪੀਕਰ ਤੇ ਉਸ ਦੇ ਪਤੀ ਦੀਆਂ ਗੋਲੀਆਂ ਮਾਰ ਕੇ ਹੱਤਿਆ, ਸਟੇਟ ਸੈਨੇਟ ਮੈਂਬਰ ਤੇ ਉਸ ਦੀ ਪਤਨੀ ਗੰਭੀਰ ਜ਼ਖਮੀ

## ਸ਼ੱਕੀ ਹਮਲਾਵਰ ਪੁਲਿਸ ਦੀ ਵਰਦੀ 'ਚ ਆਇਆ ਤੇ ਆਪਣਾ ਕੰਮ ਕਰਨ ਉਪਰੰਤ ਫਰਾਰ ਹੋ ਗਿਆ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਮਿਨੀਸੋਟਾ ਦੇ ਵਿਧਾਇਕ ਤੇ ਹਾਊਸ ਸਪੀਕਰ ਐਮੇਰੀਟਾ ਮੀਲੀਸਾ ਹਾਰਟਮੈਨ ਤੇ ਉਸ ਦੇ ਪਤੀ ਮਾਰਕ ਹਾਰਟਮੈਨ ਦੀ ਬਰੁੱਕਲਿਨ ਪਾਰਕ ਵਿਚ ਸਥਿੱਤ ਉਨਾਂ ਦੇ ਘਰ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਜਦਕਿ ਸਟੇਟ ਸੈਨੇਟ ਮੈਂਬਰ ਜੌਹਨ ਹਾਫਮੈਨ ਤੇ ਉਸ ਦੀ ਪਤਨੀ ਯੇਟੇ ਨੂੰ ਚੈਂਪਲਿਨ ਸਥਿੱਤ ਘਰ ਵਿਚ ਗੋਲੀਆਂ ਮਾਰ ਕੇ ਗੰਭੀਰ ਰੂਪ ਵਿਚ ਜਖਮੀ ਕਰ ਦੇਣ ਦੀ ਖਬਰ ਹੈ। ਹਮਲਾਵਰ ਨੇ ਹਾਫਮੈਨ ਤੇ ਉਸ ਦੀ ਪਤਨੀ ਦੇ ਕਈ ਗੋਲੀਆਂ ਮਾਰੀਆਂ ਪਰੰਤੂ ਉਨਾਂ ਦੀ ਜਾਨ ਬਚ ਗਈ ਤੇ ਇਸ ਸਮੇ ਉਹ ਹਸਪਤਾਲ ਵਿਚ ਇਲਾਜ਼ ਅਧੀਨ ਹਨ। ਮਿਨੀਸੋਟਾ ਦੇ ਗਵਰਨਰ ਟਿਮ ਵਾਲਜ਼ ਅਨੁਸਾਰ ਅਜਿਹਾ ਲੱਗਦਾ ਹੈ ਕਿ ਇਸ ਹਮਲੇ ਪਿੱਛੇ ਰਾਜਸੀ ਹਿੱਤ ਕੰਮ ਕਰ ਰਹੇ ਹਨ। ਉਨਾਂ ਕਿਹਾ ਕਿ ਇਹ ਹਮਲਾ ਗਿਣਮਿੱਥ ਕੇ ਕੀਤਾ ਗਿਆ ਹੈ। ਅਧਿਕਾਰੀਆਂ ਅਨੁਸਾਰ ਹਮਲਾਵਰ ਇਕ ਗੋਰਾ ਦੱਸਿਆ ਜਾਂਦਾ ਹੈ ਜੋ ਆਪਣੇ ਆਪ ਨੂੰ ਲਾਅ ਇਨਫੋਰਸਮੈਂਟ ਅਫਸਰ ਦੱਸ ਕੇ ਘਰ ਵਿਚ ਦਾਖਲ ਹੋਇਆ ਤੇ ਗੋਲੀਆਂ ਮਾਰ ਕੇ ਫਰਾਰ ਹੋ ਗਿਆ। ਬਰੁੱਕਲਿਨ ਪਾਰਕ ਪੁਲਿਸ ਚੀਫ ਮਾਰਕ ਬਰੂਲੇ ਨੇ ਕਿਹਾ ਹੈ ਕਿ ਜਦੋਂ ਪੁਲਿਸ ਅਫਸਰ ਹਾਰਟਮੈਨ ਦੇ ਘਰ ਮੌਕੇ ਉਪਰ ਪੁੱਜੇ ਤਾਂ ਘਰ ਦੇ ਬਾਹਰ ਪੁਲਿਸ ਦੀ ਗੱਡੀ ਖੜੀ ਸੀ ਤੇ ਉਸ ਦੀਆਂ ਐਮਰਜੈਂਸੀ ਲਾਈਟਾਂ ਜਗ ਰਹੀਆਂ ਸਨ। ਪੁਲਿਸ ਦੀ ਵਰਦੀ ਵਿਚ ਇਕ ਵਿਅਕਤੀ ਘਰ ਵਿਚੋਂ ਬਾਹਰ ਆਇਆ ਤੇ ਉਸ ਨੇ ਮੌਕੇ ਉਪਰ ਪੁੱਜੇ ਪੁਲਿਸ ਅਫਸਰਾਂ ਉਪਰ ਗੋਲੀਆਂ ਚਲਾਈਆਂ ਤੇ ਫਰਾਰ ਹੋ ਗਿਆ। ਬਰਲੇ ਨੇ ਕਿਹਾ ਹੈ ਕਿ ਸ਼ੱਕੀ ਦੀ ਗ੍ਰਿਫਤਾਰੀ ਲਈ ਸੈਂਕੜੇ ਪੁਲਿਸ ਅਫਸਰ ਕੰਮ ਕਰ ਰਹੇ ਹਨ ਤੇ ਉਸ ਨੂੰ ਛੇਤੀ ਕਾਬੂ ਕਰ ਲਿਆ ਜਾਵੇਗਾ। ਪੁਲਿਸ ਮੁਖੀ ਨੇ ਕਿਹਾ ਕਿ ਹਾਰਟਮੈਨ ਇਕ ਕਮਾਲ ਦੀ ਜਨਤਿਕ ਸੇਵਿਕ ਸੀ ਉਸ ਦੀਆਂ ਸੇਵਾਵਾਂ ਨੂੰ ਭੁਲਾਇਆ ਨਹੀਂ ਜਾ ਸਕਦਾ। ਲਾਅ ਇਨਫੋਰਸਮੈਂਟ ਅਧਿਕਾਰੀਆਂ ਨੇ ਸ਼ੱਕੀ ਦੀ ਪਛਾਣ ਵੈਂਸ ਲੂਥਰ ਬੋਏਲਟਰ (57) ਵਜੋਂ ਕੀਤੀ ਹੈ। ਅਧਿਕਾਰੀਆਂ ਅਨੁਸਾਰ ਸ਼ੱਕੀ ਨੂੰ ਆਖਰੀ ਵਾਰ ਜੁੜਵੇਂ ਸ਼ਹਿਰਾਂ ਦੇ ਖੇਤਰ ਵਿਚ ਵੇਖਿਆ ਗਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਸ਼ੱਕੀ ਹਥਿਆਰਬੰਦ ਹੈ ਤੇ ਉਹ ਹੋਰਨਾਂ ਲਈ ਵੀ ਖਤਰਨਾਕ ਸਾਬਤ ਹੋ ਸਕਦਾ ਹੈ। ਇਸੇ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਇਹ ਬਹੁਤ ਦੁੱਖਦਾਈ ਘਟਨਾ ਹੈ ਤੇ ਲੱਗਦਾ ਹੈ ਕਿ ਵਿਧਾਨ ਸਭਾ ਮੈਂਬਰਾਂ ਨੂੰ ਗਿਣਮਿਥ ਕੇ ਨਿਸ਼ਾਨਾ ਬਣਾਇਆ ਗਿਆ ਹੈ। ਉਨਾਂ ਕਿਹਾ ਕਿ ਦੋਸ਼ੀ ਦੀ ਭਾਲ ਕੀਤੀ ਜਾ ਰਹੀ ਹੈ ਤੇ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ।

# ਸ਼ਿਕਾਗੋ ਦੇ ਇਕ ਡਾਕਟਰ ਨੂੰ ਫਰਜ਼ੀ ਬਿੱਲ ਬਣਾਉਣ ਦੇ ਮਾਮਲੇ ਵਿਚ 10 ਸਾਲ ਕੈਦ ਤੇ ਜੁਰਮਾਨਾ



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਸ਼ਿਕਾਗੋ ਦੇ ਇਕ ਡਾਕਟਰ ਨੂੰ ਫਰਜ਼ੀ ਬਿੱਲ ਬਣਾ ਕੇ ਧੋਖਾਧੜੀ ਕਰਨ ਦੇ ਮਾਮਲੇ ਵਿਚ ਅਦਾਲਤ ਨੇ 10 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ। ਯੂ.ਐਸ. ਡਿਸਟ੍ਰਿਕਟ ਜੱਜ ਫਰੈਂਕਲਿਨ ਯੂ ਵਾਲਡਰਮਾ ਨੇ ਡਾਕਟਰ ਨੂੰ 15 ਲੱਖ ਡਾਲਰ ਦਾ ਜੁਰਮਾਨਾ ਵੀ ਕੀਤਾ ਹੈ। 52 ਸਾਲਾ ਡਾਕਟਰ ਘੋਸ਼ ਨੇ ਸਿਹਤ ਸੰਭਾਲ ਫਰਾਡ ਕਰਨ ਦਾ ਦੋਸ਼ ਮੰਨ ਲਿਆ ਸੀ। ਅਦਾਲਤੀ ਦਸਤਾਵੇਜ਼ ਅਨੁਸਾਰ ਡਾਕਟਰ ਘੋਸ਼ ਨੇ ਹਾਫਮੈਨ ਇਸਟੇਟਸ ਵਿਚ 2018 ਤੋਂ 2022 ਤੱਕ ਪ੍ਰੋਗ੍ਰੈਸਿਵ ਵੋਮੈਨਜ਼ ਹੈਲਥਕੇਅਰ ਕਲੀਨਿਕ ਚਲਾਈ ਜਿਸ ਦੌਰਾਨ ਉਸਨੇ ਤੇ ਉਸ ਦੇ ਮੁਲਾਜ਼ਮਾਂ ਨੇ ਫਰਜ਼ੀ ਬਿੱਲ ਬਣਾ ਕੇ ਧੋਖਾ ਕੀਤਾ। ਡਾਕਟਰ ਨੇ ਆਪਣੇ ਦਾਅਵਿਆਂ ਨੂੰ ਠੀਕ ਸਾਬਤ ਕਰਨ ਲਈ ਫਰਜ਼ੀ ਮੈਡੀਕਲ ਰਿਕਾਰਡ ਵੀ ਬਣਾਇਆ।

# ਅਮਰੀਕਾ 'ਚ ਪੰਜਾਬੀ ਫੌਜੀ ਅਫਸਰ ਨਵਦੀਪ ਸੇਵਾ ਕਾਲ ਦੌਰਾਨ ਸਿੱਖਿਆ ਖੇਤਰ 'ਚ ਵੀ ਪਾ ਰਹੀ ਹੈ ਨਵੀਂ ਪੈੜ

ਸਾਨ ਫਰਾਂਸਿਸਕੋ : ਅਮਰੀਕਾ 'ਚ ਵੀ ਪੰਜਾਬੀਆਂ ਦੀਆਂ ਪੈੜ੍ਹਾਂ ਨਿਵੇਕਲੀਆਂ ਹਨ। ਜ਼ਿਲ੍ਹਾ ਹੁਸ਼ਿਆਰਪੁਰ ਦੇ ਸ਼ਾਮ ਚੁਰਾਸੀ ਨੇੜਲੇ ਪਿੰਡ ਸਰਹਾਲਾ ਮੁੰਡੀਆਂ ਤੋਂ ਮਾ. ਹਰਜੀਤ ਸਿੰਘ ਤੇ ਮਾ. ਗੁਰਦੀਪ ਕੌਰ ਦੀ ਪੋਤਰੀ ਤੇ ਕਰਮਜੀਤ ਸਿੰਘ ਸ਼ਾਹੀ ਦੀ ਬੇਟੀ ਨਵਦੀਪ ਕੌਰ ਇਸ ਵੇਲੇ ਅਮਰੀਕਨ ਫੌਜ ਵਿਚ ਅਫਸਰ ਵਜੋਂ ਸੇਵਾਵਾਂ ਵੀ ਨਿਭਾਅ ਰਹੀ ਹੈ ਤੇ ਨਾਲ-ਨਾਲ ਉਸ ਨੇ ਅਮਰੀਕਾ ਦੀ ਨਾਮੀ ਯੂਨੀਵਰਸਿਟੀ ਆਫ ਲਾਸ ਏਂਜਲਸ (ਯੂ.ਸੀ.ਐਲ.ਏ.) ਤੋਂ ਆਪਣੀ ਬੈਚਲਰ ਆਫ ਸਾਇੰਸ ਡਿਗਰੀ ਵੀ ਹਾਸਲ ਕੀਤੀ ਹੈ। ਫੌਜ ਲਈ ਨਵਦੀਪ ਪਿੱਛਲੇ ਸਾਲ ਤੋਂ ਸੇਵਾਵਾਂ ਦੇ ਰਹੀ ਹੈ। ਕੈਲੀਫੋਰਨੀਆਂ 'ਚ ਵੱਸਦੇ ਨਵਦੀਪ ਦੇ ਪਰਿਵਾਰ ਨੂੰ ਇਥੇ ਵੀ ਤੇ ਪੰਜਾਬ 'ਚ ਵੀ ਸ਼ੁਭਇਛਾਵਾਂ ਤੇ ਸਤਿਕਾਰ ਦਿੱਤਾ ਜਾ ਰਿਹੈ।






CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524


LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

# ਮਾਸਟਰ ਕਿਸ਼ਨ ਸਿੰਘ ਨੀਲਾ ਨਲੋਆ ਦੇ ਅਕਾਲ ਚਲਾਣੇ ਤੇ ਅਫਸੋਸ ਦਾ ਪ੍ਰਗਟਾਵਾ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਸੀਨੀਅਰ ਅਕਾਲੀ ਆਗੂ ਤੇ ਸਾਬਕਾ ਜਿਲ੍ਹਾ ਪ੍ਰੀਸ਼ਦ ਮੈਂਬਰ ਮਾਸਟਰ ਕਿਸ਼ਨ ਸਿੰਘ ਨੀਲਾ ਨਲੋਆ ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ ਦੇ ਪ੍ਰਤੀ ਵੱਖ ਵੱਖ ਸੰਸਥਾਵਾਂ ਨੇ ਤੇ ਸਥਾਨਕ ਅਕਾਲੀ ਲੀਡਰਾਂ ਜਿਨਾਂ 'ਚ ਗੁਰਨਾਮ ਸਿੰਘ ਪੰਮਾ, ਦਲਵੀਰ ਸਿੰਘ ਗਿੱਲ, ਕਰਮਦੀਪ ਸਿੰਘ ਬੈਂਸ, ਸੁਖਵਿੰਦਰ ਸਿੰਘ ਸੈਣੀ ਯੂਬਾ ਸਿਟੀ ਆਦਿ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਮਾਸਟਰ ਕਿਸ਼ਨ ਸਿੰਘ ਨੀਲਾ ਨਲੋਆ ਬਹੁਤ ਹੀ ਸੁਲਝੇ ਹੋਏ ਇਨਸਾਨ ਸਨ ਤੇ ਹਰ ਸਮੇਂ ਉਹ ਲੋਕਾਂ ਦੀ ਲਈ ਸੇਵਾ ਚ ਤਤਪਰ ਰਹਿੰਦੇ ਸਨ। ਉਨਾਂ ਨੇ ਹਮੇਸ਼ਾਂ ਲੋੜਵੰਦ ਲੋਕਾਂ ਦੀ ਮੱਦਦ ਕੀਤੀ। ਇਸ ਮੌਕੇ ਵੱਖ-ਵੱਖ ਆਗੂਆਂ ਨੇ ਉਨਾਂ ਦੇ ਭਰਾਵਾਂ ਗੁਰਮੁਖ ਸਿੰਘ ਤੇ ਚੰਨਣ ਸਿੰਘ ਨਾਲ ਦੁੱਖ ਦਾ ਇਜਹਾਰ ਵੀ ਕੀਤਾ।



# 24 ਘੰਟਿਆਂ ਵਿੱਚ 15000 ਵਿਦੇਸ਼ੀਆਂ ਨੇ ਗੋਲਡ ਕਾਰਡ ਪ੍ਰੋਗਰਾਮ ਤਹਿਤ ਅਮਰੀਕਾ ਆਉਣ ਦੀ ਇੱਛਾ ਪ੍ਰਗਟਾਈ : ਟਰੰਪ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-24 ਘੰਟਿਆਂ ਵਿਚ ਹੀ 15000 ਵਿਦੇਸ਼ੀਆਂ ਨੇ ਪੱਕੇ ਤੌਰ 'ਤੇ ਅਮਰੀਕਾ ਵੱਸਣ ਲਈ "ਗੋਲਡ ਕਾਰਡ" ਵਾਸਤੇ ਆਨ ਲਾਈਨ ਦਰਖਾਸਤਾਂ ਦਿੱਤੀਆਂ ਹਨ। ਇਹ ਐਲਾਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੀਤਾ ਹੈ। ਟਰੰਪ ਨੇ ਇਸ ਪ੍ਰੋਗਰਾਮ ਦਾ ਨਾਂ "ਇਕ ਵਾਰ ਜੀਵਨ ਭਰ ਲਈ ਅਵਸਰ" ਦਾ ਨਾਂ ਦਿੱਤਾ ਹੈ ਜਿਸ ਤਹਿਤ ਕਿਸੇ ਵੀ ਵਿਦੇਸ਼ੀ ਨੂੰ ਅਮਰੀਕੀ ਨਾਗਰਿਕਤਾ ਤੇ ਹੋਰ ਫਾਇਦੇ ਲੈਣ ਲਈ ਅਮਰੀਕੀ ਸਰਕਾਰ ਨੂੰ 50 ਲੱਖ ਡਾਲਰ ਦੇਣੇ ਪੈਣਗੇ। ਅਮੀਰ ਵਿਦੇਸ਼ੀਆਂ ਨੂੰ ਸੱਦਾ ਦੇਣ ਦੇ ਨਾਲ ਹੀ ਰਾਸ਼ਟਰਪਤੀ ਦੇਸ਼ ਵਿਆਪੀ ਗੈਰ



ਕਾਨੂੰਨੀ ਪ੍ਰਵਾਸੀਆਂ ਵਿਰੁੱਧ ਦੇਸ਼ ਨਿਕਾਲੇ ਦੀ ਵਿਵਾਦਗ੍ਰਸਤ ਮੁਹਿੰਮ ਚਲਾ ਰਹੇ ਹਨ ਤੇ ਅਮਰੀਕਾ ਵਿਚ ਪ੍ਰਵਾਸੀਆਂ ਦੀ ਫੜੋਫੜੀ ਜੰਗੀ ਪੱਧਰ 'ਤੇ ਜਾਰੀ ਹੈ। ਟਰੰਪ ਨੇ ਟਰੁੱਥ ਸ਼ੋਸਲ ਮੀਡੀਆ ਉਪਰ ਲਿੱਖਿਆ ਹੈ "ਬੀਤੀ ਰਾਤ ਸਾਈਟ ਖੋਲਣ ਤੋਂ ਬਾਅਦ 15000 ਤੋਂ ਵਧ ਵਿਦੇਸ਼ੀਆਂ ਨੇ ਗੋਲਡ ਕਾਰਡ ਪ੍ਰੋਗਰਾਮ ਤਹਿਤ ਅਮਰੀਕਾ ਆਉਣ ਦੀ ਇੱਛਾ ਪ੍ਰਗਟਾਈ ਹੈ ਜਿਸ ਦਾ ਮਤਲਬ ਹੈ ਕਿ 75 ਅਰਬ ਡਾਲਰ ਅਮਰੀਕੀ ਖਜ਼ਾਨੇ ਵਿਚ ਆਉਣਗੇ।" ਵੈੱਬਸਾਈਟ ਉਪਰ ਵਿਦੇਸ਼ੀਆਂ ਨੂੰ ਨਾਂ, ਖੇਤਰ, ਈ ਮੇਲ ਪਤਾ ਪੁੱਛਿਆ ਜਾਂਦਾ ਹੈ ਤੇ ਨਾਲ ਹੀ ਇਹ ਪੁੱਛਿਆ ਜਾਂਦਾ ਹੈ ਕਿ ਉਹ ਅਮਰੀਕਾ ਵੱਸਣ ਲਈ ਜਾਂ ਕਾਰੋਬਾਰ ਕਰਨ ਲਈ ਆਉਣਾ ਚਹੁੰਦੇ ਹਨ। ਇਥੇ ਵਰਣਨਯੋਗ ਹੈ ਕਿ ਕਈ ਵਿਦੇਸ਼ੀਆਂ ਨੇ ਸਾਈਟ ਉਪਰ ਪ੍ਰੋਗਰਾਮ ਦਾ ਵੇਰਵਾ ਜਾਣਨ ਲਈ ਹੀ ਬੇਨਤੀ ਕੀਤੀ ਹੈ।

# ਭਾਰਤੀ-ਅਮਰੀਕੀ ਨਾਗਰਿਕ ਨੇ ਫਰਿਸਕੋ ਸਿਟੀ ਕੌਂਸਲ ਦੀ ਚੋਣ ਜਿੱਤੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਭਾਰਤੀ ਅਮਰੀਕੀ ਬਰਟ ਠਾਕੁਰ ਫਰਿਸਕੋ ਸਿਟੀ ਕੌਂਸਲ, ਟੈਕਸਾਸ ਦੀ ਚੋਣ ਜਿੱਤ ਗਏ ਹਨ। ਉਨਾਂ ਨੇ ਆਪਣੇ ਵਿਰੋਧੀ ਟੈਮੀ ਮੀਨਰਸ਼ਗਨ ਨੂੰ ਹਰਾਇਆ। ਉਹ ਪਹਿਲੀ ਭਾਰਤੀ ਹਨ ਜੋ ਫਰਿਸਕੋ ਕੌਂਸਲ ਲਈ ਚੁਣੇ ਗਏ ਹਨ। ਉਨਾਂ ਨੇ ਆਪਣੀ ਜਿੱਤ ਸੋਸ਼ਲ ਮੀਡੀਆ ਉਪਰ ਸਾਂਝੀ ਕੀਤੀ ਹੈ। 42 ਸਾਲਾ ਠਾਕੁਰ ਇੰਜੀਨੀਅਰ ਤੇ ਸਾਬਕਾ ਫੌਜੀ ਹਨ। ਠਾਕੁਰ ਦੀ ਜਿੱਤ ਇਸ ਲਈ ਵੀ ਮਹੱਤਵਪੂਰਨ ਹੈ ਕਿ ਸ਼ਹਿਰ ਵਿਚ ਭਾਰਤੀ ਮੂਲ ਦੇ ਨਾਗਰਿਕਾਂ ਦੀ ਆਬਾਦੀ ਕੇਵਲ 15% ਹੈ। ਠਾਕੁਰ ਨੇ ਕਿਹਾ ਕਿ ਉਨਾਂ ਦੀ ਜਿੱਤ ਪ੍ਰਭਾਵਸ਼ਾਲੀ ਚੋਣ ਮੁਹਿੰਮ ਕਾਰਨ ਸੰਭਵ ਹੋਈ ਹੈ। ਉਨਾਂ ਕਿਹਾ ਕਿ ਅਸੀਂ ਹਰ ਘਰ ਦਾ ਦਰਵਾਜ਼ ਖੜਕਾਇਆ ਤੇ ਆਪਣਾ ਪ੍ਰੋਗਰਾਮ ਲੋਕਾਂ ਸਾਹਮਣੇ ਰੱਖਿਆ। ਕੰਜ਼ਰਵੇਟਿਵ ਆਗੂ ਠਾਕੁਰ ਦੀ ਜਿੱਤ ਵਿਚ ਕਾਂਗਰਸ ਮੈਂਬਰ ਬਰੈਂਟਨ ਗਿੱਲ ਨੇ ਵੀ ਅਹਿਮ ਯੋਗਦਾਨ ਪਾਇਆ ਹੈ। ਗਿੱਲ ਨੇ ਸੋਸ਼ਲ ਮੀਡੀਆ ਉਪਰ ਠਾਕੁਰ ਦਾ ਖੁਲ ਕੇ ਸਮਰਥਨ ਕੀਤਾ ਸੀ।




# ਭਾਰਤੀ ਮੂਲ ਦੇ ਵਿਅਕਤੀ ਨੂੰ ਬਜ਼ੁਰਗਾਂ ਨਾਲ ਧੋਖਾਧੜੀ ਕਰਨ ਦੇ ਮਾਮਲੇ ਵਿਚ 6 ਸਾਲ ਤੋਂ ਵਧ ਕੈਦ

## 17 ਲੱਖ ਡਾਲਰ ਤੋਂ ਵਧ ਜ਼ੁਰਮਾਨਾ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਭਾਰਤੀ ਮੂਲ ਦੇ ਇਕ ਵਿਅਕਤੀ ਨੂੰ ਵਿਦੇਸ਼ਾਂ ਵਿਚਲੇ ਕਾਲ ਸੈਂਟਰਾਂ ਰਾਹੀਂ ਸੀਨੀਅਰ ਨਾਗਰਿਕਾਂ ਨਾਲ ਧੋਖਾ ਕਰਨ ਦੇ ਮਾਮਲੇ ਵਿਚ 6 ਸਾਲ ਦੀ ਕੈਦ ਸੁਣਾਏ ਜਾਣ ਦੀ ਖਬਰ ਹੈ। ਟਾਂਪਾ, ਫਲੋਰਿਡਾ ਦੇ ਸੰਘੀ ਜੱਜ ਵਿਲੀਅਮ ਜੰਗ ਨੇ ਪ੍ਰਾਨਵ ਪਟੇਲ (33) ਨੂੰ 75 ਮਹੀਨੇ ਦੀ ਕੈਦ ਸੁਣਾਉਣ ਦੇ ਨਾਲ ਨਾਲ 17.9 ਲੱਖ ਡਾਲਰ ਦਾ ਜੁਰਮਾਨਾ ਵੀ ਲਾਇਆ ਹੈ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਪਟੇਲ ਦੇ ਸਹਿ ਸਾਜਿਸ਼ਕਾਰ ਵਿਦੇਸ਼ਾਂ ਵਿਚ ਕਾਲ ਸੈਂਟਰ ਚਲਾਉਂਦੇ ਹਨ ਜਿਥੋਂ ਉਹ ਖਜ਼ਾਨਾ ਵਿਭਾਗ ਜਾਂ ਹੋਰ ਏਜੰਸੀਆਂ ਦੇ ਅਫਸਰ ਵਜੋਂ ਬਜ਼ੁਰਗਾਂ ਨੂੰ ਫੋਨ ਕਰਦੇ ਸਨ ਤੇ ਉਨਾਂ ਨੂੰ ਗ੍ਰਿਫਤਾਰ ਕਰਨ ਦੀ ਧਮਕੀ ਦੇਣ ਦੇ ਨਾਲ ਨਾਲ ਕਾਨੂੰਨੀ ਕਾਰਵਾਈ ਤੋਂ ਬਚਣ ਲਈ ਅਦਾਇਗੀ ਕਰਨ ਲਈ ਕਹਿੰਦੇ ਸਨ। ਬਾਅਦ ਵਿਚ ਪਟੇਲ ਬਜ਼ੁਰਗਾਂ ਕੋਲੋਂ ਪੈਸੇ ਲੈ ਕੇ ਆਉਂਦਾ ਸੀ। ਸੀਕਰਟ ਸਰਵਿਸ ਸਪੈਸ਼ਲ ਏਜੰਟ ਰਾਬਰਟ ਐਨਜਲ ਨੇ ਅਦਾਲਤ ਦੇ ਨਿਰਨੇ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਪਟੇਲ ਤੇ ਉਸ ਦੇ ਸਾਥੀਆਂ ਨੇ ਬਜ਼ੁਰਗਾਂ ਨਾਲ ਤਕਰੀਬਨ 20 ਲੱਖ ਡਲਰ ਦੀ ਠੱਗੀ ਮਾਰੀ ਹੈ ਤੇ ਆਖਰਕਾਰ ਪੀੜਤਾਂ ਨੂੰ ਨਿਆਂ ਮਿਲਿਆ ਹੈ।

ਪੰਜਾਬੀਆਂ ਦੀ ਮਾਣਮੱਤੀ ਇੰਡਸਟਰੀ ਟਰੱਕ ਡਿਸਪੈਚ ਟ੍ਰੇਨਿੰਗ









Truck Dispatch Training
Manage Dot Compliance
PUNJABI / HINDI / ENGLISH

- Truck Finance
- Truck Insurance
- Full Dot Compliance
- Setup Factoring Company
- Load Boards (DAT, AMAZON)
- Booking & Negotiate Pricing
- Invoices, Manage Paperwork

- Load Bookings
- Broker & Load Boards
- Rate Negotiation Skills
- Fleet Management Software
- Setup Your Factoring Company
- Dot Audit Support
- Same Day INC/ CORP
- State Permits and IFTA
- IRP Apportioned Plates
- Open Your Trucking Company

Scan This Code for Joining Truck Dispatch Training

WHAT WE WILL PROVIDE
250+ Broker List
350+ Carrier List
27000+ Direct Shipper List

amazon relay

DAT One

SMART PATH

Become Dispatcher Onling or In-Person Training In Punjabi

ਤੁਸੀਂ ਟਰੱਕ ਡਿਸਪੈਚ ਪੰਜਾਬੀ ਵਿੱਚ ਸਿੱਖ ਸਕਦੇ ਹੋ
ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਕਾਲ ਕਰੋ
209-310-0333

Learn, Practice, Gain Your Skills
www.smartpathca.com
Learn Online From Home



**ਸ੍ਰ. ਗੁਰਚਰਨਜੀਤ ਸਿੰਘ ਲਾਂਬਾ**

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਪੁਰਾਣਾਂ ਮੁਤਾਬਕ ਇਸ ਤਰ੍ਹਾਂ ਕਰਨ ਨਾਲ ਮ੍ਰਿਤਕ ਪ੍ਰਾਣੀ ਨੂੰ ਪਿੱਤਰੀ ਲੋਕ ਪ੍ਰਾਪਤ ਹੁੰਦਾ ਹੈ। ਗੁਰਮਤਿ ਨੇ ਇਸ ਨੂੰ ਨਿਰੋਲ ਭਰਮ ਜਾਣ ਕੇ ਇਸ ਦਾ ਤਿਆਗ ਕੀਤਾ ਹੈ।

ਪਰ ਇਸ ਦਾ ਇਕ ਦੂਸਰਾ ਵਿਹਾਰਕ ਪੱਖ ਵੀ ਹੈ। ਭਾਰਤ ਦੇ ਪੂਰਬੀ ਇਲਾਕਿਆਂ ਵਿਚ ਸ਼ਮਸ਼ਾਨਘਾਟ ਵਿਚੋਂ ਮ੍ਰਿਤਕ ਦੀ ਖੋਪਰੀ ਲੈ ਜਾਂਦੇ ਹਨ ਅਤੇ ਉਸ ਨਾਲ ਤਾਂਤ੍ਰਿਕ ਸਿੱਧੀ ਕਰਦੇ ਹਨ। ਪਰ ਇਹ ਸਾਬਤ ਖੋਪਰੀ ਨਾਲ ਹੀ ਕੀਤਾ ਜਾ ਸਕਦਾ ਹੈ। ਇਸ ਲਈ ਇਸ ਮੱਦ 'ਤੇ ਵਿਚਾਰ ਕੀਤਾ ਜਾ ਸਕਦਾ ਹੈ।

...ਘਰ ਆ ਕੇ ਜਾਂ ਲਾਗੇ ਦੇ ਗੁਰਦੁਆਰੇ ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਜਾਵੇ ਤੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਕੇ ਅਰਦਾਸਾ ਦਸਵੇਂ ਦਿਨ ਹੋਵੇ। ਜੇ ਦਸਵੇਂ ਦਿਨ ਨਾ ਹੋ ਸਕੇ ਤਾਂ ਹੋਰ ਕੋਈ ਦਿਨ ਸਬੰਧੀਆਂ ਦੇ ਸੌਖ ਨੂੰ ਮੁੱਖ ਰੱਖ ਕੇ ਨਿਯਤ ਕੀਤਾ ਜਾਵੇ। ਇਸ ਪਾਠ ਦੇ ਕਰਨ ਵਿਚ ਘਰ ਵਾਲੇ ਤੇ ਸਬੰਧੀ ਰਲ ਕੇ ਹਿੱਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ। 'ਦੁਸਹਿਰੇ' ਦੇ ਪਿਛੋਂ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿੰਦੀ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੫)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ ਸੀ :

...ਘਰ ਆ ਕੇ ਜਾਂ ਲਾਗੇ ਦੇ ਗੁਰਦੁਆਰੇ ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਜਾਵੇ ਤੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ। ਇਸ ਪਾਠ ਦੀ ਸਮਾਪਤੀ ਦਸਵੇਂ ਦਿਨ ਹੋਵੇ। ਜੇ ਦਸਵੇਂ ਦਿਨ ਨਾ ਹੋ ਸਕੇ, ਤਾਂ ਹੋਰ ਕੋਈ ਦਿਨਬਰਾਦਰੀ ਦੇ ਸੌਖ ਨੂੰ ਮੁੱਖ ਰੱਖ ਕੇ ਨਿਯਤ ਕੀਤਾ ਜਾਵੇ। ਇਸ ਪਾਠ ਦੇ ਕਰਨ ਵਿਚ ਘਰ ਵਾਲੇ ਤੇ ਸਬੰਧੀ ਰਲ ਕੇ ਹਿੱਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ। 'ਦੁਪਹਿਰੇ' ਦੇ ਪਿਛੋਂ ਚਲਾਣੇ ਦੀ ਰਸਮ ਬਾਕੀ ਨਹੀਂ ਰਹਿੰਦੀ।

(ਸਿੱਖ ਰਹਿਤ ਮਰਯਾਦਾ, ੧੯੩੬, ਪੰਨਾ ੧੩)

**ਤਬਦੀਲੀ**

ਇਸ ਮੱਦ ਦੀ ਸ਼ਬਦਾਵਲੀ ਪੂਰੀ ਤਰ੍ਹਾਂ ਤਬਦੀਲ ਕੀਤੀ ਗਈ ਹੈ। ਪਰ ਪ੍ਰਭਾਵੀ ਤੌਰ 'ਤੇ ਇਕ ਨੁਕਤਾ ਹੈ ਕਿ 1936 ਵਿਚ ਸਸਕਾਰ ਤੋਂ ਬਾਅਦ ਗੁਰਦੁਆਰਾ ਸਾਹਿਬ ਜਾਂ ਘਰ ਆ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖ ਕੇ ਕੜਾਹ ਪ੍ਰਸਾਦ ਵਰਤਾਇਆ ਜਾਵੇ। ਤਬਦੀਲੀ ਤੋਂ ਬਾਅਦ ਕੜਾਹ ਪ੍ਰਸਾਦ ਵਰਤਾਇਆ ਜਾਵੇ, ਨਹੀਂ ਹੈ। ਇਹ ਤਬਦੀਲੀ ਕੀਤੇ ਜਾਣ ਦਾ ਕੋਈ ਰਿਕਾਰਡ ਨਹੀਂ ਮਿਲਦਾ।

**ਵਿਆਖਿਆ**

ਸਸਕਾਰ ਤੋਂ ਲੈ ਕੇ ਮ੍ਰਿਤਕ ਪ੍ਰਾਣੀ ਦੇ ਨਮਿੱਤ ਪਾਠ ਦੀ ਸਮਾਪਤੀ ਤੱਕ ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਕੀਤੇ ਜਾਣ ਦਾ ਜ਼ਿਕਰ ਹੈ। ਗੁਰਬਾਣੀ ਦਾ ਹੁਕਮ ਵੀ ਹੈ, ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥ (ਰਾਮਕਾਲੀ ਸਦ ਬ. ਸੁੰਦਰ ਜੀ, ਅੰਗ 923)

(ਕ) ਮ੍ਰਿਤਕ ਪ੍ਰਾਣੀ ਦਾ 'ਅੰਗੀਠਾ' ਠੰਡਾ ਹੋਣ 'ਤੇ ਸਾਰੀ ਦੇਹ ਦਾ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿੱਤੀ ਜਾਵੇ, ਜਾਂ ਉਥੇ ਹੀ ਦੱਬ ਕੇ ਜਿੰਮੀ ਬਰਾਬਰ ਕਰ ਦਿੱਤੀ ਜਾਵੇ। ਸਸਕਾਰ ਅਸਥਾਨ 'ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾਂ ਹੈ।




(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੬)

ਸਸਕਾਰ ਉਪਰੰਤ ਮ੍ਰਿਤਕ ਪ੍ਰਾਣੀ ਦਾ ਅੰਗੀਠਾ ਠੰਢਾ ਹੋਣ 'ਤੇ ਸਾਰੀ ਦੀ ਸਾਰੀ ਭਸਮ ਅਸਥੀਆਂ ਸਮੇਤ ਜਲ ਪ੍ਰਵਾਹ ਜਾਂ ਦੱਬ ਦੇਣ ਦਾ ਹੁਕਮ ਹੈ। ਕਈ ਭਰਮ ਗ੍ਰਸੇ ਲੋਕ ਉਸ ਰਾਖ ਵਿਚੋਂ ਪਿੱਤਲ ਦਾ ਆਤਮਾ ਰਾਮ ਲੱਭਦੇ ਵੇਖੇ ਗਏ ਹਨ। ਜੋ ਨਿਰੀ ਮਨਮਤ ਹੈ। ਉਸ ਤੋਂ ਵੱਧ ਹੈਰਾਨੀ ਹੈ ਕਿ ਪੰਡਿਤ ਨੂੰ ਉਸ ਸਵਾਹ ਵਿਚੋਂ ਪਿੱਤਲ ਦਾ ਗੁੱਡਾ ਜਿਹਾ ਲੱਭ ਕੇ ਘਰ ਦਿਆਂ ਨੂੰ ਦਿੰਦਿਆਂ ਵੇਖਿਆ ਗਿਆ ਹੈ।

ਇਸ ਦੇ ਨਾਲ ਹੀ ਸਸਕਾਰ ਅਸਥਾਨ 'ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰੀ ਬਣਾਉਣੀ ਮਨ੍ਹਾ ਹੈ। ਹੁਣ ਜਠੇਰਿਆਂ ਦੇ ਸਥਾਨ, ਵਿਸ਼ੇਸ਼ ਵਿਅਕਤੀਆਂ ਦੇ ਸਸਕਾਰ ਸਥਾਨ 'ਤੇ ਉਨ੍ਹਾਂ ਦੀ ਯਾਦਗਾਰਾਂ ਸਥਾਪਤ ਕਰਨੀਆਂ ਵਿਅਕਤੀ ਪੂਜਾ ਦਾ ਬਦਲਵਾਂ ਰੂਪ ਹੈ। ਹਜ਼ੂਰ ਦਾ ਫ਼ੁਰਮਾਨ ਹੈ,

ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗੁ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥

(ਦਸਮ ਗ੍ਰੰਥ, ਅਕਾਲ ਉਸਤਤਿ ੩੦)

ਇਸ ਤਰ੍ਹਾਂ ਨਵੇਂ 'ਇਤਿਹਾਸਕ ਸਥਾਨਕ' ਵਿਚ ਵਾਧਾ ਹੋ ਰਿਹਾ ਹੈ ਅਤੇ ਇਨ੍ਹਾਂ ਦੇ ਨਾਲ 'ਸਾਹਿਬ' ਲਫ਼ਜ਼ ਵੀ ਜੋੜਿਆ ਜਾ ਰਿਹਾ ਹੈ। ਇਸ ਰੁਝਾਨ ਨੂੰ ਕੌਮੀ ਚੇਤੰਨਤਾ ਅਤੇ ਪੰਥਕ ਜ਼ਾਬਤਾ ਹੀ ਠੱਲ ਪਾ ਸਕਦਾ ਹੈ।

ਪੰਜਾਬੀ ਸੂਬਾ ਮੋਰਚੇ ਦੌਰਾਨ ਸ੍ਰੀ ਅਕਾਲ ਸਾਹਿਬ ਦੇ ਨਾਲ ਹੀ ਇਮਾਰਤ 'ਤੇ ਹਵਨ ਕੁੰਡ ਤਿਆਰ ਕੀਤੇ ਗਏ। ਇਨ੍ਹਾਂ 'ਤੇ ਲਿਖਿਆ ਸੀ ਕਿ ਇਨ੍ਹਾਂ ਹਵਨ ਕੁੰਡਾਂ ਵਿਚ ਸ੍ਰੀਮਾਨ ਸੰਤ ਬਾਬਾ ਫਤਹਿ ਸਿੰਘ ਜੀ ਨੇ ਸੜ੍ਹ ਮਰਨਾ ਹੈ। ਇਹ ਸ਼ਰੇਆਮ ਕੌਮੀ ਗ਼ੈਰਤ ਅਤੇ ਮਰਯਾਦਾ ਨੂੰ ਚੁਣੌਤੀ ਸੀ। ਪਰ ਵਕਤ ਦੀ ਸਰਕਾਰ ਅਤੇ ਅਕਾਲੀ ਦਲ ਇਨ੍ਹਾਂ ਹਵਨ ਕੁੰਡਾ ਨੂੰ ਹਟਾਉਣ ਲਈ ਹਰਗਿਜ਼ ਤਿਆਰ ਨਹੀਂ ਸੀ। ਆਖ਼ਿਰ ਪੰਥਕ ਰੋਹ ਨੂੰ ਵੇਖਦਿਆਂ ਇਸ ਨੂੰ ਉਥੋਂ ਹਟਾ ਦਿੱਤਾ ਗਿਆ ਅਤੇ ਮਤਾ ਪਾਸ ਕੀਤਾ : **(ਚਲਦਾ)**

# ਫਰਿਜ਼ਨੋ ਵਿਖੇ ਖੁੱਲੇ ਅਖਾੜੇ ਰਾਹੀਂ ਗਾਇਕ ਹਰਜੀਤ ਹਰਮਨ ਅਤੇ ਰੁਪਿੰਦਰ ਹਾਂਡਾ ਨੇ ਬੰਨੇ ਸੱਭਿਆਚਾਰਕ ਰੰਗ

## ਸਰੋਤਿਆਂ ਨੇ ਨੱਚ-ਨੱਚ ਲਾਈਆਂ ਰੌਣਕਾਂ

ਫਰਿਜ਼ਨੋ/ਕੈਲੇਫੋਰਨੀਆਂ (ਕੁਲਵੰਤ ਉੱਭੀ ਧਾਲੀਆਂ/ਨੀਟਾ ਮਾਛੀਕੇ): ਸਾਂਝਾ ਪੰਜਾਬ ਯੂ.ਐਸ.ਏ. ਦੇ ਪ੍ਰਮੋਟਰ ਬਲਵਿੰਦਰ ਸਿੰਘ ਬਾਜਵਾ ਵੱਲੋਂ ਸਥਾਨਿਕ ਨਾਮਵਰ ਸ਼ਖ਼ਸੀਅਤ ਅਤੇ ਸ਼ੋਅ ਪ੍ਰਬੰਧਕ ਸ. ਗੁਰਮੀਤ ਸਿੰਘ ਬਾਜਵਾ ਦੇ ਸਹਿਯੋਗ ਨਾਲ ਪੰਜਾਬੀ ਸੱਭਿਆਚਾਰਕ ਗਾਇਕੀ ਵਿੱਚ ਆਪਣੀ ਸ਼ਾਨਦਾਰ ਵਿਲੱਖਣ ਪਹਿਚਾਣ ਬਣਾ ਚੁੱਕੇ ਗਾਇਕ ਹਰਜੀਤ ਹਰਮਨ ਅਤੇ ਗਾਇਕਾ ਰੁਪਿੰਦਰ ਹਾਂਡਾ ਦਾ ਖੁੱਲਾ ਅਖਾੜਾ ਫਰਿਜ਼ਨੋ ਵਿਖੇ ਲਾਇਆ ਗਿਆ। ਜਿਸ ਵਿੱਚ ਉਨ੍ਹਾਂ ਦਾ ਸਾਥ ਜਸਵੀਰ ਸਿੰਘ ਸਰਾਏ ਅਤੇ ਹੋਰ ਭਾਈਚਾਰੇ ਨੇ ਵੀ ਵੱਧ ਚੜ੍ਹ ਕੇ ਦਿੱਤਾ।

ਇਸ ਪ੍ਰੋਗਰਾਮ ਦੀ ਸ਼ੁਰੂਆਤ ਵਿਸ਼ੇਸ਼ ਤੌਰ 'ਤੇ ਗਲੋਬਲ ਪੰਜਾਬ ਟੀ.ਵੀ. ਦੇ ਹੋਸਟ ਅਤੇ ਅੰਤਰਰਾਸ਼ਟਰੀ ਸਟੇਜ ਹੋਸਟ ਪ੍ਰਦੀਪ ਗਿੱਲ ਨੇ ਬਤੌਰ ਪ੍ਰੋਗਰਾਮ ਹੋਸਟ ਸਭ ਨੂੰ ਜੀ ਆਇਆਂ ਕਹਿੰਦਿਆਂ ਕੀਤੀ। ਜਦਕਿ ਗਾਇਕੀ ਦੇ ਖੁੱਲ੍ਹੇ ਅਖਾੜੇ ਦੀ ਸ਼ੁਰੂਆਤ ਸਥਾਨਕ ਗਾਇਕ ਗੁਰਦੀਪ ਧਾਲੀਵਾਲ ਨੇ ਆਪਣੇ ਗੀਤਾਂ ਰਾਹੀਂ ਕੀਤੀ। ਇਸ ਬਾਅਦ ਚੱਲਿਆ ਖੁੱਲੀ ਸੱਭਿਆਚਾਰਕ ਗਾਇਕੀ ਦਾ ਅਖਾੜਾ। ਜਿਸ ਵਿੱਚ ਗਾਇਕ ਹਰਜੀਤ ਹਰਮਨ ਨੇ ਸੁਰੂਆਤ ਆਪਣੇ ਗੀਤ "ਪੰਜਾਬ ਗੁਰਾਂ ਦੇ ਨਾਂ ਤੇ ਵੱਸਦਾ ਏ" ਨਾਲ ਕੀਤੀ। ਇਸ ਬਾਅਦ ਆਪਣੇ ਨਵੇਂ ਗੀਤ ਅਤੇ ਸਰੋਤਿਆ ਦੀ ਮੰਗ ਤੇ ਪੁਰਾਣੇ ਗੀਤਾਂ ਦੀ ਖੂਬ ਛਹਿਬਰ ਲਾਈ ਕਿ ਹਰ ਕੋਈ ਖ਼ਿਆਲੀ ਪੰਜਾਬ ਪਹੁੰਚਿਆ ਮਹਿਸੂਸ ਕਰ ਰਿਹਾ ਸੀ। ਇਸ ਬਾਅਦ ਵਾਰੀ ਆਈ ਮਸ਼ਹੂਰ ਗੀਤ "ਕਾਲੀ ਐਕਟਿਵਾਂ" ਵਾਲੀ ਰੁਪਿੰਦਰ ਹਾਂਡਾ ਦੀ। ਜਿਸ ਆਪਣੇ ਗੀਤਾਂ ਰਾਹੀਂ ਖਚਾ-ਖਚ ਸਰੋਤਿਆਂ ਨਾਲ ਭਰੇ ਹਾਲ ਨੂੰ ਆਪਣੇ ਨਾਲ ਨੱਚਣ ਲਾ ਦਿੱਤਾ। ਇੱਕ ਤੋਂ ਬਾਅਦ ਇੱਕ ਗੀਤ ਸਰੋਤਿਆਂ ਨੇ ਪਸੰਦ ਕੀਤਾ ਅਤੇ ਅਨੰਦ ਮਾਣਿਆ। ਇਸ ਪ੍ਰੋਗਰਾਮ ਦੀ ਇੱਕ ਖਾਸੀਅਤ ਇਹ ਵੀ ਰਹੀ ਕਿ ਚੱਲਦੇ ਪ੍ਰੋਗਰਾਮ ਵਿੱਚ ਕੋਈ ਹੋਰ ਆਈਟਮ, ਜਿਵੇਂ ਗਿੱਧਾ-ਭੰਗੜਾ ਆਦਿਕ ਨਹੀਂ ਪੇਸ਼ ਕੀਤਾ ਗਿਆ। ਇਸ ਸਰੋਤਿਆਂ ਅਤੇ ਗਾਇਕਾਂ ਵਿੱਚ ਨਿਰਵਿਘਨ ਬਣੀ ਇਕਸਾਰਤਾ ਇਸ ਪ੍ਰੋਗਰਾਮ ਨੂੰ ਨਿਰੰਤਰ ਚੱਲਦੇ ਰੱਖਣ ਵਿੱਚ ਸਹਾਇਕ ਹੋਈ।

ਇਸ ਸਮੁੱਚੇ ਪ੍ਰੋਗਰਾਮ ਦੌਰਾਨ ਸਥਾਨਕ ਰੇਡੀਓ ਹੋਸਟ ਗੁਰਦੀਪ ਸ਼ੇਰਗਿੱਲ ਨੇ ਵੀ ਸੁਰੂਆਤ ਦੌਰਾਨ ਸਰੋਤਿਆਂ ਨੂੰ ਸੰਬੋਧਨ ਕੀਤਾ। ਜਦ ਕਿ ਮੁੱਖ ਮਹਿਮਾਨ ਸ. ਨਿਰਮਲ ਸਿੰਘ ਚੰਡੀ ਹੋਰਾਂ ਨੇ ਬੋਲਦਿਆਂ ਪ੍ਰਬੰਧਕਾਂ ਅਤੇ ਸਰੋਤਿਆਂ ਨੂੰ ਅਜਿਹੇ ਚੰਗੇ ਪ੍ਰੋਗਰਾਮ ਕਰਵਾਉਣ ਲਈ ਅਤੇ ਸਫਲਤਾ ਲਈ ਵਧਾਈ ਦਿੱਤੀ। ਇਸ ਸਮੇਂ ਗਰੈਂਡ ਸਪਾਂਸਰ ਪਾਲ ਧਾਲੀਵਾਲ ਅਤੇ ਮੁੱਖ ਮਹਿਮਾਨ ਸ. ਨਿਰਮਲ ਸਿੰਘ ਚੰਡੀ ਹੋਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਟੇਜ਼ ਸੰਚਾਲਕ ਪ੍ਰਦੀਪ ਗਿੱਲ ਨੇ ਆਪਣੀ ਸ਼ਾਇਰੋ-ਸ਼ਾਇਰੀ ਅਤੇ ਨੋਕ-ਝੋਕ ਰਾਹੀਂ ਸ਼ਰੋਤਿਆ ਨੂੰ ਸਫਲਤਾ ਪੂਰਵਕ ਆਪਣੇ ਨਾਲ ਜੋੜੀ ਰੱਖਿਆ। ਜਦਕਿ ਮੁੱਖ ਪ੍ਰਮੋਟਰ ਬਲਵਿੰਦਰ ਸਿੰਘ ਬਾਜਵਾ ਨੇ ਵੀ ਆਪਣੇ ਵਿਚਾਰਾਂ ਦੇ ਨਾਲ-ਨਾਲ ਕਮੇਡੀ ਭਰੇ ਟੋਟਕੇ ਸੁਣਾ ਸਰੋਤਿਆਂ ਨੂੰ ਖੁਸ਼ ਕੀਤਾ।

ਅੰਤ ਸਥਾਨਕ ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਸ. ਗੁਰਮੀਤ ਸਿੰਘ ਬਾਜਵਾ ਨੇ ਸਭ ਹਾਜ਼ਰੀਨ ਦਾ ਧੰਨਵਾਦ ਕੀਤਾ। ਆਪਣੇ ਸੱਭਿਆਚਾਰਕ ਵਿਰਸੇ ਦੀਆਂ ਸੁਰਾਂ ਨਾਲ ਭਰਿਆ ਅਤੇ ਪੰਜਾਬ ਦੇ ਸੁਨਹਿਰੀ ਰੰਗ ਵਿੱਚ ਰੰਗਿਆ ਇਹ ਗਾਇਕੀ ਦਾ ਅਖਾੜਾ ਆਪਣੀਆਂ ਅਮਿੱਟ ਪੈੜਾਂ ਛੱਡਦਾ ਹੋਇਆ ਯਾਦਗਾਰੀ ਹੋ ਨਿਬੜਿਆ। ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ ਸਮੂੰਹ ਪ੍ਰਬੰਧਕ ਅਤੇ ਸਰੋਤੇ ਵਧਾਈ ਦੇ ਪਾਤਰ ਹਨ।



# BASRA
## Heating & Air Conditioning

ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ

Reasonable price first class work ਅਤੇ

100% ਗਰੰਟੀ




Basra Heating & Air Conditioning has trained technicians and the right equipment to solve the problem fast and at a reasonable price.

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਵਿਪਸਾਅ ਵੱਲੋਂ ਸੁਪ੍ਰਸਿੱਧ ਸ਼ਾਇਰਾ ਸੁਰਜੀਤ ਸਖੀ ਦੀ ਪੁਸਤਕ 'ਗੱਲ ਤਾਂ ਚਲਦੀ ਰਹੇ..' ਤੇ ਕਰਵਾਈ ਵਿਚਾਰ ਚਰਚਾ ਸਫ਼ਲ ਰਹੀ

## ਹਰਜੀਤ ਹਮਸਫ਼ਰ ਦਾ ਕਾਵਿ ਸੰਗ੍ਰਹਿ 'ਪਰਛਾਵਿਆਂ ਦਾ ਸੇਕ' ਲੋਕ ਅਰਪਣ ਕੀਤਾ ਗਿਆ

ਹੇਵਰਡ (ਕੈਲੀਫ਼ੋਰਨੀਆ): ਬੀਤੇ ਦਿਨੀਂ ਵਿਪਸਾਅ ਵੱਲੋਂ ਸੈਫ਼ਾਇਰ ਬੈਂਕੁਇੱਟ ਹਾਲ ਹੇਵਰਡ ਵਿਖੇ ਸੁਪ੍ਰਸਿੱਧ ਸ਼ਾਇਰਾ ਸੁਰਜੀਤ ਸਖੀ ਦੀ ਪੁਸਤਕ 'ਗੱਲ ਤਾਂ ਚਲਦੀ ਰਹੇ...' ਤੇ ਕਰਵਾਈ ਗਈ ਵਿਚਾਰ ਚਰਚਾ ਸਫ਼ਲ ਰਹੀ। ਸਭ ਤੋਂ ਪਹਿਲਾਂ ਅਕਾਦਮੀ ਦੇ ਪ੍ਰਧਾਨ ਕੁਲਵਿੰਦਰ ਨੇ ਸਭ ਦਾ ਰਸਮੀ ਸਵਾਗਤ ਕੀਤਾ। ਸਖੀ ਦੀ ਨੂੰਹ ਮੀਨੂੰ ਸਿੰਘ ਅਤੇ ਪੋਤੀ ਪ੍ਰਭਲੀਨ ਕੌਰ ਨੇ ਸਖੀ ਦੀ ਗ਼ਜ਼ਲ 'ਉਮਰ ਦਰਾਜ਼ ਵਫ਼ਾ ਦੀ ਰਹਿਣੀ, ਜੇ ਤਨਹਾਈਆਂ ਰਹਿਣਗੀਆਂ' ਦਾ ਗਾਇਨ ਕਰਕੇ ਸਭ ਨੂੰ ਪ੍ਰਭਾਵਿਤ ਕਰ ਦਿੱਤਾ।




ਪ੍ਰਧਾਨਗੀ ਮੰਡਲ ਵਿੱਚ ਸੁਰਜੀਤ ਸਖੀ, ਕੁਲਵਿੰਦਰ, ਡ. ਸੁਖਵਿੰਦਰ ਕੰਬੋਜ, ਹਰਜਿੰਦਰ ਕੰਗ, ਦਲਵੀਰ ਦਿਲ ਨਿੱਜਰ ਅਤੇ ਆਸ਼ਾ ਸ਼ਰਮਾ ਸ਼ਸ਼ੋਭਿਤ ਹੋਏ। ਸੁਰਜੀਤ ਸਖੀ ਨੇ ਸਭ ਦੇ ਰੂ ਬ ਰੂ ਹੁੰਦੇ ਹੋਏ ਕਿਹਾ ਕਿ 2018 ਵਿੱਚ ਹੋਏ ਹਾਦਸੇ ਵਿੱਚ ਉਹ ਕੋਮਾ ਵਿੱਚ ਚਲੀ ਗਈ। ਉਸ ਦਾ ਜੀਵਨ ਸਾਥੀ ਸਰਦਾਰ ਦਲੀਪ ਸਿੰਘ ਸਦੀਵੀ ਵਿਛੋੜਾ ਦੇ ਗਿਆ। ਇਸ ਸਦਮੇ ਦੇ ਅਸਹਿ ਅਤੇ ਅਕਹਿ ਦਰਦ ਵਿੱਚੋਂ ਨਿਕਲਣ ਲਈ ਗੁਰਭਜਨ ਗਿੱਲ ਦੀ ਪ੍ਰੇਰਨਾ ਨਾਲ਼ ਉਸ ਨੇ ਇਸ ਕਿਤਾਬ ਦੀ ਸਿਰਜਣਾ ਕੀਤੀ। ਉਸਨੇ ਉਹ ਪ੍ਰਤੀਨਿਧ ਸ਼ਾਇਰ ਚੁਣੇ ਜਿਨ੍ਹਾਂ ਨਾਲ਼ ਉਸ ਨੂੰ ਮੁਸ਼ਾਇਰਿਆਂ ਵਿੱਚ ਵਿਚਰਨ ਦਾ ਮੌਕਾ ਮਿਲਿਆ ਸੀ।

ਪ੍ਰੋ. ਬਲਜਿੰਦਰ ਸਿੰਘ ਸਵੈਚ ਨੇ ਕਿਤਾਬ ਬਾਰੇ ਅਲੋਚਨਾਤਮਿਕ ਪਰਚਾ ਪੜ੍ਹਦੇ ਹੋਏ ਕਿਹਾ ਕਿ ਸਖੀ ਨੇ ਇਸ ਕਿਤਾਬ ਵਿੱਚ ਬਾਰਾਂ ਕਵੀਆਂ ਦੇ ਚੋਣਵੇਂ ਸ਼ਿਅਰਾਂ ਦੀ ਬਹੁਤ ਸੰਜੀਦਗੀ ਨਾਲ਼ ਵਿਆਖਿਆ ਕਰਕੇ ਇਕ ਨਿਵੇਕਲੀ ਪੁਸਤਕ ਪੰਜਾਬੀ ਸਾਹਿਤ ਦੀ ਝੋਲੀ ਪਾਈ ਹੈ। ਮਾਣ ਵਾਲੀ ਗੱਲ ਇਹ ਹੈ ਕਿ ਇਸ ਕਿਤਾਬ ਵਿੱਚ ਅੰਕਿਤ ਬਾਰਾਂ ਕਵੀਆਂ ਵਿੱਚੋਂ ਪੰਜ ਵਿਪਸਾਅ ਨਾਲ ਸਬੰਧਤ ਹਨ। ਨਵੀਆਂ ਨਸਲਾਂ ਨੂੰ ਸਮਰਪਣ ਇਸ ਕਿਤਾਬ ਵਿੱਚ ਸਖੀ ਦਾ ਸ਼ਿਅਰ ਧਿਆਨ ਖਿੱਚਦਾ ਹੈ:

**ਰੋਸ਼ਨੀ ਮੱਧਮ ਸਹੀ ਪਰ, ਜੋਤ ਇਉਂ ਬਲਦੀ ਰਹੇ।**
**ਫ਼ੈਸਲਾ ਹੋਵੇ ਨਾ ਹੋਵੇ, ਗੱਲ ਤਾਂ ਚਲਦੀ ਰਹੇ।**

ਸਖੀ ਨੇ ਸੱਚਮੁਚ ਇਸ ਕਿਤਾਬ ਰਾਹੀਂ ਇਨ੍ਹਾਂ ਸ਼ਾਇਰਾਂ ਦੀ ਗੱਲ ਚਲਾ ਦਿੱਤੀ ਹੈ। ਉਸ ਨੇ ਸਖੀ ਵੱਲੋਂ ਸ਼ਿਅਰਾਂ ਦੀ ਕੀਤੀ ਗਈ ਵਿਆਖਿਆ ਦੇ ਨਮੂਨੇ ਵੀ ਪੇਸ਼ ਕੀਤੇ ਅਤੇ ਭਵਿੱਖ ਵਿੱਚ ਹੋਰ ਸ਼ਾਇਰਾਂ ਬਾਰੇ ਗੱਲ ਤੋਰਨ ਦੀ ਆਸ ਵੀ ਪ੍ਰਗਟਾਈ।

ਸਖੀ ਦੀ ਪੋਤੀ ਪ੍ਰਭਲੀਨ ਕੌਰ ਅਤੇ ਪੋਤੇ ਸੁਰਪ੍ਰੀਤ (ਸੰਗਮ) ਨੇ ਕਿਹਾ ਕਿ ਉਨ੍ਹਾਂ ਨੂੰ ਆਪਣੀ ਦਾਦੀ 'ਤੇ ਬਹੁਤ ਮਾਣ ਹੈ ਅਤੇ ਉਹ ਪੰਜਾਬੀ ਸਿੱਖ ਰਹੇ ਹਾਂ ਤਾਂ ਕਿ ਆਪਣੀ ਦਾਦੀ ਦੀਆਂ ਗ਼ਜ਼ਲਾਂ ਪੜ੍ਹ ਸਕਣ। ਹਰਜਿੰਦਰ ਕੰਗ ਨੇ ਕਿਹਾ ਕਿ ਸਖੀ ਨੇ ਉਸ ਦੇ ਅਤੇ ਹੋਰ ਕਵੀਆਂ ਦੇ ਅਣਗੌਲੇ ਸ਼ਿਅਰਾਂ ਨੂੰ ਇਸ ਕਿਤਾਬ ਲਈ ਚੁਣ ਕੇ ਬਹੁਤ ਵਧੀਆ ਕੰਮ ਕੀਤਾ ਹੈ। ਸੁਖਵਿੰਦਰ ਕੰਬੋਜ ਨੇ ਕਿਹਾ ਕਿ ਸਖੀ ਦੀ ਸੰਵੇਦਨਸ਼ੀਲਤਾ ਨੇ ਹੀ ਉਸ ਤੋਂ ਇਹ ਕਿਤਾਬ ਲਿਖਵਾਈ ਹੈ ਅਤੇ ਉਹ ਇਸ ਕਿਤਾਬ ਦਾ ਭਰਵਾਂ ਸੁਆਗਤ ਕਰਦਾ ਹੈ। ਆਸ਼ਾ ਸ਼ਰਮਾ ਨੇ ਕਿਹਾ ਕਿ ਉਹ ਸਖੀ ਨੂੰ ਅੱਜ ਪਹਿਲੀ ਵਾਰ ਮਿਲੀ ਹੈ ਪਰ ਬਹੁਤ ਦੇਰ ਤੋਂ ਉਸ ਦੇ ਸ਼ਿਅਰਾਂ ਕਰਕੇ ਜਾਣਦੀ ਹੈ।

ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਕਿਹਾ ਕਿ ਉਹ ਸਖੀ ਦੀ ਇਸ ਦਲੇਰਾਨਾ ਪਾਕੀਜ਼ਗੀ ਨੂੰ ਨਮਨ ਕਰਦਾ ਹੈ, ਜਿਸ ਨੇ ਸਮੇਂ ਦੇ ਸਤੰਭ ਸ਼ਾਇਰਾਂ ਦੀ ਰਚਨਾਵਲੀ ਨੂੰ ਇਸ ਪੁਸਤਕ ਦੇ 230 ਪੰਨਿਆਂ ਵਿੱਚ ਵਿਸਤ੍ਰਿਤ ਕੀਤਾ ਹੈ। ਕੁਲਵਿੰਦਰ ਨੇ ਸਖੀ ਦੀ ਸ਼ਬਦਾਵਲੀ ਦੀ ਭਰਵੀਂ ਤਾਰੀਫ਼ ਕਰਦੇ ਹੋਏ ਪੁਸਤਕ ਵਿੱਚ ਦਰਜ ਸ਼ਾਇਰ ਜਸਵਿੰਦਰ ਬਾਰੇ ਲਿਖੀਆਂ ਸਤਰਾਂ ਸਰੋਤਿਆਂ ਨਾਲ਼ ਸਾਂਝੀਆਂ ਕੀਤੀਆਂ। ਉਸ ਨੇ ਇਹ ਵੀ ਕਿਹਾ ਕਿ ਸਖੀ ਨੇ ਇਸ ਬਹਾਨੇ ਬਹੁਤ ਸਾਰਾ ਸਾਹਿਤ ਪੜ੍ਹ ਲਿਆ ਹੈ ਜੋ ਉਸ ਦੀ ਅਗਲੀ ਸਿਰਜਣਾ ਵਿੱਚ ਬਹੁਤ ਸਹਾਈ ਹੋਵੇਗਾ। ਅਵਤਾਰ ਗੋਂਦਾਰਾ ਨੇ ਕਿਹਾ ਕਿ ਇਸ ਪੁਸਤਕ ਰਾਹੀਂ ਸਖੀ ਨੇ ਖੜੋਤ ਦੀ ਥਾਂ ਤੁਰਨ ਦੇ ਹੱਕ ਵਿੱਚ ਹੋਕਾ ਦਿੱਤਾ ਹੈ। ਉਹ ਮੂਲ ਰੂਪ ਵਿੱਚ ਸ਼ਾਇਰਾ ਹੈ ਪਰ ਇਸ ਪੁਸਤਕ ਵਿੱਚ ਸਮਕਾਲੀ ਕਵੀਆਂ ਬਾਰੇ ਲਿਖ ਕੇ ਉਸ ਨੇ ਗਦ ਦੇ ਖੇਤਰ ਵਿੱਚ ਪ੍ਰਵੇਸ਼ ਕੀਤਾ ਹੈ। ਉਸਦੀ ਇਸ ਕਿਤਾਬ ਦਾ ਜਨਮ ਨਿੱਜੀ ਪੀੜਾ ਨਾਲ਼ ਖਹਿੰਦਿਆਂ ਹੋਇਆ ਹੈ।

ਇਸ ਤੋਂ ਇਲਾਵਾ ਦਲਵੀਰ ਦਿਲ ਨਿੱਜਰ, ਹਰਜਿੰਦਰ ਮੱਟੂ, ਆਦਿ ਨੇ ਇਸ ਗੋਸ਼ਟੀ ਵਿੱਚ ਹਿੱਸਾ ਲਿਆ। ਇਸ ਉਪਰੰਤ ਹਰਜੀਤ ਹਮਸਫ਼ਰ ਦੇ ਕਾਵਿ ਸੰਗ੍ਰਹਿ 'ਪਰਛਾਵਿਆਂ ਦਾ ਸੇਕ' ਬਾਰੇ ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਜਾਣਕਾਰੀ ਦਿੰਦੇ ਕਿਹਾ ਕਿ ਸ਼ਾਇਰ ਦਾ ਦ੍ਰਿਸ਼ਟੀਕੋਣ ਇਕ ਵਿਸ਼ਾਲਤਾ ਦਾ ਉਲੇਖਣ ਆਪਣੀ ਖੁਰਦੀ ਜਾ ਰਹੀ ਪਹਿਚਾਣ ਜਿਸ ਵਿੱਚ ਪੰਜਾਬੀ ਸੱਭਿਅਤਾ ਦਾ ਇਤਿਹਾਸ, ਸਭਿਆਚਾਰ ਅਤੇ ਧਾਰਮਿਕ ਜੀਵਨ ਸ਼ੈਲੀ ਪ੍ਰਤੀ ਕਟਾਖ਼ਸ਼ ਦੀ ਪੜ੍ਹਤ ਵਿਸ਼ੇਸ਼ ਹੈ। ਇਸ ਉਪਰੰਤ ਕਿਤਾਬ ਲੋਕ ਅਰਪਣ ਕੀਤੀ ਗਈ। ਵਿਪਸਾਅ ਵੱਲੋਂ ਸੁਰਜੀਤ ਸਖੀ ਅਤੇ ਹਰਜੀਤ ਹਮਸਫ਼ਰ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸੰਤੋਖ ਸਿੰਘ ਮਿਨਹਾਸ ਅਤੇ ਅਵਤਾਰਾ ਗੋਂਦਾਰਾ ਦੀ ਸੰਪਾਦਨਾ ਹੇਠ ਪ੍ਰਕਾਸ਼ਿਤ ਦਿਲਕਸ਼ ਪੰਜਾਬੀ ਰਸਾਲਾ 'ਪੰਜਾਬੀਅਤ' ਲੋਕ ਅਰਪਣ ਕਰਕੇ ਹਾਜ਼ਰ ਲੇਖਕਾਂ ਨੂੰ ਉਸ ਦੀਆਂ ਕਾਪੀਆਂ ਵੰਡੀਆਂ ਗਈਆਂ।

ਕਵੀ ਦਰਬਾਰ ਵਿੱਚ ਪ੍ਰਿੰਸੀਪਲ ਹਜ਼ੂਰਾ ਸਿੰਘ, ਹਰਜੀਤ ਹਮਸਫ਼ਰ, ਚਰਨਜੀਤ ਗਿੱਲ, ਹਰਜਿੰਦਰ ਮੱਠੂ, ਅਵਤਾਰ ਗੋਂਦਾਰਾ, ਸੰਤੋਖ ਸਿੰਘ ਮਿਨਹਾਸ, ਅਮਰ ਸੂਫ਼ੀ, ਪੰਕਜ, ਦਲਵੀਰ ਦਿਲ ਨਿੱਜਰ, ਤਾਰਾ ਸਿੰਘ ਸਾਗਰ, ਬਿੱਟੂ ਦੌਲਤਪੁਰੀ, ਬਿਕਰਮ ਸੋਹੀ, ਅਮਰਜੀਤ ਸਿੰਘ ਜੌਹਲ ਨੇ ਹਿੱਸਾ ਲਿਆ। ਵਿਪਸਾਅ ਵਿੱਚ ਪਹਿਲੀ ਵਾਰੀ ਆਈ ਗੁਰਤੇਜ ਪਰਸਾ ਨੇ ਗੀਤ ਗਾ ਕੇ ਮਾਹੌਲ ਬਣਾਇਆ ਅਤੇ ਸੂਫ਼ੀ ਗਾਇਕ ਸੁਖਦੇਵ ਸਾਹਿਲ ਨੇ ਸਮਾਂ ਬੰਨ੍ਹ ਦਿੱਤਾ। ਵਿਜੇ ਸਿੰਘ ਨੇ ਆਪਣੇ ਵਿਅੰਗ ਟੋਟਕਿਆਂ ਰਾਹੀਂ ਸਭ ਦਾ ਮਨੋਰੰਜਨ ਕੀਤਾ। ਇਸ ਪ੍ਰੋਗਰਾਮ ਵਿੱਚ ਹੋਰਾਂ ਤੋਂ ਇਲਾਵਾ, ਅਭੀਤਾਬ ਸੈਣੀ, ਰਿਮੀ ਸੰਧੂ, ਜੇਅ ਸੰਧੂ, ਬਰਜਿੰਦਰ ਸਿੰਘ, ਕੰਵਲਦੀਪ ਕੌਰ, ਗੁਲਸ਼ਨ ਦਿਆਲ, ਸਰਬਜੀਤ ਸਿੰਘ ਗਿੱਲ, ਪਰਮਜੀਤ ਕੌਰ, ਜਗਤਾਰ ਸਿੰਘ ਉਟਾਲ, ਪਰਮਜੀਤ ਕੌਰ ਉਟਾਲ, ਬਲਵਿੰਦਰ ਸਿੰਘ ਸੋਹੀ, ਹਰਭਜਨ ਕੌਰ, ਜੇ ਪੀ ਸਿੰਘ, ਅਵਤਾਰ ਲਾਖਾ, ਜੋਤੀ, ਸੋਨੂੰ, ਰਮੇਸ਼ ਬੰਗੜ ਆਦਿ ਸ਼ਾਮਲ ਸਨ। ਮੰਚ ਸੰਚਾਲਨ ਲਾਜ ਨੀਲਮ ਸੈਣੀ ਨੇ ਕੀਤਾ।

**ਰਿਪੋਰਟ: ਲਾਜ ਨੀਲਮ ਸੈਣੀ (ਸਾਹਿਤ ਸਕੱਤਰ)**
ਫ਼ੋਨ: 510-502-0551

# ਗਰੈਂਡਪ੍ਰੇਰੀ ਦੇ ਉਘੇ ਪੰਜਾਬੀ ਕਾਰੋਬਾਰੀ ਯਾਦ ਮਿਨਹਾਸ ਦਾ ਸਰਬੋਤਮ ਕਾਰੋਬਾਰੀ ਐਵਾਰਡ ਨਾਲ ਸਨਮਾਨ

ਕੈਲਗਰੀ : ਅਲਬਰਟਾ ਸੂਬੇ ਅੰਦਰ ਉੱਤਰ ਪੱਛਮ ਵਿੱਚ ਪੈਂਦੇ ਖ਼ੂਬਸੂਰਤ ਸ਼ਹਿਰ ਗਰੈਂਡਪ੍ਰੇਰੀ ਦੇ ਸਾਬਕਾ ਐਲਡਰਮੈਨ ਤੇ ਉੱਘੇ ਕਾਰੋਬਾਰੀ ਯਾਦਵਿੰਦਰ ਸਿੰਘ ਉਰਫ਼ ਯਾਦ ਮਿਨਹਾਸ ਦਾ ਨਾਰਥ ਵੈਸਟਰਨ ਅਲਬਰਟਾ ਫਾਊਂਡੇਸ਼ਨ ਵਲੋਂ ਇਕ ਸਮਾਗਮ ਦੌਰਾਨ ਉਨ੍ਹਾਂ ਦੀਆਂ ਕਾਰੋਬਾਰ ਅਤੇ ਸਮਾਜਿਕ ਪ੍ਰਾਪਤੀਆਂ ਲਈ ਵਿਸ਼ੇਸ਼ ਸਨਮਾਨ ਕੀਤਾ ਗਿਆ। ਫਾਊਂਡੇਸ਼ਨ ਵਲੋਂ ਵੱਖ-ਵੱਖ ਖੇਤਰਾਂ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੀਆਂ 7 ਓਵਰ ਸੈਵਨਟੀ ਤਹਿਤ 7 ਹਸਤੀਆਂ ਦਾ ਇਹ ਸਨਮਾਨ ਸਮਾਰੋਹ ਬਹੁਤ ਹੀ ਯਾਦਗਾਰੀ ਰਿਹਾ। ਇਸ ਮੌਕੇ ਫਾਊਂਡੇਸ਼ਨ ਦੀ ਚੇਅਰਪਰਸਨ ਯੂਨਿਸ ਫਰੀਜ਼ਨ ਤੇ ਚੋਣ ਕਮੇਟੀ ਨੇ ਸ੍ਰੀ ਯਾਦ ਮਿਨਹਾਸ ਨੂੰ ਇਨੋਵੇਸ਼ਨ ਐਂਡ ਐਂਟਰਪ੍ਰੇਨਿਊਰਸ਼ਿਪ ਐਵਾਰਡ ਪ੍ਰਦਾਨ ਕੀਤਾ। ਯਾਦ ਮਿਨਹਾਸ ਨੇ ਇਸ ਸਨਮਾਨ ਲਈ ਫਾਊਂਡੇਸ਼ਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਜੋ ਕੁੱਝ ਵੀ ਪ੍ਰਾਪਤ ਕੀਤਾ ਹੈ ਉਹ ਸਭ ਕਮਿਊਨਿਟੀ ਦੇ ਸਹਿਯੋਗ ਅਤੇ ਸਮਰਥਨ ਨਾਲ ਹੈ। ਉਨ੍ਹਾਂ ਦਾ ਸਮਾਜ ਅਤੇ ਕਾਰੋਬਾਰ ਖੇਤਰ ਵਿਚ ਯੋਗਦਾਨ ਵੀ ਕਮਿਊਨਿਟੀ ਦਾ ਪਿਆਰ ਅਤੇ ਮਾਣ ਸਤਿਕਾਰ ਹੈ। ਉਨ੍ਹਾਂ ਆਪਣੀਆਂ ਕਾਰੋਬਾਰੀ ਪ੍ਰਾਪਤੀਆਂ ਲਈ ਆਪਣੀ ਪਤਨੀ ਸ਼ਮਿੰਦਰ ਕੌਰ ਮਿਨਹਾਸ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਦੀ ਬੇਟੀ ਕੋਮਲ, ਬੇਟਾ ਬਿਕਰਮ, ਭਰਾ ਬੌਬੀ ਮਿਨਹਾਸ ਸਮੇਤ ਪਰਿਵਾਰ ਦੇ ਕਈ ਮੈਂਬਰ ਹਾਜ਼ਰ ਸਨ। ਦੱਸਣਯੋਗ ਹੈ ਕਿ ਯਾਦ ਮਿਨਹਾਸ ਪੰਜਾਬ ਦੇ ਪ੍ਰਸਿੱਧ ਪਿੰਡ ਪਾਲਦੀ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸਬੰਧਿਤ ਹਨ।



**ਐਵਾਰਡ ਪ੍ਰਾਪਤ ਕਰਨ ਉਪਰੰਤ ਯਾਦਵਿੰਦਰ ਸਿੰਘ ਉਰਫ਼ ਯਾਦ ਮਿਨਹਾਸ ਆਪਣੀ ਪਤਨੀ ਸ਼ਮਿੰਦਰ ਕੌਰ ਨਿਮਹਾਸ ਨਾਲ ਦਿਖਾਈ ਦੇ ਰਹੇ ਹਨ।**

# ਫਿਰੌਤੀ, ਲੁੱਟ, ਚੋਰੀ ਤੇ ਧੋਖਾਧੜੀ ਦੇ ਦੋਸ਼ 'ਚ 16 ਭਾਰਤੀ ਗ੍ਰਿਫ਼ਤਾਰ

## ਮੁਲਜ਼ਮਾਂ ਕੋਲੋਂ 8 ਟੋਅ ਟਰੱਕ, 4 ਮਹਿੰਗੀਆਂ ਲਗਜ਼ਰੀ ਕਾਰਾਂ, ਛੋਟੇ ਮਾਰੂ ਹਥਿਆਰਾਂ ਸਣੇ 45 ਹਜ਼ਾਰ ਡਾਲਰ ਦੀ ਨਕਦੀ ਬਰਾਮਦ

ਵੈਨਕੂਵਰ : ਪੀਲ ਪੁਲੀਸ ਨੇ ਪ੍ਰੋਜੈਕਟ ਆਊਟਸੋਰਸ ਅਧੀਨ ਲੰਮੀ ਜਾਂਚ ਪੜਤਾਲ ਤੋਂ ਬਾਅਦ ਫਿਰੌਤੀਆਂ, ਲੁੱਟਮਾਰ, ਚੋਰੀਆਂ ਤੇ ਧੋਖਾਧੜੀ ਕਰਨ ਵਾਲੇ ਦੋ ਗਰੋਹਾਂ ਦੇ 18 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿਚ 16 ਭਾਰਤੀ ਮੂਲ ਦੇ ਅਤੇ ਇੱਕ ਔਰਤ ਸ਼ਾਮਲ ਹੈ। ਇਨ੍ਹਾਂ ਤੋਂ ਕਰੀਬ 27 ਕਰੋੜ ਰੁਪਏ (42 ਲੱਖ ਡਾਲਰ) ਦਾ ਸਮਾਨ ਬਰਾਮਦ ਕੀਤਾ ਗਿਆ, ਜੋ ਇਨ੍ਹਾਂ ਨੇ ਵੱਖ ਵੱਖ ਅਪਰਾਧ ਕਰ ਕੇ ਇਕੱਠਾ ਕੀਤਾ ਸੀ।

ਪੀਲ ਅਤੇ ਛੇ ਹੋਰਨਾਂ ਖੇਤਰਾਂ ਵਿੱਚ ਦਰਜ 97 ਅਪਰਾਧਿਕ ਮਾਮਲਿਆਂ ਵਿੱਚ ਨਾਮਜ਼ਦ ਕਰਕੇ ਦੋਸ਼ ਪੱਤਰ ਤਿਆਰ ਕੀਤਾ ਗਿਆ ਹੈ। ਕਾਬੂ ਕੀਤੇ ਗਏ ਡੇਢ ਦਰਜਨ ਮੁਲਜ਼ਮਾਂ ਵਿਚੋਂ ਅੱਧੇ ਕੁ ਪਹਿਲਾਂ ਹੀ ਹੋਰਨਾਂ ਅਪਰਾਧਿਕ ਮਾਮਲਿਆਂ ਵਿਚ ਜ਼ਮਾਨਤ 'ਤੇ ਸਨ। ਜਾਂਚ ਪੂਰੀ ਹੋਣ ਤੱਕ ਉਨ੍ਹਾਂ ਤੋਂ ਹੋਰ ਪੁੱਛਗਿੱਛ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਪੁਲੀਸ ਚੀਫ ਨਿਸ਼ਾਨ ਦੁਰੈਫਾ ਨੇ ਭਰੋਸਾ ਪ੍ਰਗਟਾਇਆ ਹੈ ਕਿ ਗਰੋਹ ਦੇ ਮੈਂਬਰਾਂ ਦੀ ਗ੍ਰਿਫਤਾਰੀ ਤੋਂ ਬਾਅਦ ਵਾਹਨ ਚੋਰੀ ਅਤੇ ਨਜਾਇਜ਼ ਬੀਮਾ ਕਲੇਮ ਘਟਣਗੇ।

ਕਾਬੂ ਕੀਤੇ ਭਾਰਤੀ ਮੂਲ ਦੇ ਮੁਲਜ਼ਮਾਂ ਦੀ ਪਛਾਣ ਗਰੋਹ ਦੇ ਮੁਖੀ ਇੰਦਰਜੀਤ ਧਾਮੀ (38), ਪ੍ਰੀਤੋਸ਼ ਚੋਪੜਾ (32), ਗੁਰਬਿੰਦਰ ਸਿੰਘ (28), ਕੁਲਵਿੰਦਰ ਪੁਰੀ (25), ਪਰਮਿੰਦਰ ਪੁਰੀ (31), ਇੰਦਰਜੀਤ ਬੱਲ (29), ਵਰੁਣ ਔਲ (31), ਕੇਤਨ ਚੋਪੜਾ (30), ਪਵਨਦੀਪ ਸਿੰਘ (25), ਦਿਪਾਂਸ਼ੂ ਗਰਗ (24), ਰਾਹੁਲ ਵਰਮਾ (27), ਕਰਨ ਬੋਪਾਰਾਏ (26), ਮਨਕੀਰਤ ਬੋਪਾਰਾਏ (22), ਸਿਮਰ ਬੋਪਾਰਾਏ (21), ਜੋਵਨ ਸਿੰਘ (23) ਤੇ ਅਭਿਨਵ ਭਾਰਦਵਾਜ (25) ਵਜੋਂ ਦੱਸੀ ਗਈ ਹੈ। ਇਹ ਸਾਰੇ ਬਰੈਂਪਟਨ ਵਾਸੀ ਹਨ।



ਜਾਣਕਾਰੀ ਅਨੁਸਾਰ ਫੜੇ ਗਏ ਮੁਲਜ਼ਮਾਂ 'ਚੋਂ ਕੁਝ ਸਮਾਜਿਕ ਸੇਵਾਦਾਰ ਵਜੋਂ ਵਿਚਰਦੇ ਸਨ। ਉਹ ਅਕਸਰ ਲੰਗਰ ਲਾਉਂਦੇ ਅਤੇ ਆਪਣੇ ਸੋਸ਼ਲ ਮੀਡੀਆ ਖਾਤਿਆਂ 'ਤੇ ਵੀਡੀਓ ਪਾਉਂਦੇ ਸਨ। ਪੁਲੀਸ ਅਧਿਕਾਰੀ ਅਨੁਸਾਰ ਇਨ੍ਹਾਂ ਤੋਂ 18 ਟੋਅ ਟਰੱਕ, 4 ਮਹਿੰਗੀਆਂ ਲਗਜ਼ਰੀ ਕਾਰਾਂ, 5 ਹੋਰ ਵਾਹਨ, 6 ਨਜਾਇਜ਼ ਬੰਦੂਕਾਂ, 2 ਬੁਲੇਟ ਪਰੂਫ ਜੈਕਟਾਂ ਸਮੇਤ ਕਈ ਛੋਟੇ ਮਾਰੂ ਹਥਿਆਰ ਅਤੇ 586 ਗੋਲੀਆਂ ਸਮੇਤ 45 ਹਜ਼ਾਰ ਡਾਲਰ ਦੀ ਨਕਦੀ ਬਰਾਮਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਦੋਵੇਂ ਗਰੋਹ ਸਰਟੀਫਾਈਡ ਰੋਡਸਾਈਡ ਅਤੇ ਹੰਬਲ ਰੋਡਸਾਈਡ ਨਾਂਅ ਦੀਆਂ ਟੋਅ ਕੰਪਨੀਆਂ ਚਲਾਉਂਦੇ ਸਨ ਤੇ ਟੋਅ ਕੀਤੇ ਵਾਹਨ ਦਾ ਰਸਤੇ 'ਚ ਐਕਸੀਡੈਂਟ ਦਿਖਾ ਕੇ ਲੱਖਾਂ ਡਾਲਰਾਂ ਦਾ ਕਲੇਮ ਲੈਣ ਵਿੱਚ ਸਫਲ ਹੁੰਦੇ ਰਹੇ। ਉਨ੍ਹਾਂ ਦੱਸਿਆ ਕਿ ਗਰੋਹ ਮੈਂਬਰ ਵਪਾਰੀਆਂ ਨੂੰ ਫਿਰੌਤੀ ਕਾਲਾਂ ਕਰਕੇ ਮੋਟੀਆਂ ਰਕਮਾਂ ਮੰਗਦੇ ਤੇ ਨਾ ਦੇਣ 'ਤੇ ਮਾਰਨ ਦੀਆਂ ਧਮਕੀਆਂ ਦਿੰਦੇ ਸਨ। ਕਾਲ ਦੀ ਪ੍ਰਵਾਹ ਨਾ ਕਰਨ ਵਾਲਿਆਂ 'ਤੇ ਉਹ ਗੋਲੀਬਾਰੀ ਵੀ ਕਰਦੇ ਸਨ।

ਫਿਰੌਤੀ ਕਾਲਾਂ ਰਾਹੀਂ ਉਗਰਾਹੀ ਰਕਮ ਬਾਰੇ ਪੁੱਛੇ ਜਾਣ 'ਤੇ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਸਾਰੇ ਪੀੜਤਾਂ ਵੱਲੋਂ ਪੁਲੀਸ ਕੋਲ ਰਿਪੋਰਟ ਨਾ ਕਰਨ ਕਰਕੇ ਸਹੀ ਅਨੁਮਾਨ ਨਹੀਂ, ਪਰ ਇਹ 10 ਲੱਖ ਡਾਲਰ ਤੋਂ ਵੱਧ ਹੋਵੇਗੀ। ਡਿਪਟੀ ਪੁਲੀਸ ਚੀਫ ਨੇ ਕਿਹਾ ਕਿ ਜਾਂਚ ਅਜੇ ਜਾਰੀ ਰਹੇਗੀ ਤੇ ਗਰੋਹ ਵਿੱਚ ਸ਼ਾਮਲ ਜਾਂ ਸਹਿਯੋਗ ਕਰਨ ਵਾਲਿਆਂ 'ਤੇ ਵੀ ਸ਼ਿਕੰਜਾ ਕੱਸਿਆ ਜਾਏਗਾ।

# ਕੈਨੇਡਾ: ਘਰ 'ਤੇ ਗੋਲੀਆਂ ਚਲਾਉਣ ਵਾਲੇ ਦੋ ਪੰਜਾਬੀ ਗ੍ਰਿਫ਼ਤਾਰ

ਵੈਨਕੂਵਰ : ਪੀਲ ਪੁਲੀਸ ਨੇ 24 ਅਪਰੈਲ ਨੂੰ ਬਰੈਂਪਟਨ ਦੇ ਰੇਨਡਰੌਪ ਟੈਰੇਸ ਅਤੇ ਮਿਲੀਸਾਗਾ ਰੋਡ ਸਥਿਤ ਇੱਕ ਘਰ 'ਤੇ ਗੋਲੀਆਂ ਚਲਾਉਣ ਦੇ ਦੋਸ਼ ਹੇਠ ਦੋ ਪੰਜਾਬੀ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਵਿਕਟੋਰੀ ਵਿਲੇ ਰੋਡ ਅਤੇ ਸਵੈਟਨ ਰੋਡ ਸਥਿਤ ਉਨ੍ਹਾਂ ਦੇ ਘਰਾਂ ਦੀ ਤਲਾਸ਼ੀ ਲੈਣ 'ਤੇ ਪੁਲੀਸ ਨੂੰ ਬੰਦੂਕ, 33 ਗੋਲੀਆਂ ਅਤੇ ਨਸ਼ਾ ਬਰਾਮਦ ਹੋਇਆ ਹੈ। ਮੁਲਜ਼ਮਾਂ ਦੀ ਪਛਾਣ ਮਨਿੰਦਰ ਸਿੰਘ (23) ਤੇ ਤੀਰਥ ਸਿੰਘ (24) ਵਾਸੀ ਬਰੈਂਪਟਨ ਵਜੋਂ ਹੋਈ ਹੈ। ਪੁਲੀਸ ਤਰਜਮਾਨ ਅਨੁਸਾਰ ਅਗਲੇ ਦਿਨੀਂ ਦੋਵਾਂ ਨੂੰ ਅਦਾਲਤ 'ਚ ਪੇਸ਼ ਕੀਤਾ ਜਾਵੇਗਾ। ਬੇਸ਼ੱਕ ਪੁਲੀਸ ਨੇ ਇਸ ਦਾ ਖੁਲਾਸਾ ਨਹੀਂ ਕੀਤਾ, ਪਰ ਸੂਤਰਾਂ ਅਨੁਸਾਰ ਉਨ੍ਹਾਂ ਫਿਰੌਤੀ ਮੰਗਣ ਤੋਂ ਬਾਅਦ ਡਰਾਉਣ ਦੇ ਮਕਸਦ ਨਾਲ ਇਹ ਗੋਲੀਆਂ ਚਲਾਈਆਂ ਹੋ ਸਕਦੀਆਂ ਹਨ।



# ਗੁਰੂ ਹਰਿਗੋਬਿੰਦ ਸਾਹਿਬ ਦੀ ਪਹਿਲੀ ਜੰਗ ’ਚ ਜਿੱਤ ਨੂੰ ਸਮਰਪਿਤ ਨਗਰ ਕੀਰਤਨ

## ਸੰਗਤ ਵੱਲੋਂ ਨਗਰ ਕੀਰਤਨ ਦਾ ਵੱਖ-ਵੱਖ ਥਾਵਾਂ ’ਤੇ ਭਰਵਾਂ ਸਵਾਗਤ



ਅੰਮ੍ਰਿਤਸਰ : ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਮੁਗਲ ਫ਼ੌਜਾਂ ਨਾਲ ਹੋਈ ਪਹਿਲੀ ਜੰਗ ਫ਼ਤਹਿ ਕਰਨ ਦੀ ਯਾਦ ’ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਹੰਗ ਸਿੰਘ ਜਥੇਬੰਦੀਆਂ, ਸਭਾ ਸੁਸਾਇਟੀਆਂ ਤੇ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਤੋਂ ਗੁਰਦੁਆਰਾ ਕਿਲ੍ਹਾ ਲੋਹਗੜ੍ਹ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੀ ਸ਼ੁਰੂਆਤ ’ਚ ਸੱਚਖੰਡ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ, ਦਲ ਪੰਥ ਬਾਬਾ ਬਿਧੀ ਚੰਦ ਸੰਪਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਗੁਰਦੁਆਰਾ ਸ਼ਹੀਦ ਗੰਜ ਸਾਹਿਬ ਦੇ ਮੈਨੇਜਰ ਜਤਿੰਦਰਪਾਲ ਸਿੰਘ, ਹੈੱਡ ਗ੍ਰੰਥੀ ਗਿਆਨੀ ਸੁਰਜੀਤ ਸਿੰਘ ਸਭਰਾ, ਨਿਰਮਲ ਸਿੰਘ ਸਣੇ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ। ਨਗਰ ਕੀਰਤਨ ਦੇ ਆਰੰਭ ਸਮੇਂ ਅਰਦਾਸ ਮਗਰੋਂ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਗਿਆਨੀ ਰਾਜਦੀਪ ਸਿੰਘ ਨੇ ਪਾਲਕੀ ਸਾਹਿਬ ’ਚ ਸੁਸ਼ੋਭਿਤ ਕੀਤਾ ਅਤੇ ਚੌਰ ਸਾਹਿਬ ਦੀ ਸੇਵਾ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਦੇ ਮੈਨੇਜਰ ਜਤਿੰਦਰਪਾਲ ਸਿੰਘ ਨੇ ਨਿਭਾਈ। ਨਗਰ ਕੀਰਤਨ ਦੇ ਆਰੰਭ ਤੋਂ ਪਹਿਲਾਂ ਪੰਜ ਪਿਆਰੇ ਸਾਹਿਬਾਨ, ਨਿਸ਼ਾਨਚੀ ਸਿੰਘਾਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਭੇਟ ਕੀਤੇ ਗਏ। ਨਗਰ ਕੀਰਤਨ ’ਚ ਨਿਹੰਗ ਸਿੰਘ ਘੋੜਿਆਂ ਸਣੇ ਸ਼ਾਮਲ ਹੋਏ ਤੇ ਰਸਤੇ ਵਿੱਚ ਵੱਖ-ਵੱਖ ਥਾਵਾਂ ’ਤੇ ਸੰਗਤ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਮਾਗਮ ਦੌਰਾਨ ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ ਤੇ ਕਥਾਵਾਚਕ ਸੰਗਤ ਨੂੰ ਕੀਰਤਨ ਅਤੇ ਗੁਰ-ਇਤਿਹਾਸ ਸਰਵਣ ਕਰਵਾਉਣਗੇ।

# ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਥਾਪਨਾ ਦਿਵਸ ਸ਼ਰਧਾ ਨਾਲ ਮਨਾਇਆ

## ਜਥੇਦਾਰ ਨੇ ‘ਸਿੱਖਾਂ ਨੂੰ ਗੁਰੂ ਤੇ ਗੁਰੂ ਦੇ ਸਿਧਾਂਤ ਨਾਲੋਂ ਤੋੜਨ ਲਈ ਫੈਲਾਈ ਜਾ ਰਹੀ ਲੱਚਰਤਾ’ ਦਾ ਮੁਕਾਬਲਾ ਸੁਚੇਤ ਤੇ ਚੇਤੰਨ ਰੂਪ ’ਚ ਕਰਨ ਦੀ ਕੀਤੀ ਅਪੀਲ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਪਨਾ ਦਿਵਸ ਦੀ ਕੌਮ ਨੂੰ ਵਧਾਈ ਦਿੰਦਿਆਂ ਆਖਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਇਸ ਲਈ ਕੀਤੀ ਕਿ ਰਾਜਨੀਤੀ ਧਰਮ ਦੇ ਮੁਤਾਬਕ ਹੋਵੇ, ਜਿਸ ਨਾਲ ਰੱਬ ਦੇ ਨਿਆਂ ਵਾਲੇ ਸਮਾਜ ਦੀ ਸਿਰਜਣਾ ਹੋਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਥਾਪਨਾ ਦਿਵਸ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਮਾਗਮ ਹੋਇਆ। ਜਥੇਦਾਰ ਗਿਆਨੀ ਗੜਗੱਜ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਕਾਲ ਪੁਰਖ ਦਾ ਤਖਤ ਹੈ, ਜਿਸ ਨੂੰ ਗੁਰੂ ਸਾਹਿਬ ਨੇ ਆਪ ਸਿਰਜਿਆ।

ਉਨ੍ਹਾਂ ਕਿਹਾ ਕਿ ਸਿੱਖ ਹਮੇਸ਼ਾ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਰਿਹਾ ਹੈ ਅਤੇ ਸਦਾ ਸਮਰਪਿਤ ਰਹੇਗਾ। 18ਵੀਂ ਸਦੀ ਵਿਚ ਜਦੋਂ ਹਕੂਮਤਾਂ ਨੇ ਸਿੱਖਾਂ ਦਾ ਖੁਰਾਖੋਜ ਮਿਟਾਉਣ ਦਾ ਐਲਾਨ ਕੀਤਾ, ਤਾਂ ਕੌਮ ਨੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਗਵਾਈ ਲੈ ਅਬਦਾਲੀ ਨੂੰ ਗਜ਼ਨੀ ਤੱਕ ਭਜਾਇਆ। ਉਨ੍ਹਾਂ ਸਿੱਖ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਅੱਜ ਸਿੱਖਾਂ ਨੂੰ ਗੁਰੂ ਤੇ ਗੁਰੂ ਦੇ ਸਿਧਾਂਤ ਨਾਲੋਂ ਤੋੜਨ ਲਈ ਫੈਲਾਈ ਜਾ ਰਹੀ ਲੱਚਰਤਾ ਦਾ ਮੁਕਾਬਲਾ ਸੁਚੇਤ ਤੇ ਚੇਤੰਨ ਰੂਪ ਵਿਚ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਾਰੇ ਆਪਣੀ ਜ਼ਿੰਮੇਵਾਰੀ ਸਮਝੀਏ ਅਤੇ ਅਜਿਹੇ ਮਾੜੇ ਪ੍ਰਭਾਵਾਂ ਤੋਂ ਬਚਾਉਣ ਲਈ ਬੱਚਿਆਂ ਨੂੰ ਧਰਮ ਨਾਲ ਜੋੜੀਏ।

ਉਨ੍ਹਾਂ ਸਮੁੱਚੀ ਕੌਮ ਨੂੰ ਖੁਆਰੀਆਂ ਵਿਚੋਂ ਨਿਕਲਣ ਲਈ ਗੁਰੂ ਸਿਧਾਂਤਾਂ ’ਤੇ ਪਹਿਰਾ ਦਿੰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਸਾਇਆ ਹੇਠ ਇਕੱਤਰ ਹੋਣ ਦੀ ਲੋੜ ’ਤੇ ਜ਼ੋਰ ਦਿੱਤਾ। ਇਸ ਤੋਂ ਪਹਿਲਾਂ ਸਥਾਪਨਾ ਦਿਵਸ ਦੇ ਸਬੰਧ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਮਗਰੋਂ ਹਜ਼ੂਰੀ ਰਾਗੀ ਭਾਈ ਭੁਪਿੰਦਰ ਸਿੰਘ ਦੇ ਜਥੇ ਨੇ ਪੁਰਾਤਨ ਤੰਤੀ ਸਾਜ਼ਾਂ ਨਾਲ ਗੁਰਬਾਣੀ ਕੀਰਤਨ ਦਾ ਕੀਰਤਨ ਕੀਤਾ। ਅਰਦਾਸ ਭਾਈ ਪ੍ਰੇਮ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਪਰਵਿੰਦਰਪਾਲ ਸਿੰਘ ਨੇ ਸਰਵਣ ਕਰਵਾਇਆ। ਉਨ੍ਹਾਂ ਨੇ ਸੰਗਤਾਂ ਨੂੰ ਅੱਜ ਦੇ ਇਤਿਹਾਸ ਨਾਲ ਜੋੜਦਿਆਂ ਕਿਹਾ ਕਿ ਛੇਵੇਂ ਗੁਰੂ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕਰਕੇ ਮੀਰੀ ਪੀਰੀ ਦਾ ਸਿਧਾਂਤ ਦਿੱਤਾ। ਜ਼ੁਲਮ ਨਾਲ ਟੱਕਰ ਲੈਣ ਲਈ ਸਿੱਖਾਂ ਨੂੰ ਸ਼ਸਤਰ ਵਿਦਿਆ ਦਾ ਅਭਿਆਸ ਕਰਵਾ ਕੇ ਕੌਮ ਅੰਦਰ ਬੀਰਰੱਸ ਦੀ ਭਾਵਨਾ ਭਰੀ।

ਗੁਰੂ ਸਾਹਿਬ ਨੇ ਤਖਤ ’ਤੇ ਬਿਰਾਜਮਾਨ ਹੋ ਕੇ ਸਿੱਖ ਸੂਰਮਿਆਂ ਵਿੱਚ ਜੋਸ਼ ਭਰਨ ਲਈ ਢਾਡੀ ਵਾਰਾਂ ਸ਼ੁਰੂ ਕਰਵਾਈਆਂ। ਇਹ ਸਿੱਖ ਇਤਿਹਾਸ ਦਾ ਉਹ ਪੰਨਾ ਹੈ, ਜਿਸ ਨੇ ਕੌਮ ਅੰਦਰ ਅਣਖ, ਜਜ਼ਬਾ ਤੇ ਦ੍ਰਿੜ੍ਹਤਾ ਪੈਦਾ ਕੀਤੀ ਹੈ ।

# ਜਥੇਦਾਰ ਗੜਗੱਜ ਦਾ ਉੱਤਰਾਖੰਡ ਪੁੱਜਣ ’ਤੇ ਵਣਜਾਰੇ ਸਿੱਖਾਂ ਤੇ ਸੰਗਤਾਂ ਵਲੋਂ ਨਿੱਘਾ ਸਵਾਗਤ

## ਸਮੂਹ ਸਿੱਖ ਸੰਗਤ ਦਸ ਗੁਰੂ ਸਾਹਿਬਾਨ ਤੇ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜਣ : ਜਥੇਦਾਰ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ‘ਖ਼ੁਆਰ ਹੋਏ ਸਭ ਮਿਲੈਂਗੇ’ ਧਰਮ ਪ੍ਰਚਾਰ ਲਹਿਰ ਦੌਰਾਨ ਉੱਤਰਾਖੰਡ ਦੇ ਹਰਿਦੁਆਰ ਜ਼ਿਲ੍ਹੇ ਦੇ ਪਿੰਡ ਟੀਰਾ ਔਰੰਗਾਬਾਦ ਦੇ ਗੁਰਦੁਆਰਾ ਸ੍ਰੀ ਗੁਰੂ ਅੰਗਦ ਦੇਵ ਜੀ ਵਿਖੇ ਵਣਜਾਰੇ ਸਿੱਖਾਂ ਵਲੋਂ ਕਰਵਾਏ ਗਏ ਗੁਰਮਤਿ ਸਮਾਗਮ ਵਿਚ ਸ਼ਾਮਿਲ ਹੋਏ। ਇਥੇ ਪੁੱਜਣ ’ਤੇ ਜਥੇਦਾਰ ਗੜਗੱਜ ਦਾ ਵਣਜਾਰੇ ਸਿੱਖਾਂ ਸਮੇਤ ਸਥਾਨਕ ਸਿੱਖ ਸੰਗਤਾਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਪਿੰਡ ਟੀਰਾ ਔਰੰਗਾਬਾਦ ਵਿਖੇ ਸਜੇ ਗੁਰਮਤਿ ਦੀਵਾਨ ਵਿਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ ਸਮੂਹ ਸਿੱਖ ਸੰਗਤਾਂ ਆਪਣੇ ਧੁਰੇ ਦਸ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ’ਤੇ ਅਮਲ ਕਰਨ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੋਣ ਦੀ ਤਾਕੀਦ ਕੀਤੀ। ਉਨ੍ਹਾਂ ਦੇਸ਼ ਵਿਦੇਸ਼ ਵਸਦੀਆਂ ਸਿੱਖ ਸੰਗਤਾਂ ਨੂੰ ਅੰਮ੍ਰਿਤਧਾਰੀ ਹੋਣ, ਪੰਥਕ ਭਾਵਨਾ ਅਨੁਸਾਰ ਕੌਮ ਦੀ ਚੜ੍ਹਦੀ ਕਲਾ ਲਈ ਇਕਜੁੱਟ ਹੋਣ ਲਈ ਪ੍ਰੇਰਨਾ ਦਿੱਤੀ। ਇਸੇ ਦੌਰਾਨ ਜਥੇ: ਗੜ੍ਹਗੱਜ ਨੇ ਹਰਿਦੁਆਰ ਜ਼ਿਲ੍ਹੇ ਦੇ ਪਿੰਡ ਦਿਨਾਰਪੁਰ ਵਿਖੇ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਵੀ ਸਿੱਖ ਸੰਗਤ ਵਲੋਂ ਕਰਵਾਏ ਗੁਰਮਤਿ ਸਮਾਗਮ ਵਿਚ ਸ਼ਮੂਲੀਅਤ ਕੀਤੀ। ਪਿੰਡ ਵਿਚ ਸਾਬਤ ਸੂਰਤ ਸਿੱਖਾਂ ਦੀ ਬਹੁਤਾਤ ਦੇਖ ਕੇ ਜਥੇਦਾਰ ਗੜਗੱਜ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਪਿੰਡ ਦੇ ਕੁਝ ਪਤਿਤ ਹੋਏ ਸਿੱਖ ਨੌਜਵਾਨਾਂ ਨੂੰ ਸਿੱਖੀ ਪ੍ਰਤੀ ਪ੍ਰੇਰਨਾ ਕਰਕੇ ਸਾਬਤ ਸੂਰਤ ਹੋਣ ਦਾ ਸੰਗਤ ਵਿਚ ਪ੍ਰਣ ਕਰਵਾਇਆ।

# ਸ਼ਹੀਦ ਭਾਈ ਅਵਤਾਰ ਸਿੰਘ ਖੰਡਾ ਦੀ ਦੂਜੀ ਬਰਸੀ ਸੰਬੰਧੀ ਪਾਠ ਦੇ ਭੋਗ ਪਾਏ ਪਰਿਵਾਰਕ ਮੈਂਬਰਾਂ ਨੂੰ ਕੀਤਾ ਸਨਮਾਨਿਤ





ਭਾਈ ਅਵਤਾਰ ਸਿੰਘ ਖੰਡਾ ਆਜ਼ਾਦ ਦੀ ਦੂਸਰੀ ਸ਼ਹੀਦੀ ਬਰਸੀ ਸਬੰਧੀ ਕਰਵਾਏ ਸਮਾਗਮ ਦੌਰਾਨ ਭਾਈ ਖੰਡਾ ਦੇ ਪਰਿਵਾਰਕ ਮੈਂਬਰਾਂ ਨੂੰ ਸਨਮਾਨਿਤ ਕਰਦੇ ਹੋਏ ਸ੍ਰ. ਸਿਮਰਨਜੀਤ ਸਿੰਘ ਮਾਨ, ਕੰਵਰਪਾਲ ਸਿੰਘ, ਉਪਕਾਰ ਸਿੰਘ ਸੰਧੂ ਅਤੇ ਹੋਰ। ਸਮਾਗਮ ਦੌਰਾਨ ਢਾਡੀ ਵਾਰਾਂ ਗਾਇਨ ਕਰਦੇ ਹੋਏ ਭਾਈ ਤਰਸੇਮ ਸਿੰਘ ਮੋਰਾਂਵਾਲੀ ਅਤੇ ਜਥਾ।

ਅੰਮ੍ਰਿਤਸਰ : ਭਾਈ ਅਵਤਾਰ ਸਿੰਘ ਖੰਡਾ ਆਜ਼ਾਦ ਦੀ ਦੂਸਰੀ ਸ਼ਹੀਦੀ ਬਰਸੀ ਗੁ: ਸ੍ਰੀ ਸੰਤੋਖਸਰ ਸਾਹਿਬ ਵਿਖੇ ਮਨਾਈ ਗਈ। ਪਾਠ ਦੇ ਭੋਗ ਉਪਰੰਤ ਸਜਾਏ ਸਮਾਗਮ ਭਾਈ ਗੁਰਦੇਵ ਸਿੰਘ ਦੇ ਰਾਗੀ ਜਥੇ ਨੇ ਕੀਰਤਨ ਕੀਤਾ ਅਤੇ ਭਾਈ ਤਰਸੇਮ ਸਿੰਘ ਮੋਰਾਂਵਾਲੀ ਦੇ ਜਥੇ ਵਲੋਂ ਵਾਰਾਂ ਰਾਹੀਂ ਸਿੱਖ ਇਤਿਹਾਸ ਨੂੰ ਉਜਾਗਰ ਕੀਤਾ ਗਿਆ। ਇਸ ਦੌਰਾਨ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਆਗੂ ਬੀਬੀ ਮਨਦੀਪ ਕੌਰ ਸੰਧੂ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ। ਇਸ ਦੌਰਾਨ ਸੰਬੋਧਨ ਕਰਦੇ ਹੋਏ ਸਿਮਰਨਜੀਤ ਸਿੰਘ ਮਾਨ ਨੇ ਦਾਅਵਾ ਕੀਤਾ ਕਿ ਭਾਈ ਅਵਤਾਰ ਸਿੰਘ ਖੰਡਾ ਨੂੰ ਭਾਰਤੀ ਏਜੰਸੀਆਂ ਵਲੋਂ ਵਿਦੇਸ਼ ’ਚ ਕਥਿਤ ਤੌਰ ’ਤੇ ਟੇਢੇ ਢੰਗ ਨਾਲ ਜ਼ਹਿਰ ਦੇ ਕੇ ਸ਼ਹੀਦ ਕੀਤਾ ਗਿਆ ਅਤੇ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਪੰਜਾਬ ਨਹੀਂ ਆਉਣ ਦਿੱਤਾ ਗਿਆ, ਜੋ ਕਿ ਸਾਫ਼ ਤੌਰ ’ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਸਮਾਗਮ ਦੌਰਾਨ ਸਿਮਰਨਜੀਤ ਸਿੰਘ ਮਾਨ ਨੇ ਸ਼੍ਰੋਮਣੀ ਕਮੇਟੀ ਤੋਂ ਮੰਗ ਕੀਤੀ ਕਿ ਭਾਈ ਅਵਤਾਰ ਸਿੰਘ ਖੰਡਾ ਅਤੇ ਭਾਈ ਹਰਦੀਪ ਸਿੰਘ ਨਿੱਝਰ ਦੀਆਂ ਤਸਵੀਰਾਂ ਸਿੱਖ ਅਜਾਇਬ ਘਰ ’ਚ ਲਗਾਈਆਂ ਜਾਣ। ਇਸ ਮੌਕੇ ਸਿੱਖ ਜਥੇਬੰਦੀਆਂ ਵਲੋਂ ਭਾਈ ਅਵਤਾਰ ਸਿੰਘ ਖੰਡਾ ਦੇ ਮਾਤਾ ਚਰਨਜੀਤ ਕੌਰ ਅਤੇ ਹੋਰ ਪਰਿਵਾਰਕ ਮੈਂਬਰਾਂ ਨੂੰ ਵਿਸ਼ੇਸ਼ ਸਨਮਾਨਿਤ ਕੀਤਾ ਗਿਆ। ਇਸ ਮੌਕੇ ਦਲ ਖਾਲਸਾ ਦੇ ਕੰਵਰਪਾਲ ਸਿੰਘ, ਪਰਮਜੀਤ ਸਿੰਘ, ਅਕਾਲੀ ਦਲ ਅੰਮ੍ਰਿਤਸਰ ਦੇ ਜਨਰਲ ਸਕੱਤਰ ਹਰਪਾਲ ਸਿੰਘ ਬਲੇਰ, ਉਪਕਾਰ ਸਿੰਘ ਸੰਧੂ, ਅੰਮ੍ਰਿਤਪਾਲ ਸਿੰਘ ਛੰਦੜਾ ਅਤੇ ਗੁਰਜੰਟ ਸਿੰਘ ਕੱਟੂ, ਐਡਵੋਕੇਟ ਸਿਮਰਨਜੀਤ ਸਿੰਘ, ਨਰਾਇਣ ਸਿੰਘ ਚੌੜਾ, ਭਾਈ ਸੁਖਜੀਤ ਸਿੰਘ ਖੋਸਾ, ਸਰਬਜੀਤ ਸਿੰਘ ਘੁਮਾਣ, ਭਾਈ ਮਨਜੀਤ ਸਿੰਘ ਕਰਤਾਰਪੁਰ, ਸੁਖਰਾਜ ਸਿੰਘ, ਐਡਵੋਕੇਟ ਪਰਮਿੰਦਰ ਸਿੰਘ, ਅਮਰੀਕ ਸਿੰਘ ਨੰਗਲ, ਕੁਲਵੰਤ ਸਿੰਘ ਕੋਟਲਾ, ਤਜਿੰਦਰ ਸਿੰਘ ਦਿਓਲ, ਲਵਪ੍ਰੀਤ ਸਿੰਘ ਤੂਫਾਨ, ਭੁਪਿੰਦਰ ਸਿੰਘ ਸੱਜਣ, ਹਰਮਨਦੀਪ ਸਿੰਘ ਸੁਲਤਾਨਵਿੰਡ, ਰਵੀ ਸ਼ੇਰ ਸਿੰਘ, ਪਰਮਜੀਤ ਸਿੰਘ ਸੁੱਖ, ਤਰਲੋਕ ਸਿੰਘ ਬਿੱਟਾ, ਬੀਬੀ ਕੁਲਵਿੰਦਰ ਕੌਰ, ਉਪਿੰਦਰ ਸਿੰਘ ਖੰਨਾ, ਦਲਜੀਤ ਸਿੰਘ ਦੌਧਰ, ਪਰਮਜੀਤ ਸਿੰਘ ਚੱਕ ਮੁਕੰਦ, ਨਿਸ਼ਾਨ ਸਿੰਘ, ਦਲਬੀਰ ਸਿੰਘ ਬੰਡਾਲਾ ਆਦਿ ਮੌਜੂਦ ਸਨ।

# ਉਟਾਹ ਵਿਚ ਮੇਲੇ ਦੌਰਾਨ ਦੋ ਧੜਿਆਂ ਵਿਚਾਲੇ ਤਕਰਾਰ ਉਪਰੰਤ ਹੋਈ ਗੋਲੀਬਾਰੀ 'ਚ 3 ਮੌਤਾਂ ਤੇ 2 ਹੋਰ ਜ਼ਖ਼ਮੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਉਟਾਹ ਵਿਚ ਇਕ ਸਲਾਨਾ ਮੇਲੇ ਦੌਰਾਨ ਦੋ ਧੜਿਆਂ ਵਿਚਾਲੇ ਹੋਏ ਤਕਰਾਰ ਉਪਰੰਤ ਹੋਈ ਗੋਲੀਬਾਰੀ ਵਿਚ ਇੱਕ 8 ਮਹੀਨਿਆਂ ਦੇ ਬੱਚੇ ਸਮੇਤ 3 ਵਿਅਕਤੀਆਂ ਦੇ ਮਾਰੇ ਜਾਣ ਦੀ ਖਬਰ ਹੈ। ਇਹ ਜਾਣਕਾਰੀ ਪੁਲਿਸ ਨੇ ਜਾਰੀ ਇਕ ਬਿਆਨ ਵਿੱਚ ਦਿੰਦਿਆਂ ਕਿਹਾ ਹੈ ਕਿ ਵੈਸਟ ਵੈਲੀ ਸ਼ਹਿਰ ਵਿਚ ਸੈਂਟੈਨੀਅਲ ਪਾਰਕ ਵਿੱਚ ਵੈਸਟਫੈਸਟ ਮੇਲੇ ਦੌਰਾਨ ਹੋਈ ਗੋਲੀਬਾਰੀ ਵਿਚ ਕੁੱਲ 5 ਜਣਿਆਂ ਦੇ ਗੋਲੀਆਂ ਵੱਜੀਆਂ ਹਨ ਜਿਨਾਂ ਵਿਚੋਂ 3 ਦਮ ਤੋੜ ਗਏ ਹਨ। ਵੈਸਟਫੈਸਟ ਮੇਲਾ 4 ਦਿਨ ਮਨਾਇਆ ਜਾਂਦਾ ਹੈ। ਵੈਸਟ ਵੈਲੀ ਸ਼ਹਿਰ ਸਾਲਟ ਲੇਕ ਸ਼ਹਿਰ ਤੋਂ 12 ਮੀਲ ਦੂਰ ਹੈ। ਵੈਸਟ ਵੈਲੀ ਸ਼ਹਿਰ ਦੀ ਪੁਲਿਸ ਵੱਲੋਂ ਸੋਸ਼ਲ ਮੀਡੀਆ ਐਕਸ ਉਪਰ ਪਾਈ ਜਾਣਕਾਰੀ ਅਨੁਸਾਰ ਮ੍ਰਿਤਕਾਂ ਵਿੱਚ ਇੱਕ ਬੱਚੇ ਤੋਂ ਇਲਾਵਾ ਇਕ 18 ਸਾਲਾਂ ਦਾ ਵਿਅਕਤੀ ਤੇ ਇਕ 41 ਸਾਲ ਦੀ ਔਰਤ ਸ਼ਾਮਿਲ ਹੈ। ਜ਼ਖਮੀਆਂ ਵਿਚ ਇਕ 17 ਸਾਲਾਂ ਦੀ ਔਰਤ ਤੇ ਇਕ 15 ਸਾਲਾਂ ਦਾ ਨੌਜਵਾਨ ਸ਼ਾਮਿਲ ਹੈ। ਪੁਲਿਸ ਅਨੁਸਾਰ ਘਟਨਾ ਮੇਲੇ ਦੇ ਆਖਰੀ ਦਿਨ ਰਾਤ ਤਕਰੀਬਨ 9.20 ਵਜੇ ਵਾਪਰੀ। ਜਦੋਂ ਝਗੜ ਰਹੇ ਦੋ ਧੜਿਆਂ ਨੂੰ ਛੁਡਾਉਣ ਲਈ ਪੁਲਿਸ ਨੇ ਦਖਲ ਦਿੱਤਾ ਤਾਂ ਇਕ 16 ਸਾਲਾਂ ਦੇ ਨੌਜਵਾਨ ਨੇ ਗੰਨ ਕੱਢ ਕੇ ਗੋਲੀਆਂ ਚਲਾ ਦਿੱਤੀਆਂ। ਇਕ ਪੁਲਿਸ ਅਫਸਰ ਨੇ ਵੀ ਸ਼ੱਕੀ ਉਪਰ ਗੋਲੀ ਚਲਾਈ ਪਰੰਤੂ ਗੋਲੀ ਖੁੰਝ ਗਈ ਤੇ ਉਸ ਦਾ ਬਚਾਅ ਹੋ ਗਿਆ। ਬਾਅਦ ਵਿਚ ਪੁਲਿਸ ਨੇ ਸ਼ੱਕੀ ਨੂੰ ਹਿਰਾਸਤ ਵਿਚ ਲੈ ਲਿਆ। ਪੁਲਿਸ ਨੇ ਕਿਹਾ ਹੈ ਕਿ ਸ਼ੱਕੀ ਨਬਾਲਗ ਹੋਣ ਕਾਰਨ ਉਸ ਦਾ ਨਾਂ ਜਨਤਿਕ ਨਹੀਂ ਕੀਤਾ ਜਾ ਸਕਦਾ। ਜਦ ਕਿ ਮ੍ਰਿਤਕਾਂ ਤੇ ਜ਼ਖਮੀਆਂ ਦੇ ਨਾਂ ਲੋੜੀਂਦੀ ਕਾਰਵਾਈ ਪੂਰੀ ਹੋਣ ਉਪਰੰਤ ਜਾਰੀ ਕੀਤੇ ਜਾਣਗੇ। ਪੁਲਿਸ ਅਨਸਾਰ ਮਾਮਲਾ ਜਾਂਚ ਅਧੀਨ ਹੈ ਤੇ ਮੌਕੇ 'ਤੇ ਮੌਜੂਦ ਲੋਕਾਂ ਦੇ ਬਿਆਨ ਲਏ ਜਾ ਰਹੇ ਹਨ।

# ਪੰਜਾਬੀ ਪੁਲਿਸ ਅਧਿਕਾਰੀ ਦਾ 'ਕਿੰਗ ਚਾਰਲਸ ਕੋਰੋਨੇਸ਼ਨ ਮੈਡਲ' ਨਾਲ ਸਨਮਾਨ

ਐਬਟਸਫੋਰਡ : ਕੈਨੇਡਾ ਦੇ ਸੰਸਦ ਮੈਂਬਰ ਟੌਡ ਡੋਹਰਟੀ ਨੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਸੀਨੀਅਰ ਪੰਜਾਬੀ ਅਧਿਕਾਰੀ ਰਾਜਿੰਦਰ ਸਿੰਘ 'ਰਾਜ' ਸਿੱਧੂ ਨੂੰ ਵੱਕਾਰੀ ਸਨਮਾਨ 'ਕਿੰਗ ਚਾਰਲਸ ਕੋਰੋਨੇਸ਼ਨ ਮੈਡਲ' ਨਾਲ ਸਨਮਾਨਿਤ ਕੀਤਾ। ਕਿੰਗ ਚਾਰਲਸ ਕੋਰੋਨੇਸ਼ਨ ਮੈਡਲ 6 ਮਈ, 2023 ਨੂੰ ਇੰਗਲੈਂਡ ਦੇ ਸਹਿਜ਼ਾਦਾ ਚਾਰਲਸ ਤੀਜਾ ਦੀ ਤਾਜਪੋਸ਼ੀ ਮੌਕੇ ਸਿਰਜਿਆ ਗਿਆ ਸੀ। ਕਿੰਗ ਚਾਰਲਸ ਦੀ ਤਾਜਪੋਸ਼ੀ ਨੂੰ ਦਰਸਾਉਣ ਵਾਲਾ ਇਹ ਪਹਿਲਾ ਯਾਦਗਾਰੀ ਮੈਡਲ ਹੈ। ਸਟਾਫ਼ ਸਾਰਜੈਂਟ ਰਾਜਿੰਦਰ ਸਿੰਘ ਸਿੱਧੂ ਨੂੰ ਇਹ ਸਨਮਾਨ ਪੁਲਿਸ ਵਿਭਾਗ ਵਿਚ ਵੱਖ-ਵੱਖ ਅਹੁਦਿਆਂ 'ਤੇ ਰਹਿ ਕੇ ਕੀਤੀਆਂ ਸ਼ਾਨਦਾਰ ਸੇਵਾਵਾਂ ਬਦਲੇ ਦਿੱਤਾ ਗਿਆ ਹੈ। ਸਾਰਜੈਂਟ ਰਾਜਿੰਦਰ ਸਿੰਘ ਸਿੱਧੂ ਸੰਨ 1995 'ਚ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਵਿਚ



ਭਰਤੀ ਹੋਏ ਸਨ ਤੇ ਉਹ ਪ੍ਰਿੰਸ ਜਾਰਜ ਰੀਜਨਲ ਟਰੈਫਿਕ ਸਰਵਿਸਿਜ਼ ਦੇ ਯੂਨਿਟ ਕਮਾਂਡਰ ਅਤੇ ਨਾਰਥ ਡਿਸਟ੍ਰਿਕਟ ਕੰਬਾਈਨਡ ਫੋਰਸਿਜ਼ ਸਪੈਸ਼ਲ ਐਨਫੋਰਸਮੈਂਟ ਯੂਨਿਟ ਦੇ ਨਾਲ ਕਮਿਸ਼ਨਡ ਅਧਿਕਾਰੀ ਰਹਿ ਚੁੱਕੇ ਹਨ।

# ਨਹਿਰ ਵਿੱਚੋਂ ਮਿਲੀ ਹਰਿਆਣਵੀ ਮਾਡਲ ਦੀ ਲਾਸ਼

## ਪੀੜਤ ਦੀ ਭੈਣ ਨੇ ਲੰਘੇ ਦਿਨ ਦਰਜ ਕਰਵਾਈ ਸੀ ਗੁੰਮਸ਼ੁਦਗੀ ਦੀ ਰਿਪੋਰਟ

ਸੋਨੀਪਤ : ਖਰਖੌਦਾ ਖੇਤਰ ਵਿੱਚ ਕੌਮੀ ਰਾਜਧਾਨੀ ਖੇਤਰ ਨੂੰ ਲੱਗਦੀ ਨਹਿਰ 'ਚੋਂ ਮਿਲੀ ਲਾਸ਼ ਦੀ ਪਛਾਣ ਹੋ ਗਈ ਹੈ। ਇਹ ਲਾਸ਼ ਹਰਿਆਣਵੀ ਮਾਡਲ ਸ਼ੀਤਲ ਦੀ ਦੱਸੀ ਜਾਂਦੀ ਹੈ। ਉਹ ਪਾਣੀਪਤ ਦੇ ਖਲੀਲਾ ਮਜ਼ਰਾ ਦੀ ਰਹਿਣ ਵਾਲੀ ਸੀ ਤੇ ਇਸ ਵੇਲੇ ਪਾਣੀਪਤ ਦੀ ਸਤ ਕਰਤਾਰ ਕਲੋਨੀ ਵਿੱਚ ਆਪਣੀ ਭੈਣ ਨੇਹਾ ਨਾਲ ਰਹਿ ਰਹੀ ਸੀ। ਸ਼ੀਤਲ ਦੀ ਭੈਣ ਨੇ ਐਤਵਾਰ ਨੂੰ ਪਾਣੀਪਤ ਦੇ ਪੁਰਾਣੇ ਸਨਅਤੀ ਏਰੀਆ ਵਿਚਲੇ ਪੁਲੀਸ ਥਾਣੇ ਵਿੱਚ ਸ਼ੀਤਲ ਦੀ ਗੁੰਮਸ਼ੁਦਗੀ ਬਾਰੇ ਸ਼ਿਕਾਇਤ ਦਰਜ ਕਰਵਾਈ ਸੀ।

ਦੱਸਿਆ ਜਾ ਰਿਹਾ ਹੈ ਕਿ ਸ਼ੀਤਲ ਆਪਣੇ ਬੁਆਏਫਰੈਂਡ ਨਾਲ ਸੀ, ਜਿਸ ਦੀ ਕਾਰ ਨਹਿਰ ਨੇੜਿਓਂ ਬਰਾਮਦ ਕਰ ਲਈ ਗਈ ਹੈ। ਸੁਣਨ ਵਿਚ ਆਇਆ ਹੈ ਕਿ ਸ਼ੀਤਲ ਨੇ ਆਪਣੀ ਭੈਣ ਨੂੰ ਵੀਡੀਓ ਕਾਲ ਰਾਹੀਂ ਦੱਸਿਆ ਸੀ ਕਿ ਉਸ ਦੇ ਬੁਆਏਫਰੈਂਡ ਨੇ ਉਸ ਨੂੰ ਮਾਰਿਆ ਕੁੱਟਿਆ ਹੈ ਅਤੇ ਉਸ ਦੀ ਗਰਦਨ 'ਤੇ ਵੀ ਸੱਟ ਲੱਗੀ ਹੈ। ਇਸ ਮਗਰੋਂ ਉਸ ਦਾ ਆਪਣੀ ਭੈਣ ਨਾਲ ਸੰਪਰਕ ਟੁੱਟ ਗਿਆ। ਬਾਅਦ ਵਿੱਚ ਐਤਵਾਰ ਰਾਤ ਨੂੰ ਸ਼ੀਤਲ ਦੀ ਲਾਸ਼



ਖਰਖੌਦਾ ਦੇ ਐਨਸੀਆਰ ਵਾਟਰ ਚੈਨਲ (ਨਹਿਰ) ਵਿੱਚੋਂ ਮਿਲੀ। ਖਰਖੌਦਾ ਪੁਲੀਸ ਲਾਸ਼ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੀ ਸੀ।

ਥਾਣੇ ਦੇ ਇੰਚਾਰਜ ਪ੍ਰੇਮ ਨੇ ਕਿਹਾ ਕਿ ਪਾਣੀਪਤ ਤੋਂ ਲੜਕੀ ਦੀ ਗੁੰਮਸ਼ੁਦਗੀ ਬਾਰੇ ਰਿਪੋਰਟ ਮਿਲੀ ਹੈ। ਸ਼ਿਕਾਇਤਕਰਤਾ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਪਹਿਲੀ ਨਜ਼ਰੇ ਮ੍ਰਿਤਕ ਦੀ ਪਛਾਣ ਸ਼ੀਤਲ ਵਜੋਂ ਹੋਈ ਹੈ। ਪਾਣੀਪਤ ਤੋਂ ਪਰਿਵਾਰ ਆ ਕੇ ਇਸ ਦੀ ਪੁਸ਼ਟੀ ਕਰੇਗਾ।

# ਅਮਰੀਕਾ ਦਾਖਲ ਨਹੀਂ ਹੋ ਸਕਣਗੇ 36 ਮੁਲਕਾਂ ਦੇ ਲੋਕ

ਵਾਸ਼ਿੰਗਟਨ : ਭਾਰਤੀ ਅਖਬਾਰਾਂ ਅਨੁਸਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਦੇਸ਼ੀਆਂ ਦੀ ਐਂਟਰੀ ਨੂੰ ਰੋਕਣ ਲਈ ਸਖ਼ਤ ਕਾਰਵਾਈ ਕਰਨ ਜਾ ਰਹੇ ਹਨ। 12 ਦੇਸ਼ਾਂ 'ਤੇ ਯਾਤਰਾ ਪਾਬੰਦੀ ਲਗਾਉਣ ਮਗਰੋਂ ਉਹ ਇਸ ਸੂਚੀ ਦਾ ਵਿਸਥਾਰ ਕਰਨਾ ਚਾਹੁੰਦੇ ਹਨ, ਜਿਸ ਨਾਲ 36 ਹੋਰ ਦੇਸ਼ਾਂ ਦੇ ਨਾਗਰਿਕਾਂ 'ਤੇ ਅਮਰੀਕਾ ਵਿਚ ਦਾਖਲ ਹੋਣ 'ਤੇ ਪਾਬੰਦੀ ਲੱਗ ਸਕਦੀ ਹੈ। ਇਸ ਸੂਚੀ ਵਿਚ ਭਾਰਤ ਦੇ ਇਕ ਹੋਰ ਗੁਆਂਢੀ ਦੇਸ਼ ਭੂਟਾਨ ਦਾ ਨਾਮ ਹੈ। ਉਂਝ ਪ੍ਰਭਾਵਿਤ ਦੇਸ਼ਾਂ ਦੀ ਸੂਚੀ ਵਿਚ ਕਈ ਅਫਰੀਕੀ, ਕੈਰੇਬੀਅਨ ਅਤੇ ਮੱਧ ਏਸ਼ੀਆਈ ਦੇਸ਼ ਸ਼ਾਮਲ ਹਨ।

ਅਮਰੀਕੀ ਵਿਦੇਸ਼ ਵਿਭਾਗ ਦੇ ਇੱਕ ਅੰਦਰੂਨੀ ਜਾਣਕਾਰੀ ਅਨੁਸਾਰ ਇਹ ਕਦਮ ਦੇਸ਼ ਨੂੰ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ੀ ਅੱਤਵਾਦੀਆਂ ਤੋਂ ਬਚਾਉਣ ਲਈ ਚੁੱਕਿਆ ਜਾ ਰਿਹਾ ਹੈ। ਇਸ ਮਹੀਨੇ ਦੇ ਸ਼ੁਰੂ ਵਿਚ ਟਰੰਪ ਨੇ 12 ਦੇਸ਼ਾਂ ਦੇ ਨਾਗਰਿਕਾਂ ਦੇ ਦਾਖਲੇ 'ਤੇ ਪਾਬੰਦੀ ਲਗਾਉਣ ਦਾ ਆਦੇਸ਼ ਜਾਰੀ ਕੀਤਾ ਸੀ, ਜਿਸ ਵਿਚ ਅਫਗਾਨਿਸਤਾਨ ਅਤੇ ਮਿਆਂਮਾਰ ਵੀ ਸ਼ਾਮਲ ਸਨ।

ਇਹ ਨਿਰਦੇਸ਼ ਇਮੀਗ੍ਰੇਸ਼ਨ ਕਾਰਵਾਈ ਦਾ ਹਿੱਸਾ ਸੀ, ਜਿਸ ਨੂੰ ਟਰੰਪ ਨੇ ਆਪਣੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਵਿਚ 2025 'ਚ ਸ਼ੁਰੂ ਕੀਤਾ ਸੀ। ਜਿਸ 'ਚ ਗਿਰੋਹ ਦੇ ਮੈਂਬਰ ਹੋਣ ਦੇ ਸ਼ੱਕ 'ਚ ਸੈਂਕੜੇ ਵੈਨੇਜ਼ੁਏਲਾ ਦੇ ਲੋਕਾਂ ਨੂੰ ਅਲ ਸਲਵਾਡੋਰ ਭੇਜਣਾ,



ਅਮਰੀਕੀ ਯੂਨੀਵਰਸਿਟੀਆਂ ਵਿਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ ਤੋਂ ਇਨਕਾਰ ਕਰਨ ਅਤੇ ਹੋਰਾਂ ਨੂੰ ਦੇਸ਼ ਨਿਕਾਲਾ ਦੇਣਾ ਦੀਆਂ ਕੋਸ਼ਿਸ਼ਾਂ ਸ਼ਾਮਲ ਹਨ।

ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੁਆਰਾ ਦਸਤਖ਼ਤ ਕੀਤੇ ਗਏ ਇਸ ਪੱਤਰ ਵਿਹਾਰ ਵਿਚ ਇਨ੍ਹਾਂ 36 ਦੇਸ਼ਾਂ ਬਾਰੇ ਇੱਕ ਦਰਜਨ ਚਿੰਤਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਪੱਤਰ ਵਿਹਾਰ ਵਿਚ ਕਿਹਾ ਗਿਆ ਹੈ ਕਿ ਜੇਕਰ ਇਹ ਦੇਸ਼ 60 ਦਿਨਾਂ ਦੇ ਅੰਦਰ ਨਿਰਧਾਰਤ ਮਾਪਦੰਡਾਂ ਅਤੇ ਜ਼ਰੂਰਤਾਂ ਨੂੰ ਪੂਰਾ ਨਹੀਂ ਕਰਦੇ ਹਨ, ਤਾਂ ਉਨ੍ਹਾਂ ਦੇ ਨਾਗਰਿਕਾਂ ਦੇ ਦਾਖਲੇ 'ਤੇ ਪੂਰੀ ਜਾਂ ਅੰਸ਼ਕ ਪਾਬੰਦੀ ਲਗਾਈ ਜਾ ਸਕਦੀ ਹੈ। ਵਾਸ਼ਿੰਗਟਨ ਪੋਸਟ ਨੇ ਸਭ ਤੋਂ ਪਹਿਲਾਂ ਇਸ ਪੱਤਰ ਵਿਹਾਰ ਬਾਰੇ ਜਾਣਕਾਰੀ ਦਿੱਤੀ।

ਵਿਦੇਸ਼ ਵਿਭਾਗ ਨੇ ਚਿੰਤਾ ਜ਼ਾਹਰ ਕੀਤੀ ਕਿ ਕੁਝ ਦੇਸ਼ਾਂ ਦੀਆਂ ਸਰਕਾਰਾਂ ਆਪਣੇ ਨਾਗਰਿਕਾਂ ਦੀ ਭਰੋਸੇਯੋਗ ਤਰੀਕੇ ਨਾਲ ਪਛਾਣ ਨਹੀਂ ਕਰਦੀਆਂ। ਕੁਝ ਦੇਸ਼ਾਂ ਦੇ ਪਾਸਪੋਰਟਾਂ ਦੀ ਸੁਰੱਖਿਆ ਵੀ ਸ਼ੱਕੀ ਹੈ। ਇਸ ਤੋਂ ਇਲਾਵਾ ਕੁਝ ਦੇਸ਼ ਆਪਣੇ ਨਾਗਰਿਕਾਂ ਨੂੰ ਵਾਪਸ ਲੈਣ ਵਿਚ ਸਹਿਯੋਗ ਨਹੀਂ ਕਰਦੇ, ਜਿਨ੍ਹਾਂ ਨੂੰ ਅਮਰੀਕਾ ਤੋਂ ਦੇਸ਼ ਨਿਕਾਲਾ ਦੇਣ ਦਾ ਹੁਕਮ ਦਿੱਤਾ ਗਿਆ ਹੈ। ਕਈ ਦੇਸ਼ਾਂ ਦੇ ਨਾਗਰਿਕ ਆਪਣੇ ਅਮਰੀਕੀ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਵੀ ਰਹਿ ਰਹੇ ਹਨ। ਪੱਤਰ ਵਿਹਾਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਕੁਝ ਦੇਸ਼ਾਂ ਦੇ ਨਾਗਰਿਕ ਅਮਰੀਕਾ ਵਿੱਚ ਅੱਤਵਾਦੀ ਗਤੀਵਿਧੀਆਂ, ਯਹੂਦੀ-ਵਿਰੋਧੀ ਜਾਂ ਅਮਰੀਕਾ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਰਹੇ ਹਨ।

ਜੇਕਰ ਅਗਲੇ 60 ਦਿਨਾਂ ਦੇ ਅੰਦਰ ਸਰਕਾਰ ਅਤੇ ਇਮੀਗ੍ਰੇਸ਼ਨ ਵਲੋਂ ਆਪਣੇ ਦੇਸ਼ ਪ੍ਰਤੀ ਜਤਾਈਆਂ ਗਈਆਂ ਚਿੰਤਾਵਾਂ ਨੂੰ ਦੂਜੇ ਦੇਸ਼ਾਂ ਵਲੋਂ ਦੂਰ ਨਹੀਂ ਕੀਤਾ ਜਾਂਦਾ, ਤਾਂ ਅੰਗੋਲਾ, ਐਂਟੀਗੁਆ ਅਤੇ ਬਾਰਬੂਡਾ, ਬੇਨਿਨ, ਭੂਟਾਨ, ਬੁਰਕੀਨਾ ਫਾਸੋ, ਕਾਬੋ ਵਰਡੇ, ਕੰਬੋਡੀਆ, ਕੈਮਰੂਨ, ਕੋਟ ਡਿਵੁਆਰ, ਕਾਂਗੋ ਲੋਕਤੰਤਰੀ ਗਣਰਾਜ, ਜਿਬੂਤੀ, ਡੋਮਿਨਿਕਾ, ਮਿਸਰ, ਇਥੋਪੀਆ, ਗੈਬੋਨ, ਗੈਂਬੀਆ, ਘਾਨਾ, ਕਿਰਗਿਸਤਾਨ, ਲਾਈਬੇਰੀਆ, ਮਲਾਵੀ, ਨਿਊਤੀਆ, ਮਾਲਾਵੀ, ਮਾਲਾਵੀ, ਨਿਊਰਟੀ, ਮਾਲਾਵੀ ਸੇਂਟ ਲੂਸੀਆ, ਸਾਓ ਟੋਮੇ ਅਤੇ ਪ੍ਰਿੰਸੀਪੇ, ਸੇਨੇਗਲ, ਦੱਖਣੀ ਸੂਡਾਨ, ਸੀਰੀਆ, ਤਨਜ਼ਾਨੀਆ, ਟੋਂਗਾ, ਟੂਵਾਲੂ, ਯੂਗਾਂਡਾ, ਵੈਨੂਆਟੂ, ਜ਼ੈਂਬੀਆ, ਜ਼ਿੰਬਾਬਵੇ ਆਦਿ ਦੇਸ਼ ਪੂਰੀ ਜਾਂ ਅੰਸ਼ਕ ਪਾਬੰਦੀ ਦਾ ਸਾਹਮਣਾ ਕਰ ਸਕਦੇ ਹਨ।

# ਪਾਕਿਸਤਾਨ ਫੌਜ ਦੇ ਮੁਖੀ ਅਸੀਮ ਮੁਨੀਰ ਵਿਰੁੱਧ ਅਮਰੀਕਾ 'ਚ ਵਿਰੋਧ ਪ੍ਰਦਰਸ਼ਨ

ਵਾਸ਼ਿੰਗਟਨ, (ਰਾਜ ਗੋਗਨਾ) : ਅਮਰੀਕਾ ਵਿੱਚ ਪਾਕਿਸਤਾਨੀ ਫੌਜ ਮੁਖੀ ਜਨਰਲ ਅਸੀਮ ਮੁਨੀਰ ਨੂੰ ਇੱਥੇ ਵੱਸਦੇ ਪਾਕਿਸਤਾਨੀ ਲੋਕਾਂ ਵੱਲੋ ਵਿਰੋਧ ਪ੍ਰਦਰਸ਼ਨ ਦਾ ਸਾਹਮਣਾ ਕਰਨਾ ਪਿਆ। ਫੌਜ ਮੁਖੀ ਜਨਰਲ ਅਤੇ ਫੀਲਡ ਮਾਰਸ਼ਲ ਅਸੀਮ ਮੁਨੀਰ, ਜੋ ਅਮਰੀਕਾ ਦੇ ਦੌਰੇ 'ਤੇ ਹਨ, ਵਿਰੋਧ ਪ੍ਰਦਰਸ਼ਨਾਂ ਦੀ ਲਹਿਰ ਦੀ ਮਾਰ ਹੇਠ ਆ ਗਏ ਹਨ। ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਅਤੇ ਫੀਲਡ ਮਾਰਸ਼ਲ ਅਸੀਮ ਮੁਨੀਰ, ਜੋ ਅਮਰੀਕਾ ਦੇ ਦੌਰੇ 'ਤੇ ਹਨ, ਨੂੰ ਵਿਰੋਧ ਪ੍ਰਦਰਸ਼ਨਾਂ ਦਾ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਦੇ ਆਪਣੇ ਹੀ ਦੇਸ਼ ਵਾਸੀਆਂ ਨੇ ਉਨ੍ਹਾਂ ਵਿਰੁੱਧ ਨਾਅਰੇਬਾਜ਼ੀ ਕੀਤੀ ਹੈ। ਅਤੇ ਉਨ੍ਹਾਂ ਨੇ ਉਨ੍ਹਾਂ ਦੀ ਆਲੋਚਨਾ 'ਫੀਲਡ ਮਾਰਸ਼ਲ ਨਹੀਂ.. ਅਸਫਲ ਮਾਰਸ਼ਲ' ਵਜੋਂ ਕੀਤੀ ਹੈ। ਅਸੀਮ ਮੁਨੀਰ ਬੀਤੇ ਦਿਨੀਂ ਐਤਵਾਰ ਨੂੰ ਪੰਜ ਦਿਨਾਂ ਦੇ ਸਰਕਾਰੀ ਦੌਰੇ ਦੇ ਹਿੱਸੇ ਵਜੋਂ ਮਹਾਂਸ਼ਕਤੀ ਦੇਸ਼ ਅਮਰੀਕਾ ਵਿੱਚ ਪਹੁੰਚੇ। ਉਹ ਵਾਸ਼ਿੰਗਟਨ ਦੇ ਇੱਕ ਹੋਟਲ ਵਿੱਚ ਠਹਿਰੇ। ਇਸ ਬਾਰੇ ਪਤਾ ਲੱਗਣ ਤੋਂ ਬਾਅਦ, ਵੱਡੀ ਗਿਣਤੀ ਵਿੱਚ ਪਾਕਿਸਤਾਨੀ ਲੋਕ ਹੋਟਲ ਵਿੱਚ ਪਹੁੰਚੇ। ਉਨ੍ਹਾਂ ਨੇ ਪਾਕਿਸਤਾਨੀ ਫੌਜ ਮੁਖੀ ਜਨਰਲ ਵਿਰੁੱਧ ਨਾਅਰੇਬਾਜ਼ੀ ਕੀਤੀ। ਜਦੋਂ ਅਸੀਮ ਮੁਨੀਰ ਹੋਟਲ ਤੋਂ ਬਾਹਰ ਆ ਰਹੇ ਸਨ, ਤਾਂ 'ਅਸੀਮ ਮੁਨੀਰ.. ਤੁਸੀਂ ਡਰਪੋਕ ਹੋ', 'ਤੁਹਾਨੂੰ ਕੋਈ ਸ਼ਰਮ ਨਹੀਂ ਹੈ..', 'ਜਨਤਾ ਦਾ ਕਾਤਲ..', 'ਤਾਨਾਸ਼ਾਹ..', 'ਅਸਫ਼ਲ ਮਾਰਸ਼ਲ..' ਵਰਗੇ



ਨਾਅਰੇ ਲਗਾਏ ਗਏ। ਵਿਰੋਧ ਪ੍ਰਦਰਸ਼ਨਾਂ ਤੋਂ ਸੁਚੇਤ ਹੋ ਕੇ, ਅਧਿਕਾਰੀਆਂ ਨੇ ਉਨ੍ਹਾਂ ਨੂੰ ਰੋਕ ਦਿੱਤਾ। ਇਸ ਨਾਲ ਸਬੰਧਤ ਵੀਡੀਓ ਵੀ ਇਸ ਸਮੇਂ ਵਾਇਰਲ ਹੋ ਰਹੇ ਹਨ। ਇਹ ਜਾਣਿਆ ਜਾਂਦਾ ਹੈ ਕਿ ਪਾਕਿਸਤਾਨੀ ਸਰਕਾਰ ਨੇ ਭਾਰਤ ਨਾਲ ਤਣਾਅ ਦੇ ਮੱਦੇਨਜ਼ਰ ਫੌਜ ਮੁਖੀ ਜਨਰਲ ਅਸੀਮ ਮੁਨੀਰ ਨੂੰ ਫੀਲਡ ਮਾਰਸ਼ਲ ਦੇ ਅਹੁਦੇ 'ਤੇ ਤਰੱਕੀ ਦਿੱਤੀ ਹੈ। ਇਹ ਫੈਸਲਾ 'ਆਪ੍ਰੇਸ਼ਨ ਸਿੰਦੂਰ' ਦੌਰਾਨ ਲਿਆ ਗਿਆ ਸੀ। ਸਥਾਨਕ ਮੀਡੀਆ ਦੀਆਂ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਭਾਰਤ ਵਿਰੁੱਧ ਲੜਾਈ ਵਿੱਚ ਪਾਕਿਸਤਾਨੀ ਫੌਜਾਂ ਦੀ ਅਗਵਾਈ ਕਰਨ ਲਈ ਤਰੱਕੀ ਦਿੱਤੀ ਗਈ ਸੀ। ਫੀਲਡ ਮਾਰਸ਼ਲ ਪਾਕਿਸਤਾਨ ਵਿੱਚ ਸਭ ਤੋਂ ਉੱਚਾ ਫੌਜੀ ਦਰਜਾ ਹੈ। ਮੁਨੀਰ ਪਾਕਿਸਤਾਨ ਵਿੱਚ ਇਹ ਦਰਜਾ ਪ੍ਰਾਪਤ ਕਰਨ ਵਾਲੇ ਦੂਜੇ ਵਿਅਕਤੀ ਹਨ। ਇਸ ਤੋਂ ਪਹਿਲਾਂ, ਜਨਰਲ ਅਯੂਬ ਖਾਨ ਨੂੰ 1959 ਵਿੱਚ ਫੀਲਡ ਮਾਰਸ਼ਲ ਦਾ ਦਰਜਾ ਦਿੱਤਾ ਗਿਆ ਸੀ। ਮੁਨੀਰ ਨੇ ਨਵੰਬਰ 2022 ਵਿੱਚ ਫੌਜ ਮੁਖੀ ਵਜੋਂ ਅਹੁਦਾ ਸੰਭਾਲਿਆ ਸੀ। ਮੁਨੀਰ ਨੂੰ ਹਾਲ ਹੀ ਵਿੱਚ ਦੇਸ਼ ਦੀ ਸੁਪਰੀਮ ਕੋਰਟ ਨੇ ਹੋਰ ਸ਼ਕਤੀਆਂ ਦਿੱਤੀਆਂ ਸਨ।

# ਭਾਰਤ ਦਾ ਪਹਿਲਾ ਸਵਦੇਸ਼ੀ ਪਣਡੁੱਬੀ-ਤੋੜੂ ਸ਼ੈਲੋ ਵਾਟਰ ਕਰਾਫਟ ਜਲ ਸੈਨਾ 'ਚ ਸ਼ਾਮਲ

ਵਿਸ਼ਾਖਾਪਟਨਮ : ਭਾਰਤ ਦੀਆਂ ਸਾਹਿਲੀ ਰੱਖਿਆ ਸਮਰੱਥਾਵਾਂ ਨੂੰ ਮਜ਼ਬੂਤ ਕਰਦੇ ਹੋਏ ਨੇਵਲ ਡੌਕਯਾਰਡ ਵਿਖੇ ਆਈਐੱਨਐੱਸ ਅਰਨਾਲਾ ਨੂੰ ਅਧਿਕਾਰਤ ਤੌਰ ਭਾਰਤੀ ਜਲ ਸੈਨਾ ਨੇ ਵਿਚ ਸ਼ਾਮਲ ਕੀਤਾ ਗਿਆ ਹੈ। ਇਹ ਭਾਰਤ ਦਾ ਪਹਿਲਾ ਸਵਦੇਸ਼ੀ ਤੌਰ 'ਤੇ ਤਿਆਰ ਕੀਤਾ ਪਣਡੁੱਬੀ-ਤੋੜੂ ਜੰਗੀ ਸ਼ੈਲੋ ਵਾਟਰ ਕਰਾਫਟ ਹੈ। ਕਮਿਸ਼ਨਿੰਗ ਸਮਾਰੋਹ ਦੀ ਪ੍ਰਧਾਨਗੀ ਡਿਫੈਂਸ ਸਟਾਫ ਦੇ ਮੁਖੀ ਜਨਰਲ ਅਨਿਲ ਚੌਹਾਨ ਨੇ ਕੀਤੀ। ਰੱਖਿਆ ਮੰਤਰੀ ਨੇ ਇਸ ਤੋਂ ਪਹਿਲਾਂ ਜਾਣਕਾਰੀ ਦਿੱਤੀ ਸੀ ਕਿ ਇਹ ਗਾਰਡਨ ਰੀਚ ਸ਼ਿਪਬਿਲਡਰਸ ਐਂਡ ਇੰਜੀਨੀਅਰਜ਼, ਕੋਲਕਾਤਾ ਵੱਲੋਂ ਬਣਾਇਆ ਗਿਆ ਹੈ ਅਤੇ 8 ਮਈ ਨੂੰ ਕੱਟੂਪੱਲੀ ਦੇ ਐੱਲ ਐਂਡ ਟੀ ਸ਼ਿਪਯਾਰਡ ਵਿਖੇ ਜਨਤਕ ਨਿੱਜੀ ਭਾਈਵਾਲੀ ਦੇ ਤਹਿਤ ਇਸ ਨੂੰ ਡਿਲੀਵਰ ਕੀਤਾ ਗਿਆ। 77 ਮੀਟਰ ਲੰਬਾ ਇਹ ਸਮੁੰਦਰੀ




ਜਹਾਜ਼ ਪਾਣੀ ਹੇਠ ਨਿਗਰਾਨੀ ਪ੍ਰਣਾਲੀਆਂ ਅਤੇ ਬਾਰੂਦੀ ਸੁਰੰਗਾਂ ਵਿਛਾਉਣ ਵਰਗੀਆਂ ਕਾਰਵਾਈਆਂ ਸਮਰੱਥਾਵਾਂ ਲਈ ਸਮਰੱਥ ਹੈ। ਇਸ ਦਾ ਨਾਮ ਮਹਾਰਾਸ਼ਟਰ ਦੇ ਵਸਈ ਲਾਗਲੇ ਇਤਿਹਾਸਕ ਅਰਨਾਲਾ ਕਿਲ੍ਹੇ ਦੇ ਨਾਮ 'ਤੇ ਰੱਖਿਆ ਗਿਆ ਹੈ। ਇਸ ਨੂੰ ਘੱਟ ਪਾਣੀ ਵਿੱਚ ਚੱਲਣ ਲਈ ਤਿਆਰ ਕੀਤਾ ਗਿਆ ਹੈ। ਇਹ ਡੀਜ਼ਲ ਇੰਜਣ-ਵਾਟਰਜੈੱਟ ਸੁਮੇਲ ਦੁਆਰਾ ਚਲਾਇਆ ਜਾਣ ਵਾਲਾ ਸਭ ਤੋਂ ਵੱਡਾ ਭਾਰਤੀ ਜੰਗੀ ਜਹਾਜ਼ ਹੈ।



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

1. ਦਲਿਤ ਜਾਤੀਆਂ ਦਾ ਸਿੱਖ ਮਤ ਧਾਰਨ ਕਰਲਾ।

2. ਦਲਿਤ ਜਾਤੀਆਂ ਵਿਚੋਂ ਨਵੇਂ ਬਣੇ ਸਿੱਖਾਂ ਨੂੰ ਸ਼ੈਡੂਲਡ ਜਾਤਾਂ ਵਿਚ ਸ਼ਾਮਲ ਰਹਿਣਾ।

3. ਦਲਿਤ ਜਾਤੀਆਂ ਪੂਨਾ ਪੈਕਟ ਰਾਹੀਂ ਮਿਲੇ ਅਧਿਕਾਰਾਂ ਤੋਂ ਲਾਭ ਉਠਾਉਣਾ। ਬੰਬਈ ਤੋਂ ਮੈਂ ਇਥੇ ਅੱਜ ਸਵੇਰੇ ਹੀ ਆਇਆ ਹਾਂ ਤਾਂ ਕਿ ਇਸ ਸਬੰਧੀ ਵਿਚਾਰ ਕਰ ਸਕਾਂ ਅਤੇ ਇਸ ਤੋਂ ਉਪਰੰਤ ਇਹ ਸਵਾਲ ਹਿੰਦੂ ਮਹਾਂ ਸਭਾ ਦੇ ਪੇਸ਼ ਕੀਤਾ ਜਾਵੇ। ਮੈਂ ਯਤਨ ਕਰ ਰਿਹਾ ਹਾਂ ਕਿ ਪੰਡਤ ਮਾਲਵੀਆ ਜੀ ਤੇ ਮਹਾਰਾਜਾ ਪਟਿਆਲਾ ਸਾਹਿਬ ਨੂੰ ਮਿਲਾਂ, ਇਹ ਬੜਾ ਨਾਜ਼ਕ ਮਾਮਲਾ ਹੈ।

ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਇਸ ਗੱਲ 'ਤੇ ਵਿਚਾਰ ਕਰੋ ਤੇ ਇਸ ਮਾਮਲੇ ਸਬੰਧੀ ਆਪਣੀ ਰਾਏ ਪ੍ਰਗਟ ਕਰੋ। ਜਿੰਨਾ ਚਿਰ ਅਸੀਂ ਕੋਈ ਫੈਸਲਾ ਨਾ ਕਰ ਲਈਏ ਇਹ ਮਾਮਲਾ ਗੁਪਤ ਰਹੇਗਾ। ਮੈਂ ਤੁਹਾਡਾ ਉਤਰ ਉਡੀਕ ਰਿਹਾ ਹਾਂ।

ਮੈਂ ਇਥੇ ਡਾਕਟਰ ਅੰਬੇਡਕਰ ਦਾ ਬਿਆਨ ਵੀ ਨਾਲ ਦੇ ਰਿਹਾ ਹਾਂ ਤਾਂ ਕਿ ਤੁਸੀਂ ਉਸ ਨੂੰ ਪੜ੍ਹ ਸਕੋ। ਮੈਨੂੰ ਉਤਰ ਨਾਗਪੁਰ ਦੇ ਪਤੇ 'ਤੇ ਦੇਣਾ।"

ਡਾ. ਅੰਬੇਡਕਰ ਦਾ ਬਿਆਨ

ਡਾ. ਅੰਬੇਡਕਰ ਦਾ ਬਿਆਨ ਇਸ ਪ੍ਰਕਾਰ ਹੈ, "ਹਿੰਦੂ ਧਰਮ ਬਦਲਣ ਦੀ ਲਹਿਰ ਤੋਂ ਅਵੇਸਲੇ ਨਹੀਂ ਹੋ ਸਕਦੇ ਕਿਉਂਕਿ ਇਹ ਲਹਿਰ ਜ਼ੋਰ ਪਕੜ ਰਹੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜੇ ਦਲਿਤ ਜਾਤੀਆਂ ਧਰਮ ਤਿਆਗਣ ਦਾ ਖ਼ਿਆਲ ਛੱਡਣ ਲਈ ਉਨ੍ਹਾਂ ਨੂੰ ਪ੍ਰੇਰਿਆ ਜਾ ਸਕੇ ਤਾਂ ਹਿੰਦੂਆਂ ਲਈ ਇਸ ਤੋਂ ਵੱਧ ਖੁਸ਼ੀ ਦੀ ਹੋਰ ਕੀ ਗੱਲ ਹੋ ਸਕਦੀ ਹੈ। ਜੇ ਹਿੰਦੂ ਇਹ ਨਾ ਕਰ ਸਕਣ ਤਾਂ ਉਨ੍ਹਾਂ ਨੂੰ ਇਸ ਧਰਮ ਨਾਲ ਸਬੰਧ ਰੱਖਣਾ ਚਾਹੀਦਾ ਹੈ ਜੋ ਕਿ ਦਲਿਤ ਜਾਤੀਆਂ ਨੇ ਪੁੱਟਣਾ ਹੈ, ਕਿਉਂਕਿ ਉਨ੍ਹਾਂ ਦੇ ਕਦਮ ਨੇ ਹਿੰਦੂ ਜਾਤੀ ਤੇ ਬੜਾ ਭਾਰਾ ਅਸਰ ਪਾਉਣਾ ਹੈ ਅਤੇ ਦੇਸ਼ ਦੀ ਕਿਸਮਤ ਵੀ ਇਸ ਦੇ ਅਸਰ ਤੋਂ ਬਚ ਨਹੀਂ ਸਕਦੀ। ਜੇ ਉਨ੍ਹਾਂ ਨੂੰ ਨਹੀਂ ਮਨਾਇਆ ਜਾ ਸਕਦਾ ਤਾਂ ਜੋ ਅਛੂਤ ਅਜਿਹੇ ਧਰਮ ਨੂੰ ਧਾਰਨ ਕਰ ਲੈਣ ਜਿਸ ਨਾਲ ਹਿੰਦੂ ਮਤ ਨੂੰ ਬਹੁਤ ਘੱਟ ਨੁਕਸਾਨ ਹੋਵੇ ਤਾਂ ਹਿੰਦੂਆਂ ਨੂੰ ਉਸ ਦੀ ਸਹਾਇਤਾ ਕਰਨੀ ਚਾਹੀਦੀ ਹੈ। ਇਹ ਗੱਲ ਬੜੀ ਔਖੀ ਹੈ ਕਿ ਦਲਿਤ ਜਾਤੀਆ ਕੋਈ ਨਵਾ ਧਰਮ ਚਲਾ ਲੈਣ। ਵੀਹ ਵਿਸਵੇ ਉਹ ਮੌਜੂਦਾ ਧਰਮਾਂ ਵਿਚੋਂ ਕਿਸੇ ਇਕ ਨੂੰ ਧਾਰਨ ਕਰਨਗੇ। ਇਸ ਵੇਲੇ ਪਹਿਲਾ ਸਵਾਲ ਤਾਂ ਇਹ ਹੈ ਕਿ ਅਛੂਤ ਕਿਹੜਾ ਧਰਮ ਧਾਰਨ ਕਰਨਗੇ ? ਇਹ ਗੱਲ ਸਾਫ਼ ਹੈ ਕਿ ਜੋ ਉਨ੍ਹਾਂ ਲਈ ਵਧੇਰੇ ਲਾਭਦਾਇਕ ਸਾਬਤ ਹੋਵੇਗਾ।




ਤਿੰਨ ਮਜ਼੍ਹਬ ਹਨ, ਜਿਨ੍ਹਾਂ ਵਿਚ ਇਕ ਨੂੰ ਅਛੂਤ ਅਪਣਾ ਸਕਦੇ ਹਨ। (1) ਇਸਲਾਮ, (2) ਈਸਾਈ ਮਤ, (3) ਸਿੱਖ ਮਤ ਮੁਕਾਬਲੇ ਵਿਚ ਇਸਲਾਮ ਜਾਪਦਾ ਹੈ ਕਿ ਉਹ ਅਛੂਤਾਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰ ਸਕਦਾ ਹੈ। ਮਾਇਕ ਤੌਰ 'ਤੇ ਇਸਲਾਮ ਪਾਸ ਮਾਇਆ ਦੇ ਬੇਗਿਣਤ ਵਸੀਲੇ ਹਨ। ਭਾਈਚਾਰਕ ਤੌਰ 'ਤੇ ਉਹ ਸਾਰੇ ਹਿੰਦੁਸਤਾਨ 'ਤੇ ਫੈਲੇ ਹੋਏ ਹਨ। ਹਰ ਸੂਬੇ ਵਿਚ ਮੁਸਲਮਾਨ ਹਨ ਤੇ ਨਵੇਂ ਬਣੇ ਮੁਸਲਮਾਨਾਂ ਨੂੰ ਉਹ ਹਰ ਤਰ੍ਹਾਂ ਦੀ ਸਹਾਇਤਾ ਦੇ ਸਕਦੇ ਹਨ। ਰਾਜਸੀ ਤੌਰ 'ਤੇ ਦਲਿਤ ਜਾਤੀਆਂ ਨੂੰ ਉਹ ਸਾਰੀਆਂ ਰਿਆਇਤਾਂ ਮਿਲਣਗੀਆਂ ਜੋ ਮੁਸਲਮਾਨਾਂ ਨੂੰ ਮਿਲੀਆਂ ਹੋਈਆਂ ਹਨ।

**ਈਸਾਈ ਮਤ :** ਈਸਾਈ ਧਰਮ ਵਿਚ ਵੀ ਕੋਈ ਘੱਟ ਖਿੱਚ ਨਹੀਂ। ਜੇ ਹਿੰਦੁਸਤਾਨੀ ਈਸਾਈਆਂ ਦੀ ਗਿਣਤੀ ਇਤਨੀ ਥੋੜ੍ਹੀ ਹੈ ਕਿ ਅਛੂਤਾਂ ਨੂੰ ਈਸਾਈ ਬਣਾਉਣ ਲਈ ਉਨ੍ਹਾਂ ਨੂੰ ਪਾਸ ਰੁਪਏ ਥੋੜ੍ਹਾ ਹੈ ਤਾਂ ਈਸਾਈ ਦੇਸ਼ ਅਮਰੀਕਾ ਤੇ ਇੰਗਲੈਂਡ ਬੇਸ਼ੁਮਾਰ ਰੁਪਿਆ ਭੇਜਣਗੇ। ਜੇ ਉਨ੍ਹਾਂ ਨੂੰ ਇਹ ਪਤਾ ਲੱਗ ਜਾਵੇ ਕਿ ਅਛੂਤ ਈਸਾਈ ਬਣਨ ਨੂੰ ਤਿਆਰ ਹਨ।

ਭਾਈਚਾਰਕ ਤੌਰ 'ਤੇ ਈਸਾਈਆਂ ਦੀ ਗਿਣਤੀ ਇਤਨੀ ਥੋੜ੍ਹੀ ਹੈ ਕਿ ਉਹ ਕਿਸੇ ਤਰ੍ਹਾਂ ਦੀ ਸਹਾਇਤਾ ਨਹੀਂ ਕਰ ਸਕਦੇ ਪਰ ਈਸਾਈਅਤ ਦੀ ਪਿੱਠ 'ਤੇ ਸਰਕਾਰ ਹੈ। ਰਾਜਸੀ ਤੌਰ 'ਤੇ ਈਸਾਈਅਤ ਉਨ੍ਹਾਂ ਨੂੰ ਸਾਰੀਆਂ ਰਿਆਇਤਾਂ ਦੇਵੇਗਾ ਜੋ ਇਸਲਾਮ ਦੇ ਸਕਦਾ ਹੈ। ਮੁਸਲਮਾਨਾਂ ਵਾਂਗੂੰ, ਈਸਾਈਆਂ ਨੂੰ ਕੌਂਸਲਾਂ ਤੇ ਨੌਕਰੀਆਂ ਵਿਚ ਖਾਸ ਹੱਕ ਦਿੱਤੇ ਗਏ ਹਨ।

**ਸਿੱਖ ਧਰਮ :** ਈਸਾਈਅਤ ਤੇ ਇਸਲਾਮ ਦੇ ਮੁਕਾਬਲੇ ਵਿਚ ਸਿੱਖ ਮਤ ਵਿਚ ਥੋੜ੍ਹੀ ਖਿੱਚ ਹੈ। ਇਹ 40 ਲੱਖ ਗਿਣਤੀ ਦੀ ਛੋਟੀ ਜਿਹੀ ਕੌਮ ਹੈ ਜਿਸ ਪਾਸ ਕਾਫ਼ੀ ਰੁਪਏ ਨਹੀਂ। ਭਾਈਚਾਰਕ ਤੌਰ 'ਤੇ ਉਹ ਦਲਿਤ ਜਾਤੀਆਂ ਲਈ ਸਹਾਇਕਾਰੀ ਸਾਬਤ ਨਹੀਂ ਹੋ ਸਕਦੀ।

**(ਚਲਦਾ)**



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

9. ਉਦਾਸ ਰਹਿਣਾ।

**ਸਮਾਜਿਕ ਚਿੰਤਾ ਕੀ ਹੈ ?**

ਲੋਕਾਂ ਨੂੰ ਮਿਲਣ ਤੋਂ ਜਾਂ ਲੋਕਾਂ ਦੇ ਨਾਲ ਗੱਲਬਾਤ ਕਰਨ ਤੋਂ ਬਚਣਾ ਅਤੇ ਪ੍ਰੇਸ਼ਾਨੀ ਮਹਿਸੂਸ ਕਰਨਾ ਸਮਾਜਿਕ ਚਿੰਤਾ ਦੀ ਨਿਸ਼ਾਨੀ ਹੈ। ਇਸਦਾ ਇਲਾਜ ਇਹ ਹੈ ਕਿ ਉਹ ਕੰਮ ਵਾਰ ਵਾਰ ਕਰੋ ਜਿਨ੍ਹਾਂ ਨੂੰ ਕਰਨ ਤੋਂ ਡਰਦੇ ਹੋ। ਇਸ ਤਰ੍ਹਾਂ ਕਰਨ ਨਾਲ ਹੌਲੀ ਹੌਲੀ ਸਮਾਜਿਕ ਚਿੰਤਾ ਘਟੇਗੀ।

**ਫੋਬੀਆ ਕੀ ਹੈ ?**

ਬਿਨਾਂ ਕਿਸੇ ਕਾਰਨ ਤੋਂ ਕੁਝ ਥਾਵਾਂ 'ਤੇ ਜਾਣ ਤੋਂ ਡਰਨਾ ਜਿਵੇਂ ਕਿ ਭੀੜ ਵਾਲੀ ਜਗ੍ਹਾ, ਕੁਝ ਕੰਮਾਂ ਤੋਂ ਡਰਨਾ ਜਿਵੇਂ ਉਚਾਈ 'ਤੇ ਜਾਣ ਤੋਂ, ਹਵਾਈ ਜਹਾਜ਼ ਜਾਂ ਸਮੁੰਦਰ ਵਿੱਚ ਸਫ਼ਰ ਕਰਨ ਤੋਂ, ਜਾਂ ਕੁਝ ਹਾਲਾਤ ਵਿੱਚ ਜਿਵੇਂ ਕਿ ਲਿਫ਼ਟ ਦੇ ਅੰਦਰ ਇਕੱਲੇ ਹੋਣਾ।

**ਪੈਨਿਕ ਅਟੈਕ ਕੀ ਹੈ ?**

ਬਹੁਤ ਜ਼ਿਆਦਾ ਡਰ ਅਤੇ ਚਿੰਤਾ ਜੋ ਕਿ ਬਿਨਾਂ ਕਿਸੇ ਖ਼ਤਰੇ ਜਾਂ ਕਾਰਨ ਤੋਂ ਹੁੰਦੀ ਹੈ। ਬਹੁਤ ਤੇਜ਼ ਸਾਹ ਆਉਣਾ, ਬੇਹੋਸ਼ੀ ਮਹਿਸੂਸ ਕਰਨਾ ਅਤੇ ਦਿਲ ਦੀ ਧੜਕਣ ਅਤੇ ਸਾਹ ਦਾ ਤੇਜ਼ ਹੋਣਾ ਪੈਨਿਕ ਅਟੈਕ ਦੇ ਲੱਛਣ ਹਨ।

**ਘਰੇਲੂ ਇਲਾਜ :**

1. ਕਿਸੇ ਵੀ ਵਿਸ਼ੇਸ਼ ਡਰ ਜਾਂ ਹਾਲਾਤ, ਦੀ ਚਿੰਤਾ ਦੇ ਕਾਰਨ ਨੂੰ ਪਛਾਣੋ ਅਤੇ ਇਸਦਾ ਸਾਹਮਣਾ ਕਰੋ। ਆਪਣੇ ਆਪ ਨੂੰ ਸਮਝਾਓ ਕਿ ਇਹ ਡਰ ਅਸਲ ਨਹੀਂ ਹਨ।
2. ਕਸਰਤ ਮਨ ਨੂੰ ਸ਼ਾਂਤ ਕਰਦੀ ਹੈ।
3. ਕੈਫ਼ੀਨ ਅਤੇ ਸਿਗਰਟ ਨਾ ਪੀਓ।
4. ਸ਼ਰਾਬ ਨਾ ਪੀਓ। ਸ਼ਰਾਬ ਕੁਝ ਸਮੇਂ ਲਈ ਤੁਹਾਡੇ ਅਹਿਸਾਸਾਂ ਨੂੰ ਦਬਾਉਂਦੀ ਹੈ, ਪਰ ਜਦੋਂ ਸ਼ਰਾਬ ਦਾ ਅਸਰ ਚਲਾ ਜਾਂਦਾ ਹੈ ਤਾਂ ਚਿੰਤਾ ਹੋਰ ਗੰਭੀਰ ਹੋ ਜਾਂਦੀ ਹੈ।




5. ਖ਼ੁਸ਼ ਰਹਿਣ ਲਈ ਆਪਣੇ ਆਪ ਨੂੰ ਵਿਅਸਤ ਰੱਖੋ।
6. ਚੰਗੀਆਂ ਕਿਤਾਬਾਂ ਪੜ੍ਹੋ।
7. ਆਪਣੇ ਵਿਸ਼ਵਾਸਯੋਗ ਦੋਸਤਾਂ ਨਾਲ ਆਪਣੀਆਂ ਚਿੰਤਾਵਾਂ ਬਾਰੇ ਗੱਲਬਾਤ ਕਰੋ। ਗੱਲਬਾਤ ਕਰਨ ਨਾਲ ਚਿੰਤਾ ਉੱਤੇ ਕਾਬੂ ਪਾਉਣ ਵਿੱਚ ਮੱਦਦ ਮਿਲਦੀ ਹੈ।
8. ਜ਼ਿਆਦਾ ਆਰਾਮ ਕਰੋ। ਜੇਕਰ ਤੁਹਾਨੂੰ ਸੌਣ ਵਿੱਚ ਤਕਲੀਫ਼ ਹੈ, ਤਾਂ 'ਉਨੀਂਦਰੇ' ਬਾਰੇ ਇਸ ਕਿਤਾਬ ਵਿੱਚ ਪੜ੍ਹੋ।
9. ਦੂਸਰਿਆਂ ਦੀ ਮੱਦਦ ਕਰਨ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ।
10. ਪਰਮਾਤਮਾ ਦੇ ਅੱਗੇ ਅਰਦਾਸ ਕਰੋ। ਧਾਰਮਿਕ ਵਿਅਕਤੀ ਚਿੰਤਾ ਉੱਤੇ ਦੂਜਿਆਂ ਨਾਲੋਂ ਜ਼ਿਆਦਾ ਚੰਗੀ ਤਰ੍ਹਾਂ ਕਾਬੂ ਪਾਉਂਦੇ ਹਨ। ਅਰਦਾਸ ਵਿੱਚ ਬਹੁਤ ਜ਼ਿਆਦਾ ਸ਼ਕਤੀ ਹੁੰਦੀ ਹੈ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਚਿੰਤਾ ਤੁਹਾਡੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਰੁਕਾਵਟ ਬਣਦੀ ਹੈ।
2. ਜੇਕਰ ਤੁਹਾਨੂੰ ਅਚਾਨਕ ਡਰ ਦਾ ਅਟੈਕ ਹੁੰਦਾ ਹੈ।
3. ਜੇਕਰ ਤੁਹਾਨੂੰ ਬਿਨਾਂ ਕਿਸੇ ਕਾਰਨ ਤੋਂ ਥਾਵਾਂ ਅਤੇ ਵਸਤਾਂ ਤੋਂ ਡਰ ਲੱਗੇ।
4. ਜੇਕਰ ਤੁਸੀਂ ਰਾਤ ਦੇ ਸੁਪਨਿਆਂ ਤੋਂ ਪੀੜਤ ਹੋ ਜਾਂ ਡਰ ਵਾਲੇ ਸੁਪਨਿਆਂ ਤੋਂ ਜਾਗ ਜਾਂਦੇ ਹੋ।
5. ਜੇਕਰ ਤੁਹਾਨੂੰ ਕੰਮਾਂ ਜਾਂ ਵਸਤਾਂ ਨੂੰ ਵਾਰ ਵਾਰ ਚੈੱਕ ਕਰਨ ਬਾਰੇ ਲੋੜ ਮਹਿਸੂਸ ਹੁੰਦੀ ਹੈ, ਜਿਵੇਂ ਕਿ ਵਾਰ ਵਾਰ ਹੱਥ ਧੋਣਾ, ਵਾਰ ਵਾਰ ਚੈੱਕ ਕਰਨਾ ਕਿ ਕੀ ਤੁਸੀਂ ਦਰਵਾਜ਼ੇ ਨੂੰ ਤਾਲਾ ਲਗਾ ਦਿੱਤਾ ਹੈ ਜਾਂ ਨਹੀਂ।

**ਡਿਪਰੈਸ਼ਨ**

ਡਿਪਰੈਸ਼ਨ ਇਲਾਜਯੋਗ ਹੈ, ਕਿਉਂਕਿ ਇਹ ਕਿਸੇ ਹੋਰ ਮੈਡੀਕਲ ਬਿਮਾਰੀ ਦੀ ਤਰ੍ਹਾਂ ਹੀ ਹੈ।

**ਕਾਰਨ :**

ਦਿਮਾਗ਼ ਵਿੱਚ ਹਾਰਮੋਨਾਂ ਦੇ ਅਸੰਤੁਲਨ ਕਾਰਨ ਡਿਪਰੈਸ਼ਨ ਹੁੰਦਾ ਹੈ, ਜੋ ਕਿ ਕੁਝ ਖ਼ਾਸ ਹਾਲਾਤ ਵਿੱਚ ਹੁੰਦਾ ਹੈ, ਜਿਵੇਂ ਕਿ :

1. ਬਹੁਤ ਦੇਰ ਤੋਂ ਲਗਾਤਾਰ ਮਾਨਸਿਕ ਤਣਾਓ।
2. ਕਿਸੇ ਨਜ਼ਦੀਕੀ ਦੀ ਮੌਤ।
3. ਬਹੁਤ ਗੰਭੀਰ ਬਿਮਾਰੀ।
4. ਨਸ਼ੇ ਲੈਣ ਦੀ ਆਦਤ।
5. ਬਹੁਤ ਜ਼ਿਆਦਾ ਸ਼ਰਾਬ ਪੀਣਾ।
6. ਡਿਪਰੈਸ਼ਨ ਦਾ ਪਰਿਵਾਰਿਕ ਪਿਛੋਕੜ।

**ਡਿਪਰੈਸ਼ਨ ਅਤੇ ਉਦਾਸੀ ਵਿੱਚ ਫ਼ਰਕ :**

ਉਦਾਸੀ ਆਪਣੇ ਆਪ ਵਿੱਚ ਡਿਪਰੈਸ਼ਨ ਨਹੀਂ ਹੈ। ਕੋਈ ਵੀ ਵਿਅਕਤੀ ਕਿਸੇ ਵੀ ਸਮੇਂ ਉਦਾਸੀ ਮਹਿਸੂਸ ਕਰ ਸਕਦਾ ਹੈ। ਇਹ ਇੱਕ ਆਮ ਗੱਲ ਹੈ, ਪਰ ਜੇ ਉਦਾਸੀ ਦੇ ਨਾਲ ਨਾਲ ਹੇਠ ਲਿਖਿਆਂ ਵਿੱਚੋਂ 4-5 ਲੱਛਣ ਵੀ ਹੋਣ ਤਾਂ ਇਹ ਡਿਪਰੈਸ਼ਨ ਦੀ ਬਿਮਾਰੀ ਹੋ ਸਕਦੀ ਹੈ :

1. ਆਪਣੇ ਆਪ ਨੂੰ ਨਿਕੰਮਾ ਜਾਂ ਦੋਸ਼ੀ ਮਹਿਸੂਸ ਕਰਨਾ।
2. ਵਾਰ ਵਾਰ ਆਤਮ-ਹੱਤਿਆ ਕਰਨ ਦੇ ਖ਼ਿਆਲ ਆਉਣੇ।
3. ਥਕਾਵਟ, ਨਲਦ ਦੀ ਬਿਮਾਰੀ ਅਤੇ ਸਰੀਰਕ ਦਰਦ।
4. ਕਿਸੇ ਵੀ ਕੰਮ ਕਰਨ ਵਿੱਚ ਰੁਚੀ ਨਾ ਹੋਣੀ।
5. ਭੁੱਖ ਦਾ ਘੱਟ ਲੱਗਣਾ।
6. ਇਕਾਗਰਤਾ ਜਾਂ ਯਾਦਾਸ਼ਤ ਦਾ ਘਟਣਾ।

**ਘਰੇਲੂ ਇਲਾਜ :**

1. ਆਪਣੇ ਪਰਿਵਾਰ ਜਾਂ ਵਿਸ਼ਵਾਸਯੋਗ ਮਿੱਤਰ ਨਾਲ ਆਪਣੀ ਨਿਰਾਸ਼ਾ ਬਾਰੇ ਗੱਲਬਾਤ ਕਰੋ।
2. ਆਪਣੇ ਆਪ ਨੂੰ ਕੰਮ ਵਿੱਚ ਰੁਝਾਅ ਕੇ ਰੱਖੋ।
3. ਨਿਰਾਸ਼ਾ ਦੇ ਕਾਰਨ ਪਤਾ ਲਗਾਉਣ ਦੀ ਕੋਸ਼ਿਸ਼ ਕਰੋ।
4. ਰੋਜ਼ਾਨਾ ਕਸਰਤ ਕਰੋ।
5. ਆਸ਼ਾਵਾਦੀ ਸੋਚ ਰੱਖੋ, ਆਸਵੰਦ ਵਿਅਕਤੀ ਨਿਰਾਸ਼ਾ 'ਤੇ ਕਾਬੂ ਪਾ ਸਕਦਾ ਹੈ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਪਾਕਿਸਤਾਨ ਤੋਂ ਡਰੋਨ ਰਾਹੀਂ ਮੰਗਵਾਈ 9.4 ਕਿਲੋ ਹੈਰੋਇਨ ਸਮੇਤ ਨਸ਼ਾ ਤਸਕਰ ਕਾਬੂ



ਫ਼ਿਰੋਜ਼ਪੁਰ : ਫ਼ਿਰੋਜ਼ਪੁਰ ਪੁਲਿਸ ਨੇ ਐਨ. ਡੀ. ਪੀ. ਐਸ. ਐਕਟ ਤਹਿਤ ਕਾਰਵਾਈ ਕਰਦਿਆਂ ਇਕ ਨਸ਼ਾ ਤਸਕਰ ਨੂੰ ਕਾਬੂ ਕਰਕੇ 9 ਕਿੱਲੋ 400 ਗਰਾਮ ਹੈਰੋਇਨ, 2.10 ਲੱਖ ਡਰੱਗ ਮਨੀ ਅਤੇ ਇਕ ਮੋਟਰਸਾਈਕਲ ਬਰਾਮਦ ਕੀਤਾ ਹੈ। ਜਦੋਂਕਿ ਉਸ ਦਾ ਦੂਜਾ ਸਾਥੀ ਹਨੇਰੇ ਦਾ ਫ਼ਾਇਦਾ ਉਠਾ ਕੇ ਮੌਕੇ ਤੋਂ ਫ਼ਰਾਰ ਹੋਣ ਵਿਚ ਸਫਲ ਹੋ ਗਿਆ। ਡਿਪਟੀ ਇੰਸਪੈਕਟਰ ਜਨਰਲ ਫ਼ਿਰੋਜ਼ਪੁਰ ਰੇਂਜ ਹਰਮਨਬੀਰ ਸਿੰਘ ਗਿੱਲ ਨੇ ਦੱਸਿਆ ਕਿ ਐਸ.ਪੀ (ਡੀ) ਮਨਜੀਤ ਸਿੰਘ ਤੇ ਡੀ.ਐਸ.ਪੀ (ਡੀ) ਦੀ ਨਿਗਰਾਨੀ ਹੇਠ ਸੀ.ਆਈ.ਏ ਸਟਾਫ਼ ਜ਼ੀਰਾ ਦੇ ਇੰਚਾਰਜ ਸਬ ਇੰਸਪੈਕਟਰ ਪਿੱਪਲ ਸਿੰਘ ਦੀ ਅਗਵਾਈ ਵਿਚ ਟੀਮ ਵਲੋਂ ਜ਼ੀਰਾ-ਸਨੇਰ ਸੜਕ 'ਤੇ ਪੈਂਦੇ ਨਹਿਰ ਦੇ ਪੁਲ 'ਤੇ ਕੀਤੀ ਨਾਕੇਬੰਦੀ ਦੌਰਾਨ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਮੋਟਰਸਾਈਕਲ ਦੇ ਪਿੱਛੇ ਬੈਠਾ ਵਿਅਕਤੀ ਆਪਣੇ ਹੱਥ ਵਿਚ ਫੜਿਆ ਕਾਲੇ ਰੰਗ ਦਾ ਬੈਗ ਸੁੱਟ ਕੇ ਮੌਕੇ ਤੋਂ ਹਨੇਰੇ ਦਾ ਫ਼ਾਇਦਾ ਲੈਂਦਿਆਂ ਫ਼ਰਾਰ ਹੋ ਗਿਆ। ਪੁਲਿਸ ਪਾਰਟੀ ਵਲੋਂ ਬੈਗ ਦੀ ਕੀਤੀ ਤਲਾਸ਼ੀ ਦੌਰਾਨ ਉਸ ਵਿਚੋਂ 9 ਕਿੱਲੋ 400 ਗਰਾਮ ਹੈਰੋਇਨ, 2 ਲੱਖ 10 ਹਜ਼ਾਰ ਰੁਪਏ ਡਰੱਗ ਮਨੀ ਬਰਾਮਦ ਹੋਈ। ਉਨ੍ਹਾਂ ਦੱਸਿਆ ਕਿ ਸੀ.ਆਈ.ਏ ਟੀਮ ਵਲੋਂ ਦੋਸ਼ੀ ਹਰਮੇਸ਼ ਸਿੰਘ ਉਰਫ਼ ਰਮੇਸ਼ ਕੱਟਾ ਪੁੱਤਰ ਮਾਤੂ ਰਾਮ ਵਾਸੀ ਨੇੜੇ ਮਾਤਾ ਦਾ ਮੰਦਿਰ, ਬਸਤੀ ਮਾਛੀਆਂ, ਥਾਣਾ ਸਿਟੀ ਜ਼ੀਰਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਜਦੋਂ ਕਿ ਮੌਕੇ ਤੋਂ ਫ਼ਰਾਰ ਹੋਏ ਉਸ ਦੇ ਸਾਥੀ ਅਜੇ ਪੁੱਤਰ ਵਿਜੇ ਕੁਮਾਰ ਵਾਸੀ ਬਸਤੀ ਮਾਛੀਆਂ ਥਾਣਾ ਸਿਟੀ ਜ਼ੀਰਾ ਦੀ ਗ੍ਰਿਫ਼ਤਾਰੀ ਲਈ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ। ਇਸ ਮੌਕੇ ਉਨ੍ਹਾਂ ਨਾਲ ਐਸ.ਐਸ.ਪੀ ਭੁਪਿੰਦਰ ਸਿੰਘ ਸਿੱਧੂ, ਐਸ.ਪੀ (ਡੀ) ਮਨਜੀਤ ਸਿੰਘ, ਐਸ.ਪੀ (ਸਥਾਨਕ) ਨਵੀਨ ਕੁਮਾਰ, ਡੀ.ਐਸ.ਪੀ (ਸਿਟੀ) ਸੁਖਵਿੰਦਰ ਸਿੰਘ, ਇੰਚਾਰਜ ਸੀ.ਆਈ.ਏ ਸਟਾਫ਼ ਜ਼ੀਰਾ ਸਬ ਇੰਸਪੈਕਟਰ ਪਿੱਪਲ ਸਿੰਘ ਆਦਿ ਮੌਜੂਦ ਸਨ।

# ਮੁੰਬਈ-ਹਜ਼ੂਰ ਸਾਹਿਬ ਨਾਂਦੇੜ ਵੰਦੇ ਭਾਰਤ ਐਕਸਪ੍ਰੈੱਸ ਸ਼ੁਰੂ

## ਮਹਾਰਾਸ਼ਟਰ ਦੇ ਸਿੱਖ ਭਾਈਚਾਰੇ ਨੂੰ ਇੱਕ ਹੋਰ ਵੱਡਾ ਤੋਹਫ਼ਾ : ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ

ਮੁੰਬਈ : ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਅਪੀਲ 'ਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਵਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਸਰਕਾਰੀ ਪੱਧਰ 'ਤੇ ਮਨਾਉਣ ਦੇ ਕੀਤੇ ਗਏ ਐਲਾਨ ਨਾਲ ਜਿੱਥੇ ਮਹਾਰਾਸ਼ਟਰ ਦਾ ਸਿੱਖ ਭਾਈਚਾਰਾ ਉਤਸ਼ਾਹ ਦੀ ਸਥਿਤੀ 'ਚ ਹੈ, ਉੱਥੇ ਹੀ ਕੇਂਦਰੀ ਰੇਲਵੇ ਮੰਤਰਾਲੇ ਨੇ ਮੁੰਬਈ ਤੋਂ ਹਜ਼ੂਰ ਸਾਹਿਬ ਨਾਂਦੇੜ ਤੱਕ ਵੰਦੇ ਭਾਰਤ ਐਕਸਪ੍ਰੈੱਸ ਚਲਾਉਣ ਦੀ ਇਜਾਜ਼ਤ ਦੇ ਕੇ ਗੁਰੂ ਨਾਨਕ ਨਾਮ ਲੇਵਾ ਸੰਗਤ ਤੇ ਮਹਾਰਾਸ਼ਟਰ ਦੇ ਸਿੱਖ ਭਾਈਚਾਰੇ ਨੂੰ ਇਕ ਹੋਰ ਵੱਡਾ ਤੋਹਫ਼ਾ ਦਿੱਤਾ ਹੈ। ਵੰਦੇ ਭਾਰਤ ਰੇਲਗੱਡੀ ਨੰਬਰ 20705 ਨਾਂਦੇੜ ਤੋਂ ਸਵੇਰੇ 5 ਵਜੇ ਰਵਾਨਾ ਹੋਵੇਗੀ ਤੇ ਦੁਪਹਿਰ 2.25 ਵਜੇ ਮੁੰਬਈ ਪਹੁੰਚੇਗੀ, ਜਦੋਂਕਿ ਰੇਲਗੱਡੀ ਨੰਬਰ 20706 ਮੁੰਬਈ ਤੋਂ ਦੁਪਹਿਰ 1.10 ਵਜੇ ਰਵਾਨਾ ਹੋਵੇਗੀ ਤੇ ਰਾਤ 10.50 ਵਜੇ ਨਾਂਦੇੜ ਪਹੁੰਚੇਗੀ। ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਤੇ ਕਿਹਾ ਕਿ ਇਹ ਮਹਾਰਾਸ਼ਟਰ ਤੇ ਪੂਰੇ ਭਾਰਤ ਦੇ ਸਿੱਖ ਭਾਈਚਾਰੇ ਲਈ ਬਹੁਤ ਮਾਣ ਤੇ ਖ਼ੁਸ਼ੀ ਦਾ ਪਲ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਫੜਨਵੀਸ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਦੇ ਸਿੱਖ ਭਾਈਚਾਰੇ ਲਈ ਇਕ ਨਵਾਂ ਅਧਿਆਇ ਸ਼ੁਰੂ ਹੋਇਆ ਹੈ। ਸਾਡੇ ਵਿਸ਼ਵਾਸ, ਇਤਿਹਾਸ ਤੇ ਯੋਗਦਾਨ ਨੂੰ ਉੱਚ ਪੱਧਰ 'ਤੇ ਮਾਨਤਾ ਦਿੱਤੀ ਜਾ ਰਹੀ ਹੈ। ਫੜਨਵੀਸ ਸਰਕਾਰ ਦੀ ਇਹ ਵਚਨਬੱਧਤਾ ਰਾਜ ਭਰ 'ਚ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਉੱਚਾ ਚੁੱਕੇਗੀ। ਉਨ੍ਹਾਂ ਕਿਹਾ ਕਿ ਇਸ ਹਾਈ-ਸਪੀਡ,



ਸੈਮੀ-ਬੁਲੇਟ ਟਰੇਨ ਵੰਦੇ ਭਾਰਤ ਐਕਸਪ੍ਰੈੱਸ ਸੇਵਾ ਦੀ ਸ਼ੁਰੂਆਤ ਸ਼ਰਧਾਲੂਆਂ, ਸੈਲਾਨੀਆਂ ਅਤੇ ਸਥਾਨਕ ਨਿਵਾਸੀਆਂ ਲਈ ਆਰਾਮ ਤੇ ਸੰਪਰਕ ਵਧਾਉਣ ਲਈ ਇਕ ਜੀਵਨ ਰੇਖਾ ਹੋਵੇਗੀ। ਜ਼ਿਕਰਯੋਗ ਹੈ ਕਿ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਵਾਲੇ ਇਕ ਵਫ਼ਦ ਨੇ 29 ਸਤੰਬਰ, 2024 ਨੂੰ ਹੋਏ ਗੁਰਮਤਿ ਸਮਾਗਮ ਦੌਰਾਨ ਫੜਨਵੀਸ ਨੂੰ ਇਕ ਮੰਗ ਪੱਤਰ ਸੌਂਪਿਆ, ਜਿਸ 'ਚ ਉਨ੍ਹਾਂ ਨੂੰ ਹਜ਼ੂਰ ਸਾਹਿਬ ਨਾਂਦੇੜ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੀ ਯਾਤਰਾ ਨੂੰ ਸੁਵਿਧਾਜਨਕ ਬਣਾਉਣ ਲਈ ਮੁੰਬਈ, ਨਵੀਂ ਮੁੰਬਈ, ਔਰੰਗਾਬਾਦ ਤੇ ਨਾਗਪੁਰ ਨੂੰ ਨਾਂਦੇੜ ਨਾਲ ਜੋੜਨ ਵਾਲੀ ਵੰਦੇ ਭਾਰਤ ਐਕਸਪ੍ਰੈੱਸ ਸੇਵਾ ਸ਼ੁਰੂ ਕਰਨ ਦੀ ਬੇਨਤੀ ਕੀਤੀ ਗਈ। ਇਸ 'ਤੇ ਤੁਰੰਤ ਕਾਰਵਾਈ ਕਰਦੇ ਹੋਏ, 11 ਅਕਤੂਬਰ, 2024 ਨੂੰ ਫੜਨਵੀਸ ਨੇ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਕੋਲ ਇਹ ਮਾਮਲਾ ਉਠਾਇਆ ਤੇ ਕਿਹਾ ਕਿ ਨਵੀਂ ਮੁੰਬਈ ਦਾ ਵਿਕਾਸ ਪਨਵੇਲ ਤੱਕ ਫੈਲ ਗਿਆ ਹੈ, ਜਿੱਥੇ ਸਿੱਖ ਭਾਈਚਾਰੇ ਦੀ ਵੱਡੀ ਆਬਾਦੀ ਹੈ। ਨਵੀਂ ਮੁੰਬਈ ਤੇ ਪਨਵੇਲ 'ਚ ਵਧਦੀ ਸਿੱਖ ਆਬਾਦੀ ਨੂੰ ਧਿਆਨ 'ਚ ਰੱਖਦੇ ਹੋਏ, ਉਨ੍ਹਾਂ ਔਰੰਗਾਬਾਦ, ਨਾਗਪੁਰ, ਨਾਂਦੇੜ ਤੇ ਉੱਤਰੀ ਭਾਰਤ ਨਾਲ ਰੇਲ ਸੰਪਰਕ ਵਧਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਤੇ ਸੁਪਰ-ਫਾਸਟ ਵੰਦੇ ਭਾਰਤ ਰੇਲ ਚਲਾਉਣ ਦੀ ਮੰਗ ਕੀਤੀ। ਇਸ ਦੌਰਾਨ ਨਵੀਂ ਮੁੰਬਈ ਦੇ ਗੁਰਦੁਆਰਿਆਂ ਦੀ ਸੁਪਰੀਮ ਕੌਂਸਲ ਦੇ ਚੇਅਰਮੈਨ ਤੇ 11 ਮੈਂਬਰੀ ਸਿੱਖ ਤਾਲਮੇਲ ਕਮੇਟੀ ਦੇ ਮੁਖੀ ਜਸਪਾਲ ਸਿੰਘ ਸਿੱਧੂ ਦੇ ਨਾਲ ਮਲਕੀਤ ਸਿੰਘ ਬਲ, ਚਰਨਦੀਪ ਸਿੰਘ ਹੈਪੀ, ਸਰਬਜੀਤ ਸਿੰਘ ਸੈਣੀ, ਸਰਬਜੀਤ ਸਿੰਘ ਸੰਧੂ ਤੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਰੇਲਵੇ ਮੰਤਰਾਲੇ ਵਲੋਂ ਵੰਦੇ ਭਾਰਤ ਐਕਸਪ੍ਰੈੱਸ ਨੂੰ ਮੁੰਬਈ-ਹਜ਼ੂਰ ਸਾਹਿਬ ਨਾਂਦੇੜ ਤੱਕ ਵਧਾਉਣ ਦੀ ਪ੍ਰਵਾਨਗੀ ਦੇਣ ਲਈ ਕੇਂਦਰ ਅਤੇ ਰਾਜ ਸਰਕਾਰਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਇਸ ਕਦਮ ਨਾਲ ਸਿੱਖ ਭਾਈਚਾਰੇ 'ਚ ਖ਼ੁਸ਼ੀ ਦੀ ਲਹਿਰ ਹੈ, ਕਿਉਂਕਿ ਹੁਣ ਉਨ੍ਹਾਂ ਲਈ ਸਿੱਖ ਧਰਮ ਦੇ ਪ੍ਰਮੁੱਖ ਤੀਰਥ ਸਥਾਨ ਹਜ਼ੂਰ ਸਾਹਿਬ ਦੀ ਯਾਤਰਾ ਕਰਨਾ ਆਸਾਨ ਹੋ ਜਾਵੇਗਾ।

# ਮਨੀਪੁਰ 'ਚੋਂ ਤਿੰਨ ਸੌ ਤੋਂ ਵੱਧ ਬੰਦੂਕਾਂ ਬਰਾਮਦ

## ਪੁਲਿਸ, ਸੀਏਪੀਐੱਫ ਅਤੇ ਫ਼ੌਜ ਦੀਆਂ ਸਾਂਝੀਆਂ ਟੀਮਾਂ ਨੇ ਕੀਤੀ ਕਾਰਵਾਈ



ਇੰਫਾਲ : ਮਨੀਪੁਰ ਵਿੱਚ ਸੁਰੱਖਿਆ ਬਲਾਂ ਨੇ ਇੰਫਾਲ ਘਾਟੀ ਦੇ ਪੰਜ ਜ਼ਿਲ੍ਹਿਆਂ ਤੋਂ 300 ਤੋਂ ਵੱਧ ਰਾਈਫਲਾਂ ਸਮੇਤ ਹੋਰ ਹਥਿਆਰ ਅਤੇ ਅਸਲਾ ਬਰਾਮਦ ਕੀਤਾ ਹੈ। ਅਧਿਕਾਰੀ ਨੇ ਦੱਸਿਆ ਕਿ ਮਨੀਪੁਰ ਪੁਲੀਸ, ਕੇਂਦਰੀ ਹਥਿਆਰਬੰਦ ਪੁਲੀਸ ਬਲ (ਸੀਏਪੀਐੱਫ) ਅਤੇ ਫ਼ੌਜ ਦੀਆਂ ਸਾਂਝੀਆਂ ਟੀਮਾਂ ਨੇ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਸ਼ੁੱਕਰਵਾਰ ਅਤੇ ਸ਼ਨਿਚਰਵਾਰ ਦੀ ਦਰਮਿਆਨੀ ਰਾਤ ਨੂੰ ਇਹ ਕਾਰਵਾਈ ਕੀਤੀ।

ਬਰਾਮਦ ਕੀਤੇ ਗਏ ਹਥਿਆਰਾਂ ਵਿੱਚ 151 ਐੱਸਐੱਲਆਰ, 65 ਆਈਐੱਨਐੱਸਏਐੱਸ ਰਾਈਫਲਾਂ, 73 ਹੋਰ ਰਾਈਫਲਾਂ, ਪੰਜ ਕਾਰਬਾਈਨਾਂ, ਦੋ ਐੱਮਪੀ5 ਬੰਦੂਕਾਂ, 12 ਲਾਈਟ ਮਸ਼ੀਨ ਗਨਜ਼, ਛੇ ਏਕੇ ਸੀਰੀਜ਼ ਰਾਈਫਲਾਂ, ਇੱਕ ਮੋਰਟਾਰ, ਛੇ ਪਿਸਤੌਲ, ਇੱਕ ਏਆਰ-15 ਅਤੇ ਦੋ ਫਲੇਅਰ ਗਨਜ਼ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਵਾਦੀ ਦੇ ਵੱਖ-ਵੱਖ ਜ਼ਿਲ੍ਹਿਆਂ ਇੰਫਾਲ ਪੂਰਬੀ, ਇੰਫਾਲ ਪੱਛਮੀ, ਬਿਸ਼ਨੂਪੁਰ, ਕਾਕਚਿੰਗ ਅਤੇ ਥੌਬਲ ਵਿੱਚ ਹਥਿਆਰਾਂ ਦੀ ਖੇਪ ਬਾਰੇ ਜਾਣਕਾਰੀ ਮਿਲਣ ਤੋਂ ਬਾਅਦ ਇਹ ਸਾਂਝੀ ਮੁਹਿੰਮ ਸ਼ੁਰੂ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਸੁਰੱਖਿਆ ਬਲਾਂ ਵੱਲੋਂ ਨਸਲੀ ਹਿੰਸਾ ਪ੍ਰਭਾਵਿਤ ਸੂਬੇ ਵਿੱਚ ਆਮ ਵਾਂਗ ਸਥਿਤੀ ਬਹਾਲ ਕਰਨ ਅਤੇ ਲੋਕਾਂ ਤੇ ਉਨ੍ਹਾਂ ਦੀ ਜਾਇਦਾਦ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅਜਿਹੀਆਂ ਕਾਰਵਾਈਆਂ ਭਵਿੱਖ ਵਿੱਚ ਵੀ ਜਾਰੀ ਰਹਿਣਗੀਆਂ। ਉਨ੍ਹਾਂ ਕਿਹਾ ਕਿ ਜੇ ਇਲਾਕੇ ਵਿੱਚ ਕਿਸੇ ਨੂੰ ਵੀ ਨਾਜਾਇਜ਼ ਹਥਿਆਰਾਂ ਜਾਂ ਸ਼ੱਕੀ ਗਤੀਵਿਧੀਆਂ ਬਾਰੇ ਪਤਾ ਲੱਗਦਾ ਹੈ ਤਾਂ ਤੁਰੰਤ ਨੇੜਲੇ ਥਾਣਿਆਂ ਵਿੱਚ ਸੰਪਰਕ ਕੀਤਾ ਜਾਵੇ।

# ਮਹਾਰਾਜਾ ਚਾਰਲਸ ਦੇ ਜਨਮ ਦਿਨ ਮੌਕੇ ਪੰਜਾਬੀਆਂ ਦਾ ਸ਼ਾਹੀ ਸਨਮਾਨ



ਪ੍ਰੋਫੈਸਰ ਜਗਤਾਰ ਸਿੰਘ ਸੀ. ਬੀ. ਈ., ਸੁਨੀਤਾ ਅਰੋੜਾ ਓ. ਬੀ. ਈ., ਸੁਦਰਸ਼ਨ ਸਿੰਘ ਚਾਨਾ ਐਮ. ਬੀ. ਈ. ਤੇ ਜਗਜੀਤ ਸਿੰਘ ਸੋਹਲ।

ਲੰਡਨ : ਮਹਾਰਾਜਾ ਚਾਰਲਸ ਦੇ ਜਨਮ ਦਿਨ ਮੌਕੇ ਵੱਖ-ਵੱਖ ਖੇਤਰਾਂ 'ਚ ਯੋਗਦਾਨ ਪਾਉਣ ਵਾਲੇ ਸਿੱਖਾਂ ਨੂੰ ਸ਼ਾਹੀ ਖ਼ਿਤਾਬਾਂ ਨਾਲ ਸਨਮਾਨਿਤ ਕੀਤਾ ਗਿਆ ਹੈ। ਸਨਮਾਨ ਸੂਚੀ 2025 ਵਿਚ ਜਨਤਕ ਜੀਵਨ ਵਿਚ ਇਨ੍ਹਾਂ ਸ਼ਖ਼ਸੀਅਤਾਂ ਦੇ ਪਾਏ ਸ਼ਾਨਦਾਰ ਯੋਗਦਾਨ ਲਈ ਮਾਨਤਾ ਦਿੱਤੀ ਗਈ ਹੈ, ਜਿਸ ਵਿਚ ਰਾਸ਼ਟਰੀ ਸਿਹਤ ਸੇਵਾਵਾਂ (ਐਨ. ਐਚ. ਐਸ.), ਸਿੱਖਿਆ, ਸਮਾਜ ਸੇਵਾ ਤੇ ਸੱਭਿਆਚਾਰਕ ਸੰਭਾਲ ਲਈ ਕੰਮ ਕਰਨ ਵਾਲੇ ਲੋਕ ਸ਼ਾਮਿਲ ਹਨ। ਪ੍ਰੋਫੈਸਰ ਜਗਤਾਰ ਸਿੰਘ ਨੂੰ ਕਈ ਦਹਾਕਿਆਂ ਰਾਸ਼ਟਰੀ ਸਿਹਤ ਸੇਵਾਵਾਂ (ਐਨ.ਐਚ.ਐਸ.) ਪ੍ਰਤੀ ਕੀਤੀਆਂ ਉਨ੍ਹਾਂ ਦੀਆਂ ਬੇਮਿਸਾਲ ਸੇਵਾਵਾਂ ਲਈ ਸੀ.ਬੀ.ਈ. ਦਾ ਸਨਮਾਨ ਦਿੱਤਾ ਹੈ। ਉਨ੍ਹਾਂ ਨੇ ਕਵੈਂਟਰੀ ਤੇ ਵਾਰਵਿਕਸ਼ਾਇਰ ਪਾਰਟਨਰਸ਼ਿੱਪ ਐਨ. ਐਚ. ਐਸ. ਟਰੱਸਟ ਵਿਚ ਪਰਿਵਰਤਨਸ਼ੀਲ ਤਬਦੀਲੀ ਦੀ ਅਗਵਾਈ ਕੀਤੀ, ਵਰਕਫੋਰਸ ਨੂੰ ਸ਼ਾਮਿਲ ਕਰਨ, ਸਿਹਤ ਅਸਮਾਨਤਾਵਾਂ ਨੂੰ ਘਟਾਉਣ ਅਤੇ ਵਿਭਿੰਨਤਾ ਨੂੰ ਅੱਗੇ ਵਧਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਤੋਂ ਪਹਿਲਾਂ ਉਹ ਓ.ਬੀ.ਈ. ਨਾਲ ਸਨਮਾਨਿਤ ਹਨ, ਉਹ 30 ਸਾਲਾਂ ਤੋਂ ਵੱਧ ਸਮੇਂ ਲਈ ਫਾਇਰ ਸਰਵਿਸ ਵਿਚ ਵੀ ਸੇਵਾ ਕਰ ਚੁੱਕੇ ਹਨ ਤੇ ਹਾਲ ਹੀ ਵਿਚ ਵਾਰਵਿਕ ਯੂਨੀਵਰਸਿਟੀ ਦੁਆਰਾ ਜਨਤਕ ਸੇਵਾ ਤੇ ਸਿਹਤ ਵਿਚ ਉਨ੍ਹਾਂ ਦੇ ਯੋਗਦਾਨ ਲਈ ਆਨਰੇਰੀ ਪ੍ਰੋਫੈਸਰ ਬਣਾਇਆ ਗਿਆ ਸੀ। ਸੁਨੀਤਾ ਅਰੋੜਾ ਨੂੰ ਚੈਰੀਟੇਬਲ ਸੈਕਟਰ ਤੇ ਪਰਉਪਕਾਰ ਲਈ ਉਨ੍ਹਾਂ ਦੀਆਂ ਸੇਵਾਵਾਂ ਲਈ ਓ.ਬੀ.ਈ. ਦਾ ਸਨਮਾਨ ਦਿੱਤਾ ਗਿਆ ਹੈ। ਅਰੋੜਾ ਚੈਰੀਟੇਬਲ ਫਾਊਂਡੇਸ਼ਨ ਰਾਹੀਂ, ਉਨ੍ਹਾਂ ਨੇ ਯੂ.ਕੇ. ਤੇ ਵਿਦੇਸ਼ਾਂ ਵਿਚ ਸਿੱਖਿਆ, ਸਿਹਤ ਸੰਭਾਲ ਤੇ ਮਾਨਵਤਾਵਾਦੀ ਰਾਹਤ ਦੇ ਪ੍ਰਾਜੈਕਟਾਂ ਲਈ ਸੇਵਾਵਾਂ ਦਿੱਤੀਆਂ ਹਨ। ਸੁਦਰਸ਼ਨ ਸਿੰਘ ਚਾਨਾ ਨੂੰ ਸੰਗੀਤ ਤੇ ਸਿੱਖ ਸੱਭਿਆਚਾਰ ਵਿਚ ਜੀਵਨ ਭਰ ਦੇ ਯੋਗਦਾਨ ਲਈ ਐਮ.ਬੀ.ਈ. ਨਾਲ ਸਨਮਾਨਿਤ ਕੀਤਾ ਗਿਆ ਹੈ। ਤਬਲੇ ਤੇ ਜੋੜੀ ਵਜਾਉਣ ਦੇ ਮਾਹਰ ਹਨ, ਉਨ੍ਹਾਂ ਨੇ ਚਾਰ ਸਾਲ ਦੀ ਉਮਰ ਤੋਂ ਸੰਗੀਤ ਦੀ ਸਿਖਲਾਈ ਲੈਣੀ ਸ਼ੁਰੂ ਕੀਤੀ ਤੇ ਪੰਜਾਬੀ ਜੋੜੀ ਪਰੰਪਰਾ ਨੂੰ ਸੁਰੱਖਿਅਤ ਰੱਖਦੇ ਹੋਏ ਬਨਾਰਸ ਘਰਾਣਾ ਸ਼ੈਲੀ ਦਾ ਅਧਿਅਨ ਕਰਨ ਵਿਚ ਇੱਕ ਦਹਾਕੇ ਤੋਂ ਵੱਧ ਸਮਾਂ ਬਿਤਾਇਆ। ਹਾਲ ਹੀ ਵਿਚ ਉਨ੍ਹਾਂ ਨੂੰ ਬਕਿੰਘਮ ਪੈਲਸ ਵਿਚ ਜੋੜੀ ਵਜਾਉਣ ਲਈ ਸੱਦਾ ਦਿੱਤਾ ਗਿਆ ਸੀ। ਉਹ ਵਿਸ਼ਵ ਪੱਧਰ 'ਤੇ ਵਿਦਿਆਰਥੀਆਂ ਨੂੰ ਵੀ ਸੰਗੀਤ ਸਿਖਾਉਂਦੇ ਹਨ। ਇਸ ਤੋਂ ਇਲਾਵਾ ਅਵਿੰਦਰਜੀਤ ਭਾਟੀਆ, ਮੁੱਖ ਨਰਸ, ਗਾਈਜ਼ ਐਂਡ ਸੇਂਟ ਥਾਮਸ ਐਨ. ਐਚ. ਐਸ. ਫਾਊਂਡੇਸ਼ਨ ਟਰੱਸਟ – ਐਨ. ਐਚ. ਐਸ. ਤੇ ਨਰਸਿੰਗ ਲਈ ਸੇਵਾਵਾਂ ਲਈ ਓ. ਬੀ. ਈ., ਰਣਜੀਤ ਸਿੰਘ, ਵਾਈਸ ਪ੍ਰਿੰਸੀਪਲ, ਹਲ ਕਾਲਜ ਨੂੰ ਸਿੱਖਿਆ ਖੇਤਰ ਵਿਚ ਸੇਵਾਵਾਂ ਲਈ ਓ. ਬੀ. ਈ. ਦਾ ਸਨਮਾਨ ਦਿੱਤਾ ਹੈ। ਕੈਪਟਨ ਜਗਜੀਤ ਸਿੰਘ ਸੋਹਲ, ਚੇਅਰ, ਵਿਸ਼ਵ ਯੁੱਧ ਸਿੱਖ ਮੈਮੋਰੀਅਲ ਫਾਊਂਡੇਸ਼ਨ ਵਲੋਂ ਕਾਮਨਵੈਲਥ ਸੈਨਿਕਾਂ ਦੀ ਯਾਦ ਵਿੱਚ ਕੀਤੇ ਕੰਮਾਂ ਲਈ ਓ. ਬੀ. ਈ. ਦਾ ਸਨਮਾਨ ਦਿੱਤਾ ਹੈ। ਇਸ ਤਰ੍ਹਾਂ ਮੋਹਨ ਸਿੰਘ ਕੁੰਡੀ, ਚੇਅਰ, ਸੇਫਟਨ ਕੇਅਰਸ ਸੈਂਟਰ ਨੂੰ ਸਮਾਜ ਸੇਵਾ ਲਈ ਐਮ. ਬੀ. ਈ. ਤੇ ਪ੍ਰੋਫੈਸਰ ਜਸਪਾਲ ਸਿੰਘ ਤੱਗੜ, ਯੂਨੀਵਰਸਿਟੀ ਆਫ ਨੌਟਿੰਘਮ ਨੂੰ ਜਨਰਲ ਪ੍ਰੈਕਟਿਸ ਅਤੇ ਸਿੱਖਿਆ ਲਈ ਐਮ. ਬੀ. ਈ. ਦਾ ਖ਼ਿਤਾਬ ਮਿਲਿਆ ਹੈ। ਚਾਕੂ ਵਿਰੋਧੀ ਅਪਰਾਧ ਮੁਹਿੰਮਕਾਰ ਪੂਜਾ ਕਾਂਡਾ ਨੂੰ ਓ. ਬੀ. ਈ., ਸ਼ਾਂਤੀ ਨਿਰਮਾਣ ਤੇ ਅੰਤਰ-ਧਰਮ ਸੰਵਾਦ ਸੇਵਾਵਾਂ ਲਈ ਡਾ. ਸਈਦ ਅਲੀ ਅੱਬਾਸ ਨੂੰ ਓ. ਬੀ. ਈ., ਔਰਤਾਂ, ਭਾਈਚਾਰੇ ਤੇ ਘਰੇਲੂ ਹਿੰਸਾ ਦੇ ਪੀੜਤਾਂ ਲਈ ਸੇਵਾਵਾਂ ਦੇਣ ਲਈ ਰੀਟਾ ਹਿਰਾਨੀ ਨੂੰ ਓ. ਬੀ. ਈ. ਦੇ ਸਨਮਾਨ ਦਿੱਤੇ। ਮਹਾਰਾਜਾ ਚਾਰਲਸ ਦੇ ਜਨਮ ਦਿਨ ਮੌਕੇ ਜਾਰੀ ਹੋਈ ਸ਼ਾਹੀ ਸਨਮਾਨ ਸੂਚੀ ਵਿਚ 30 ਭਾਰਤੀ ਸ਼ਾਮਿਲ ਹਨ।

# ਸ਼੍ਰੋਮਣੀ ਕਮੇਟੀ ਵੱਲੋਂ ਮਾਊਂਟ ਆਬੂ 'ਚ ਗੁਰਮਤਿ ਸਮਾਗਮ

## ਗੁਰੂ ਤੇਗ ਬਹਾਦਰ ਦੀ ਸ਼ਹੀਦੀ ਸ਼ਤਾਬਦੀ ਤੇ ਗੁਰੂ ਗੋਬਿੰਦ ਸਿੰਘ ਦੀ 350 ਸਾਲਾ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਸੀ ਸਮਾਗਮ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਤੇਗ ਬਹਾਦਰ ਦੇ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਗੁਰੂ ਨਾਨਕ ਦਰਸ਼ਨ ਮਾਊਂਟ ਆਬੂ (ਰਾਜਸਥਾਨ) ਵਿਚ ਤਿੰਨ ਦਿਨਾ ਗੁਰਮਤਿ ਸਮਾਗਮ ਕਰਵਾਇਆ ਗਿਆ। ਸ਼੍ਰੋਮਣੀ ਕਮੇਟੀ ਵਲੋਂ ਇਸ ਸਾਲ ਵਿਚ ਗੁਰੂ ਤੇਗ ਬਹਾਦਰ, ਭਾਈ ਮਤੀਦਾਸ, ਭਾਈ ਸਤੀਦਾਸ ਤੇ ਭਾਈ ਦਿਆਲਾ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਤੇ ਗੁਰੂ ਗੋਬਿੰਦ ਸਿੰਘ ਦੇ 350 ਸਾਲਾ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਸਮਾਗਮ ਦੇਸ਼ ਭਰ ਵਿਚ ਕਰਨ ਦੀ ਯੋਜਨਾ ਹੈ ਜਿਸ ਤਹਿਤ ਮਾਊਂਟ ਆਬੂ ਵਿਚ ਸਮਾਗਮ ਕੀਤਾ ਗਿਆ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਅਜੈਬ ਸਿੰਘ ਅਭਿਆਸੀ ਅਤੇ ਮੀਤ ਸਕੱਤਰ ਸੁਖਬੀਰ ਸਿੰਘ ਨੇ ਸ਼ਮੂਲੀਅਤ ਕੀਤੀ। ਅਖੰਡ ਪਾਠ ਦੇ ਭੋਗ ਮਗਰੋਂ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸੰਦੀਪ ਸਿੰਘ ਤੇ ਭਾਈ ਅਮਨਦੀਪ ਸਿੰਘ ਦੇ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ ਅਤੇ ਸਿੱਖ ਮਿਸ਼ਨ ਦੇ ਪ੍ਰਚਾਰਕ ਭਾਈ ਕੁਲਦੀਪ ਸਿੰਘ ਨੇ ਕਥਾ-ਵਿਚਾਰਾਂ ਕੀਤੀਆਂ। ਭਾਈ ਅਭਿਆਸੀ ਨੇ ਕਿਹਾ ਕਿ ਸਿੱਖ ਇਤਿਹਾਸ ਨਾਲ ਸਬੰਧਤ ਆ ਰਹੀਆਂ ਸ਼ਤਾਬਦੀਆਂ ਨੂੰ ਕੌਮੀ ਪੱਧਰ 'ਤੇ ਮਨਾਉਣ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਵੱਖ-ਵੱਖ ਪ੍ਰੋਗਰਾਮ ਉਲੀਕੇ ਗਏ ਹਨ। ਇਨ੍ਹਾਂ ਸਮਾਗਮਾਂ ਦਾ ਮਕਸਦ ਜਿਥੇ ਸਿੱਖੀ ਦਾ ਪ੍ਰਚਾਰ ਕਰਨਾ ਹੈ, ਉਥੇ ਹੀ ਸੰਗਤ ਅੰਦਰ ਆ ਰਹੀਆਂ ਸ਼ਤਾਬਦੀਆਂ ਬਾਰੇ ਜਾਗਰੂਕਤਾ ਪੈਦਾ ਕਰਨੀ ਵੀ ਹੈ। ਉਨ੍ਹਾਂ ਕਿਹਾ ਕਿ ਗੁਜਰਾਤ ਅਤੇ ਰਾਜਸਥਾਨ ਵਿਚ ਹੋਰ ਸਮਾਗਮਾਂ ਦੀਆਂ ਤਰੀਕਾਂ ਜਲਦ ਮਿੱਥ ਲਈਆਂ ਜਾਣਗੀਆਂ।

# ਸੁਖਬੀਰ ਦੀ ਅਗਵਾਈ 'ਚ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ : ਪਰਮਿੰਦਰ ਢੀਂਡਸਾ

## ਕਿਹਾ, ਭਰਤੀ ਕਮੇਟੀ ਦੇ ਕਾਰਜ ਨੂੰ ਪੂਰਾ ਕਰਨ ਲਈ ਦਿਨ-ਰਾਤ ਮਿਹਨਤ ਕਰ ਰਹੇ ਹਾਂ



ਚੰਡੀਗੜ੍ਹ : ਇਥੇ ਜਾਰੀ ਬਿਆਨ ਵਿਚ ਪਰਮਿੰਦਰ ਸਿੰਘ ਢੀਂਡਸਾ ਸਾਬਕਾ ਮੰਤਰੀ ਨੇ ਕਿਹਾ ਕਿ ਕਈ ਵੈੱਬ ਚੈਨਲ 'ਤੇ ਕਈ ਲੀਡਰਾਂ ਦੇ ਮੂੰਹੋਂ ਅਫ਼ਵਾਹਾਂ ਸੁਣੀਆਂ ਹਨ ਕਿ ਪਰਮਿੰਦਰ ਸਿੰਘ ਢੀਂਡਸਾ ਵੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਵਿਚ ਜਾ ਸਕਦੇ ਹਨ। ਮੈਂ ਸਪੱਸ਼ਟ ਕਰਦਾ ਹਾਂ ਕਿ ਇਹ ਖ਼ਬਰਾਂ ਬਿਲਕੁਲ ਨਿਰਾਧਾਰ ਤੇ ਨਿਰਮੂਲ ਹਨ। ਮੇਰੇ ਪਿਤਾ ਸ. ਸੁਖਦੇਵ ਸਿੰਘ ਢੀਂਡਸਾ ਦਾ ਇੱਕੋ ਹੀ ਸੁਪਨਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਤਕੜਾ ਤੇ ਮਜ਼ਬੂਤ ਹੋਵੇ ਅਤੇ ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਕਦੇ ਵੀ ਤਕੜਾ ਨਹੀਂ ਹੋ ਸਕਦਾ। ਸੋ ਮੈਂ ਆਪਣੇ ਪਿਤਾ ਦਾ ਸੁਪਨਾ ਪੂਰਾ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਤਕੜਾ ਕਰਨ ਲਈ ਜਿੰਦ ਜਾਨ ਲਾ ਦੇਵਾਂਗਾ ਪਰ ਸੁਖਬੀਰ ਦੀ ਅਗਵਾਈ ਵਿਚ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਕਿਉਂਕਿ ਸੁਖਬੀਰ ਸਿੰਘ ਬਾਦਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਕ ਹੁਕਮਨਾਮੇ ਦੀ ਉਲੰਘਣਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮੁਆਫ਼ੀ ਮੰਗਣ ਲਈ ਗਏ ਸਨ ਪਰ ਆਪਣੇ ਉੱਪਰ ਹੀ ਹੋਏ ਹੁਕਮਨਾਮੇ ਦੀ ਉਲੰਘਣਾ ਕਰਕੇ ਜਿੱਥੇ ਗੁਰੂ ਸਾਹਿਬ ਤੋਂ ਬੇਮੁੱਖ ਹੋ ਗਏ, ਜਿਸ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਦੇ ਮਨਾਂ ਵਿਚ ਵੀ ਗਹਿਰਾ ਰੋਸ ਹੈ ਕਿਉਂਕਿ ਕੋਈ ਸੱਚਾ ਸਿੱਖ ਹੁਕਮਨਾਮੇ ਦੀ ਉਲੰਘਣਾ ਕਰਨ ਬਾਰੇ ਸੋਚ ਵੀ ਨਹੀਂ ਸਕਦਾ। ਸੋ ਪੰਜ ਮੈਂਬਰੀ ਭਰਤੀ ਕਮੇਟੀ ਵਾਹਿਗੁਰੂ ਦੀ ਮਿਹਰ ਸਦਕਾ ਬੜੇ ਵਧੀਆ ਤਰੀਕੇ ਨਾਲ ਕੰਮ ਕਰ ਰਹੀ ਹੈ ਅਤੇ ਇਸ ਨਵੀਂ ਭਰਤੀ ਰਾਹੀਂ ਸ਼੍ਰੋਮਣੀ ਅਕਾਲੀ ਦਲ ਤਕੜਾ ਹੋ ਕੇ ਨਿਕਲੇਗਾ। ਮੇਰਾ ਕਣ-ਕਣ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੈ। ਸਾਡੇ ਪਰਿਵਾਰ 'ਤੇ ਔਖਾ ਸਮਾਂ ਆਉਣ ਦੇ ਬਾਵਜੂਦ ਮੈਂ ਤੇ ਢੀਂਡਸਾ ਸਾਹਿਬ ਦੇ ਸਾਰੇ ਸਾਥੀ ਪੰਜ ਮੈਂਬਰੀ ਭਰਤੀ ਕਮੇਟੀ ਦੀ ਭਰਤੀ ਦੇ ਸਹਿਯੋਗ ਲਈ ਦਿਨ ਰਾਤ ਲੱਗੇ ਹੋਏ ਹਾਂ ਅਤੇ ਭਰਤੀ ਕਮੇਟੀ ਦਾ ਸਾਥ ਦੇਣ ਵਿਚ ਕੋਈ ਕਸਰ ਨਹੀਂ ਛੱਡਾਂਗੇ।

# ਬੰਗਲਾਦੇਸ਼ 'ਚ ਟੈਗੋਰ ਦੇ ਜੱਦੀ ਘਰ ਨੂੰ ਢਾਹੁਣ ਵਿਰੁੱਧ ਦਿੱਲੀ 'ਚ ਪ੍ਰਦਰਸ਼ਨ

## ਭਾਜਪਾ ਦੇ ਸੂਬਾਈ ਪ੍ਰਧਾਨ ਸਣੇ ਕਈ ਆਗੂਆਂ ਨੂੰ ਪੁਲਿਸ ਨੇ ਹਿਰਾਸਤ 'ਚ ਲਿਆ; ਭਾਜਪਾ ਵਰਕਰਾਂ ਵੱਲੋਂ ਬੰਗਲਾਦੇਸ਼ ਹਾਈ ਕਮਿਸ਼ਨ ਦੇ ਦਫ਼ਤਰ ਵਿਚ ਵੜ੍ਹਨ ਦੀ ਕੋਸ਼ਿਸ਼



ਨਵੀਂ ਦਿੱਲੀ : ਦਿੱਲੀ ਭਾਜਪਾ ਪ੍ਰਧਾਨ ਵਰਿੰਦਰ ਸਚਦੇਵਾ ਦੀ ਅਗਵਾਈ ਹੇਠ ਪਾਰਟੀ ਵਰਕਰਾਂ ਨੇ ਬੰਗਲਾਦੇਸ਼ ਵਿੱਚ ਭਾਰਤ ਰਤਨ ਨੋਬਲ ਪੁਰਸਕਾਰ ਜੇਤੂ ਰਬਿੰਦਰ ਨਾਥ ਟੈਗੋਰ ਦੇ ਜੱਦੀ ਘਰ 'ਤੇ ਯੋਜਨਾਬੱਧ ਹਮਲੇ ਅਤੇ ਭੰਨਤੋੜ ਦੇ ਵਿਰੋਧ ਵਿੱਚ ਨਵੀਂ ਦਿੱਲੀ ਵਿੱਚ ਬੰਗਲਾਦੇਸ਼ ਹਾਈ ਕਮਿਸ਼ਨ ਵਿਖੇ ਵਿਰੋਧ ਪ੍ਰਦਰਸ਼ਨ ਕੀਤਾ। ਇਸ ਵਿਰੋਧ ਪ੍ਰਦਰਸ਼ਨ ਨੂੰ ਸ੍ਰੀ ਸਚਦੇਵਾ ਨੇ ਸੰਸਦ ਮੈਂਬਰ ਮਨੋਜ ਤਿਵਾੜੀ, ਰਾਮਵੀਰ ਸਿੰਘ ਬਿਧੂੜੀ ਅਤੇ ਯੋਗੇਂਦਰ ਚੰਦੋਲੀਆ ਦੇ ਨਾਲ ਸੰਬੋਧਨ ਕੀਤਾ। ਪ੍ਰਦਰਸ਼ਨਕਾਰੀ ਤੀਨ ਮੂਰਤੀ ਚੌਕ ਵਿਖੇ ਪ੍ਰਧਾਨ ਮੰਤਰੀ ਅਜਾਇਬ ਘਰ ਨੇੜੇ ਇਕੱਠੇ ਹੋਏ ਅਤੇ ਦੋ ਪੁਲੀਸ ਬੈਰੀਕੇਡ ਤੋੜ ਕੇ ਬੰਗਲਾਦੇਸ਼ ਹਾਈ ਕਮਿਸ਼ਨ ਦੇ ਦਫ਼ਤਰ ਵੱਲ ਚਲੇ ਗਏ। ਇੱਥੇ ਪੁਲੀਸ ਟੀਮ ਨੇ ਉਨ੍ਹਾਂ ਨੂੰ ਜ਼ਬਰਦਸਤੀ ਰੋਕਿਆ। ਪ੍ਰਦਰਸ਼ਨਕਾਰੀ ਉੱਥੇ ਹੀ ਧਰਨਾ ਲਾ ਕੇ ਬੈਠ ਗਏ। ਦਿੱਲੀ ਪੁਲੀਸ ਫਿਰ ਉਨ੍ਹਾਂ ਨੂੰ ਚਾਣਕਿਆਪੁਰੀ ਪੁਲੀਸ ਸਟੇਸ਼ਨ ਲੈ ਗਈ। ਲਗਪਗ ਅੱਧੇ ਘੰਟੇ ਬਾਅਦ, ਸਾਰਿਆਂ ਨੂੰ ਚਿਤਾਵਨੀ ਦੇਣ ਤੋਂ ਬਾਅਦ ਛੱਡ ਦਿੱਤਾ ਗਿਆ। ਇਸ ਮੌਕੇ ਪ੍ਰਦਰਸ਼ਨਕਾਰੀ ਰਬਿੰਦਰ ਨਾਥ ਟੈਗੋਰ ਦੀਆਂ ਤਸਵੀਰਾਂ ਵਾਲੀਆਂ ਤਖ਼ਤੀਆਂ ਫੜ ਕੇ ਨਾਅਰੇ ਲਗਾ ਰਹੇ ਸਨ ਕਿ ਹਿੰਦੋਸਤਾਨ ਭਾਰਤ ਰਤਨ ਰਬਿੰਦਰ ਨਾਥ ਟੈਗੋਰ ਦਾ ਅਪਮਾਨ ਬਰਦਾਸ਼ਤ ਨਹੀਂ ਕਰੇਗਾ। ਕਈ ਵਿਧਾਇਕਾਂ ਅਤੇ ਨਿਗਮ ਕੌਂਸਲਰਾਂ ਦੇ ਨਾਲ, ਰਾਜ ਦੇ ਆਗੂਆਂ ਸਣੇ ਵਰਕਰਾਂ ਨੇ ਹਿੱਸਾ ਲਿਆ। ਦਿੱਲੀ ਭਾਜਪਾ ਦੇ ਬੰਗਾਲ ਸੈੱਲ ਕਨਵੀਨਰ ਸ੍ਰੀ ਤਪਸ ਰਾਏ ਦੇ ਨਾਲ, ਬੰਗਾਲ ਤੋਂ ਆ ਕੇ ਦਿੱਲੀ ਵਿੱਚ ਵਸੇ ਬਹੁਤ ਸਾਰੇ ਨਾਗਰਿਕਾਂ ਨੇ ਵੀ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲਿਆ। ਪ੍ਰਸਿੱਧ ਗਾਇਕਾ ਸ੍ਰੀਮਤੀ ਸਪਨਾ ਚੌਧਰੀ ਨੇ ਵੀ ਅੱਜ ਦੇ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲਿਆ।

ਦਿੱਲੀ ਭਾਜਪਾ ਪ੍ਰਧਾਨ ਸ੍ਰੀ ਸਚਦੇਵਾ ਨੇ ਕਿਹਾ ਕਿ ਰਾਬਿੰਦਰਨਾਥ ਟੈਗੋਰ ਇੱਕ ਮਹਾਨ ਵਿਅਕਤੀ ਹਨ ਪਰ ਉਨ੍ਹਾਂ ਦੇ ਜੱਦੀ ਘਰ ਨੂੰ ਯੋਜਨਾਬੱਧ ਢੰਗ ਨਾਲ ਢਾਹੁਣਾ ਸਿਰਫ਼ ਇੱਕ ਹਮਲਾ ਨਹੀਂ ਹੈ ਸਗੋਂ ਇਹ ਬੰਗਾਲੀ ਸੱਭਿਆਚਾਰ 'ਤੇ ਹਮਲਾ ਹੈ। ਇਹ ਹਿੰਦੂ ਸੱਭਿਆਚਾਰ 'ਤੇ ਹਮਲਾ ਹੈ। ਉਨ੍ਹਾਂ ਕਿਹਾ ਕਿ ਬੰਗਾਲੀ ਸੱਭਿਆਚਾਰ ਗੀਤਾਂ, ਮਿੱਠੀਆਂ ਗੱਲਾਂ, ਕਲਾ ਅਤੇ ਸੱਭਿਆਚਾਰ ਦੀ ਗੱਲ ਕਰਦਾ ਹੈ ਪਰ ਜੇ ਕੋਈ ਇਸ ਦਾ ਅਪਮਾਨ ਕਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਭਾਰਤ ਦਾ ਹਰ ਵਿਅਕਤੀ ਆਪਣੀ ਆਵਾਜ਼ ਬੁਲੰਦ ਕਰੇਗਾ। ਰਾਮਵੀਰ ਸਿੰਘ ਬਿਧੂੜੀ ਨੇ ਕਿਹਾ ਕਿ ਰਾਬਿੰਦਰਨਾਥ ਟੈਗੋਰ ਅਜਿਹੇ ਵਿਅਕਤੀ ਸਨ ਜੋ ਕਿਸੇ ਵੀ ਤਰ੍ਹਾਂ ਦੀਆਂ ਸੀਮਾਵਾਂ ਵਿੱਚ ਬੱਝੇ ਨਹੀਂ ਸਨ। ਯੋਗੇਂਦਰ ਚੰਦੋਲੀਆ ਨੇ ਕਿਹਾ ਕਿ ਦਿੱਲੀ ਵਿੱਚ ਇਹ ਤਸਵੀਰ ਬੰਗਲਾਦੇਸ਼ ਦੇ ਹਿੰਦੂਆਂ ਨੂੰ ਤਾਕਤ ਦੇਵੇਗੀ। ਬੰਗਲਾਦੇਸ਼ ਵਿੱਚ ਟੈਗੋਰ ਦੇ ਜੱਦੀ ਘਰ 'ਤੇ ਜੋ ਹੋਇਆ ਇਹ ਹਮਲਾ ਦੱਸਦਾ ਹੈ ਕਿ ਅੱਜ ਉੱਥੇ ਹਿੰਦੂਆਂ ਦੀ ਕੀ ਹਾਲਤ ਹੈ।

# ਘਰੇ ਵੀ ਬੀਬੀ ਲੱਖ ਹਜ਼ਾਰੀ !



ਕਹਿਣ ਨੂੰ ਮੇਰੇ ਪਿੰਡ ਦੁਪਾਲਪੁਰ ਦੇ ਨਾਲ ਲਗਦੇ ਅਟਾਰੀ ਅਤੇ ਸ਼ੇਖੂ ਪੁਰ ਬਾਗ ਤਿੰਨ ਪਿੰਡ ਹਨ ਪਰ ਹੁਣ ਅਬਾਦੀ ਦੇ ਫੈਲਾਅ ਸਦਕਾ ਇਹ ਤਿੰਨੋਂ ਪਿੰਡ ਇਕ ਵੱਡਾ ਨਗਰ ਹੀ ਬਣ ਗਏ ਹਨ। ਇਸ ਕਰਕੇ ਭਰਾ ਬਿੱਕਰ ਸਿੰਘ ਸਾਬਕਾ ਸਰਪੰਚ ਸ਼ੇਖੂਪੁਰ ਨੂੰ ਮੈਂ ਆਪਣਾ ਗਰਾਈਂ ਹੀ ਮੰਨਦਾ ਹਾਂ। ਜਿਨ੍ਹਾਂ ਦੀ ਕਦਰਦਾਨੀ ਦਾ ਮੈਂ ਇੱਥੇ ਜ਼ਿਕਰ ਕਰ ਰਿਹਾ ਹਾਂ!

ਪਿਛਲੇ ਸਾਲ ਸੰਨ ਚੌਵੀ ਵਿਚ ਜਦ ਮੈਂ ਅਮਰੀਕਾ ਤੋਂ ਆਪਣੇ ਪਿੰਡ ਆਇਆ ਤਾਂ ਭਰਾ ਬਿੱਕਰ ਸਿੰਘ ਕਹਿੰਦਾ ਕਿ ਮੈਂ ਤੁਹਾਨੂੰ ਅਖਬਾਰਾਂ ਵਿਚ ਤਾਂ ਲੱਭ ਲੱਭ ਪੜ੍ਹਦਾ ਰਹਿਨਾਂ ਪਰ ਤੁਹਾਡੀ ਕੋਈ ਕਿਤਾਬ ਨਹੀਂ ਛਪੀ ? ਇਤਿਹਾਸਕ ਤੇ ਸਾਹਿਤਕ ਕਿਤਾਬਾਂ ਪੜ੍ਹਨ ਦੇ ਬਹੁਤ ਸ਼ੌਕੀਨ ਬਿੱਕਰ ਸਿੰਘ ਨੂੰ ਮੈਂ ਆਪਣੀ ਕਿਤਾਬ 'ਪੜ੍ਹਿਆ ਸੁਣਿਆ ਦੇਖਿਆ' ਦੇ ਆਇਆ।

ਹੁਣ ਜਦ ਮੈਂ ਸੰਨ ਪੱਚੀ ਵਿਚ ਫਿਰ ਪਿੰਡ ਆਇਆ ਹੋਇਆ ਹਾਂ ਤਾਂ ਇਕ ਦਿਨ ਇਹ ਵੀਰ ਮੈਨੂੰ ਸ਼ੇਖੂ ਪੁਰ ਦੀਆਂ ਦੁਕਾਨਾਂ ਮੋਹਰੇ ਮਿਲ ਪਿਆ। ਕਹਿੰਦਾ ਕਿਤਾਬ ਤਾਂ ਮੈਂ ਤੁਹਾਡੀ ਪੜ੍ਹ ਲਈ ਪਰ ਜਿਹੜੇ ਤਿੱਖੇ ਡੰਗ ਮਾਰਦੇ ਕਾਵਿ-ਵਿਅੰਗ ਬੈਂਤ ਜਾਂ ਕਬਿੱਤ ਤੁਸੀਂ ਹਰ ਹਫਤੇ ਅਖਬਾਰਾਂ ਵਿਚ ਲਿਖਦੇ ਹੋ,ਉਹ ਤਾਂ ਇਸ ਕਿਤਾਬ ਵਿਚ ਹੈ ਨੀ ?



ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
78146-92724


ਮੈਖਿਆ ਭਰਾ ਜੀ ਬੈਂਤ ਕਬਿੱਤਾਂ ਦਾ ਮਸਾਲਾ ਮੈਂ ਸਾਂਭਿਆ ਹੋਇਆ ਹੈ, ਉਮੀਦ ਹੈ ਕਿ ਜਲਦੀ ਇਕ ਅਲੱਗ ਕਿਤਾਬ ਛਪਵਾਵਾਂ। ਮੇਰੀ ਏਨੀ ਗੱਲ ਸੁਣਕੇ ਭਰਾ ਬਿੱਕਰ ਸਿੰਘ ਨੇ ਆਪਣੀ ਜੇਬ 'ਚ ਹੱਥ ਮਾਰਿਆ ਤੇ ਪੰਜ ਪੰਜ ਸੌ ਦੇ ਨੋਟ ਕੱਢ ਕੇ ਮੇਰੇ ਵੱਲ ਵਧਾਉਂਦਿਆਂ ਕਹਿੰਦਾ-

"ਉਸ ਕਿਤਾਬ ਲਈ ਆਹ ਲਉ ਮੇਰੇ ਵਲੋਂ ਪੰਜ ਹਜਾਰ ਰੁਪਏ, ਛਪਵਾਉ ਛੇਤੀ!"

ਹੱਕਾ-ਬੱਕਾ ਜਿਹਾ ਹੁੰਦਿਆਂ ਮੈਂ ਕਿਹਾ ਕਿ ਭਰਾ ਜੀ ਪਹਿਲੀ ਕਿਤਾਬ ਵੀ ਮੇਰੇ ਨਿਆਣਿਆਂ ਨੇ ਛਪਵਾਈ ਹੈ ਤੇ ਇਹ ਵੀ ਉਨ੍ਹਾਂ ਨੇ ਛਪਵਾ ਲੈਣੀ ਹੈ। ਤੁਹਾਡੀ ਕਦਰਦਾਨੀ ਲਈ ਬਹੁਤ ਬਹੁਤ ਧੰਨਵਾਦ ਪਰ ਇਹ ਮਾਇਆ ਤੁਸੀਂ ਰੱਖੋ, ਮੈਨੂੰ ਆ ਗਈ ਸਮਝੋ!

ਜਦ ਮੈਂ ਜ਼ੋਰ ਦੇ ਕੇ ਪੈਸੇ ਮੋੜਨ ਲੱਗਾ ਤਾਂ ਉਹ ਹੱਸਦਾ ਹੋਇਆ ਕਹਿੰਦਾ-

"ਮੈਨੂੰ ਵੀ ਆਪਣੇ ਨਿਆਣਿਆਂ ਵਰਗਾ ਛੋਟਾ ਭਰਾ ਹੀ ਸਮਝ ਲਉ ਫਿਰ ਜਥੇਦਾਰ ਜੀ!

ਕਾਫੀ ਚਿਰ ਮੋੜ-ਮੁੜਾਈਆ ਕਰਦਿਆਂ ਆਖਰ ਮੈਨੂੰ ਇਹ ਪ੍ਰੇਮ ਭੇਟ ਸਵੀਕਾਰ ਕਰਨੀ ਪਈ।

ਬਿੱਕਰ ਸਿੰਘ ਕੋਲ ਚਾਹ ਪੀਣ ਉਪਰੰਤ ਆਪਣੇ ਘਰ ਨੂੰ ਆਉਂਦਿਆਂ ਮੈਂ ਸੋਚ ਰਿਹਾ ਸਾਂ ਕਿ ਕਿਸੇ ਨਾ ਕਿਸੇ ਵਜਾਹ ਦੂਰ-ਪਾਰ ਪ੍ਰਸਿੱਧ ਹੋਏ ਵਿਅਕਤੀਆਂ ਲਈ ਆਪਣੇ ਨੱਗਰ ਖੇੜੇ ਤੋਂ ਅਜਿਹੀ ਪ੍ਰੇਮ ਭੇਟ ਮਿਲਣੀ ਵੱਡੇ ਮਾਣ ਵਾਲੀ ਗੱਲ ਹੁੰਦੀ ਹੈ। ਅਜਿਹੇ ਪ੍ਰਸਿੱਧੀ ਪ੍ਰਾਪਤ ਵਿਅਕਤੀਆਂ ਦੇ ਨੇੜਲੇ ਗਰਾਈਂ ਉਨ੍ਹਾਂ ਦੇ ਸੰਭਾਵੀ ਔਗਣਾ ਜਾਂ ਕਮੀਆਂ-ਪੇਸ਼ੀਆਂ ਬਾਰੇ ਜਾਣਦੇ ਹੁੰਦੇ ਹਨ। ਇਸੇ ਕਰਕੇ ਇਹ ਅਖਾਣ ਪ੍ਰਸਿੱਧ ਹੈ-ਅਖੇ ਬਾਹਰ ਬੀਬੀ ਲੱਖ ਹਜਾਰੀ ਘਰੇ ਬੀਬੀ ਕਰਮਾਂ ਦੀ ਮਾਰੀ!

ਪਰ ਹੁਣ ਮੈਂ ਆਪਦੇ ਘਰੇ ਵੀ 'ਲੱਖ ਹਜਾਰੀ' ਹੋ ਗਿਆ ਸਮਝੋ!

# ਸਿੱਧੂ ਮੂਸੇਵਾਲਾ 'ਤੇ ਬਣੀ ਦਸਤਾਵੇਜ਼ੀ ਨੂੰ ਲੈ ਕੇ ਅਗਲੀ ਸੁਣਵਾਈ 23 ਨੂੰ

## ਬੀਬੀਸੀ ਦੇ ਵਕੀਲ ਨੇ ਬਲਕੌਰ ਸਿੰਘ ਦੇ ਦਾਅਵਿਆਂ ਨੂੰ ਬੇਬੁਨਿਆਦ ਦੱਸਿਆ



ਮਾਨਸਾ : ਦਸਤਾਵੇਜ਼ੀ 'ਦਾ ਕਿਲਿੰਗ ਕਾਲ' ਦੀ ਰਿਲੀਜ਼ ਨੂੰ ਮਰਹੂਮ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦੇ ਪਰਿਵਾਰ ਵਲੋਂ ਅਦਾਲਤ ਵਿਚ ਚੁਣੌਤੀ ਦੇਣ ਤੋਂ ਬਾਅਦ ਅੱਜ ਬੀਬੀਸੀ ਨੇ ਮਾਨਸਾ ਦੀ ਅਦਾਲਤ ਵਿਚ ਆਪਣਾ ਪੱਖ ਰੱਖਦੇ ਹੋਏ ਗਾਇਕ ਦੇ ਪਿਤਾ ਬਲਕੌਰ ਸਿੰਘ ਵੱਲੋਂ ਕੀਤੇ ਦਾਅਵੇ ਨੂੰ ਅਯੋਗ ਠਹਿਰਾਇਆ ਹੈ। ਬੀਬੀਸੀ ਵਲੋਂ ਪੇਸ਼ ਐਡਵੋਕੇਟ ਬਲਵੰਤ ਸਿੰਘ ਭਾਟੀਆ ਨੇ ਅਦਾਲਤ ਵਿਚ ਕਿਹਾ ਕਿ ਮੂਸੇਵਾਲਾ 'ਤੇ ਬਣੀ ਦਸਤਾਵੇਜ਼ੀ ਬਾਰੇ ਗਾਇਕ ਦੇ ਪਰਿਵਾਰ ਵਲੋਂ ਜਤਾਏ ਇਤਰਾਜ਼ ਕਿਸੇ ਵੀ ਤਰ੍ਹਾਂ ਯੋਗ ਨਹੀਂ ਹੈ। ਇਸ 'ਤੇ ਅਦਾਲਤ ਨੇ ਅਗਲੀ ਸੁਣਵਾਈ 23 ਜੂਨ ਲਈ ਨਿਰਧਾਰਿਤ ਕੀਤੀ ਹੈ।

ਉਧਰ ਮੂਸੇਵਾਲਾ ਪਰਿਵਾਰ ਵੱਲੋਂ ਪੇਸ਼ ਵਕੀਲ ਸਤਿੰਦਰਪਾਲ ਸਿੰਘ ਮਿੱਤਲ ਨੇ ਕਿਹਾ ਉਹ ਅਗਲੀ ਸੁਣਵਾਈ ਮੌਕੇ ਮਾਣਯੋਗ ਅਦਾਲਤ ਵਿਚ ਆਪਣਾ ਜਵਾਬ ਦਾਖਲ ਕਰਨਗੇ। ਜ਼ਿਕਰਯੋਗ ਹੈ ਕਿ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਨੂੰ ਲੈ ਕੇ ਬਣੀ ਦਸਤਾਵੇਜ਼ੀ ਬਾਰੇ ਮੂਸੇਵਾਲਾ ਪਰਿਵਾਰ ਅਤੇ ਬੀਬੀਸੀ ਵਿਚਕਾਰ ਵਿਵਾਦ ਚੱਲਦਾ ਆ ਰਿਹਾ ਹੈ। ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਅਦਾਲਤ ਵਿਚ ਪਟੀਸ਼ਨ ਦਾਇਰ ਕਰਕੇ ਇਸ ਦਸਤਾਵੇਜ਼ੀ ਦੀ ਰਿਲੀਜ਼ 'ਤੇ ਰੋਕ ਲਾਉਣ ਦੀ ਮੰਗ ਕੀਤੀ ਸੀ, ਪਰ ਬੀਬੀਸੀ ਨੇ ਸਿੱਧੂ ਮੂਸੇਵਾਲਾ ਦੇ ਜਨਮ ਦਿਨ ਮੌਕੇ 11 ਜੂਨ ਦੀ ਸਵੇਰ ਨੂੰ ਦਸਤਾਵੇਜ਼ੀ ਯੂਟਿਊਬ 'ਤੇ ਦੋ ਹਿੱਸਿਆਂ ਵਿਚ ਰਿਲੀਜ਼ ਕਰ ਦਿੱਤੀ। ਹਾਲਾਂਕਿ ਪਹਿਲਾਂ ਇਹ ਦਸਤਾਵੇਜ਼ੀ ਉਸੇ ਦਿਨ ਬਾਅਦ ਦੁਪਹਿਰ ਮੁੰਬਈ ਵਿਚ ਰਿਲੀਜ਼ ਕੀਤੀ ਜਾਣੀ ਸੀ।

ਦੱਸ ਦੇਈਏ ਕਿ ਬਲਕੌਰ ਸਿੰਘ ਨੇ ਦਸਤਾਵੇਜ਼ੀ ਵਿਚ ਕੀਤੇ ਦਾਅਵਿਆਂ ਨੂੰ ਇਸ ਦੀ ਰਿਲੀਜ਼ ਤੋਂ ਪਹਿਲਾਂ ਹੀ ਰੱਦ ਕਰ ਦਿੱਤਾ ਸੀ। ਉਧਰ ਗੈਂਗਸਟਰ ਗੋਲਡੀ ਬਰਾੜ ਨੇ ਦਸਤਾਵੇਜ਼ੀ ਵਿਚ ਦਿੱਤੇ ਇਕ ਇੰਟਰਵਿਊ ਵਿਚ ਦਾਅਵਾ ਕੀਤਾ ਸੀ ਕਿ ਸਿੱਧੂ ਮੂਸੇਵਾਲਾ (ਹੁਣ ਜੇਲ੍ਹ ਵਿਚ ਬੰਦ) ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਸੰਪਰਕ ਵਿਚ ਸੀ ਤੇ ਉਸ ਨੂੰ ਕਥਿਤ ਵਟਸਐਪ 'ਤੇ ਸੁਨੇਹੇ ਭੇਜਦਾ ਸੀ।

# ਓਮਾਨ ਦੇ ਮਸਕਟ 'ਚ 2 ਮਹੀਨੇ ਬੰਦੀ ਬਣਾ ਕੇ ਰੱਖੀ ਲੁਧਿਆਣਾ ਦੀ ਮੁਟਿਆਰ ਸੁਰੱਖਿਅਤ ਘਰ ਪਰਤੀ

## ਰਾਜ ਸਭਾ ਮੈਂਬਰ ਬਾਬਾ ਸੀਚੇਵਾਲ ਦੇ ਦਖ਼ਲ ਸਦਕਾ ਵਾਪਸੀ ਹੋਈ ਸੰਭਵ; ਸੁਲਤਾਨਪੁਰ ਲੋਧੀ ਸਥਿ ਨਿਰਮਲ ਕੁਟੀਆ ਵਿਖੇ ਆਪਣੇ ਦੁੱਖਾਂ ਦੀ ਦਾਸਤਾਨ ਕੀਤੀ ਸਾਂਝੀ



ਜਲੰਧਰ : ਬਿਹਤਰ ਨੌਕਰੀ ਅਤੇ ਸੁਨਹਿਰੇ ਭਵਿੱਖ ਦੀ ਭਾਲ ਵਿਚ ਅਰਬ ਮੁਲਕ ਓਮਾਨ ਦੀ ਰਾਜਧਾਨੀ ਮਸਕਟ ਗਈ ਲੁਧਿਆਣਾ ਜ਼ਿਲ੍ਹੇ ਦੀ ਇੱਕ ਮੁਟਿਆਰ ਦੋ ਮਹੀਨਿਆਂ ਦੀ ਭਿਆਨਕ ਮੁਸੀਬਤ ਤੇ ਬਿਪਤਾ ਝੱਲਣ ਤੋਂ ਬਾਅਦ ਸੁਰੱਖਿਅਤ ਘਰ ਪਰਤ ਆਈ ਹੈ। ਉਸ ਨੇ ਸੁਲਤਾਨਪੁਰ ਲੋਧੀ ਸਥਿਤ ਨਿਰਮਲ ਕੁਟੀਆ ਵਿਖੇ ਆਪਣੇ ਦੁਖਦਾਈ ਤਜਰਬੇ ਸਾਂਝੇ ਕੀਤੇ।

ਆਪਣੇ ਦੁੱਖਾਂ ਦੀ ਦਾਸਤਾਨ ਸੁਣਾਉਂਦਿਆਂ ਉਸ ਨੇ ਕਿਹਾ ਕਿ ਜਿਨ੍ਹਾਂ ਹਾਲਾਤ ਦਾ ਉਸ ਨੇ ਸਾਹਮਣਾ ਕੀਤਾ, ਉਹ ਕਿਸੇ ਵੀ ਤਰ੍ਹਾਂ 'ਨਰਕ ਤੋਂ ਘੱਟ ਨਹੀਂ' ਸਨ। ਉਸ ਨੂੰ 30,000 ਤੋਂ 40,000 ਰੁਪਏ ਦੀ ਤਨਖਾਹ ਦੇ ਵਾਅਦੇ ਨਾਲ ਭਰਮਾਇਆ ਗਿਆ ਸੀ ਅਤੇ ਉਹ ਬੀਤੇ ਅਪਰੈਲ ਮਹੀਨੇ ਆਪਣੇ ਪਰਿਵਾਰ ਦੀਆਂ ਮਾਲੀ ਮੁਸ਼ਕਲਾਂ ਕਾਰਨ ਦੋ ਸਾਲਾਂ ਦੇ ਕਲੀਨਿਕਲ ਵਰਕ ਵੀਜ਼ੇ 'ਤੇ ਓਮਾਨ ਲਈ ਰਵਾਨਾ ਹੋਈ ਸੀ।

ਓਮਾਨ ਪੁੱਜਣ ਸਾਰ ਹੀ ਉਸ ਦਾ ਪਾਸਪੋਰਟ ਜ਼ਬਤ ਕਰ ਲਿਆ ਗਿਆ ਅਤੇ ਉਸ ਨੂੰ ਵਾਅਦੇ ਮੁਤਾਬਕ ਕਲੀਨਿਕਲ ਡਿਊਟੀਆਂ ਦੇਣ ਦੇ ਉਲਟ ਉਸ ਦੀ ਮਰਜ਼ੀ ਦੇ ਖ਼ਿਲਾਫ਼ ਗੈਰ-ਕਾਨੂੰਨੀ ਕੰਮ ਕਰਨ ਲਈ ਮਜਬੂਰ ਕੀਤਾ ਗਿਆ। ਉਸ ਨੇ ਦੱਸਿਆ ਕਿ ਵਿਰੋਧ ਕਰਨ ਉਤੇ ਉਸ ਨੂੰ ਵੇਚ ਦਿੱਤੇ ਜਾਣ ਜਾਂ ਮਾਰ ਦੇਣ ਦੀ ਧਮਕੀ ਦਿੱਤੀ ਗਈ ਸੀ ਅਤੇ ਉਸ ਨੂੰ ਬਹੁਤ ਹੀ ਅਣਮਨੁੱਖੀ ਹਾਲਾਤ ਵਿਚ ਰਹਿਣ ਲਈ ਮਜਬੂਰ ਹੋਣਾ ਪਿਆ।

ਉਸ ਨੂੰ ਲਗਾਤਾਰ ਅਤੇ ਘੱਟ ਭੋਜਨ ਉਤੇ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਤੇ ਆਰਾਮ ਵੀ ਬਹੁਤ ਘੱਟ ਕਰਨ ਦਿੱਤਾ ਜਾਂਦਾ ਸੀ। ਇਸ ਦੇ ਬਾਵਜੂਦ ਉਸ ਨੂੰ ਵਾਅਦੇ ਮੁਤਾਬਕ ਤਨਖਾਹ ਨਹੀਂ ਦਿੱਤੀ ਗਈ। ਇੱਥੋਂ ਤੱਕ ਕਿ ਉਹ ਆਪਣੇ ਨਾਲ ਜਿਹੜੇ ਪੈਸੇ ਲੈ ਕੇ ਗਈ ਸੀ, ਉਹ ਵੀ ਖੋਹ ਲਏ ਗਏ।

ਉਸ ਨੂੰ ਇਸ 'ਨਰਕ' ਤੋਂ ਛੁਟਕਾਰਾ ਉਦੋਂ ਮਿਲਿਆ ਜਦੋਂ ਇਸ ਮਾਮਲੇ ਵਿਚ ਰਾਜ ਸਭਾ ਮੈਂਬਰ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਦਖਲ ਦਿੱਤਾ ਅਤੇ ਵਿਦੇਸ਼ ਮੰਤਰਾਲੇ ਨਾਲ ਸੰਪਰਕ ਕੀਤਾ। ਇਸ ਪਿੱਛੋਂ ਬਾਬਾ ਸੀਚੇਵਾਲ ਦੇ ਯਤਨਾਂ ਸਦਕਾ ਉਸ ਨੂੰ ਸਫਲਤਾਪੂਰਵਕ ਘਰ ਵਾਪਸ ਲਿਆਂਦਾ ਜਾ ਸਕਿਆ।

# ਅੰਮ੍ਰਿਤਪਾਲ ਸਿੰਘ 'ਕਮਲ ਕੌਰ ਭਾਬੀ' ਦੀ ਹੱਤਿਆ ਮਗਰੋਂ ਯੂਏਈ ਭੱਜਿਆ

## ਪੁਲਿਸ ਨੇ ਮੁਲਜ਼ਮ ਨੂੰ ਵਾਪਸ ਭਾਰਤ ਲਿਆਉਣ ਲਈ ਅਮਲ ਸ਼ੁਰੂ ਕੀਤਾ



ਬਠਿੰਡਾ : ਨਿਹੰਗ ਅਮ੍ਰਿਤਪਾਲ ਸਿੰਘ ਮਹਿਰੋਂ ਸੋਸ਼ਲ ਮੀਡੀਆ ਇਨਫਲੂਐਂਸਰ ਕੰਚਨ ਕੁਮਾਰੀ ਉਰਫ਼ ਕਮਲ ਕੌਰ ਭਾਬੀ ਦੀ ਹੱਤਿਆ ਤੋਂ ਕੁਝ ਘੰਟੇ ਬਾਅਦ ਅੰਮ੍ਰਿਤਸਰ ਹਵਾਈ ਅੱਡੇ ਤੋਂ ਉਡਾਣ ਲੈ ਕੇ ਯੂਏਈ ਭੱਜ ਗਿਆ ਸੀ। ਇਹ ਦਾਅਵਾ ਬਠਿੰਡਾ ਦੀ ਐੱਸਐੱਸਪੀ ਅਮਨੀਤ ਕੌਂਡਲ ਨੇ ਕੀਤਾ ਹੈ। ਜ਼ਿਕਰਯੋਗ ਹੈ ਕਿ ਬਠਿੰਡਾ ਪੁਲੀਸ ਨੇ ਸ਼ਨਿੱਚਰਵਾਰ ਨੂੰ ਅੰਮ੍ਰਿਤਪਾਲ ਸਿੰਘ ਖਿਲਾਫ਼ ਲੁੱਕਆਊਟ ਸਰਕੂਲਰ ਜਾਰੀ ਕੀਤਾ ਸੀ ਕਿਉਂਕਿ ਪੁਲੀਸ ਨੂੰ ਸ਼ੱਕ ਸੀ ਕਿ ਉਹ ਵਿਦੇਸ਼ ਭੱਜਣ ਦੀ ਕੋਸ਼ਿਸ਼ ਕਰ ਸਕਦਾ ਹੈ।

ਕੌਂਡਲ ਨੇ ਕਿਹਾ, "ਜਦੋਂ ਅਸੀਂ ਅੰਮ੍ਰਿਤਪਾਲ ਦੇ ਪਾਸਪੋਰਟ ਵੇਰਵੇ ਪ੍ਰਾਪਤ ਕੀਤੇ ਅਤੇ ਉਸ ਦੇ ਯਾਤਰਾ ਰਿਕਾਰਡ ਦੀ ਜਾਂਚ ਕੀਤੀ, ਤਾਂ ਸਾਨੂੰ ਪਤਾ ਲੱਗਾ ਕਿ ਉਹ ਕੰਚਨ ਦੀ ਹੱਤਿਆ ਕਰਨ ਤੋਂ ਬਾਅਦ ਯੂਏਈ ਭੱਜ ਗਿਆ ਸੀ। ਅਸੀਂ ਹੁਣ ਉਸ ਦੀ ਯੂਏਈ ਤੋਂ ਡਿਪੋਰਟੇਸ਼ਨ ਲਈ ਕਾਗਜ਼ੀ ਕਾਰਵਾਈ ਸ਼ੁਰੂ ਕਰ ਰਹੇ ਹਾਂ। ਅਸੀਂ ਉੱਥੋਂ ਦੇ ਅਧਿਕਾਰੀਆਂ ਨੂੰ ਸੂਚਿਤ ਕੀਤਾ ਹੈ ਕਿ ਉਹ ਇੱਥੇ ਇੱਕ ਕਤਲ ਕੇਸ ਵਿੱਚ ਲੋੜੀਂਦਾ ਹੈ।"

ਪੁਲਿਸ ਨੇ ਦਾਅਵਾ ਕੀਤਾ ਕਿ ਅੰਮ੍ਰਿਤਪਾਲ ਦੇ ਦੋ ਹੋਰ ਸਾਥੀਆਂ- ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਸੋਹਲ ਦੇ ਰਣਜੀਤ ਸਿੰਘ ਅਤੇ ਇੱਕ ਅਣਪਛਾਤੇ ਵਿਅਕਤੀ - ਨੂੰ ਐੱਫਆਈਆਰ ਵਿੱਚ ਨਾਮਜ਼ਦ ਕੀਤਾ ਗਿਆ ਹੈ। ਐੱਸਐੱਸਪੀ ਨੇ ਕਿਹਾ, "ਉਨ੍ਹਾਂ ਨੇ ਅੰਮ੍ਰਿਤਪਾਲ ਨੂੰ ਅਪਰਾਧ ਕਰਨ ਤੋਂ ਬਾਅਦ ਇੱਕ ਕਾਰ ਵਿੱਚ ਭੱਜਣ 'ਚ ਮਦਦ ਕੀਤੀ। ਉਨ੍ਹਾਂ ਨੂੰ ਫੜਨ ਦੀਆਂ ਕੋਸ਼ਿਸ਼ਾਂ ਵੀ ਜਾਰੀ ਹਨ। ਸਾਨੂੰ ਇਹ ਜਾਣਕਾਰੀ ਅੰਮ੍ਰਿਤਪਾਲ ਦੇ ਦੋ ਸਾਥੀਆਂ ਨਿਮਰਤਜੀਤ ਸਿੰਘ ਅਤੇ ਜਸਪ੍ਰੀਤ ਸਿੰਘ ਤੋਂ ਪੁੱਛਗਿੱਛ ਦੌਰਾਨ ਮਿਲੀ, ਜਿਨ੍ਹਾਂ ਦਾ ਦੋ ਦਿਨਾ ਰਿਮਾਂਡ ਅੱਜ ਖਤਮ ਹੋ ਰਿਹਾ ਹੈ। ਅਸੀਂ ਉਨ੍ਹਾਂ ਤੋਂ ਪੁੱਛਗਿੱਛ ਲਈ ਹੋਰ ਪੁਲੀਸ ਹਿਰਾਸਤ ਦੀ ਮੰਗ ਕਰਾਂਗੇ।"

ਐੱਸਐੱਸਪੀ ਨੇ ਖੁਲਾਸਾ ਕੀਤਾ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਅੰਮ੍ਰਿਤਪਾਲ ਨੇ ਤਿੰਨ ਮਹੀਨੇ ਪਹਿਲਾਂ ਕਤਲ ਦੀ ਯੋਜਨਾ ਬਣਾਈ ਸੀ। ਉਸਨੇ ਆਪਣੇ ਦੋ ਸਾਥੀਆਂ ਨਾਲ ਮਿਲ ਕੇ ਲੁਧਿਆਣਾ ਵਿੱਚ ਵੀ ਜਾਸੂਸੀ ਕੀਤੀ ਸੀ। ਪੁਲੀਸ ਅਧਿਕਾਰੀ ਨੇ ਅੱਗੇ ਕਿਹਾ, "ਮ੍ਰਿਤਕਾ ਲੁਧਿਆਣਾ ਦੀ ਰਹਿਣ ਵਾਲੀ ਸੀ, ਅਤੇ ਅੰਮ੍ਰਿਤਪਾਲ ਅਤੇ ਉਸ ਦੇ ਸਾਥੀ ਸਹੀ ਰੇਕੀ ਕਰਨ ਲਈ ਉਸ ਦੀ ਰਿਹਾਇਸ਼ ਦੇ ਨੇੜੇ ਇੱਕ ਹੋਟਲ ਵਿੱਚ ਵੀ ਠਹਿਰੇ ਸਨ।" ਹੁਣ ਤੱਕ ਇਸ ਮਾਮਲੇ ਵਿੱਚ ਕੁੱਲ ਪੰਜ ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ 'ਤੇ ਸਬੂਤ ਨਸ਼ਟ ਕਰਨ ਦਾ ਵੀ ਦੋਸ਼ ਲਗਾਇਆ ਗਿਆ ਹੈ।

ਜ਼ਿਕਰਯੋਗ ਹੈ ਕਿ ਕੰਚਨ ਦੀ ਸੜੀ ਹੋਈ ਲਾਸ਼ ਸ਼ੁੱਕਰਵਾਰ ਰਾਤ ਨੂੰ ਬਠਿੰਡਾ-ਚੰਡੀਗੜ੍ਹ ਹਾਈਵੇਅ 'ਤੇ ਆਦੇਸ਼ ਯੂਨੀਵਰਸਿਟੀ ਦੇ ਬਾਹਰ ਖੜ੍ਹੀ ਇੱਕ ਕਾਰ ਦੀ ਪਿਛਲੀ ਸੀਟ ਤੋਂ ਮਿਲੀ ਸੀ।

# 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਾ ਤਸਕਰਾਂ ਦੀਆਂ ਨਾਜਾਇਜ਼ ਇਮਾਰਤਾਂ ਢਾਹੀਆਂ



ਬਠਿੰਡਾ : ਸਰਕਾਰ ਵਲੋਂ ਸ਼ੁਰੂ ਕੀਤੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ ਤਹਿਤ ਅੱਜ ਇਥੇ ਧੋਬੀਆਣਾ ਬਸਤੀ ਵਿਖੇ ਨਸ਼ਾ ਤਸਕਾਰਾਂ ਵਲੋਂ ਬਣਾਈਆਂ ਗਈਆਂ 2 ਨਜਾਇਜ਼ ਇਮਾਰਤਾਂ ਨੂੰ ਸਿਵਲ ਅਤੇ ਪੁਲੀਸ ਪ੍ਰਸ਼ਾਸਨ ਵਲੋਂ ਢਹਿ-ਢੇਰੀ ਕੀਤਾ ਗਿਆ। ਇਸ ਮੌਕੇ ਐਸਪੀ ਸਿਟੀ ਨਰਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਤਹਿਤ ਜ਼ਿਲ੍ਹੇ ਵਿੱਚ ਵਿਆਪਕ ਪੱਧਰ 'ਤੇ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਐਸਪੀ ਸਿਟੀ ਨੇ ਮੀਡੀਆਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜੋਤੀ ਪਤਨੀ ਗੁਰਪ੍ਰੀਤ ਸਿੰਘ ਉਰਫ ਬਾਂਗੀ ਅਤੇ ਰਾਜੂ ਕੌਰ ਪਤਨੀ ਜਸਵੰਤ ਸਿੰਘ ਉਰਫ ਰਿੰਕਪਾਲ ਸਿੰਘ ਵਾਸੀਆਨ ਗਲੀ ਨੰਬਰ 1 ਨੇੜੇ ਠੇਕਾ ਧੋਬੀਆਣਾ ਬਸਤੀ ਬਠਿੰਡਾ ਵੱਲੋਂ ਗੈਰ ਕਾਨੂੰਨੀ ਢੰਗ ਨਾਲ ਇਮਾਰਤਾਂ ਬਣਾਈਆਂ ਗਈਆਂ ਸਨ। ਉਨ੍ਹਾਂ ਦੱਸਿਆ ਕਿ ਸਮਰੱਥ ਅਥਾਰਟੀ ਡਿਪਟੀ ਕਮਿਸ਼ਨਰ-ਕਮ-ਮੈਜਿਸਟਰੇਟ ਵੱਲੋਂ ਜੋਤੀ ਵੱਲੋਂ ਨਜਾਇਜ ਤੌਰ 'ਤੇ ਬਣਾਇਆ ਗਿਆ ਮਕਾਨ 75 ਵਰਗ ਗਜ਼ ਤੇ ਰਾਜੂ ਕੌਰ ਦਾ ਮਕਾਨ 100 ਗਜ਼ ਢਾਹੁਣ ਮੌਕੇ ਪੁਲੀਸ ਸੁਰੱਖਿਆ ਪ੍ਰਬੰਧ ਕਰਨ ਲਈ ਹਦਾਇਤਾਂ ਪ੍ਰਾਪਤ ਹੋਈਆਂ ਸਨ, ਜਿਸ ਤੋਂ ਬਾਅਦ ਸਿਵਲ ਪ੍ਰਸ਼ਾਸ਼ਨ ਵੱਲੋਂ ਕਾਰਵਾਈ ਕਰਦਿਆਂ ਇਸ ਇਮਾਰਤ ਨੂੰ ਢਾਹ ਦਿੱਤਾ ਗਿਆ।

ਇਸ ਮੌਕੇ ਐਸਡੀਐਮ ਬਠਿੰਡਾ ਬਲਕਰਨ ਸਿੰਘ ਮਾਹਲ ਨੇ ਦੱਸਿਆ ਕਿ ਇਨ੍ਹਾਂ ਇਮਾਰਤਾਂ ਨੂੰ ਢਾਹੁਣ ਲਈ ਜੋਤੀ ਤੇ ਰਾਜੂ ਨੂੰ ਕਈ ਵਾਰ ਨੋਟਿਸ ਵੀ ਦਿੱਤੇ ਗਏ ਸਨ, ਪਰ ਕਾਬਜ਼ਾਂ ਵੱਲੋਂ ਇਸ ਜਗ੍ਹਾ ਨੂੰ ਖਾਲੀ ਨਾ ਕਰਨ ਕਰਕੇ ਇੱਥੇ ਬੁਲਡੋਜ਼ਰ ਕਾਰਵਾਈ ਕੀਤੀ ਗਈ ਹੈ।

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com

# ਇਜ਼ਰਾਇਲ-ਇਰਾਨ ਦੀ ਜੰਗ 'ਚ ਤੀਸਰੀ ਵਿਸ਼ਵ ਜੰਗ ਦਾ ਖਤਰਾ

## ਅਮਰੀਕੀ ਫੌਜ ਕਿਸੇ ਵੇਲੇ ਵੀ ਕਰ ਸਕਦੀ ਹੈ ਇਰਾਨ 'ਤੇ ਹਮਲਾ

## ਇਜ਼ਰਾਇਲ ਵਲੋਂ ਇਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਮੇਨੀ ਨੂੰ ਖਤਮ ਕਰਨ ਦੀ ਧਮਕੀ





ਤੇਲ ਅਵੀਵ : ਇਰਾਨ ਨੇ ਇਜ਼ਰਾਈਲ ਨਾਲ ਲਗਾਤਾਰ ਚਲ ਲੜਾਈ ਵਿਚਕਾਰ ਵਿਦੇਸ਼ੀ ਨਾਗਰਿਕਾਂ ਨੂੰ ਦੇਸ਼ ਛੱਡਣ ਦੀ ਇਜ਼ਾਜਤ ਦੇ ਦਿੱਤੀ ਹੈ। ਭਾਰਤ ਨੇ ਆਪਣੇ ਵਿਦਿਆਰਥੀਆਂ ਨੂੰ ਕੱਢਣ ਲਈ ਇਰਾਨ ਵਿਚ ਅਰਮੇਨੀਆ ਦੇ ਰਾਜਦੂਤ ਨਾਲ ਗੱਲ ਕੀਤੀ ਹੈ। ਵਿਦਿਆਰਥੀਆਂ ਨੂੰ ਅਰਮੇਨੀਆ ਸਰਹੱਦ 'ਤੇ ਨੋਰੂਦੂਜ਼ ਚੌਕੀ ਤੋਂ ਬੱਸਾਂ ਰਾਹੀਂ ਕੱਢਿਆ ਜਾਵੇਗਾ। ਈਰਾਨ ਵਿਚ 1500 ਵਿਦਿਆਰਥੀਆਂ ਸਮੇਤ ਲਗਭਗ 10,000 ਭਾਰਤੀ ਫਸੇ ਹੋਏ ਹਨ। ਇਰਾਨ ਦੇ ਵਿਦੇਸ਼ ਮੰਤਰਾਲਾ ਨੇ ਕਿਹਾ ਹੈ ਕਿ ਮੌਜੂਦਾ ਸਥਿਤੀ ਵਿਚ ਭਾਵੇਂ ਦੇਸ਼ ਦੇ ਹਵਾਈ ਅੱਡੇ ਬੰਦ ਹਨ ਪਰ ਜ਼ਮੀਨੀ ਸਰਹੱਦਾਂ ਖੁੱਲ੍ਹੀਆਂ ਹਨ।

ਇਜ਼ਰਾਈਲ ਤੇ ਇਰਾਨ ਦਰਮਿਆਨ ਟਕਰਾਅ ਜਾਰੀ ਹੈ। ਜੰਗ ਰੋਕਣ ਲਈ ਦਿੱਤੇ ਸੱਦੇ ਦੇ ਬਾਵਜੂਦ ਦੋਵਾਂ ਮੁਲਕਾਂ ਨੇ ਇਕ ਦੂਜੇ ਉੱਤੇ ਮਿਜ਼ਾਈਲ ਹਮਲੇ ਕੀਤੇ ਤੇ ਕੋਈ ਵੀ ਪਿੱਛੇ ਹਟਣ ਲਈ ਤਿਆਰ ਨਹੀਂ ਹੈ। ਇਰਾਨ ਨੇ ਕਿਹਾ ਕਿ ਇਜ਼ਰਾਈਲ ਨੇ ਉਸ ਦੀਆਂ ਤੇਲ ਰਿਫਾਇਨਰੀਆਂ 'ਤੇ ਹਮਲਾ ਕੀਤਾ, ਉਸ ਦੇ ਨੀਮ ਫੌਜੀ ਰੈਵੋਲਿਊਸ਼ਨਰੀ ਗਾਰਡ ਦੇ ਖੁਫੀਆ ਮੁਖੀ ਅਤੇ ਦੋ ਹੋਰ ਜਰਨੈਲਾਂ ਨੂੰ ਮਾਰ ਦਿੱਤਾ ਅਤੇ ਹਵਾਈ ਹਮਲਿਆਂ ਨਾਲ ਵਸੋਂ ਵਾਲੇ ਕੇਂਦਰਾਂ ਨੂੰ ਨਿਸ਼ਾਨਾ ਬਣਾਇਆ। ਇਜ਼ਰਾਈਲ ਵੱਲੋਂ ਸ਼ੁੱਕਰਵਾਰ ਤੋਂ ਸ਼ੁਰੂ ਕੀਤੇ ਹਮਲਿਆਂ ਵਿਚ ਹੁਣ ਤੱਕ 224 ਵਿਅਕਤੀਆਂ ਦੀ ਜਾਨ ਜਾਂਦੀ ਰਹੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਹਮਲਿਆਂ ਵਿਚ ਜ਼ਖ਼ਮੀ ਹੋਏ ਫੌਜੀ ਅਧਿਕਾਰੀਆਂ ਅਤੇ ਨਾਗਰਿਕਾਂ ਦੀ ਗਿਣਤੀ 1,277 ਦੇ ਕਰੀਬ ਹੈ।

ਇਜ਼ਰਾਈਲ, ਜਿਸ ਨੇ ਇਰਾਨ ਦੇ ਤੇਜ਼ੀ ਨਾਲ ਵਧਣੇ ਪ੍ਰਮਾਣੂ ਪ੍ਰੋਗਰਾਮ ਤੇ ਫੌਜੀ ਲੀਡਰਸ਼ਿਪ 'ਤੇ ਆਪਣੀਆਂ ਮਿਜ਼ਾਈਲਾਂ ਦਾਗੀਆਂ ਹਨ, ਨੇ





ਕਿਹਾ ਕਿ ਇਰਾਨ ਨੇ ਸ਼ੁੱਕਰਵਾਰ ਨੂੰ 270 ਤੋਂ ਵੱਧ ਮਿਜ਼ਾਈਲਾਂ ਦਾਗੀਆਂ। ਇਨ੍ਹਾਂ ਵਿਚੋਂ 22 ਦੇਸ਼ ਦੀ ਅਤਿਆਧੁਨਿਕ ਬਹੁਪਰਤੀ ਹਵਾਈ ਸੁਰੱਖਿਆ ਵਿਚ ਸੰਨ੍ਹ ਲਾ ਕੇ ਰਿਹਾਇਸ਼ੀ ਉਪ ਨਗਰਾਂ ਵਿਚ ਤਬਾਹੀ ਮਚਾਉਣ ਵਾਲੀਆਂ ਮਿਜ਼ਾਈਲਾਂ ਸਨ। ਇਨ੍ਹਾਂ ਹਮਲਿਆਂ ਵਿਚ 14 ਵਿਅਕਤੀ ਮਾਰੇ ਗਏ ਤੇ 340 ਹੋਰ ਜ਼ਖ਼ਮੀ ਹਨ। ਇਜ਼ਰਾਈਲ ਇਸ ਜੰਗ ਵਿਚ ਕਿਸ ਹੱਦ ਤੱਕ ਜਾ ਸਕਦਾ ਹੈ, ਉਸ ਦਾ ਸੰਕੇਤ ਇਸ ਗੱਲ ਤੋਂ ਮਿਲਦਾ ਹੈ ਕਿ ਇੱਕ ਅਮਰੀਕੀ ਅਧਿਕਾਰੀ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਰਾਨ ਦੇ ਸੁਪਰੀਮ ਲੀਡਰ ਆਇਤੁੱਲਾ ਅਲੀ ਖਮੇਨੀ ਨੂੰ ਮਾਰਨ ਦੀ ਇਜ਼ਰਾਇਲੀ ਯੋਜਨਾ ਨੂੰ ਰੱਦ ਕਰ ਦਿੱਤਾ। ਖਮੇਨੀ ਇਰਾਨ ਦਾ ਸੁਪਰੀਮ ਆਗੂ ਹੈ, ਜਿਸ ਕੋਲ ਸਾਰੀਆਂ ਪ੍ਰਮੁੱਖ ਨੀਤੀਆਂ 'ਤੇ ਅੰਤਿਮ ਫੈਸਲਾ ਲੈਣ ਦਾ ਅਧਿਕਾਰ ਹੈ। ਉਹ ਹਥਿਆਰਬੰਦ ਸੈਨਾਵਾਂ ਦੇ ਕਮਾਂਡਰ-ਇਨ-ਚੀਫ਼ ਵਜੋਂ ਸੇਵਾ ਨਿਭਾਉਂਦਾ ਹੈ ਅਤੇ ਉਸ ਕੋਲ ਸ਼ਕਤੀਸ਼ਾਲੀ ਰੈਵੋਲਿਊਸ਼ਨਰੀ ਗਾਰਡ ਦਾ ਕੰਟਰੋਲ ਹੈ।

ਇਜ਼ਰਾਈਲ, ਜੋ ਮੱਧ ਪੂਰਬ ਦਾ ਇਕਲੌਤਾ, ਪਰ ਅਣਐਲਾਨਿਆ ਪ੍ਰਮਾਣੂ ਹਥਿਆਰਬੰਦ ਦੇਸ਼ ਹੈ, ਨੇ ਕਿਹਾ ਹੈ ਕਿ ਇਹ ਹਮਲਾ ਇਰਾਨ ਨੂੰ ਪ੍ਰਮਾਣੂ ਹਥਿਆਰ ਵਿਕਸਤ ਕਰਨ ਤੋਂ ਰੋਕਣ ਲਈ ਸੀ। ਤਹਿਰਾਨ ਦੇ ਪ੍ਰਮਾਣੂ ਪ੍ਰੋਗਰਾਮ ਦੇ ਭਵਿੱਖ ਬਾਰੇ ਅਮਰੀਕਾ ਤੇ ਇਰਾਨ ਵਿਚਾਲੇ ਗੱਲਬਾਤ ਦਾ ਨਵੀਨਤਮ ਦੌਰ ਐਤਵਾਰ ਨੂੰ ਓਮਾਨ ਵਿੱਚ ਤੈਅ ਕੀਤਾ ਗਿਆ ਸੀ, ਪਰ ਇਜ਼ਰਾਇਲੀ ਹਮਲੇ ਤੋਂ ਬਾਅਦ ਇਸ ਨੂੰ ਰੱਦ ਕਰ ਦਿੱਤਾ ਗਿਆ।

ਇਰਾਨ ਨੇ ਮੈਟਰੋ ਸਟੇਸ਼ਨਾਂ ਤੇ ਮਸਜਿਦਾਂ ਨੂੰ ਹਮਲਿਆਂ ਤੋਂ ਬਚਾਅ ਲਈ ਸ਼ੈਲਟਰਾਂ ਵਿੱਚ ਤਬਦੀਲ ਕਰ ਦਿੱਤਾ ਹੈ। ਇਜ਼ਰਾਈਲ ਨੇ ਕਿਹਾ ਕਿ ਉਸ ਨੇ ਐਤਵਾਰ ਨੂੰ ਕੀਤੇ ਹਮਲਿਆਂ ਇਰਾਨ ਦੇ ਰੱਖਿਆ ਮੰਤਰਾਲੇ, ਮਿਜ਼ਾਈਲ-ਲਾਂਚ ਸਾਈਟਾਂ ਅਤੇ ਹਵਾਈ-ਰੱਖਿਆ ਦੇ ਹਿੱਸੇ ਬਣਾਉਣ ਵਾਲੀਆਂ ਫੈਕਟਰੀਆਂ ਨੂੰ ਨਿਸ਼ਾਨਾ ਬਣਾਇਆ। ਇਰਾਨ ਨੇ ਇਹ ਵੀ ਮੰਨਿਆ ਕਿ ਇਜ਼ਰਾਈਲ ਨੇ ਰੈਵੋਲਿਊਸ਼ਨਰੀ ਗਾਰਡ ਇੰਟੈਲੀਜੈਂਸ ਮੁਖੀ ਜਨਰਲ ਮੁਹੰਮਦ ਕਾਜ਼ਮੀ ਸਮੇਤ ਚੋਟੀ ਦੇ ਹੋਰ ਜਰਨੈਲਾਂ ਨੂੰ ਮਾਰ ਦਿੱਤਾ ਹੈ।

ਇਰਾਨ ਦੇ ਉਪ ਵਿਦੇਸ਼ ਮੰਤਰੀ ਸਈਦ ਖਾਤਿਬਜ਼ਾਦੇਹ ਤੇ ਹੋਰ ਇਰਾਨੀ ਡਿਪਲੋਮੈਟਾਂ ਨੇ ਵਿਦੇਸ਼ ਮੰਤਰਾਲੇ ਦੇ ਦਫ਼ਤਰਾਂ ਤੇ ਲਾਇਬਰੇਰੀ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ, ਜੋ ਗੋਲੀਬਾਰੀ ਵਿਚ ਤਬਾਹ ਹੋ ਗਈਆਂ ਹਨ। ਇਰਾਨ ਦੇ ਸਰਕਾਰੀ ਟੀਵੀ ਨੇ ਤਹਿਰਾਨ ਵਿੱਚ ਇਜ਼ਰਾਇਲੀ ਮਿਜ਼ਾਈਲਾਂ ਨਾਲ ਖੰਡਰ ਬਣੀਆਂ ਰਿਹਾਇਸ਼ੀ ਇਮਾਰਤਾਂ ਦੀ ਫੁਟੇਜ ਪ੍ਰਸਾਰਿਤ ਕੀਤੀ ਹੈ, ਜਿਸ ਵਿਚ ਧੂੜ ਤੇ ਖ਼ੂਨ ਵਿਚ ਸਨੇ ਬੱਚਿਆਂ ਨੂੰ ਚੁੱਕਦੇ ਹੋਏ ਪੁਰਸ਼ ਅਤੇ ਔਰਤ ਦਿਖਾਈ ਦੇ ਰਹੀਆਂ ਹਨ। ਇਰਾਨੀ ਸਿਹਤ ਮੰਤਰਾਲੇ ਦੇ ਬੁਲਾਰੇ ਹੁਸੈਨ ਕਰਮਨਪੁਰ ਨੇ ਕਿਹਾ ਕਿ ਐਤਵਾਰ ਤੱਕ ਮਾਰੇ ਗਏ 224 ਲੋਕਾਂ ਵਿੱਚੋਂ 90 ਫੀਸਦ ਆਮ ਲੋਕ ਹਨ।

ਵਾਸ਼ਿੰਗਟਨ ਅਧਾਰਿਤ ਹਿਊਮਨ ਰਾਈਟਸ ਐਕਟੀਵਿਸਟਸ ਨਾਂ ਦੇ ਸਮੂਹ ਨੇ ਇਜ਼ਰਾਇਲੀ ਹਮਲਿਆਂ 'ਚ ਇਰਾਨ ਵਿੱਚ ਮਰਨ ਵਾਲਿਆਂ ਦੀ ਗਿਣਤੀ ਕਿਤੇ ਵੱਧ ਦੱਸੀ ਹੈ। ਸਮੂਹ ਮੁਤਾਬਕ ਇਜ਼ਰਾਇਲੀ ਹਮਲਿਆਂ ਵਿੱਚ ਘੱਟੋ-ਘੱਟ 406 ਲੋਕ ਮਾਰੇ ਗਏ ਹਨ ਅਤੇ 654 ਹੋਰ ਜ਼ਖ਼ਮੀ ਹੋਏ ਹਨ। ਸਰਕਾਰੀ ਟੀਵੀ ਦੀ ਰਿਪੋਰਟ ਮੁਤਾਬਕ ਐਤਵਾਰ ਰਾਤ ਤੋਂ ਮੈਟਰੋ ਸਟੇਸ਼ਨਾਂ ਅਤੇ ਮਸਜਿਦਾਂ ਨੂੰ ਬੰਬ ਸ਼ੈਲਟਰਾਂ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਤਹਿਰਾਨ ਦੇ ਵਸਨੀਕਾਂ ਨੇ ਦੱਸਿਆ ਕਿ ਪਰਿਵਾਰਾਂ ਦੇ ਸ਼ਹਿਰ ਛੱਡਣ ਕਰਕੇ ਗੈਸ ਸਟੇਸ਼ਨਾਂ 'ਤੇ ਲੰਮੀਆਂ ਕਤਾਰਾਂ ਲੱਗੀਆਂ ਰਹੀਆਂ। ਟਰੈਫਿਕ ਪੁਲੀਸ ਨੇ ਭੀੜ ਨੂੰ ਕੰਟਰੋਲ ਕਰਨ ਲਈ ਸ਼ਹਿਰ ਦੇ ਬਾਹਰ ਕਈ ਸੜਕਾਂ ਬੰਦ ਕਰ ਦਿੱਤੀਆਂ। ਸਰਕਾਰੀ ਟੀਵੀ 'ਤੇ ਊਰਜਾ ਅਧਿਕਾਰੀਆਂ ਨੇ ਘਬਰਾਏ ਹੋਏ ਲੋਕਾਂ ਨੂੰ ਭਰੋਸਾ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਲੰਮੀਆਂ ਲਾਈਨਾਂ ਦੇ ਬਾਵਜੂਦ ਪੈਟਰੋਲ ਦੀ ਕੋਈ ਕਮੀ ਨਹੀਂ ਹੈ।

ਇਰਾਨ ਦੇ ਸਿਖਰਲੇ ਆਗੂ ਅਯਾਤੁੱਲਾ ਅਲੀ ਖਮੇਨੀ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਬਿਨਾਂ ਸ਼ਰਤ ਹਥਿਆਰ ਸੁੱਟਣ ਦੇ ਸੱਦੇ ਨੂੰ ਸਵੀਕਾਰ ਨਹੀਂ ਕਰੇਗਾ। ਇਜ਼ਰਾਈਲ ਵੱਲੋਂ ਇਰਾਨ 'ਤੇ ਕੀਤੀ ਬੰਬਾਰੀ ਮਗਰੋਂ ਸਰਕਾਰੀ ਮੀਡੀਆ ਨੂੰ ਆਪਣੇ ਸੰਬੋਧਨ ਵਿਚ ਖਮੇਨੀ ਨੇ ਕਿਹਾ ਕਿ ਇਸਲਾਮੀ ਗਣਰਾਜ 'ਤੇ ਸ਼ਾਂਤੀ ਜਾਂ ਜੰਗ ਥੋਪੀ ਨਹੀਂ ਜਾ ਸਕਦੀ।

# ਇਜ਼ਰਾਈਲ ਵੱਲੋਂ ਇਰਾਨ ਦੇ ਅਰਾਕ ਜਲ ਰਿਐਕਟਰ 'ਤੇ ਹਮਲਾ: ਇਰਾਨ ਨੇ ਇਜ਼ਰਾਈਲ ਦੇ ਦੱਖਣ 'ਚ ਹਸਪਤਾਲ 'ਤੇ ਮਿਜ਼ਾਈਲਾਂ ਦਾਗ਼ੀਆਂ

ਦੁਬਈ : ਇਜ਼ਰਾਈਲ ਤੇ ਇਰਾਨ ਵਿਚ ਟਕਰਾਅ ਸੱਤਵੇਂ ਦਿਨ ਵੀ ਜਾਰੀ ਰਿਹਾ। ਇਜ਼ਰਾਈਲ ਨੇ ਜਿੱਥੇ ਇਰਾਨ ਦੇ ਅਰਾਕ ਭਾਰੀ ਜਲ ਰਿਐਕਟਰ 'ਤੇ ਹਮਲਾ ਕੀਤਾ, ਉਥੇ ਇਰਾਨ ਨੇ ਇਜ਼ਰਾਈਲ ਦੇ ਦੱਖਣ ਵਿਚ ਪ੍ਰਮੁੱਖ ਹਸਪਤਾਲ 'ਤੇ ਮਿਜ਼ਾਈਲ ਹਮਲੇ ਕੀਤੇ।

ਇਰਾਨ ਦੇ ਸਰਕਾਰੀ ਟੈਲੀਵਿਜ਼ਨ ਚੈਨਲ ਮੁਤਾਬਕ ਇਜ਼ਰਾਈਲ ਨੇ ਅਰਾਕ ਭਾਰੀ ਜਲ ਰਿਐਕਟਰ ਨੂੰ ਨਿਸ਼ਾਨਾ ਬਣਾਇਆ। ਚੈਨਲ ਨੇ ਦੱਸਿਆ ਕਿ ਹਮਲੇ ਕਰਕੇ 'ਕਿਸੇ ਤਰ੍ਹਾਂ ਦੀ ਰੇਡੀਓਐਕਟਿਵ ਰੈਡੀਏਸ਼ਨ ਦਾ ਖ਼ਤਰਾ ਨਹੀਂ' ਹੈ। ਹਮਲੇ ਤੋਂ ਪਹਿਲਾਂ ਹੀ ਕੇਂਦਰ ਨੂੰ ਖਾਲੀ ਕਰਵਾ ਲਿਆ ਗਿਆ ਸੀ ਤੇ ਰਿਐਕਟਰ ਦੇ ਆਲੇ ਦੁਆਲੇ ਗੈਰਫੌਜੀ ਇਲਾਕਿਆਂ ਨੂੰ ਕੋਈ ਨੁਕਸਾਨ ਨਹੀਂ ਪੁੱਜਾ ਹੈ। ਇਜ਼ਰਾਈਲ ਨੇ ਵੀਰਵਾਰ ਸਵੇਰੇ ਪਹਿਲਾਂ ਹੀ ਚੇਤਾਵਨੀ ਦਿੱਤੀ ਸੀ ਕਿ ਉਹ ਰਿਐਕਟਰ 'ਤੇ ਹਮਲਾ ਕਰੇਗਾ ਤੇ ਉਸ ਨੇ ਲੋਕਾਂ ਨੂੰ ਇਹ ਥਾਂ ਛੱਡਣ ਲਈ ਕਿਹਾ ਸੀ।

ਉਧਰ ਇਰਾਨ ਨੇ ਇਜ਼ਰਾਈਲ ਦੇ ਦੱਖਣ ਵਿਚ ਪ੍ਰਮੁੱਖ ਹਸਪਤਾਲ 'ਤੇ ਮਿਜ਼ਾਈਲ ਹਮਲਾ ਕੀਤਾ। ਅਧਿਕਾਰੀਆਂ ਨੇ ਹਮਲੇ ਵਿਚ 'ਵੱਡਾ ਨੁਕਸਾਨ' ਪੁੱਜਣ ਦਾ ਦਾਅਵਾ ਕੀਤਾ ਹੈ। ਬੀਰ ਸ਼ੇਬਾ ਵਿਚ ਸੋਰੋਕਾ ਮੈਡੀਕਲ ਸੈਂਟਰ ਦੇ ਬੁਲਾਰੇ ਨੇ ਦੱਸਿਆ ਕਿ ਹਮਲੇ ਵਿਚ ਹਸਪਤਾਲ ਨੂੰ 'ਭਾਰੀ ਨੁਕਸਾਨ' ਪੁੱਜਾ ਤੇ ਲੋਕ ਜ਼ਖ਼ਮੀ ਹੋ ਗਏ। ਹਸਪਤਾਲ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਲਾਜ ਲਈ ਨਾ ਆਉਣ। ਹਸਪਤਾਲ ਦੀ ਵੈੱਬਸਾਈਟ ਮੁਤਾਬਕ ਇਸ ਹਸਪਤਾਲ ਵਿਚ 1000 ਤੋਂ ਵੱਧ ਬਿਸਤਰੇ ਹਨ ਤੇ ਇਹ ਇਜ਼ਰਾਈਲ ਦੇ ਦੱਖਣ ਵਿਚ ਕਰੀਬ 10 ਲੱਖ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ। ਹਮਲੇ ਨੂੰ ਲੈ ਕੇ ਭਾਵੇਂ ਤਫ਼ਸੀਲੀ ਜਾਣਕਾਰੀ ਨਹੀਂ ਮਿਲ ਸਕੀ ਹੈ, ਪਰ ਅੱਗ ਬੁਝਾਊ ਦਸਤੇ ਨੇ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਹਸਪਤਾਲ ਦੀ ਇਮਾਰਤ ਤੇ ਕੁਝ ਅਪਾਰਟਮੈਂਟ ਦੀਆਂ ਇਮਾਰਤਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਹ ਹਮਲਾ ਅਜਿਹੇ ਮੌਕੇ ਹੋਇਆ ਹੈ ਜਦੋਂ ਇਜ਼ਰਾਈਲ ਨੇ ਇਰਾਨ ਦੇ ਅਰਾਕ ਵਿਚ ਭਾਰੀ ਜਲ ਰਿਐਕਟਰ 'ਤੇ ਹਮਲਾ ਕੀਤਾ ਹੈ।

ਇਜ਼ਰਾਇਲੀ ਫੌਜ ਨੇ ਕਿਹਾ ਕਿ ਵੀਰਵਾਰ ਨੂੰ ਕੀਤੇ ਹਵਾਈ ਹਮਲਿਆਂ ਦਾ ਨਿਸ਼ਾਨਾ ਤਹਿਰਾਨ ਤੇ ਇਰਾਨ ਦੇ ਹੋਰ ਖੇਤਰ ਸਨ, ਪਰ ਉਸ ਨੇ ਇਸ ਬਾਰੇ ਤਫ਼ਸੀਲ ਵਿਚ ਜਾਣਕਾਰੀ ਨਹੀਂ ਦਿੱਤੀ। ਹਾਲਾਂਕਿ ਮਗਰੋਂ ਉਸ ਨੇ ਦੱਸਿਆ ਕਿ ਇਰਾਨ ਨੇ ਇਜ਼ਰਾਈਲ 'ਤੇ ਕਈ ਮਿਜ਼ਾਈਲਾਂ



ਦਾਗੀਆਂ। ਉਸ ਨੇ ਲੋਕਾਂ ਨੂੰ ਸੁਰੱਖਿਅਤ ਟਿਕਾਣਿਆਂ 'ਤੇ ਪਨਾਹ ਲੈਣ ਨੂੰ ਕਿਹਾ ਹੈ। ਇਰਾਨ 'ਤੇ ਇਜ਼ਰਾਈਲ ਦੇ ਹਵਾਈ ਹਮਲੇ ਸੱਤਵੇਂ ਦਿਨ ਵੀ ਜਾਰੀ ਰਹੇ।

# ਇਰਾਨ ਤੋਂ ਅਰਮੀਨੀਆ ਰਸਤੇ ਸੁਰੱਖਿਅਤ ਕੱਢੇ 100 ਤੋਂ ਵੱਧ ਭਾਰਤੀ ਵਿਦਿਆਰਥੀਆਂ ਵਾਲੀ ਉਡਾਣ ਦਿੱਲੀ ਪੁੱਜੀ








ਨਵੀਂ ਦਿੱਲੀ : ਜੰਗ ਦੇ ਝੰਬੇ ਇਰਾਨ ਤੋਂ ਅਰਮੀਨੀਆ ਰਸਤੇ ਸੁਰੱਖਿਅਤ ਬਾਹਰ ਕੱਢੇ 110 ਭਾਰਤੀ ਵਿਦਿਆਰਥੀ ਨੂੰ ਲੈ ਕੇ ਪਹਿਲੀ ਉਡਾਣ ਅੱਜ ਵੱਡੇ ਤੜਕੇ ਦਿੱਲੀ ਪਹੁੰਚ ਗਈ ਹੈ। ਇਜ਼ਰਾਈਲ ਤੇ ਇਰਾਨ ਵਿਚਾਲੇ ਜਾਰੀ ਟਕਰਾਅ ਦਰਮਿਆਨ ਇਨ੍ਹਾਂ ਭਾਰਤੀ ਵਿਦਿਆਰਥੀਆਂ ਨੂੰ ਤਹਿਰਾਨ ’ਚੋਂ ਸੁਰੱਖਿਅਤ ਬਾਹਰ ਕੱਢਣ ਮਗਰੋਂ ਸਰਹੱਦ ਰਸਤੇ ਅਰਮੀਨੀਆ ਲਿਜਾਇਆ ਗਿਆ ਸੀ। Operation Sindhu ਤਹਿਤ ਇਸ ਪੂਰੇ ਅਪਰੇਸ਼ਨ ਦਾ ਪ੍ਰਬੰਧ ਤਹਿਰਾਨ ਸਥਿਤ ਭਾਰਤੀ ਸਫ਼ਾਰਤਖਾਨੇ ਵੱਲੋਂ ਕੀਤਾ ਗਿਆ ਸੀ। ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਕਿਹਾ ਕਿ ਤਹਿਰਾਨ ਛੱਡ ਚੁੱਕੇ ਬਾਕੀ ਭਾਰਤੀਆਂ ਨੂੰ ਵੀ ਵਾਪਸ ਲਿਆਂਦਾ ਜਾ ਰਿਹਾ ਹੈ। ਸਿੰਘ, ਜੋ ਵਾਤਾਵਰਨ, ਜੰਗਲਾਤ ਤੇ ਵਾਤਾਵਰਨ ਤਬਦੀਲੀ ਬਾਰੇ ਮੰਤਰਾਲੇ ਦੇ ਵੀ ਮੰਤਰੀ ਹਨ, ਨੇ ਕਿਹਾ, ‘‘ਅਸੀਂ ਜਹਾਜ਼ ਤਿਆਰ ਬਰ ਤਿਆਰ ਰੱਖੇ ਹਨ। ਅਸੀਂ ਅੱਜ ਇਕ ਹੋਰ ਜਹਾਜ਼ ਭੇਜ ਰਹੇ ਹਾਂ। ਅਸੀਂ ਤੁਰਕਮੇਨਿਸਤਾਨ ਵਿਚੋਂ ਕੁਝ ਹੋਰ ਲੋਕਾਂ ਨੂੰ ਕੱਢ ਰਹੇ ਹਾਂ। ਸਾਡੇ ਮਿਸ਼ਨ ਨੇ ਅਜਿਹੀ ਕਿਸੇ ਵੀ ਮਦਦ ਜਾਂ ਅਪੀਲ ਲਈ 24 ਘੰਟੇ ਫੋਨ ਲਾਈਨ ਖੁੱਲ੍ਹੀ ਰੱਖੀ ਹੈ। ਅਸੀਂ ਹਾਲਾਤ ਮੁਤਾਬਕ ਭਾਰਤੀ ਨਾਗਰਿਕਾਂ ਨੂੰ ਉਥੋਂ ਕੱਢਣ ਲਈ ਹੋਰ ਜਹਾਜ਼ ਭੇਜਾਂਗੇ।’’ ਉਨ੍ਹਾਂ ਤੁਰਕਮੇਨਿਸਤਾਨ ਤੇ ਅਰਮੀਨੀਆ ਵੱਲੋਂ ਦਿੱਤੀ ਹਮਾਇਤ ਲਈ ਉਨ੍ਹਾਂ ਦਾ ਧੰਨਵਾਦ ਕੀਤਾ।

ਅਰਮੀਨੀਆ ਤੋਂ ਭਾਰਤ ਪੁੱਜੇ ਕਸ਼ਮੀਰੀ ਵਿਦਿਆਰਥੀਆਂ ’ਚੋਂ ਇਕ, ਵਾਰਤਾ ਨੇ ਕਿਹਾ, ‘‘ਅਸੀਂ ਇਰਾਨ ’ਚੋਂ ਸੁਰੱਖਿਅਤ ਕੱਢੇ ਜਾਣ ਵਾਲੇ ਪਹਿਲੇ ਭਾਰਤੀਆਂ ’ਚੋਂ ਸੀ। ਹਾਲਾਤ ਕਾਫ਼ੀ ਨਾਜ਼ੁਕ ਹਨ। ਅਸੀਂ ਡਰ ਗਏ ਸੀ। ਅਸੀਂ ਭਾਰਤ ਸਰਕਾਰ ਅਤੇ ਭਾਰਤੀ ਸਫ਼ਾਰਤਖਾਨੇ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਇੱਥੇ ਲਿਆਉਣ ਲਈ ਬਹੁਤ ਫੁਰਤੀ ਅਤੇ ਤੇਜ਼ੀ ਨਾਲ ਕੰਮ ਕੀਤਾ।’’ ਉਸ ਨੇ ਪੀਟੀਆਈ ਵੀਡੀਓਜ਼ ਨੂੰ ਦੱਸਿਆ, ‘‘ਸਾਡੇ ਆਲੇ ਦੁਆਲੇ ਹਮਲਾ ਕੀਤਾ ਗਿਆ ਸੀ। ਜਦੋਂ ਭਾਰਤ ਸਰਕਾਰ ਸਾਡੇ ਦਰਵਾਜ਼ੇ ’ਤੇ ਬਹੁੜੀ ਤਾਂ ਇਹ ਘਰ ਵਰਗਾ ਮਹਿਸੂਸ ਹੋਇਆ।’’ ਉਸ ਨੇ ਕਿਹਾ ਕਿ ਅਰਮੀਨਿਆਈ ਅਧਿਕਾਰੀ ਵੀ ਬਹੁਤ ਮਦਦਗਾਰ ਸਨ।

ਦਿੱਲੀ ਵਿੱਚ ਉਤਰਨ ਵਾਲੇ ਐੱਮਬੀਬੀਐੱਸ ਵਿਦਿਆਰਥੀ ਮੀਰ ਖਲੀਫ਼ ਨੇ ਕਿਹਾ ਕਿ ਇਰਾਨ ਵਿੱਚ ਹਾਲਾਤ ਤਣਾਅਪੂਰਨ ਸਨ। ਉਸ ਨੇ ਪੱਤਰਕਾਰਾਂ ਨੂੰ ਦੱਸਿਆ, ‘‘ਅਸੀਂ ਮਿਜ਼ਾਈਲਾਂ ਦੇਖ ਸਕਦੇ ਸੀ। ਜੰਗ ਚੱਲ ਰਹੀ ਸੀ। ਸਾਡੇ ਆਲੇ ਦੁਆਲੇ ਬੰਬਾਰੀ ਹੋ ਰਹੀ ਸੀ। ਅਸੀਂ ਹਾਲਾਤ ਤੋਂ ਬਹੁਤ ਡਰੇ ਹੋਏ ਸੀ। ਮੈਨੂੰ ਉਮੀਦ ਹੈ ਕਿ ਅਸੀਂ ਉਹ ਦਿਨ ਦੁਬਾਰਾ ਕਦੇ ਨਹੀਂ ਦੇਖਾਂਗੇ।’’ ਖਲੀਫ਼ ਨੇ ਭਾਰਤ ਸਰਕਾਰ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੂੰ ਪਹਿਲਾਂ ਅਰਮੀਨੀਆ ਤੇ ਉਥੋਂ ਭਾਰਤ ਵਾਪਸ ਲਿਆਂਦਾ ਗਿਆ। ਖਲੀਫ਼ ਨੇ ਕਿਹਾ, ‘‘ਇਰਾਨ ਵਿੱਚ ਅਜੇ ਵੀ ਵਿਦਿਆਰਥੀ ਫਸੇ ਹੋਏ ਹਨ। ਉਨ੍ਹਾਂ ਨੂੰ ਸੁਰੱਖਿਅਤ ਟਿਕਾਣਿਆਂ ’ਤੇ ਭੇਜਿਆ ਜਾ ਰਿਹਾ ਹੈ। ਸਾਨੂੰ ਉਮੀਦ ਹੈ ਕਿ ਉਨ੍ਹਾਂ ਨੂੰ ਵੀ ਜਲਦੀ ਭਾਰਤ ਲਿਆਂਦਾ ਜਾਵੇਗਾ।’’

ਇੱਕ ਹੋਰ ਭਾਰਤੀ ਵਿਦਿਆਰਥੀ ਅਲੀ ਅਕਬਰ ਨੇ ਕਿਹਾ ਕਿ ਜਦੋਂ ਉਹ ਬੱਸ ਵਿੱਚ ਯਾਤਰਾ ਕਰ ਰਹੇ ਸਨ, ਤਾਂ ਉਨ੍ਹਾਂ ਨੇ ਇੱਕ ਮਿਜ਼ਾਈਲ ਅਤੇ ਇੱਕ ਡਰੋਨ ਡਿੱਗਦੇ ਦੇਖਿਆ। ਦਿੱਲੀ ਨਾਲ ਸਬੰਧਤ ਵਿਦਿਆਰਥੀ ਨੇ ਕਿਹਾ, ‘‘ਖ਼ਬਰਾਂ ਵਿੱਚ ਜੋ ਹਾਲਾਤ ਬਿਆਨੇ ਜਾ ਰਹੇ ਹਨ ਉਹ ਸੱਚ ਹੈ। ਹਾਲਾਤ ਬਹੁਤ ਹੀ ਮਾੜੇ ਹਨ। ਤਹਿਰਾਨ ਤਬਾਹ ਹੋ ਗਿਆ ਹੈ।’’ ਕੁਝ ਵਿਦਿਆਰਥੀਆਂ ਦੇ ਬੇਚੈਨ ਮਾਪਿਆਂ ਨੂੰ ਹਵਾਈ ਅੱਡੇ ਦੇ ਬਾਹਰ ਆਪਣੇ ਬੱਚਿਆਂ ਦੀ ਉਡੀਕ ਕਰਦੇ ਦੇਖਿਆ ਗਿਆ।

ਇਰਾਨ ਵਿੱਚ ਐੱਮਬੀਬੀਐੱਸ ਦੇ ਵਿਦਿਆਰਥੀ ਮਾਜ਼ ਹੈਦਰ (21) ਦੇ ਪਿਤਾ ਹੈਦਰ ਅਲੀ ਨੇ ਬਚਾਅ ਕਾਰਜਾਂ ਲਈ ਭਾਰਤ ਸਰਕਾਰ ਦਾ ਧੰਨਵਾਦ ਕੀਤਾ। ਉਨ੍ਹਾਂ ਪੀਟੀਆਈ ਵੀਡੀਓਜ਼ ਨੂੰ ਦੱਸਿਆ, ‘‘ਅਸੀਂ ਸੱਚਮੁੱਚ ਖੁਸ਼ ਹਾਂ। ਵਿਦਿਆਰਥੀਆਂ ਨੂੰ ਸੁਰੱਖਿਅਤ ਘਰ ਵਾਪਸ ਲਿਆਂਦਾ ਗਿਆ ਹੈ। ਅਸੀਂ ਇਸ ਲਈ ਭਾਰਤ ਸਰਕਾਰ ਦਾ ਧੰਨਵਾਦ ਕਰਦੇ ਹਾਂ। ਪਰ ਅਸੀਂ ਦੁਖੀ ਹਾਂ ਕਿ ਅਜੇ ਵੀ ਕੁਝ ਵਿਦਿਆਰਥੀ ਤਹਿਰਾਨ ਵਿੱਚ ਫਸੇ ਹੋਏ ਹਨ।’’ ਉਨ੍ਹਾਂ ਅਧਿਕਾਰੀਆਂ ਨੂੰ ਤਾੜਨਾ ਕੀਤੀ ਕਿ ਉਹ ਇਨ੍ਹਾਂ ਵਿਦਿਆਰਥੀਆਂ ਨੂੰ ਉਥੋਂ ਸੁਰੱਖਿਅਤ ਬਾਹਰ ਕੱਢਣ।

ਸਮੀਰ ਆਲਮ ਦੇ ਪਿਤਾ ਪਰਵੇਜ਼ ਆਲਮ ਨੂੰ ਵੀ ਹਵਾਈ ਅੱਡੇ ’ਤੇ ਆਪਣੇ ਪੁੱਤਰ ਦੀ ਉਡੀਕ ਕਰਦੇ ਦੇਖਿਆ ਗਿਆ। ਬੁਲੰਦਸ਼ਹਿਰ ਦੇ ਰਹਿਣ ਵਾਲੇ ਪਰਵੇਜ਼ ਆਲਮ ਨੇ ਕਿਹਾ, ‘‘ਉਸ ਨੂੰ ਉਰਮੀਆ ਵਿੱਚ ਪੜ੍ਹਦੇ ਹੋਏ ਦੋ ਸਾਲ ਹੋ ਗਏ ਹਨ। ਸਭ ਕੁਝ ਠੀਕ ਸੀ ਪਰ ਹਾਲ ਹੀ ਵਿੱਚ ਹਾਲਾਤ ਵਿਗੜ ਗਏ। ਅਸੀਂ ਬਹੁਤ ਤਣਾਅ ਵਿੱਚ ਸੀ। ਪਰ ਭਾਰਤ ਸਰਕਾਰ ਨੇ ਵਿਦਿਆਰਥੀਆਂ ਨੂੰ ਅਰਮੀਨੀਆ ਭੇਜ ਦਿੱਤਾ ਜਿੱਥੇ ਉਨ੍ਹਾਂ ਨੂੰ ਚੰਗੇ ਹੋਟਲਾਂ ਵਿੱਚ ਰੱਖਿਆ ਗਿਆ ਸੀ। ਅਸੀਂ ਭਾਰਤ ਸਰਕਾਰ ਦੇ ਧੰਨਵਾਦੀ ਹਾਂ।’’ ਜੰਮੂ ਅਤੇ ਕਸ਼ਮੀਰ ਸਟੂਡੈਂਟਸ ਐਸੋਸੀਏਸ਼ਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਦਾ ਨਿਕਾਸੀ ਯਤਨ ਸ਼ੁਰੂ ਕਰਨ ਲਈ ਧੰਨਵਾਦ ਕੀਤਾ ਹੈ। ਐਸੋਸੀਏਸ਼ਨ ਨੇ ਇਕ ਬਿਆਨ ਵਿਚ ਕਿਹਾ, ‘‘ਸਾਨੂੰ ਉਮੀਦ ਹੈ ਕਿ ਬਾਕੀ ਸਾਰੇ ਵਿਦਿਆਰਥੀਆਂ ਨੂੰ ਜਲਦੀ ਹੀ ਬਾਹਰ ਕੱਢ ਲਿਆ ਜਾਵੇਗਾ।

# ਇਜ਼ਰਾਇਲੀ ਫ਼ੌਜ ਦੀ ਗੋਲੀਬਾਰੀ ਵਿੱਚ 34 ਹਲਾਕ

## ਸਹਾਇਤਾ ਕੇਂਦਰਾਂ ਤੋਂ ਭੋਜਨ ਲੈਣ ਜਾਂਦੇ ਫਲਸਤੀਨੀਆਂ ’ਤੇ ਚਲਾਈ ਗੋਲੀ; ਸੰਯੁਕਤ ਰਾਸ਼ਟਰ ਵੱਲੋਂ ਇਜ਼ਰਾਈਲ ਦੀ ਨਿਖੇਧੀ

ਕਾਹਿਰਾ/ਗਾਜ਼ਾ : ਇਜ਼ਰਾਈਲ ਵੱਲੋਂ ਕੀਤੀ ਗੋਲੀਬਾਰੀ ਵਿੱਚ ਘੱਟੋ-ਘੱਟ 34 ਫਲਸਤੀਨੀਆਂ ਦੀ ਮੌਤ ਹੋ ਗਈ। ਇਨ੍ਹਾਂ ਵਿੱਚੋਂ ਅੱਧੇ ਫਲਸਤੀਨੀਆਂ ਦੀ ਮੌਤ ਅਮਰੀਕਾ ਦੀ ਸਹਾਇਤਾ ਪ੍ਰਾਪਤ ਗਾਜ਼ਾ ਮਾਨਵਤਾਵਾਦੀ ਫਾਊਂਡੇਸ਼ਨ (ਜੀਐੱਚਐੱਫ) ਵੱਲੋਂ ਚਲਾਏ ਜਾਂਦੇ ਦੋ ਸਹਾਇਤਾ ਕੇਂਦਰਾਂ ਨੇੜੇ ਹੋਈ। ਖੇਤਰੀ



ਸਿਹਤ ਮੰਤਰਾਲੇ ਨੇ ਇਹ ਜਾਣਕਾਰੀ ਦਿੱਤੀ ਹੈ। ਉਧਰ, ਸੰਯੁਕਤ ਰਾਸ਼ਟਰ ਨੇ ਇਜ਼ਰਾਈਲ ਦੀ ਇਸ ਕਾਰਵਾਈ ਦੀ ਨਿਖੇਧੀ ਕੀਤੀ ਹੈ।

ਸਥਾਨਕ ਸਿਹਤ ਅਧਿਕਾਰੀਆਂ ਨੇ ਕਿਹਾ ਕਿ ਰਾਫਾਹ ਵਿੱਚ ਇੱਕ ਸਹਾਇਤਾ ਕੇਂਦਰ ਨੇੜੇ ਘੱਟੋ-ਘੱਟ 20 ਜਣੇ ਮਾਰੇ ਗਏ, ਜਦੋਂਕਿ 200 ਜ਼ਖ਼ਮੀ ਹੋ ਗਏ। ਇਜ਼ਰਾਈਲ ਨੇ ਲਗਪਗ ਤਿੰਨ ਮਹੀਨਿਆਂ ਦੀ ਨਾਕਾਬੰਦੀ ਅੰਸ਼ਿਕ ਤੌਰ ’ਤੇ ਹਟਾ ਦਿੱਤੀ ਸੀ, ਜਿਸ ਮਗਰੋਂ ਮਈ ਦੇ ਅਖ਼ੀਰ ਵਿੱਚ ਇਸ ਫਾਊਂਡੇਸ਼ਨ ਨੇ ਗਾਜਾ ਵਿੱਚ ਖੁਰਾਕੀ ਪੈਕੇਟ ਵੰਡਣੇ ਸ਼ੁਰੂ ਕੀਤੇ ਹਨ। ਭੋਜਨ ਤੱਕ ਪਹੁੰਚਣ ਦੀ ਕੋਸ਼ਿਸ਼ ਵਿੱਚ ਵੱਡੇ ਪੱਧਰ ’ਤੇ ਗੋਲੀਬਾਰੀ ਵਿੱਚ ਫਲਸਤੀਨੀ ਮਾਰੇ ਜਾਣ ਦੀ ਇਹ ਤਾਜ਼ਾ ਘਟਨਾ ਹੈ। ਇਜ਼ਰਾਈਲ ਨੇ ਗਾਜ਼ਾ ਵਿੱਚ ਭੋਜਨ ਸਮੱਗਰੀ ਵੰਡਣ ਦੀ ਜ਼ਿੰਮੇਵਾਰੀ ਗਾਜ਼ਾ ਮਾਨਵਤਾਵਾਦੀ ਫਾਊਂਡੇਸ਼ਨ ਨੂੰ ਸੌਂਪੀ ਹੈ। ਇਹ ਫਾਊਂਡੇਸ਼ਨ ਇਜ਼ਰਾਇਲੀ ਫੌਜਾਂ ਦੇ ਕਬਜ਼ੇ ਵਾਲੇ ਖੇਤਰਾਂ ਵਿੱਚ ਤਿੰਨ ਥਾਵਾਂ ’ਤੇ ਖ਼ੁਰਾਕੀ ਵਸਤਾਂ ਵੰਡਦੀ ਹੈ। ਸੰਯੁਕਤ ਰਾਸ਼ਟਰ ਨੇ ਇਜ਼ਰਾਈਲ ਦੀ ਸਹਾਇਤਾ ਪ੍ਰਾਪਤ ਵੰਡ ਪ੍ਰਣਾਲੀ ਨੂੰ ਨਾਕਾਫ਼ੀ, ਖਤਰਨਾਕ ਅਤੇ ਮਾਨਵੀ ਨਿਰਪੱਖਤਾ ਦੇ ਸਿਧਾਂਤਾਂ ਦੀ ਉਲੰਘਣਾ ਕਰਾਰ ਦਿੰਦਿਆਂ ਇਸ ਨੂੰ ਰੱਦ ਕਰ ਦਿੱਤਾ। ਇਜ਼ਰਾਇਲੀ ਫੌਜ ਵੱਲੋਂ ਇਸ ਸਬੰਧੀ ਫੌਰੀ ਕੋਈ ਪ੍ਰਤੀਕਰਿਆ ਨਹੀਂ ਆਈ। ਹਾਲਾਕਿ, ਇਜ਼ਰਾਈਲ ਨੇ ਪਿਛਲੀਆਂ ਘਟਨਾਵਾਂ ਵਿੱਚ ਕਦੇ-ਕਦੇ ਸਹਾਇਤਾ ਕੇਂਦਰਾਂ ਨੇੜੇ ਆਪਣੇ ਫੌਜੀਆਂ ਵੱਲੋਂ ਗੋਲੀਬਾਰੀ ਕਰਨ ਦੀ ਗੱਲ ਕਬੂਲੀ ਹੈ। ਜਦਕਿ ਉਹ ਹਿੰਸਾ ਭੜਕਾਉਣ ਲਈ ਅਤਿਵਾਦੀਆਂ ’ਤੇ ਦੋਸ਼ ਮੜ੍ਹਦਾ ਰਿਹਾ ਹੈ। ਗਾਜ਼ਾ ਸਿਹਤ ਮੰਤਰਾਲੇ ਨੇ ਬਿਆਨ ਵਿੱਚ ਕਿਹਾ ਕਿ ਇਸ ਫਾਊਂਡੇਸ਼ਨ ਵਲੋਂ ਮੁਹਿੰਮ ਸ਼ੁਰੂ ਕੀਤੇ ਜਾਣ ਮਗਰੋਂ ਹੁਣ ਤੱਕ ਸਹਾਇਤਾ ਕੇਂਦਰਾਂ ਨੇੜੇ ਘੱਟੋ-ਘੱਟ 300 ਜਣੇ ਮਾਰੇ ਗਏ, ਜਦਕਿ 2600 ਤੋਂ ਵੱਧ ਜ਼ਖ਼ਮੀ ਹੋਏ ਹਨ।

# ਇਰਾਨ ਬਿਨਾਂ ਸ਼ਰਤ ਆਤਮ ਸਮਰਪਣ ਕਰੇ: ਟਰੰਪ

## ਇਜ਼ਰਾਇਲੀ ਹਮਲਿਆਂ ’ਚ ਇਰਾਨ ਦੀ ਜ਼ਮੀਨਦੋਜ਼ ਪਰਮਾਣੂ ਸਾਈਟ ਨੁਕਸਾਨੀ: ਆਈਏਈਏ

ਵਾਸ਼ਿੰਗਟਨ : ਰਾਸ਼ਟਰਪਤੀ ਡੋਨਲਡ ਟਰੰਪ ਨੇ ਇਰਾਨ ਨੂੰ ਬਿਨਾਂ ਸ਼ਰਤ ਆਤਮ ਸਮਰਪਣ ਕਰਨ ਕਿਹਾ ਅਤੇ ਦਾਅਵਾ ਕੀਤਾ ਕਿ ਅਮਰੀਕਾ ਜਾਣਦਾ ਹੈ ਕਿ ਇਰਾਨ ਦੇ ਸਰਵਉੱਚ ਨੇਤਾ ਅਯਾਤੁੱਲ੍ਹਾ ਅਲੀ ਖਮੇਨੇਈ ਕਿੱਥੇ ਲੁਕੇ ਹੋਏ ਹਨ ਪਰ ਉਹ ਉਨ੍ਹਾਂ ਨੂੰ ‘ਫਿਲਹਾਲ’ ਨਹੀਂ ਮਾਰਨਾ ਚਾਹੁੰਦੇ। ਉੱਧਰ ਸੰਯੁਕਤ ਰਾਸ਼ਟਰ ਦੀ ਪਰਮਾਣੂ ਨਿਗਰਾਨ ਕੌਮਾਂਤਰੀ ਪਰਮਾਣੂ ਊਰਜਾ ਏਜੰਸੀ ਨੇ ਦਾਅਵਾ ਕੀਤਾ ਕਿ ਇਜ਼ਰਾਈਲ ਨੇ ਇਰਾਨ ਵੱਲੋਂ ਯੂਰੇਨੀਅਮ ਦੀ ਸੋਧ ਲਈ ਬਣਾਏ ਜ਼ਮੀਨਦੋਜ਼ ਪਲਾਂਟ ਉੱਤੇ ਸਿੱਧਾ ਹਮਲਾ ਕੀਤਾ ਹੈ।



ਟਰੰਪ ਨੇ ਸੋਸ਼ਲ ਮੀਡੀਆ ਪੋਸਟ ’ਚ ਇਰਾਨ ਨੂੰ ‘ਬਿਨਾਂ ਸ਼ਰਤ ਆਤਮ ਸਮਰਪਣ’ ਕਰਨ ਲਈ ਕਿਹਾ ਕਿਉਂਕਿ ਪੰਜ ਦਿਨਾਂ ਤੋਂ ਚੱਲ ਰਿਹਾ ਇਜ਼ਰਾਈਲ-ਇਰਾਨ ਸੰਘਰਸ਼ ਵਧਦਾ ਹੀ ਜਾ ਰਿਹਾ ਹੈ। ਜੀ-7 ਸੰਮੇਲਨ ’ਚੋਂ ਪਰਤਣ ਮਗਰੋਂ ਟਰੰਪ ਨੇ ਕਿਹਾ, ‘ਸਾਨੂੰ ਪੂਰੀ ਤਰ੍ਹਾਂ ਪਤਾ ਹੈ ਕਿ ਅਖੌਤੀ ਸਰਵਉੱਚ ਆਗੂ ਕਿੱਥੇ ਲੁਕਿਆ ਹੋਇਆ ਹੈ। ਉਹ ਬਹੁਤ ਸੌਖਾ ਸ਼ਿਕਾਰ ਹੈ ਪਰ ਉੱਥੇ ਸੁਰੱਖਿਅਤ ਹੈ। ਸਾਡਾ ਸਬਰ ਦਾ ਬੰਨ੍ਹ ਟੁੱਟਦਾ ਜਾ ਰਿਹਾ ਹੈ।’ ਇਸੇ ਦੌਰਾਨ ਇਜ਼ਰਾਇਲੀ ਫੌਜ ਨੇ ਇਰਾਨ ਦੇ ਨਤਾਨਜ਼ ਵਿਚਲੇ ਪਰਮਾਣੂ ਕੰਪਲੈਕਸ ਨੂੰ ਨਿਸ਼ਾਨਾ ਬਣਾਇਆ ਹੈ। ਸੰਯੁਕਤ ਰਾਸ਼ਟਰ ਦੀ ਪਰਮਾਣੂ ਨਿਗਰਾਨ ਕੌਮਾਂਤਰੀ ਪਰਮਾਣੂ ਊਰਜਾ ਏਜੰਸੀ ਨੇ ਦਾਅਵਾ ਕੀਤਾ ਕਿ ਇਜ਼ਰਾਈਲ ਨੇ ਇਰਾਨ ਵੱਲੋਂ ਯੂਰੇਨੀਅਮ ਦੀ ਸੋਧ ਲਈ ਬਣਾਏ ਜ਼ਮੀਨਦੋਜ਼ ਪਲਾਂਟ ਉੱਤੇ ਸਿੱਧਾ ਹਮਲਾ ਕੀਤਾ ਹੈ। ਏਜੰਸੀ ਨੇ ਹਾਲਾਂਕਿ ਆਪਣੀ ਮੁੱਢਲੀ ਰਿਪੋਰਟ ਵਿਚ ਇਸ ਪਲਾਂਟ ਨੂੰ ਅਸਿੱਧੇ ਤੌਰ ’ਤੇ ਨਿਸ਼ਾਨਾ ਬਣਾਉਣ ਦੀ ਗੱਲ ਆਖੀ ਸੀ। ਕੌਮਾਂਤਰੀ ਪਰਮਾਣੂ ਊਰਜਾ ਏਜੰਸੀ ਨੇ ਅੱਜ ਕਿਹਾ ਕਿ ਉਸ ਦਾ ਮੰਨਣਾ ਹੈ ਕਿ ਇਰਾਨ ਦੀ ਨਤਾਨਜ਼ ਵਿਚਲੀ (ਯੂਰੇਨੀਅਮ ਸੋਧਣ) ਵਾਲੀ ਸਾਈਟ ’ਤੇ ਹਵਾਈ ਹਮਲਿਆਂ ਦਾ ਜ਼ਮੀਨਦੋਜ਼ ਪਲਾਂਟ ਵਿਚਲੇ ਸੈਂਟਰੀਫਿਊਜ਼ ਹਾਲ ’ਤੇ ਸਿੱਧਾ ਅਸਰ ਪਏਗਾ। ਇਜ਼ਰਾਈਲ ਵੱਲੋਂ ਕੀਤੇ ਗਏ ਨਵੇਂ ਹਵਾਈ ਹਮਲੇ ਪਿਛਲੇ ਪੰਜ ਦਿਨਾਂ ਤੋਂ ਜਾਰੀ ਹਮਲਿਆਂ ਦੀ ਹੀ ਕੜੀ ਹੈ, ਜਿਸ ਦਾ ਮੁੱਖ ਨਿਸ਼ਾਨਾ ਇਰਾਨ ਦਾ ਫੌਜੀ ਤੇ ਪਰਮਾਣੂ ਪ੍ਰੋਗਰਾਮ ਹੈ। ਉਂਝ ਇਹ ਪਹਿਲੀ ਵਾਰ ਹੈ ਜਦੋਂ ਸੰਯੁਕਤ ਰਾਸ਼ਟਰ ਦੇ ਪਰਮਾਣੂ ਨਿਗਰਾਨੀ ਸਮੂਹ ਨੇ ਨਤਾਨਜ਼ ਦੇ ਜ਼ਮੀਨਦੋਜ਼ ਹਿੱਸਿਆਂ ਵਿੱਚ ਹੋਏ ਹਮਲਿਆਂ ਕਰਕੇ ਹੋਏ ਨੁਕਸਾਨ ਦੀ ਸਮੀਖਿਆ ਕੀਤੀ ਹੈ। ਇਹ ਸਾਈਟ ਈਰਾਨ ਦੇ ਪਰਮਾਣੂ ਪ੍ਰੋਗਰਾਮ ਦਾ ਮੁੱਖ ਸੰਸ਼ੋਧਨ ਕੇਂਦਰ ਹੈ। ਆਈਏਈਏ ਨੇ ਸ਼ੁੱਕਰਵਾਰ ਦੇ ਹਮਲਿਆਂ ਤੋਂ ਬਾਅਦ ਇਕੱਤਰ ਕੀਤੀਆਂ ਹਾਈ-ਰੈਜ਼ੋਲਿਊਸ਼ਨ ਉਪਗ੍ਰਹਿ ਤਸਵੀਰਾਂ ਦੀ ਸਮੀਖਿਆ ਦੇ ਆਧਾਰ ’ਤੇ ਕੁਝ ਵਾਧੂ ਤੱਤਾਂ ਦੀ ਪਛਾਣ ਕੀਤੀ ਹੈ ਜੋ ਨਤਾਨਜ਼ ਵਿਚ ਜ਼ਮੀਨਦੋਜ਼ ਸੰਸ਼ੋਧਨ ਹਾਲਾਂ ’ਤੇ ਸਿੱਧੇ ਅਸਰ ਨੂੰ ਦਰਸਾਉਂਦੇ ਹਨ।’’ ਇਜ਼ਰਾਈਲ ਨੇ ਮੰਗਲਵਾਰ ਨੂੰ ਵੀ ਇਰਾਨ ’ਤੇ ਹਮਲੇ ਜਾਰੀ ਰੱਖੇ, ਜਦੋਂਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਸ਼ਲ ਮੀਡੀਆ ’ਤੇ ਇਕ ਪੋਸਟ ਵਿਚ ਇਰਾਨ ਦੇ ਲੋਕਾਂ ਨੂੰ ਤਹਿਰਾਨ ਛੱਡਣ ਦੀ ਚਿਤਾਵਨੀ ਦਿੱਤੀ ਹੈ।

# ਉੱਤਰ ਪ੍ਰਦੇਸ਼ 'ਚ ਸਿੱਖੀ ਪ੍ਰਚਾਰ ਦੀ ਲਹਿਰ ਨੂੰ ਹੋਰ ਪ੍ਰਚੰਡ ਕੀਤਾ ਜਾਵੇਗਾ : ਜਥੇਦਾਰ ਗੜਗੱਜ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਪਿਛਲੇ ਸਮੇਂ ਵਿਚ ਅਰੰਭੀ 'ਖੁਆਰ ਹੋਏ ਸਭ ਮਿਲੈਂਗੇ' ਧਰਮ ਪ੍ਰਚਾਰ ਮੁਹਿੰਮ ਤਹਿਤ ਬੀਤੇ ਦਿਨ ਉਤਰ ਪ੍ਰਦੇਸ਼ ਦੇ ਸਹਾਰਨਪੁਰ ਜ਼ਿਲ੍ਹੇ ਦੇ ਪਿੰਡ ਪਨਿਆਲੀ ਕਾਸਿਮਪੁਰ ਵਿਖੇ ਸਥਿਤ ਛੇਵੇਂ ਪਾਤਿਸ਼ਾਹ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪਾਤਸ਼ਾਹੀ ਛੇਵੀਂ ਵਿਖੇ ਪੁੱਜੇ ਤੇ ਬਾਬਾ ਰਣਜੀਤ ਸਿੰਘ ਪਨਿਆਲੀ ਅਤੇ ਪ੍ਰਬੰਧਕਾਂ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਗੁਰਮਤਿ ਸਮਾਗਮ ਵਿਚ ਸ਼ਿਰਕਤ ਕੀਤੀ। ਇਸ ਸਮਾਗਮ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਤਨਾਮ ਸਿੰਘ ਬੈਂਕਾ ਦੇ ਜਥੇ ਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਜਥੇਦਾਰ ਗੜਗੱਜ ਨੇ ਦਸ ਗੁਰੂ ਸਾਹਿਬਾਨ ਦੇ ਇਤਿਹਾਸ ਬਾਰੇ ਸੰਖੇਪ ਰੂਪ ਵਿਚ ਵਿਚਾਰਾਂ ਸਾਂਝੀਆਂ ਕਰਦਿਆਂ ਕਿਹਾ ਕਿ ਇਸ ਇਲਾਕੇ ਵਿਚ ਗੁਰੂ ਕਾਲ ਤੋਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਤੋਂ ਹੀ ਸਿੱਖੀ ਦੀਆਂ ਜੜ੍ਹਾਂ ਮੌਜੂਦ ਹਨ। ਉਨ੍ਹਾਂ ਉੱਤਰ ਪ੍ਰਦੇਸ਼ ਵੱਸਦੇ ਸਿੱਖ ਪਰਿਵਾਰਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਇਕਜੁੱਟ ਹੋਣ ਅਤੇ ਆਪਣੀ ਨਵੀਂ ਪੀੜ੍ਹੀ ਨੂੰ ਸਾਬਤ ਸੂਰਤ ਬਣਾਉਣ ਅਤੇ ਸਮੂਹ ਸੰਗਤਾਂ ਨੂੰ ਅੰਮ੍ਰਿਤਪਾਨ ਕਰਕੇ ਸਿੱਖੀ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਉੱਤਰ ਪ੍ਰਦੇਸ਼ ਦੀਆਂ ਸੰਗਤਾਂ ਨੂੰ ਆਪਸੀ ਭਾਈਚਾਰਕ ਸਾਂਝ ਕਾਇਮ ਰੱਖਣ ਅਤੇ ਲੋੜਵੰਦ ਪਰਿਵਾਰਾਂ ਦੀ ਮਦਦ ਕਰਦਿਆਂ ਇਕ ਦੂਜੇ ਦੇ ਦੁੱਖ ਸੁੱਖ ਵਿਚ ਸ਼ਾਮਿਲ ਹੋਣ ਦੀ ਵੀ ਤਾਕੀਦ ਕੀਤੀ। ਇਸ ਮੌਕੇ ਇਲਾਕਾ ਨਿਵਾਸੀ ਸੰਗਤਾਂ ਨੇ ਕਿਹਾ ਕਿ ਇਲਾਕੇ ਵਿਚ ਗੁਰਮਤਿ ਦਾ ਪ੍ਰਚਾਰ ਪ੍ਰਸਾਰ ਬੇਸ਼ੱਕ ਸ਼੍ਰੋਮਣੀ ਕਮੇਟੀ ਦੇ ਸਿੱਖ ਮਿਸ਼ਨ ਵਲੋਂ ਕੀਤਾ ਜਾ ਰਿਹਾ ਹੈ, ਪ੍ਰੰਤੂ ਹੋਰ ਪ੍ਰਚੰਡ ਯਤਨਾਂ ਦੀ ਲੋੜ ਹੈ, ਜਿਸ 'ਤੇ ਜਥੇਦਾਰ ਨੇ ਸੰਗਤਾਂ ਨੂੰ ਭਰੋਸਾ ਦਿੱਤਾ ਕਿ ਆਉਣ ਵਾਲੇ ਸਮੇਂ ਵਿਚ ਇਲਾਕੇ ਵਿਚ ਹੋਰ ਗੁਰਮਤਿ ਸਮਾਗਮ ਉਲੀਕੇ ਜਾਣਗੇ ਅਤੇ ਸਿੱਖੀ ਪ੍ਰਚਾਰ ਦੀ ਲਹਿਰ ਨੂੰ ਹੋਰ ਪ੍ਰਚੰਡ ਕੀਤਾ ਜਾਵੇਗਾ। ਇਸ ਮੌਕੇ ਬਾਬਾ ਰਣਜੀਤ ਸਿੰਘ ਪਨਿਆਲੀ ਤੇ ਹੋਰ ਪ੍ਰਬੰਧਕਾਂ ਵਲੋਂ ਜਥੇਦਾਰ ਗੜਗੱਜ ਨੂੰ ਸ੍ਰੀ ਸਾਹਿਬ ਤੇ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਾਬਾ ਅਜੀਤ ਸਿੰਘ ਤੇ ਸਹਾਰਨਪੁਰ ਜ਼ਿਲ੍ਹੇ ਦੀਆਂ ਹੋਰ ਸੰਗਤਾਂ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਹੇਠ ਹਿਮਾਚਲ ਦੇ ਨਾਲਾਗੜ੍ਹ 'ਚ ਭਰਤੀ ਕਾਪੀਆਂ ਕਮੇਟੀ ਨੂੰ ਸੌਂਪਣ ਲਈ ਹੋਇਆ ਵੱਡਾ ਸਮਾਗਮ



ਚੰਡੀਗੜ੍ਹ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਨੂੰ ਪੁਨਰ ਸੁਰਜੀਤ ਕਰਨ ਲਈ ਆਰੰਭੇ ਸੰਘਰਸ਼ 'ਚ ਹਿਮਾਚਲ ਦੀਆਂ ਸੰਗਤਾਂ ਨੇ ਵੀ ਡਟਣ ਦਾ ਐਲਾਨ ਕਰ ਦਿੱਤਾ ਹੈ। ਹਿਮਾਚਲ ਪ੍ਰਦੇਸ਼ ਦੇ ਨਾਲਾਗੜ੍ਹ 'ਚ ਪੰਜ ਮੈਂਬਰੀ ਭਰਤੀ ਕਮੇਟੀ ਦੀ ਅਗਵਾਈ ਹੇਠ ਜਾਰੀ ਭਰਤੀ ਮੁਹਿੰਮ ਨੂੰ ਇੱਥੋਂ ਦੀਆਂ ਸੰਗਤਾਂ ਨੇ ਵੱਡਾ ਸਮਾਗਮ ਕਰਵਾਇਆ। ਇਸ ਭਰਤੀ ਮੁਹਿੰਮ ਲਈ ਹੋਏ ਸਮਾਗਮ ਵਿਚ ਗਿਆਨੀ ਹਰਪ੍ਰੀਤ ਸਿੰਘ ਸਾਬਕਾ ਜਥੇਦਾਰ, ਸੰਤ ਬਾਬਾ ਸਰਬਜੋਤ ਸਿੰਘ ਬੇਦੀ, ਭਰਤੀ ਕਮੇਟੀ ਦੇ ਮੈਂਬਰ ਮਨਪ੍ਰੀਤ ਸਿੰਘ ਇਯਾਲੀ ਅਤੇ ਇਕਬਾਲ ਸਿੰਘ ਝੂੰਦਾਂ, ਗੁਰਿੰਦਰ ਸਿੰਘ ਗੋਗੀ ਜ਼ਿਲ੍ਹਾ ਪ੍ਰਧਾਨ ਰੋਪੜ, ਗਿਆਨੀ ਮਹਿੰਦਰ ਸਿੰਘ ਤੇ ਸਰਮੁਖ ਸਿੰਘ ਖਾਸ ਤੌਰ 'ਤੇ ਹਾਜ਼ਰ ਰਹੇ। ਸਿਰਫ ਨਾਲਾਗੜ੍ਹ ਹਲਕੇ 'ਚੋਂ 5000 ਮੈਂਬਰ ਬਣੇ ਅਤੇ ਭਰੀਆਂ ਗਈਆਂ ਮੈਂਬਰਸ਼ਿਪ ਦੀਆਂ ਕਾਪੀਆਂ ਭਰਤੀ ਕਮੇਟੀ ਨੂੰ ਸੌਂਪੀਆਂ ਗਈਆਂ। ਭਰਤੀ ਲਈ ਅਹਿਮ ਰੋਲ ਅਦਾ ਕਰਨ ਵਾਲੇ ਸ. ਸੁਰਮੁੱਖ ਸਿੰਘ ਨੇ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਕਿ ਹਿਮਾਚਲ ਪ੍ਰਦੇਸ਼ ਦੀ ਸੰਗਤ ਵਲੋਂ ਬਣਾਏ ਸਰਕਲ ਡੈਲੀਗੇਟ ਆਪਣੇ ਸਟੇਟ ਡੈਲੀਗੇਟ ਚੁਣ ਕੇ ਭੇਜਣ ਜਾ ਰਹੀ ਹੈ। ਇਸ ਤੋਂ ਪਹਿਲਾਂ ਇਤਿਹਾਸ ਵਿਚ ਅਜਿਹਾ ਕਦੇ ਨਹੀਂ ਹੋ ਪਾਇਆ। ਹਿਮਾਚਲ ਸਟੇਟ ਲਈ ਵੀ ਦੂਜੀ ਸਟੇਟ ਦੇ ਵਿਅਕਤੀ ਨੂੰ ਨੁਮਾਇੰਦਾ ਬਣਾ ਕੇ ਡੈਲੀਗੇਟ ਚੁਣਿਆ ਜਾਂਦਾ ਰਿਹਾ ਹੈ। ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਕੌਮ ਅਤੇ ਪੰਥ ਲਈ ਸਿੱਖ ਸੰਗਤਾਂ ਨੂੰ ਇਕੱਠਾ ਹੋਣ ਦੀ ਲੋੜ ਹੈ। ਕੌਮ ਦੇ ਵਧੇਰੇ ਹਿੱਤਾਂ ਲਈ ਆਪਸੀ ਮਤਭੇਦ ਭੁਲਾ ਕੇ ਸਭ ਨੂੰ ਇਕ ਪਲੇਟਫ਼ਾਰਮ 'ਤੇ ਆਉਣ ਦੀ ਲੋੜ ਹੈ। ਭਰਤੀ ਕਮੇਟੀ ਮੈਂਬਰ ਸ. ਮਨਪ੍ਰੀਤ ਸਿੰਘ ਇਯਾਲੀ ਨੇ ਹਿਮਾਚਲ ਦੀਆਂ ਸੰਗਤਾਂ ਦਾ ਧੰਨਵਾਦ ਕੀਤਾ। ਬਾਬਾ ਸਰਬਜੋਤ ਸਿੰਘ ਬੇਦੀ ਨੇ ਆਪਣੀ ਧੰਨਵਾਦੀ ਭਾਸ਼ਣ ਵਿਚ ਕਿਹਾ ਕਿ ਸਿੱਖਾਂ ਦੇ ਮਸਲੇ ਹੱਲ ਕਰਵਾਉਣ ਲਈ ਸਾਨੂੰ ਇਕੱਠੇ ਹੋ ਕੇ ਅੱਗੇ ਵਧਣਾ ਚਾਹੀਦਾ ਹੈ।

# ਸਰੀਰ ਦਾਨ,ਅੰਗਦਾਨ ਤੇ ਨੇਤਰ ਦਾਨ ਹੈ ਮਹਾਦਾਨ : ਭਾਈ ਮਸੀਤੀ, ਘੁੰਮਣ




ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸੰਸਾਰ ਵਿੱਚ ਉਹ ਲੋਕ ਮਹਾਨ ਹੁੰਦੇ ਹਨ ਜੋ ਲੋਕ ਆਪਣਾ ਜੀਵਨ ਮਨੁਖਤਾ ਦੀ ਭਲਾਈ ਲਈ ਨਿਸ਼ਾਵਰ ਕਰ ਦਿੰਦੇ ਹਨ, ਸੰਸਾਰ ਵਿੱਚ ਸਰੀਰ ਦਾਨ, ਅੰਗਦਾਨ ਤੇ ਨੇਤਰਦਾਨ ਤੋਂ ਵੱਡਾ ਕੋਈ ਦਾਨ ਨਹੀਂ ਇਹ ਸਭ ਤੋਂ ਉੱਤਮ ਦਾਨ ਹੈ ਜੋ ਆਪ ਜੀ ਦੁਆਰਾ ਦਾਨ ਕੀਤਾ ਗਿਆ ਨੇਤਰਦਾਨ ਬਣ ਸਕਦਾ ਹੈ ਕਿਸੇ ਨੇਤਰਹੀਣ ਵਿਅਕਤੀਆ ਲਈ ਵਰਦਾਨ ਹੈ। ਕਿਉਂਕਿ ਮੌਤ ਜੀਵਨ ਦੀ ਸੱਚਾਈ ਹੈ,ਅਸੀਂ ਜਿਊਣ ਲਈ ਪੈਦਾ ਹੋਏ ਹਾਂ, ਤੇ ਮੌਤ ਵੀ ਸੱਚ ਹੈ, ਜੋ ਜੀਵਨ ਸਾਨੂੰ ਮਿਲਿਆ ਹੈ ਉਸ ਦਾ ਅੰਤ ਇੱਕ ਨਾ ਇੱਕ ਦਿਨ ਜ਼ਰੂਰ ਹੋਣਾ ਹੈ, ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਦਸੂਹਾ ਦੇ ਐਮਐਲਏ ਕਰਮਵੀਰ ਸਿੰਘ ਘੁੰਮਣ ਨੇ ਆਈ ਡੋਨਰ ਇੰਚਾਰਜ ਟਾਂਡਾ ਸਟੇਟ ਅਵਾਰਡੀ ਭਾਈ ਵਰਿੰਦਰ ਸਿੰਘ ਮਸੀਤੀ ਨਾਲ ਬਾਬਾ ਜਸਪਾਲ ਸਿੰਘ ਜੀ ਉਡਤੇ ਵਾਲਿਆਂ ਦੇ ਡੇਰੇ ਪਹੁੰਚਣ ਮੌਕੇ ਕੀਤਾ, ਉਹਨਾਂ ਦਾ ਕਹਿਣਾ ਸੀ ਕਿ ਮਨੁੱਖ ਨੂੰ ਆਪਣੀ ਇਛਾ ਅਨੁਸਾਰ ਮਨੁਖਤਾ ਦੇ ਭਲੇ ਲਈ ਜਿਊਂਦੇ ਜੀ ਰਕਤ ਦਾਨ ਕਰਨਾ ਚਾਹੀਦਾ ਹੈ ਤੇ ਮਰਨ ਉਪਰੰਤ ਸਰੀਰ ਦਾਨ, ਅੰਗਦਾਨ ਤੇ ਨੇਤਰ ਦਾਨ ਕਰਨੇ ਚਾਹੀਦੇ ਹਨ ਤੇ ਮੌਤ ਤੋਂ ਬਾਅਦ ਮ੍ਰਿਤਕ ਦੇਹ ਡਾਕਟਰੀ ਖੋਜਾਂ ਲਈ ਤੇ ਮ੍ਰਿਤਕ ਸਰੀਰ ਦੇ ਹੋਰ ਅੰਗ ਜਿਨ੍ਹਾਂ ਲੋਕਾਂ ਦੇ ਅੰਗ ਖਰਾਬ ਹੋ ਚੁੱਕੇ ਹਨ ਉਨਾ ਨੂੰ ਦਾਨ ਕੀਤੇ ਜਾਣੇ ਚਾਹੀਦੇ ਹਨ ਜਿਸ ਨਾਲ ਲੋੜਵੰਦ ਵਿਅਕਤੀਆਂ ਨੂੰ ਨਵਾ ਜੀਵਨ ਮਿਲ ਸਕਦਾ ਹੈ। ਉਨ੍ਹਾਂ ਆਖਿਆ ਕਿ ਇਨਸਾਨ ਦੀ ਮੌਤ ਤੋਂ ਬਾਅਦ ਸਾਡੀਆਂ ਦੋ ਅੱਖਾਂ ਤੇ ਸਰੀਰ ਦੇ ਅੰਗ ਕਿਸੇ ਲੋੜਵੰਦ ਵਿਅਕਤੀ ਦੀ ਜਿੰਦਗੀ ਬਚਾਉਣ ਵਿੱਚ ਸਹਾਈ ਹੋ ਸਕਦੇ ਹਨ। ਇਸ ਮੌਕੇ ਬਾਬਾ ਜਸਪਾਲ ਸਿੰਘ ਨੇ ਵਿਧਾਇਕ ਕਰਮਵੀਰ ਸਿੰਘ ਘੁੰਮਣ ਤੇ ਭਾਈ ਵਰਿੰਦਰ ਸਿੰਘ ਮਸੀਤੀ ਦੇ ਵਿਚਾਰਾਂ ਦੀ ਸ਼ਲਾਘਾ ਕੀਤੀ ਤੇ ਉਨਾ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨੇਤਰਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਵੱਲੋਂ ਚਲਾਏ ਜਾਂਦੇ ਮਾਨਵਤਾ ਭਲਾਈ ਦੇ ਇਹਨਾਂ ਕਾਰਜਾਂ ਵਿੱਚ ਆਪਣਾ ਯੋਗਦਾਨ ਪੌਣ ਤਾਂ ਜੋ ਇੱਕ ਨਵੇਂ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਮਹੰਤ ਗੋਲਡੀ ਜੀ, ਹਰਿੰਦਰ ਜਲੋਟਾ, ਸੋਨੂ ਖਾਲਸਾ, ਐਮਸੀ ਤੱਖੀ, ਬਾਬਾ ਸੁਖਵਿੰਦਰ ਸਿੰਘ ,ਬੀਬੀ ਜਸਬੀਰ ਕੌਰ, ਬੀਬੀ ਮਨਜਿੰਦਰ ਕੌਰ, ਜਤਿੰਦਰ ਕੌਰ, ਸੁਖਵਿੰਦਰ ਮੈਨੇਜਰ, ਜਰਨੈਲ ਸਿੰਘ, ਤੀਰਥ ਸਿੰਘ ਸੱਗਰਾਂ, ਬਾਬੂ ਹਰਬੰਸ ਲਾਲ ਆਦਿ ਹਾਜ਼ਰ ਸਨ।

# ਲਾਹੌਰ 'ਚ ਸ਼ਰਧਾ ਨਾਲ ਮਨਾਇਆ ਸ਼ਹੀਦੀ ਪੁਰਬ



ਅੰਮ੍ਰਿਤਸਰ : ਪਾਕਿਸਤਾਨ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਅੱਜ ਸਾਂਝੇ ਤੌਰ 'ਤੇ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਲਾਹੌਰ ਦੇ ਗੁਰਦੁਆਰਾ ਡੇਰਾ ਸਾਹਿਬ ਵਿਖੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਸ਼ਰਧਾ ਭਾਵਨਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਲਾਹੌਰ, ਸ੍ਰੀ ਨਨਕਾਣਾ ਸਾਹਿਬ, ਹਸਨ ਅਬਦਾਲ, ਸਵਾਤ, ਸੂਬਾ ਸਿੰਧ, ਬਲੋਚਿਸਤਾਨ ਅਤੇ ਸੂਬਾ ਖ਼ੈਬਰ ਪਖਤੂਨਖਵਾ ਤੋਂ ਪਹੁੰਚੀ ਸੰਗਤ ਨੇ ਸ਼ਹੀਦੀ ਅਸਥਾਨ ਗੁਰਦੁਆਰਾ ਸ੍ਰੀ ਡੇਰਾ ਸਾਹਿਬ ਵਿਖੇ ਮੱਥਾ ਟੇਕਿਆ ਤੇ ਵਾਹਿਗੁਰੂ ਦਾ ਸ਼ੁਕਰਾਨਾ ਅਦਾ ਕੀਤਾ। ਧਾਰਮਿਕ ਸਮਾਗਮ ਦੌਰਾਨ ਵੱਖ-ਵੱਖ ਕੀਰਤਨੀ ਜਥਿਆਂ, ਕਥਾ ਵਾਚਕਾਂ ਨੇ ਮਨੋਹਰ ਕੀਰਤਨ, ਕਥਾ ਅਤੇ ਗੁਰਮਤਿ ਵਿਚਾਰਾਂ ਨਾਲ ਸੰਗਤ ਨੂੰ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸਮਾਗਮ 'ਚ ਈ. ਟੀ. ਪੀ. ਬੀ. ਦੇ ਚੇਅਰਮੈਨ ਬੋਰਡ ਡਾ: ਸਾਜਿਦ ਮਹਿਮੂਦ ਚੌਹਾਨ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਲਾਹੌਰ ਤੋਂ ਜਾਣਕਾਰੀ ਸਾਂਝੀ ਕਰਦਿਆਂ ਬਾਬਰ ਜਲੰਧਰੀ ਨੇ ਦੱਸਿਆ ਕਿ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਪੀ. ਐੱਸ. ਜੀ. ਪੀ. ਸੀ. ਦੇ ਪ੍ਰਧਾਨ ਅਤੇ ਲਹਿੰਦੇ ਪੰਜਾਬ ਦੇ ਘੱਟ-ਗਿਣਤੀ ਮਾਮਲਿਆਂ ਬਾਰੇ ਸੂਬਾਈ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪਾਕਿ ਨੇ ਹਮੇਸ਼ਾ ਸਿੱਖ ਭਾਈਚਾਰੇ ਲਈ ਆਪਣੇ ਦਰਵਾਜ਼ੇ ਖੁੱਲ੍ਹੇ ਰੱਖੇ ਹਨ ਅਤੇ ਪਾਕਿ ਵਿਚਲੇ ਸਿੱਖਾਂ ਦੇ ਪਵਿੱਤਰ ਅਸਥਾਨਾਂ ਦੀ ਦੇਖਭਾਲ ਸਾਡੀ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ। ਡਾ: ਸਾਜਿਦ ਮਹਿਮੂਦ ਚੌਹਾਨ ਨੇ ਕਿਹਾ ਕਿ ਸਾਨੂੰ ਪੂਰੀ ਉਮੀਦ ਹੈ ਕਿ ਸਿੱਖ ਸ਼ਰਧਾਲੂ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ 'ਤੇ ਪਾਕਿਸਤਾਨ ਜ਼ਰੂਰ ਪਹੁੰਚਣਗੇ। ਗੁਰਦੁਆਰਾ ਸਾਹਿਬ 'ਤੇ ਕਰਾਏ ਗਏ ਧਾਰਮਿਕ ਸਮਾਗਮ ਦੌਰਾਨ ਪੀ. ਐੱਸ. ਜੀ. ਪੀ. ਸੀ. ਦੇ ਮਹੇਸ਼ ਸਿੰਘ ਦਾਰਾ, ਡਾ. ਮਿਮਪਾਲ ਸਿੰਘ, ਸਤਵੰਤ ਕੌਰ, ਗਿਆਨ ਸਿੰਘ ਚਾਵਲਾ, ਦਰਸ਼ਨ ਸਿੰਘ, ਭਗਤ ਸਿੰਘ, ਤਾਰਾ ਸਿੰਘ, ਗਿਆਨੀ ਰਣਜੀਤ ਸਿੰਘ ਸਮੇਤ ਕਈ ਸਿੱਖ ਅਹੁਦੇਦਾਰ ਹਾਜ਼ਰ ਸਨ। ਇਸ ਮੌਕੇ ਸੰਗਤਾਂ ਲਈ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਅਤੁੱਟ ਲੰਗਰ ਵੀ ਵਰਤਾਏ ਗਏ।

# ਨੌਜਵਾਨੋ ਖੂਨ ਦਾਨ ਕਰੋ ਤੇ ਨਸ਼ੇ ਤਿਆਗੋ: ਡਾਕਟਰ ਕਰਨ ਤੇ ਮਸੀਤੀ




ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਅੱਜ ਬਲਾਕ ਟਾਂਡਾ ਅਧੀਨ ਆਉਂਦੇ ਪਿੰਡ ਕੰਧਾਲਾ ਸ਼ੇਖਾਂ ਦੇ ਹੈਲਥ ਸੈਂਟਰ ਵਿਖੇ ਨਸ਼ਾ ਛੁਡਾਊ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਡਾਕਟਰ ਕਰਨ ਕੁਮਾਰ ਸੈਣੀ ਐਸ ਐਮ ਓ ਟਾਂਡਾ ਤੇ ਸਟੇਟ ਅਵਾਰਡੀ ਭਾਈ ਬਰਿੰਦਰ ਸਿੰਘ ਮਸੀਤੀ ਆਈ ਡੋਨਰ ਇੰਚਾਰਜ ਟਾਂਡਾ ਨੇ ਨੌਜਵਾਨਾਂ ਨੂੰ ਪ੍ਰੇਰਿਤ ਕਰਦਿਆਂ ਆਖਿਆ ਨੌਜਵਾਨੋ ਨਸ਼ੇ ਤਿਆਗ ਕੇ ਖੂਨ ਦਾਨ ਕਰੋ ਤਾਂ ਜੋ ਸਿਹਤਮੰਦ ਸਮਾਜ ਦੀ ਸਿਰਜਣਾ ਹੋ ਸਕੇ। ਇਸ ਮੌਕੇ ਡਾਕਟਰ ਕਰਨ ਕੁਮਾਰ ਸੈਣੀ ਨੇ ਨਸ਼ਿਆਂ ਦੇ ਸਰੀਰ ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਦੀ ਜਾਣਕਾਰੀ ਦਿੱਤੀ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨਾਂ ਦੇ ਆਲੇ ਦੁਆਲੇ ਕੋਈ ਵੀ ਵਿਅਕਤੀ ਨਸ਼ਿਆਂ ਦੀ ਦਲਦਲ ਵਿੱਚ ਫਸਿਆ ਹੋਇਆ ਹੈ ਤਾਂ ਉਹ ਤੁਰੰਤ ਇਸ ਦੀ ਸੂਚਨਾ ਸਾਨੂੰ ਦੇਵੇ ਤਾਂ ਜੋ ਉਸ ਪੀੜਿਤ ਵਿਅਕਤੀ ਦਾ ਸਹੀ ਸਮੇਂ ਤੇ ਇਲਾਜ ਕੀਤਾ ਜਾ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਕਟਰ ਅਮਰਪਾਲ ਸਿੰਘ, ਡਾਕਟਰ ਮਨੋਜ ਕੁਮਾਰ,ਗੁਰਪ੍ਰੀਤ ਸਿੰਘ ਫਾਰਮੇਸੀ ਅਫ਼ਸਰ, ਭੁਪਿੰਦਰ ਸਿੰਘ, ਗੁਰਜੀਤ ਸਿੰਘ ਆਦਿ ਹਾਜ਼ਰ ਸਨ।

# ਸਰੋਵਰ 'ਚ ਡੁੱਬਣ ਨਾਲ ਗ੍ਰੰਥੀ ਦੀ ਮੌਤ

ਕੋਟਕਪੂਰਾ (ਫਰੀਦਕੋਟ) : ਇਤਿਹਾਸਕ ਗੁਰਦੁਆਰਾ ਗੋਦਾਵਰੀਸਰ ਸਾਹਿਬ ਪਾਤਸ਼ਾਹੀ ਦਸਵੀਂ ਪਿੰਡ ਢਿੱਲਵਾਂ ਕਲਾਂ ਦੇ ਸਰੋਵਰ 'ਚ ਇਸ਼ਨਾਨ ਕਰਦੇ ਸਮੇਂ ਗ੍ਰੰਥੀ ਅਮਨਪਾਲ ਸਿੰਘ (23) ਪੁੱਤਰ ਬੇਅੰਤ ਸਿੰਘ ਵਾਸੀ ਬਾਘਾਪੁਰਾਣਾ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਗ੍ਰੰਥੀ ਅਮਨਪਾਲ ਸਿੰਘ ਦਾ ਇਸ਼ਨਾਨ ਕਰਦੇ ਸਮੇਂ ਪੈਰ ਅਚਾਨਕ ਡੂੰਘੇ ਪਾਸੇ ਚਲਾ ਗਿਆ ਅਤੇ ਡੁੱਬਣ ਕਾਰਨ ਉਸ ਦੀ ਮੌਤ ਹੋ ਗਈ। ਇਸ ਸੰਬੰਧ 'ਚ ਥਾਣਾ ਸਦਰ ਕੋਟਕਪੂਰਾ ਦੀ ਪੁਲਿਸ ਵਲੋਂ ਵਿਭਾਗੀ ਕਾਰਵਾਈ ਅਮਲ 'ਚ ਲਿਆਂਦੀ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਉਕਤ ਗ੍ਰੰਥੀ ਪਿਛਲੇ ਕੁਝ ਸਮੇਂ ਗੁਰੂਘਰ 'ਚ ਸੇਵਾ ਕਰ ਰਿਹਾ ਸੀ।



# ਕੇਂਦਰ ਸਰਕਾਰ ਵੱਲੋਂ 16ਵੀਂ ਮਰਦਮਸ਼ੁਮਾਰੀ ਲਈ ਨੋਟੀਫਿਕੇਸ਼ਨ ਜਾਰੀ

## ਦੋ ਪੜਾਵਾਂ ਵਿਚ ਹੋਵੇਗੀ ਜਨਗਣਨਾ, ਪਹਿਲਾ ਪੜਾਅ 1 ਅਕਤੂਬਰ 2026 ਤੇ ਦੂਜਾ 1 ਮਾਰਚ 2027 ਤੋਂ ਹੋਵੇਗਾ ਸ਼ੁਰੂ; ਪੂਰੀ ਮਸ਼ਕ ਵਿਚ ਜਾਤੀ ਜਨਗਣਨਾ ਵੀ ਹੋਵੇਗੀ ਸ਼ਾਮਲ



ਨਵੀਂ ਦਿੱਲੀ : ਕੇਂਦਰ ਸਰਕਾਰ ਨੇ ਅਗਲੇ ਸਾਲ ਹੋਣ ਵਾਲੀ ਮਰਦਮਸ਼ੁਮਾਰੀ, ਜਿਸ ਵਿਚ ਜਾਤੀ ਜਨਗਣਨਾ ਵੀ ਸ਼ਾਮਲ ਹੋਵੇਗੀ, ਲਈ ਗਜ਼ਟ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਨੋਟੀਫਿਕੇਸ਼ਨ ਮੁਤਾਬਕ ਮਰਦਮਸ਼ੁਮਾਰੀ ਦੋ ਪੜਾਵਾਂ ਵਿਚ ਹੋਵੇਗੀ। ਪਹਿਲਾ ਪੜਾਅ 1 ਅਕਤੂਬਰ 2026 ਤੇ ਦੂਜਾ ਪੜਾਅ 1 ਮਾਰਚ 2027 ਤੋਂ ਸ਼ੁਰੂ ਹੋਵੇਗਾ। ਇਸ ਤੋਂ ਪਹਿਲਾਂ ਮਰਦਮਸ਼ੁਮਾਰੀ ਸਾਲ 2011 ਵਿਚ ਕੀਤੀ ਗਈ ਸੀ।

ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਲੱਦਾਖ ਵਰਗੇ ਬਰਫ਼ ਨਾਲ ਘਿਰੇ ਇਲਾਕਿਆਂ ਵਿੱਚ ਮਰਦਮਸ਼ੁਮਾਰੀ ਦਾ ਅਮਲ 1 ਅਕਤੂਬਰ, 2026 ਤੋਂ ਸ਼ੁਰੂ ਹੋਵੇਗਾ ਜਦੋਂਕਿ ਦੇਸ਼ ਦੇ ਬਾਕੀ ਹਿੱਸਿਆਂ ਵਿੱਚ 1 ਮਾਰਚ, 2027 ਦੀ ਸੰਦਰਭ ਮਿਤੀ ਨਾਲ ਜਨਗਣਨਾ ਕੀਤੀ ਜਾਵੇਗੀ।

ਕਾਬਿਲੇਗੌਰ ਹੈ ਕਿ 2021 ਦੀ ਮਰਦਮਸ਼ੁਮਾਰੀ ਦੇ ਪੜਾਵਾਂ- ਅਪਰੈਲ ਤੋਂ ਸਤੰਬਰ 2020 ਤੱਕ ਘਰਾਂ ਦਾ ਸੂਚੀਕਰਨ ਅਤੇ ਫਰਵਰੀ 2021 ਵਿੱਚ ਆਬਾਦੀ ਦੀ ਗਣਨਾ- ਵਿੱਚ ਯੋਜਨਾਬੱਧ ਕੀਤੀ ਗਈ ਸੀ। ਹਾਲਾਂਕਿ ਮੁਕੰਮਲ ਤਿਆਰੀ ਦੇ ਬਾਵਜੂਦ COVID-19 ਮਹਾਮਾਰੀ ਕਰਕੇ ਇਸ ਨੂੰ ਅਨਮਿੱਥੇ ਸਮੇਂ ਲਈ ਮੁਲਤਵੀ ਕਰਨਾ ਪਿਆ ਸੀ।

ਨੋਟੀਫਿਕੇਸ਼ਨ ਵਿਚ ਕਿਹਾ ਗਿਆ, "ਉਕਤ ਜਨਗਣਨਾ ਲਈ ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ ਅਤੇ ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਰਾਜਾਂ ਦੇ ਬਰਫ਼ ਨਾਲ ਜੁੜੇ ਗੈਰ-ਸਮਕਾਲੀ ਖੇਤਰਾਂ ਨੂੰ ਛੱਡ ਕੇ ਸੰਦਰਭ ਮਿਤੀ 1 ਮਾਰਚ, 2027 ਦੇ 00.00 ਘੰਟੇ ਹੋਵੇਗੀ।" ਇਸ ਵਿੱਚ ਕਿਹਾ ਗਿਆ ਹੈ ਕਿ ਲੱਦਾਖ ਅਤੇ ਜੰਮੂ-ਕਸ਼ਮੀਰ ਦੇ ਕੇਂਦਰ ਸ਼ਾਸਿਤ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਰਾਜਾਂ ਦੇ ਬਰਫ਼ ਨਾਲ ਜੁੜੇ ਗੈਰ-ਸਮਕਾਲੀ ਖੇਤਰਾਂ ਦੇ ਸਬੰਧ ਵਿੱਚ, ਹਵਾਲਾ ਮਿਤੀ 1 ਅਕਤੂਬਰ, 2026 ਦੇ 00:00 ਘੰਟੇ ਹੋਵੇਗੀ।

ਦੇਸ਼ ਭਰ ਤੋਂ ਆਬਾਦੀ ਨਾਲ ਸਬੰਧਤ ਡੇਟਾ ਦੇਣ ਦੀ ਇਹ ਵੱਡੀ ਕਵਾਇਦ ਕਰੀਬ 34 ਲੱਖ ਗਿਣਤੀਕਾਰਾਂ ਅਤੇ ਸੁਪਰਵਾਈਜ਼ਰਾਂ ਅਤੇ ਡਿਜੀਟਲ ਡਿਵਾਈਸਾਂ ਨਾਲ ਲੈਸ ਕਰੀਬ 1.3 ਲੱਖ ਜਨਗਣਨਾ ਕਾਮਿਆਂ ਵੱਲੋਂ ਪੂਰੀ ਕੀਤੀ ਜਾਵੇਗੀ। ਇੱਕ ਸਰਕਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਮਰਦਮਸ਼ੁਮਾਰੀ ਵਿੱਚ ਜਾਤੀ ਜਨਗਣਨਾ ਵੀ ਕੀਤੀ ਜਾਵੇਗੀ। ਲੋਕਾਂ ਲਈ ਸਵੈ-ਗਣਨਾ ਦੀ ਵਿਵਸਥਾ ਵੀ ਉਪਲਬਧ ਕਰਵਾਈ ਜਾਵੇਗੀ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਤਵਾਰ ਨੂੰ ਇੱਥੇ ਕੇਂਦਰੀ ਗ੍ਰਹਿ ਸਕੱਤਰ, ਰਜਿਸਟਰਾਰ ਜਨਰਲ ਅਤੇ ਭਾਰਤ ਦੇ ਜਨਗਣਨਾ ਕਮਿਸ਼ਨਰ ਮ੍ਰਿਤੁੰਜਯ ਕੁਮਾਰ ਨਾਰਾਇਣ ਅਤੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਮਰਦਮਸ਼ੁਮਾਰੀ ਦੀ ਤਿਆਰੀ ਬਾਰੇ ਸਮੀਖਿਆ ਕੀਤੀ।

ਮਰਦਮਸ਼ੁਮਾਰੀ ਦੋ ਪੜਾਵਾਂ ਵਿੱਚ ਕੀਤੀ ਜਾਵੇਗੀ। ਪਹਿਲੇ ਪੜਾਅ ਵਿੱਚ- ਹਾਊਸ ਲਿਸਟਿੰਗ ਆਪ੍ਰੇਸ਼ਨ (HLO)- ਹਰੇਕ ਘਰ ਦੀ ਰਿਹਾਇਸ਼ੀ ਹਾਲਤ, ਸੰਪਤੀਆਂ ਅਤੇ ਸਹੂਲਤਾਂ ਬਾਰੇ ਵੇਰਵੇ ਇਕੱਤਰ ਕੀਤੇ ਜਾਣਗੇ। ਜਦੋਂਕਿ ਦੂਜੇ ਪੜਾਅ ਵਿੱਚ- ਆਬਾਦੀ ਦੀ ਗਿਣਤੀ ਭਾਵ ਹਰੇਕ ਘਰ ਦੇ ਹਰੇਕ ਜੀਅ ਦੀ ਗਿਣਤੀ, ਸਮਾਜਿਕ-ਆਰਥਿਕ, ਸੱਭਿਆਚਾਰਕ ਅਤੇ ਹੋਰ ਵੇਰਵੇ ਇਕੱਠੇ ਕੀਤੇ ਜਾਣਗੇ।

ਸਰਕਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਮਰਦਮਸ਼ੁਮਾਰੀ ਦੀ ਮਸ਼ਕ ਸ਼ੁਰੂ ਹੋਣ ਤੋਂ ਬਾਅਦ ਇਹ 16ਵੀਂ ਅਤੇ ਆਜ਼ਾਦੀ ਤੋਂ ਬਾਅਦ ਅੱਠਵੀਂ ਜਨਗਣਨਾ ਹੈ। ਬਿਆਨ ਵਿੱਚ ਕਿਹਾ ਗਿਆ ਸੀ ਕਿ ਜਾਣਕਾਰੀ ਇਕੱਤਰ ਕਰਨ, ਸੰਚਾਰ ਅਤੇ ਸਟੋਰੇਜ ਸਮੇਂ ਡੇਟਾ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਬਹੁਤ ਸਖ਼ਤ ਡੇਟਾ ਸੁਰੱਖਿਆ ਉਪਾਅ ਰੱਖੇ ਜਾਣਗੇ।

# ਭਾਰਤ ਆਫ਼ਤ ਪ੍ਰਬੰਧਨ 'ਚ ਆਲਮੀ ਪੱਧਰ 'ਤੇ ਮੋਹਰੀ: ਸ਼ਾਹ

## ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਰਾਹਤ ਕਮਿਸ਼ਨਰਾਂ ਅਤੇ ਆਫ਼ਤ ਪ੍ਰਤੀਕਿਰਿਆ ਬਲਾਂ ਦੇ ਸੰਮੇਲਨ ਨੂੰ ਕੀਤਾ ਸੰਬੋਧਨ; ਐਨਡੀਐੱਮਏ ਤੇ ਐਨਡੀਆਰਐੱਫ ਦੀ ਸ਼ਲਾਘਾ



ਨਵੀਂ ਦਿੱਲੀ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਕਿਹਾ ਕਿ ਨੈਸ਼ਨਲ ਡਿਜ਼ਾਸਟਰ ਮੈਨੇਜਮੈਂਟ ਅਥਾਰਿਟੀ (ਐੱਨਡੀਐੱਮਏ) ਅਤੇ ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (ਐੱਨਡੀਆਰਐੱਫ) ਸਣੇ ਹੋਰ ਏਜੰਸੀਆਂ ਦੇ ਸ਼ਾਨਦਾਰ ਕੰਮ ਸਦਕਾ ਭਾਰਤ ਆਫ਼ਤ ਪ੍ਰਬੰਧਨ ਵਿੱਚ ਆਲਮੀ ਪੱਧਰ 'ਤੇ ਮੋਹਰੀ ਬਣ ਗਿਆ ਹੈ। ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਰਾਹਤ ਕਮਿਸ਼ਨਰਾਂ ਅਤੇ ਆਫ਼ਤ ਪ੍ਰਤੀਕਿਰਿਆ ਬਲਾਂ ਦੇ ਸੰਮੇਲਨ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ ਕਿਹਾ ਕਿ 10 ਸਾਲ ਪਹਿਲਾਂ ਆਫ਼ਤ ਪ੍ਰਬੰਧਨ ਸੰਗਠਨਾਂ ਦਾ ਦ੍ਰਿਸ਼ਟੀਕੋਣ ਜਾਨੀ ਨੁਕਸਾਨ ਨੂੰ ਘੱਟ ਤੋਂ ਘੱਟ ਕਰਨਾ ਸੀ ਅਤੇ 10 ਸਾਲਾਂ ਬਾਅਦ ਟੀਚਾ ਜਾਨੀ ਨੁਕਸਾਨ ਬਿਲਕੁਲ ਖ਼ਤਮ ਕਰਨਾ ਹੈ। ਉਨ੍ਹਾਂ ਕਿਹਾ, 'ਜਦੋਂ ਵੀ ਭਾਰਤ ਦੇ ਆਫ਼ਤ ਪ੍ਰਤੀਕਿਰਿਆ ਦਾ ਇਤਿਹਾਸ ਲਿਖਿਆ ਜਾਵੇਗਾ ਤਾਂ ਮੋਦੀ ਸਰਕਾਰ ਦੇ ਪਿਛਲੇ 10 ਸਾਲ ਪਰਿਵਰਤਨਸ਼ੀਲ ਦਹਾਕੇ ਵਜੋਂ ਦਰਜ ਕੀਤੇ ਜਾਣਗੇ। ਇਨ੍ਹਾਂ 10 ਸਾਲਾਂ ਵਿੱਚ ਅਸੀਂ ਸਮਰੱਥਾ, ਕਾਬਲੀਅਤ, ਗਤੀ ਅਤੇ ਸਟੀਕਤਾ ਵਰਗੇ ਚਾਰ ਖੇਤਰਾਂ ਵਿੱਚ ਅਹਿਮ ਪ੍ਰਾਪਤੀਆਂ ਹਾਸਲ ਕੀਤੀਆਂ ਹਨ।' ਗ੍ਰਹਿ ਮੰਤਰੀ ਨੇ ਕਿਹਾ ਕਿ ਐੱਨਡੀਐੱਮਏ ਨੇ ਨੀਤੀ, ਵਿਸ਼ਾ ਵਸਤੂ ਢਾਂਚੇ, ਖੋਜ ਕਾਰਜ ਅਤੇ ਸਮੁੱਚੇ ਤਾਲਮੇਲ ਨਾਲ ਸਬੰਧਤ ਕੰਮ ਪ੍ਰਭਾਵਸ਼ਾਲੀ ਢੰਗ ਨਾਲ ਕੀਤੇ ਹਨ। ਉਨ੍ਹਾਂ ਕਿਹਾ, 'ਪਿਛਲੇ 10 ਸਾਲਾਂ ਵਿੱਚ ਐੱਨਡੀਐੱਮਏ, ਐੱਨਡੀਆਰਐੱਫ ਅਤੇ ਸੀਡੀਆਰਆਈ (ਕੋਲੀਸ਼ਨ ਫਾਰ ਡਿਜ਼ਾਸਟਰ ਰੈਜ਼ੀਲੀਐਂਟ ਇਨਫਰਾਸਟ੍ਰਕਚਰ) ਨੇ ਭਾਰਤ ਨੂੰ ਆਫ਼ਤ ਪ੍ਰਬੰਧਨ ਵਿੱਚ ਆਲਮੀ ਆਗੂ ਵਜੋਂ ਮਜ਼ਬੂਤੀ ਨਾਲ ਸਥਾਪਿਤ ਕੀਤਾ ਹੈ।' ਸ਼ਾਹ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਵਿੱਚ ਰਾਹਤ ਅਤੇ ਆਫ਼ਤ ਪ੍ਰਬੰਧਨ ਨਾਲ ਜੁੜੀਆਂ ਸਾਰੀਆਂ ਏਜੰਸੀਆਂ ਦੀਆਂ ਵਰਕਸ਼ਾਪਾਂ ਅਤੇ ਮੀਟਿੰਗਾਂ ਨੂੰ ਸਰਕਾਰੀ ਪਹੁੰਚ ਨਾਲ ਵਿਚਾਰਾਂ ਦਾ ਇੱਕ ਮੰਚ ਬਣਾਉਣ ਲਈ ਕੰਮ ਕੀਤਾ ਗਿਆ ਹੈ।

ਉਨ੍ਹਾਂ ਕਿਹਾ, 'ਜਦੋਂ ਸਾਰੀਆਂ ਆਫ਼ਤ ਰਾਹਤ ਟੀਮਾਂ ਦੇ ਮੁਖੀ ਇੱਕ ਮੰਚ 'ਤੇ ਚਰਚਾ ਕਰਦੇ ਹਨ ਤਾਂ ਕਈ ਕਮੀਆਂ ਦੂਰ ਹੋ ਜਾਂਦੀਆਂ ਹਨ ਅਤੇ ਦੇਸ਼ ਨੂੰ ਆਫ਼ਤਾਂ ਨਾਲ ਨਜਿੱਠਣ ਲਈ ਤਿਆਰ ਰਹਿਣ ਵਿੱਚ ਵੀ ਫਾਇਦਾ ਹੁੰਦਾ ਹੈ।' ਗ੍ਰਹਿ ਮੰਤਰੀ ਨੇ ਸੁਝਾਅ ਦਿੱਤਾ ਕਿ ਹਰ ਸਾਲ ਆਫ਼ਤਾਂ ਪ੍ਰਤੀ ਸੰਵੇਦਨਸ਼ੀਲ ਕੁਝ ਜ਼ਿਲ੍ਹਿਆਂ ਅਤੇ ਤਹਿਸੀਲਾਂ ਨੂੰ ਇਸ ਕਾਨਫਰੰਸ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਕੌਮੀ ਪੱਧਰ ਦੀ ਆਫ਼ਤ ਪ੍ਰਬੰਧਨ ਯੋਜਨਾ ਹੌਲੀ-ਹੌਲੀ ਤਹਿਸੀਲ ਅਤੇ ਜ਼ਿਲ੍ਹਾ ਪੱਧਰ 'ਤੇ ਵੀ ਪਹੁੰਚ ਸਕੇ। ਇਸ ਦੌਰਾਨ ਉਨ੍ਹਾਂ ਐੱਨਡੀਐੱਮਏ ਦੀ ਭੂਮਿਕਾ ਦੀ ਸ਼ਲਾਘਾ ਵੀ ਕੀਤੀ।

# ਹੋਂਦ ਚਿੱਲੜ ਵਿਖੇ 41 ਵਰ੍ਹਿਆਂ ਬਾਅਦ ਵੀ 79 ਸਿੱਖਾਂ ਦੇ ਕਤਲੇਆਮ ਦੀ ਕੌਮੀ ਯਾਦਗਾਰ ਨਾ ਬਣ ਸਕੀ

## ਸਿੱਖ ਕਤਲੇਆਮ ਦੀ ਯਾਦਗਾਰ ਉਸਾਰਨ ਦਾ ਜ਼ਿੰਮਾ ਸ਼੍ਰੋਮਣੀ ਕਮੇਟੀ ਆਪ ਸੰਭਾਲੇ : ਸਿੱਖ ਆਗੂ

ਮਲੇਰਕੋਟਲਾ : ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ 2 ਨਵੰਬਰ 1984 ਦੀ ਸਵੇਰ ਨੂੰ ਸਾਢੇ ਕੁ 7 ਵਜੇ ਹਰਿਆਣਾ ਦੇ ਜ਼ਿਲ੍ਹਾ ਰੇਵਾੜੀ ਦੀ ਤਹਿਸੀਲ ਪਟੌਦੀ ਦੇ ਪਿੰਡ ਹੋਂਦ ਚਿੱਲੜ ਨੂੰ ਭੀੜ ਨੇ ਨਿਸ਼ਾਨਾ ਬਣਾਉਂਦਿਆਂ ਕਰੀਬ 18 ਸਿੱਖ ਪਰਿਵਾਰਾਂ ਦੇ 32 ਜੀਆਂ ਨੂੰ ਮਿੱਟੀ ਦਾ ਤੇਲ ਪਾਕੇ ਜਿਉਂਦਿਆਂ ਨੂੰ ਸਾੜ ਕੇ ਮੌਤ ਦੇ ਹਵਾਲੇ ਕਰ ਦਿੱਤਾ। ਉਸ ਤੋਂ ਇਲਾਵਾ ਪਟੌਦੀ ਤੇ ਗੁੜਗਾਉਂ ਆਦਿ ਵਿਖੇ ਵੀ 47 ਸਿੱਖਾਂ ਨੂੰ ਵਹਿਸ਼ੀਆਂ ਢੰਗ ਨਾਲ ਕੋਹ-ਕੋਹ ਕੇ ਮਾਰ ਦਿੱਤਾ ਗਿਆ। ਕਰੀਬ 27 ਵਰ੍ਹਿਆਂ ਬਾਅਦ ਇਸ ਖ਼ੂਨੀ ਕਾਂਡ ਦਾ ਚਿੱਠਾ ਅਦਾਲਤ ਦੀਆਂ ਬਰੂਹਾਂ ਤੱਕ ਪਹੁੰਚਿਆ। ਸ਼੍ਰੋਮਣੀ ਕਮੇਟੀ ਵਲੋਂ ਕੁਝ ਸੱਜਣਾਂ ਦੇ ਸਹਿਯੋਗ ਸਦਕਾ ਲੜੇ ਗਏ ਕੇਸਾਂ ਦੀ ਬਦੌਲਤ ਕਈ ਵਰ੍ਹਿਆਂ ਬਾਅਦ ਪੀੜਤਾਂ ਨੂੰ ਲਗਭਗ 22 ਕਰੋੜ 60 ਲੱਖ ਰੁਪਏ ਦੇ ਕਰੀਬ ਮੁਆਵਜ਼ਾ ਮਿਲਿਆ। ਕਿਸੇ ਵੀ ਦੋਸ਼ੀ ਨੂੰ ਮਿਸਾਲੀ ਸਜ਼ਾ ਨਾ ਹੋਈ। ਅੱਜ ਵੀ 133 ਕੇਸ ਅਦਾਲਤਾਂ ਵਿਚ ਲੰਬਿਤ ਪਏ ਹਨ। ਫਿਰ ਦੌਰ ਸ਼ੁਰੂ ਹੋਇਆ ਹੋਂਦ ਚਿੱਲੜ ਸਿੱਖ ਨਸਲਕੁਸ਼ੀ ਦੇ ਸ਼ਹੀਦਾਂ ਦੀ ਯਾਦਗਾਰ ਬਣਾਉਣ ਦਾ ਪਰ ਪਤਾ ਨਹੀਂ ਅਜਿਹੇ ਕਾਰਨ ਕੀ ਬਣੇ ਕਿ ਇਸ ਕੌਮੀ ਮਸਲੇ 'ਤੇ ਲੰਬਾ ਸਮਾਂ ਬਿਉਤਾਂ ਬਣਾਉਣ ਤੋਂ ਸਿਵਾਏ ਸ਼ਹੀਦੀ ਯਾਦਗਾਰ ਦਾ ਕੰਮ ਸ਼ੁਰੂ ਨਾ ਹੋ ਸਕਿਆ। ਚੇਅਰਮੈਨ ਅਕਾਲੀ ਆਗੂ ਪ੍ਰਦੁੱਮਣ ਸਿੰਘ ਦਲੇਲਗੜ੍ਹ, ਪੰਥਕ ਢਾਡੀ ਮਨਦੀਪ ਸਿੰਘ ਪੋਹੀੜ, ਉੱਘੇ ਸਿੱਖ ਬੁੱਧੀਜੀਵੀ ਜਥੇਦਾਰ ਗੁਰਦੇਵ ਸਿੰਘ ਸੰਗਾਲਾ ਤੇ ਸੀਨੀਅਰ ਆਗੂ ਸਤਿੰਦਰ ਸਿੰਘ ਸੋਹਕੇ ਸਣੇ ਕਈ ਆਗੂਆਂ ਨੇ ਆਖਿਆ ਕਿ ਸਿੱਖ ਕੌਮ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਸ਼ਹੀਦੀ ਯਾਦਗਾਰ ਬਣਾਉਣ ਦਾ ਕੰਮ ਆਪ ਸ਼ੁਰੂ ਕਰੇ। ਕਿਉਂਕਿ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਅਦਾਲਤਾਂ ਵਿਚ ਪੀੜਤ ਪਰਿਵਾਰਾਂ ਦੇ ਕੇਸਾਂ ਦੀ ਲੰਬੀ ਲੜਾਈ ਲੜੀ ਹੈ ਜੋ ਅੱਜ ਵੀ ਜਾਰੀ ਹੈ। ਇਸ ਸਬੰਧੀ ਜਦ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਭੁਪਿੰਦਰ ਸਿੰਘ ਭਲਵਾਨ ਨਾਲ ਗੱਲ ਕੀਤੀ ਤਾਂ ਉਨ੍ਹਾਂ ਦਾ ਕਹਿਣਾ ਸੀ ਇਸ ਮਾਮਲੇ ਨੂੰ ਲੈ ਕੇ ਉਹ ਸ਼੍ਰੋਮਣੀ ਕਮੇਟੀ ਪ੍ਰਧਾਨ ਸ: ਹਰਜਿੰਦਰ ਸਿੰਘ ਧਾਮੀ ਨਾਲ ਗੱਲ ਕਰਨਗੇ।



ਪਿੰਡ ਹੋਂਦ ਚਿੱਲੜ ਵਿਖੇ ਖੰਡਰ ਬਣ ਚੁੱਕੀਆਂ ਹਵੇਲੀਆਂ, ਗੁਰਦੁਆਰਾ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਭੁਪਿੰਦਰ ਸਿੰਘ ਭਲਵਾਨ।

# 'ਅਪਰੇਸ਼ਨ ਸਿੰਧੂਰ' ਭਾਰਤੀ ਹਵਾਈ ਸੈਨਾ ਦੀ ਬੇਮਿਸਾਲ ਬਹਾਦਰੀ ਦਾ ਵੱਡਾ ਪ੍ਰਮਾਣ: ਏਪੀ ਸਿੰਘ



ਹੈਦਰਾਬਾਦ : ਭਾਰਤੀ ਹਵਾਈ ਫੌਜ ਦੇ ਮੁਖੀ ਏਅਰ ਚੀਫ ਮਾਰਸ਼ਲ ਏਪੀ ਸਿੰਘ ਨੇ ਕਿਹਾ ਕਿ ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਸ਼ੁਰੂ ਕੀਤਾ ਗਿਆ 'ਅਪਰੇਸ਼ਨ ਸਿੰਧੂਰ' ਭਾਰਤੀ ਹਵਾਈ ਸੈਨਾ ਦੀ ਬੇਮਿਸਾਲ ਬਹਾਦਰੀ ਦਾ ਇੱਕ ਵੱਡਾ ਪ੍ਰਮਾਣ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਕਾਰਵਾਈ ਨੇ ਤੇਜ਼, ਸਟੀਕ ਅਤੇ ਫੈਸਲਾਕੁੰਨ ਹਮਲਾ ਕਰਨ ਦੀ ਆਈਏਐੱਫ ਦੀ ਸਮਰੱਥਾ ਦਾ ਪ੍ਰਦਰਸ਼ਨ ਕੀਤਾ।

ਏਅਰ ਫੋਰਸ ਅਕੈਡਮੀ ਵਿਖੇ ਕੰਬਾਈਨਡ ਗ੍ਰੈਜੂਏਸ਼ਨ ਪਰੇਡ (ਸੀਜੀਪੀ) ਨੂੰ ਸੰਬੋਧਨ ਕਰਦਿਆਂ ਸਿੰਘ ਨੇ ਕਿਹਾ ਕਿ 'ਅਪਰੇਸ਼ਨ ਸਿੰਧੂਰ' ਨੇ ਹਥਿਆਰਬੰਦ ਸੈਨਾਵਾਂ ਦੇ ਅੰਦਰ ਉੱਤਮ ਤਾਲਮੇਲ ਅਤੇ ਏਕੀਕਰਨ ਦਾ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਕਿਹਾ, "ਅਪਰੇਸ਼ਨ ਸਿੰਧੂਰ ਭਾਰਤੀ ਹਵਾਈ ਸੈਨਾ ਦੀ ਬੇਮਿਸਾਲ ਬਹਾਦਰੀ ਦਾ ਇੱਕ ਵੱਡਾ ਪ੍ਰਮਾਣ ਹੈ ਜਿੱਥੇ ਅਸੀਂ ਦੁਸ਼ਮਣ ਨੂੰ ਤੇਜ਼, ਸਟੀਕ ਅਤੇ ਫੈਸਲਾਕੁੰਨ ਹਮਲਾ ਕਰਨ ਦੀ ਆਪਣੀ ਸਮਰੱਥਾ ਦਾ ਪ੍ਰਦਰਸ਼ਨ ਕੀਤਾ। ਤੁਹਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਹਵਾਈ ਸੈਨਾ ਹਮੇਸ਼ਾ ਪਹਿਲਾ ਜਵਾਬ ਦੇਣ ਵਾਲੀ ਰਹੀ ਹੈ ਅਤੇ ਰਹੇਗੀ।"

ਹਵਾਈ ਫੌਜ ਮੁਖੀ ਨੇ ਕਿਹਾ, "ਭਾਰਤ ਦੇ ਹਰੇਕ ਨਾਗਰਿਕ ਦੇ ਭਰੋਸੇ 'ਤੇ ਖਰਾ ਉਤਰਨਾ ਸਾਡੀ ਸਮੂਹਿਕ ਜ਼ਿੰਮੇਵਾਰੀ ਹੈ ਅਤੇ ਸਾਨੂੰ ਇਸ ਲਈ ਤਿਆਰ ਰਹਿਣਾ ਚਾਹੀਦਾ ਹੈ। ਇਹ ਸਮਾਗਮ ਭਾਰਤੀ ਹਵਾਈ ਸੈਨਾ ਦੀਆਂ ਵੱਖ-ਵੱਖ ਸ਼ਾਖਾਵਾਂ ਵਿੱਚ ਫਲਾਈਟ ਕੈਡਿਟਾਂ ਦੀ ਪ੍ਰੀ-ਕਮਿਸ਼ਨਿੰਗ ਸਿਖਲਾਈ ਦੇ ਸਫਲਤਾਪੂਰਵਕ ਸੰਪੂਰਨਤਾ ਲਈ ਮਨਾਇਆ ਗਿਆ।

# ਐਮਰਜੈਂਸੀ ਨੂੰ ਕਾਲਾ ਦਿਵਸ ਵਜੋਂ ਮਨਾਏਗੀ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ



ਸ਼ਾਹਬਾਦ ਮਾਰਕੰਡਾ : ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਲ 1975 ਵਿੱਚ ਕਾਂਗਰਸ ਪਾਰਟੀ ਵੱਲੋਂ ਲਗਾਈ ਗਈ ਐਮਰਜੈਂਸੀ ਨੂੰ ਕਾਲਾ ਦਿਵਸ ਵਜੋਂ 26 ਜੂਨ ਨੂੰ ਮਨਾਏਗੀ। ਕੁਰੂਕਸ਼ੇਤਰ ਵਿਚ ਮਨਾਏ ਜਾਣ ਵਾਲੇ ਇਸ ਕਾਲਾ ਦਿਵਸ ਸਮਾਗਮ ਦਾ ਸੱਦਾ ਕੇਂਦਰੀ ਮੰਤਰੀ ਅਮਿਤ ਸ਼ਾਹ, ਜੇਪੀ ਨੱਢਾ, ਮਨੋਹਰ ਲਾਲ ਤੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਵੀ ਦਿੱਤਾ ਗਿਆ ਹੈ। ਇਸ ਲਈ ਬਾਕਾਇਦਾ ਹਰਿਆਣਾ ਕਮੇਟੀ ਵੱਲੋਂ ਹੋਰ ਵੀ ਪੱਤਰ ਲਿਖੇ ਗਏ ਹਨ। ਇਹ ਜਾਣਕਾਰੀ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੇ ਕੁਰੂਕਸ਼ੇਤਰ ਵਿਚ ਮੁੱਖ ਦਫਤਰ ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਦਿੱਤੀ। ਝੀਂਡਾ ਨੇ ਕਿਹਾ ਕਿ ਐਮਰਜੈਂਸੀ ਦਾ ਸ਼ਿਕਾਰ ਹੋਏ ਲੋਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਤੇ ਰਿਸ਼ਤੇਦਾਰਾਂ ਨੂੰ ਸਬੰਧਤ ਮਹਿਮਾਨਾਂ ਵੱਲੋਂ ਸਨਮਾਨਿਤ ਕੀਤਾ ਜਾਵੇਗਾ। ਝੀਂਡਾ ਨੇ ਕਿਹਾ ਕਿ ਜਨਰਲ ਹਾਊਸ ਦੀ ਮੀਟਿੰਗ ਵਿਚ ਉਨ੍ਹਾਂ ਸਾਰੇ ਮੈਂਬਰਾਂ ਨੂੰ ਏਕਤਾ ਦਿਖਾਉਣ ਦੀ ਅਪੀਲ ਕੀਤੀ ਸੀ। ਉਨ੍ਹਾਂ ਨੂੰ ਸਰਬਸੰਮਤੀ ਨਾਲ ਪ੍ਰਧਾਨ ਤੇ ਕਾਰਜਕਾਰਨੀ ਚੁਣਨ ਦੀ ਅਪੀਲ ਵਾਰ ਵਾਰ ਕੀਤੀ ਸੀ ਪਰ ਕੁਝ ਮੈਂਬਰਾਂ ਨੇ ਇਸ ਦਾ ਬਾਈਕਾਟ ਕੀਤਾ ਤੇ ਗੁਰੂਘਰ ਵਿੱਚ ਨਾਅਰੇਬਾਜ਼ੀ ਕਰਨ ਲੱਗੇ। ਜੋ ਠੀਕ ਨਹੀਂ। ਉਨ੍ਹਾਂ ਕਿਹਾ ਕਿ ਗੁਰੂਘਰ ਵਿਚ ਨਾਅਰੇਬਾਜ਼ੀ ਕਰਨਾ ਠੀਕ ਨਹੀਂ, ਪਰ ਵਿਰੋਧ ਵਿਚ ਆਏ ਮੈਂਬਰਾਂ ਨੇ ਉਨ੍ਹਾਂ ਦੀ ਇਕ ਨਾ ਸੁਣੀ। ਉਨ੍ਹਾਂ ਕਿਹਾ ਹੈ ਕਿ ਉਹ ਸੂਬੇ ਦੇ ਸਕੂਲਾਂ ਵਿਚ ਪੰਜਾਬੀ ਅਧਿਆਪਕਾਂ ਦੀ ਭਰਤੀ ਦੀ ਮੰਗ ਨੂੰ ਲੈ ਕੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਮਿਲਣਗੇ। ਇਸ ਮੌਕੇ ਕਮੇਟੀ ਦੇ ਸੰਯੁਕਤ ਸਕੱਤਰ ਬਲਵਿੰਦਰ ਸਿੰਘ ਭਿੰਡਰ, ਸਪੋਕਸਮੈਨ ਕੁਲਦੀਪ ਸਿੰਘ ਫੱਗੂ, ਇੰਦਰਜੀਤ ਸਿੰਘ, ਸੁਖਦੇਵ ਸਿੰਘ, ਜਸਵਿੰਦਰ ਸਿੰਘ ਦੀਨਪੁਰ, ਵਧੀਕ ਸਕੱਤਰ ਸਤਪਾਲ ਸਿੰਘ ਡਾਚਰ, ਰਾਜਪਾਲ ਸਿੰਘ ਦੁਲੀਆਂ ਮਾਜਰਾ, ਅਮਰਿੰਦਰ ਸਿੰਘ, ਸਮੀਰ ਸਿੰਘ ਮੌਜੂਦ ਸਨ।

# ਜੀ 7 ਸੰਮੇਲਨ ਲਈ ਕੈਨੇਡਾ ਦੇ ਕੈਨਾਨਾਸਕਿਸ ਪੁੱਜੇ ਵੱਖ-ਵੱਖ ਦੇਸ਼ਾਂ ਦੇ ਕਾਰਕੁੰਨ

## 51ਵੇਂ ਜੀ-7 ਸੰਮੇਲਨ ਮੌਕੇ ਵਿਸ਼ਵ ਦੇ ਵੱਖ-ਵੱਖ ਨੇਤਾਵਾਂ ਦਾ ਮਾਰਕ ਕਾਰਨੀ ਵਲੋਂ ਸਵਾਗਤ







ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਸਟ੍ਰੇਲੀਆਈ ਹਮਰੁਤਬਾ ਐਂਥਨੀ ਅਲਬਾਨੀਜ਼, ਜਰਮਨਦੇ ਚਾਂਸਲਰ ਫਰੈਂਡਰਿਕ ਮਰਜ਼, ਦੱਖਣੀ ਕੋਰੀਆ ਦੇ ਰਾਸ਼ਟਰਪਤੀ ਲੀ ਜੇ-ਮਯੁੰਗ, ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਪਾਰਡੋ, ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਨਾਲ ਮੁਲਾਕਾਤ ਕਰਦੇ ਹੋਏ।



ਕੈਨੇਡਾ ਦੇ ਕੈਲਗਰੀ ਸ਼ਹਿਰ ਪੁੱਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਵਾਗਤ ਕਰਦੇ ਅਧਿਕਾਰੀ।



ਜੀ-7 ਸੰਮੇਲਨ ਦੌਰਾਨ ਵਿਸ਼ਵ ਬੈਂਕ ਦੇ ਪ੍ਰਧਾਨ ਅਜੈ ਬੰਗਾ ਦਾ ਸਵਾਗਤ ਕਰਦੇ ਹੋਏ ਮਾਰਕ ਕਾਰਨੀ।



ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਵਾਗਤ ਕਰਦੇ ਹੋਏ ਮਾਰਕ ਕਾਰਨੀ।

ਕੈਲਗਰੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਜੀ 7 ਸੰਮੇਲਨ ਲਈ ਇਥੇ ਪਹੁੰਚਣ ’ਤੇ ਉਨ੍ਹਾਂ ਦੇ ਕੈਨੇਡੀਅਨ ਹਮਰੁਤਬਾ ਮਾਰਕ ਕਾਰਨੀ ਵਲੋਂ ਸਵਾਗਤ ਕੀਤਾ ਗਿਆ। ਇਹ ਇਕ ਦਹਾਕੇ ’ਚ ਮੋਦੀ ਦਾ ਕੈਨੇਡਾ ਦਾ ਪਹਿਲਾ ਦੌਰਾ ਹੈ। ਪ੍ਰਧਾਨ ਮੰਤਰੀ ਮੋਦੀ ਵਲੋਂ ਜੀ 7 ਸੰਮੇਲਨ ਤੋਂ ਵੱਖ ਦੱਖਣੀ ਕੋਰੀਆ, ਮੈਕਸੀਕੋ, ਦੱਖਣੀ ਅਫਰੀਕਾ, ਜਰਮਨੀ ਤੇ ਆਸਟ੍ਰੇਲੀਆ ਦੇ ਨੇਤਾਵਾਂ ਨਾਲ ਵੱਖ-ਵੱਖ ਮੁਲਾਕਾਤ ਕੀਤੀ ਗਈ ਅਤੇ ਵਪਾਰ ਅਤੇ ਆਰਥਿਕਤਾ ਸਮੇਤ ਕਈ ਖੇਤਰਾਂ ’ਚ ਦੁਵੱਲੇ ਸਹਿਯੋਗ ਨੂੰ ਵਧਾਉਣ ਦੇ ਤਰੀਕਿਆਂ ’ਤੇ ਚਰਚਾ ਕੀਤੀ ਗਈ। ਉਨ੍ਹਾਂ ਕਿਹਾ ਕਿ ਜੀ 7 ‘ਗਲੋਬਲ ਸਾਊਥ’ ਦੀਆਂ ਤਰਜੀਹਾਂ ਨੂੰ ਉਜਾਗਰ ਕਰੇਗਾ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਐਕਸ ’ਤੇ ਦੱਸਿਆ ਕਿ ਪ੍ਰਧਾਨ ਮੰਤਰੀ ਮੋਦੀ ਨੇ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਲੀ ਜੇ-ਮਯੁੰਗ ਨਾਲ ਮੁਲਾਕਾਤ ਦੌਰਾਨ ਵਪਾਰ ਅਤੇ ਆਰਥਿਕਤਾ, ਮਹੱਤਵਪੂਰਨ ਅਤੇ ਉੱਭਰਦੀਆਂ ਤਕਨਾਲੋਜੀਆਂ, ਹਰੀ ਹਾਈਡ੍ਰੋਜਨ, ਜਹਾਜ਼ ਨਿਰਮਾਣ, ਸੱਭਿਆਚਾਰ ਅਤੇ ‘ਪੀ2ਪੀ’ ਸਮੇਤ ਹੋਰ ਖੇਤਰਾਂ ’ਚ ਸਾਂਝੇਦਾਰੀ ਸਮੇਤ ਖੇਤਰੀ ਅਤੇ ਵਿਸ਼ਵ ਮੁੱਦਿਆਂ ’ਤੇ ਚਰਚਾ ਕੀਤੀ। ਮੋਦੀ ਨੇ ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਪਾਰਡੋ ਨਾਲ ਮੁਲਾਕਾਤ ਦੌਰਾਨ ਗਲੋਬਲ ਸਾਊਥ ਦੀਆਂ ਤਰਜੀਹਾਂ ਸਮੇਤ ਮੁੱਖ ਆਲਮੀ ਅਤੇ ਖੇਤਰੀ ਮੁੱਦਿਆਂ ’ਤੇ ਦ੍ਰਿਸ਼ਟੀਕੋਣ ਸਾਂਝੇ ਕੀਤੇ। ਪ੍ਰਧਾਨ ਮੰਤਰੀ ਨੇ ਆਪਣੇ ਆਸਟ੍ਰੇਲੀਆਈ ਹਮਰੁਤਬਾ ਐਂਥਨੀ ਅਲਬਾਨੀਜ਼ ਨਾਲ ਵੀ ਮੁਲਾਕਾਤ ਕੀਤੀ। ਮੋਦੀ ਨੇ ਐਕਸ ’ਤੇ ਪਾਈ ਪੋਸਟ ’ਚ ਕਿਹਾ ਕਿ ਕੈਨੇਡਾ ’ਚ ਜੀ 7 ਸੰਮੇਲਨ ਦੌਰਾਨ ਮੇਰੇ ਦੋਸਤ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਅਲਬਾਨੀਜ਼ ਨੂੰ ਮਿਲ ਕੇ ਚੰਗਾ ਲੱਗਾ। ਉਨ੍ਹਾਂ ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਨਾਲ ਆਪਣੀ ਗੱਲਬਾਤ ਦੀ ਇਕ ਤਸਵੀਰ ਵੀ ਸਾਂਝੀ ਕੀਤੀ।











# ਕਸ਼ਮੀਰ ਬਾਰੇ ਕਿਸੇ ਤੀਜੀ ਧਿਰ ਦਾ ਦਖ਼ਲ ਸਵੀਕਾਰ ਨਹੀਂ : ਮੋਦੀ

## ਭਾਰਤ-ਪਾਕਿ ਜੰਗ ਰੋਕਣ ਲਈ ਵਪਾਰ ਦਾ ਲਾਲਚ ਦੇਣ ਦੇ ਟਰੰਪ ਦੇ ਦਾਅਵਿਆਂ ਨੂੰ ਕੀਤਾ ਖਾਰਜ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਇਸ ਦਾਅਵੇ ਨੂੰ ਖਾਰਜ ਕਰ ਦਿੱਤਾ ਹੈ ਕਿ ਪਿਛਲੇ ਮਹੀਨੇ ਭਾਰਤ-ਪਾਕਿ ਜੰਗ ਰੋਕਣ ਲਈ ਅਮਰੀਕਾ ਨੇ ਵਪਾਰ ਦਾ ਲਾਲਚ ਦਿੱਤਾ ਸੀ। ਸ੍ਰੀ ਮੋਦੀ ਨੇ ਜ਼ੋਰ ਦੇ ਕੇ ਆਖਿਆ ਕਿ ਭਾਰਤ ਨੇ ਕਸ਼ਮੀਰ ਬਾਰੇ ਕਦੇ ਵੀ ਕਿਸੇ ਤੀਜੀ ਧਿਰ ਦਾ ਦਖ਼ਲ ਸਵੀਕਾਰ ਨਹੀਂ ਕੀਤਾ ਤੇ ਨਾ ਹੀ ਭਵਿੱਖ ਵਿਚ ਕਦੇ ਕਰੇਗਾ। ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਐਕਸ 'ਤੇ ਇਕ ਵੀਡੀਓ ਪੋਸਟ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਫੋਨ 'ਤੇ 35 ਮਿੰਟ ਦੇ ਕਰੀਬ ਗੱਲਬਾਤ ਕੀਤੀ। ਉਂਝ ਇਹ ਪਹਿਲੀ ਵਾਰ ਹੈ ਜਦੋਂ ਸ੍ਰੀ ਮੋਦੀ ਨੇ ਟਰੰਪ ਵੱਲੋਂ ਭਾਰਤ-ਪਾਕਿ ਜੰਗਬੰਦੀ ਵਿਚ ਵਿਚੋਲਗੀ ਨੂੰ ਲੈ ਕੇ ਵਾਰ ਵਾਰ ਕੀਤੇ ਜਾਂਦੇ ਦਾਅਵਿਆਂ ਬਾਰੇ ਕੋਈ ਟਿੱਪਣੀ ਕੀਤੀ ਹੈ। ਟਰੰਪ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਭਾਰਤ-ਪਾਕਿ ਜੰਗ ਰੋਕਣ ਲਈ ਵਪਾਰ ਦਾ ਲਾਲਚ ਦਿੱਤਾ ਸੀ ਤੇ ਕਸ਼ਮੀਰ ਮਸਲੇ ਦੇ ਹੱਲ ਲਈ ਵਿਚੋਲਗੀ ਦੀ ਪੇਸ਼ਕਸ਼ ਦੁਹਰਾਈ ਸੀ। ਮਿਸਰੀ ਨੇ ਕਿਹਾ, "ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰਪਤੀ ਟਰੰਪ ਨੂੰ ਸਾਫ਼ ਕਰ ਦਿੱਤਾ ਕਿ ਇਸ ਪੂਰੇ ਘਟਨਾਕ੍ਰਮ (7 ਤੋਂ 10 ਮਈ) ਦੌਰਾਨ ਕਿਸੇ ਵੀ ਸਮੇਂ, ਕਿਸੇ ਵੀ ਪੱਧਰ 'ਤੇ, ਭਾਰਤ-ਅਮਰੀਕਾ ਵਪਾਰ ਸਮਝੌਤੇ ਜਾਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਅਮਰੀਕਾ ਵੱਲੋਂ ਵਿਚੋਲਗੀ ਵਰਗੇ ਮੁੱਦਿਆਂ 'ਤੇ ਚਰਚਾ ਨਹੀਂ ਕੀਤੀ ਗਈ।" ਫੌਜੀ ਕਾਰਵਾਈ ਰੋਕਣ ਦੇ ਫੈਸਲੇ 'ਤੇ ਭਾਰਤ ਤੇ ਪਾਕਿਸਤਾਨ ਵਿਚਕਾਰ ਸਿੱਧੇ ਤੌਰ 'ਤੇ ਦੋਵਾਂ ਮੁਲਕਾਂ ਦੀਆਂ ਫੌਜਾਂ ਦੇ ਮੌਜੂਦਾ ਚੈਨਲਾਂ ਰਾਹੀਂ ਚਰਚਾ ਪਾਕਿਸਤਾਨ ਦੀ ਬੇਨਤੀ 'ਤੇ ਕੀਤੀ ਗਈ ਸੀ। ਮਿਸਰੀ ਨੇ ਕਿਹਾ, "ਪ੍ਰਧਾਨ ਮੰਤਰੀ ਮੋਦੀ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਨੇ ਕਦੇ ਵੀ ਵਿਚੋਲਗੀ ਸਵੀਕਾਰ ਨਹੀਂ ਕੀਤੀ, ਨਾ ਹੀ ਇਸ ਨੂੰ ਕਦੇ ਕਰੇਗਾ। ਇਸ ਮੁੱਦੇ 'ਤੇ ਭਾਰਤ ਵਿੱਚ ਸਿਆਸੀ ਤੌਰ 'ਤੇ ਸਾਰੀਆਂ ਸਿਆਸੀ ਧਿਰਾਂ 'ਚ ਮੁਕੰਮਲ ਸਹਿਮਤੀ ਹੈ।" ਵਿਦੇਸ਼ ਸਕੱਤਰ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਨੇ ਪ੍ਰਧਾਨ ਮੰਤਰੀ ਵੱਲੋਂ ਉਠਾਏ ਗਏ ਨੁਕਤਿਆਂ ਨੂੰ ਸਮਝਿਆ ਅਤੇ ਅਤਿਵਾਦ ਵਿਰੁੱਧ ਭਾਰਤ ਦੀ ਲੜਾਈ ਲਈ ਸਹਿਮਤੀ ਦਿੱਤੀ। ਮੋਦੀ ਨੇ ਟਰੰਪ ਨੂੰ ਦੱਸਿਆ ਕਿ ਭਾਰਤ ਹੁਣ ਦਹਿਸ਼ਤੀ ਸਰਗਰਮੀਆਂ ਨੂੰ ਪ੍ਰੌਕਸੀ ਵਜੋਂ ਨਹੀਂ ਬਲਕਿ ਜੰਗੀ ਕਾਰਵਾਈ (Act of war) ਵਜੋਂ ਲਵੇਗਾ। ਜ਼ਿਕਰਯੋਗ ਹੈ ਕਿ ਮੋਦੀ ਅਤੇ ਟਰੰਪ ਨੇ 18 ਜੂਨ ਨੂੰ ਵ੍ਹਾਈਟ ਹਾਊਸ ਵਿੱਚ ਟਰੰਪ ਦੇ ਪਾਕਿਸਤਾਨੀ ਫੌਜ ਮੁਖੀ ਫੀਲਡ ਮਾਰਸ਼ਲ ਅਸੀਮ ਮੁਨੀਰ ਨਾਲ ਦੁਪਹਿਰ ਦੇ ਖਾਣੇ ਦੀ ਨਿਰਧਾਰਤ ਮੁਲਾਕਾਤ ਤੋਂ ਕੁਝ ਘੰਟੇ ਪਹਿਲਾਂ ਗੱਲਬਾਤ ਕੀਤੀ ਹੈ। ਚਰਚਾ ਦੌਰਾਨ, ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰਪਤੀ ਟਰੰਪ ਨੂੰ Operation Sindoor ਬਾਰੇ ਵੀ ਜਾਣਕਾਰੀ ਦਿੱਤੀ। ਪਹਿਲਗਾਮ ਵਿਚ 22 ਅਪਰੈਲ ਨੂੰ ਹੋਏ ਦਹਿਸ਼ਤੀ ਹਮਲੇ ਤੋਂ ਬਾਅਦ ਰਾਸ਼ਟਰਪਤੀ ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਫੋਨ 'ਤੇ ਸੰਵੇਦਨਾ ਜਤਾਉਂਦਿਆਂ ਅਤਿਵਾਦ ਖਿਲਾਫ਼ ਹਮਾਇਤ ਦਾ ਭਰੋਸਾ ਦਿੱਤਾ ਸੀ। ਉਸ ਤੋਂ ਬਾਅਦ ਦੋਵਾਂ ਆਗੂਆਂ ਦਰਮਿਆਨ ਇਹ ਪਹਿਲੀ ਗੱਲਬਾਤ ਸੀ। ਕੈਨੇਡਾ ਵਿਚ ਜੀ-7 ਸਿਖਰ ਸੰਮੇਲਨ ਤੋਂ ਇਕਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰਾਸ਼ਟਰਪਤੀ ਡੋਨਲਡ ਟਰੰਪ ਵਿਚਾਲੇ ਬੈਠਕ ਤਜਵੀਜ਼ਤ ਸੀ, ਪਰ ਅਮਰੀਕੀ ਸਦਰ ਦੇ ਸੰਮੇਲਨ ਵਿਚਾਲੇ ਛੱਡ ਵਾਸ਼ਿੰਗਟਨ ਪਰਤਣ ਕਰਕੇ ਇਹ ਮੁਲਾਕਾਤ ਨਹੀਂ ਹੋ ਸਕੀ। ਇਹ ਟੈਲੀਫੋਨ ਕਾਲ ਰਾਸ਼ਟਰਪਤੀ ਟਰੰਪ ਦੀ ਬੇਨਤੀ 'ਤੇ ਹੋਈ ਸੀ, ਜਿਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਪੁੱਛਿਆ ਸੀ ਕਿ ਕੀ ਉਹ ਕੈਨੇਡਾ ਤੋਂ ਵਾਪਸ ਆਉਂਦੇ ਸਮੇਂ ਅਮਰੀਕਾ ਰੁਕ ਸਕਦੇ ਹਨ। ਸ੍ਰੀ ਮੋਦੀ ਨੇ ਹਾਲਾਂਕਿ ਪਹਿਲਾਂ ਤੋਂ ਨਿਰਧਾਰਤ ਰੁਝੇਵਿਆਂ ਕਾਰਨ ਅਸਮਰੱਥਾ ਜ਼ਾਹਰ ਕੀਤੀ। ਟਰੰਪ ਅਤੇ ਮੋਦੀ ਨੇ ਇਜ਼ਰਾਈਲ-ਇਰਾਨ ਟਕਰਾਅ 'ਤੇ ਵੀ ਚਰਚਾ ਕੀਤੀ। ਰੂਸ-ਯੂਕਰੇਨ ਟਕਰਾਅ 'ਤੇ, ਦੋਵੇਂ ਇਸ ਗੱਲ 'ਤੇ ਸਹਿਮਤ ਹੋਏ ਕਿ ਜਲਦੀ ਸ਼ਾਂਤੀ ਲਈ ਦੋਵਾਂ ਧਿਰਾਂ ਵਿਚਕਾਰ ਸਿੱਧੀ ਗੱਲਬਾਤ ਜ਼ਰੂਰੀ ਹੈ ਅਤੇ ਯਤਨ ਜਾਰੀ ਰਹਿਣੇ ਚਾਹੀਦੇ ਹਨ। ਦੋਵਾਂ ਆਗੂਆਂ ਨੇ ਹਿੰਦ-ਪ੍ਰਸ਼ਾਂਤ ਖੇਤਰ 'ਤੇ ਆਪਣੇ ਦ੍ਰਿਸ਼ਟੀਕੋਣ ਸਾਂਝੇ ਕੀਤੇ ਅਤੇ ਖੇਤਰ ਵਿੱਚ QUAD ਦੀ ਮਹੱਤਵਪੂਰਨ ਭੂਮਿਕਾ ਲਈ ਸਮਰਥਨ ਪ੍ਰਗਟ ਕੀਤਾ। ਸ੍ਰੀ ਮੋਦੀ ਨੇ ਅਮਰੀਕੀ ਸਦਰ ਨੂੰ ਅਗਲੀ QUAD ਮੀਟਿੰਗ ਲਈ ਭਾਰਤ ਆਉਣ ਦਾ ਸੱਦਾ ਦਿੱਤਾ। ਰਾਸ਼ਟਰਪਤੀ ਟਰੰਪ ਨੇ ਸੱਦਾ ਸਵੀਕਾਰ ਕਰ ਲਿਆ ਅਤੇ ਕਿਹਾ ਕਿ ਉਹ ਭਾਰਤ ਆਉਣ ਲਈ ਉਤਸੁਕ ਹਨ।



# ਪ੍ਰਧਾਨ ਮੰਤਰੀ ਮੋਦੀ ਤਿੰਨ ਮੁਲਕੀ ਦੇ ਦੌਰੇ ਦੇ ਆਖਰੀ ਪੜਾਅ 'ਤੇ ਕਰੋਏਸ਼ੀਆ ਪਹੁੰਚੇ



ਜ਼ਗਰੇਬ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਤਿੰਨ-ਮੁਲਕੀ ਦੌਰੇ ਦੇ ਆਖ਼ਰੀ ਪੜਾਅ 'ਤੇ ਬੁੱਧਵਾਰ ਨੂੰ ਯੂਰਪੀ ਮੁਲਕ ਕਰੋਏਸ਼ੀਆ ਪਹੁੰਚ ਗਏ ਹਨ। ਇਹ ਕਿਸੇ ਭਾਰਤੀ ਪ੍ਰਧਾਨ ਮੰਤਰੀ ਦਾ ਪਹਿਲਾ ਕਰੋਏਸ਼ੀਆ ਦੌਰਾ ਹੈ, ਜਿਸ ਦੌਰਾਨ ਉਹ ਆਪਸੀ ਹਿੱਤ ਦੇ ਖੇਤਰਾਂ ਵਿੱਚ ਦੁਵੱਲੇ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਮੇਜ਼ਬਾਨ ਮੁਲਕ ਦੀ ਸਿਖਰਲੀ ਲੀਡਰਸ਼ਿਪ ਨਾਲ ਗੱਲਬਾਤ ਕਰਨਗੇ। ਪ੍ਰਧਾਨ ਮੰਤਰੀ ਮੋਦੀ ਦੀ ਕਰੋਏਸ਼ੀਆ ਆਮਦ ਨੂੰ ਖ਼ਾਸ ਦਿੰਦਿਆਂ ਉਥੋਂ ਦੇ ਪ੍ਰਧਾਨ ਮੰਤਰੀ ਆਂਦਰੇਜ ਪਲੇਨਕੋਵਿਕ ਨੇ ਹਵਾਈ ਅੱਡੇ 'ਤੇ ਮੋਦੀ ਦਾ ਖ਼ੁਦ ਪਹੁੰਚ ਕੇ ਸਵਾਗਤ ਕੀਤਾ। ਪਲਨਕੋਵਿਕ ਨੇ ਐਕਸ X 'ਤੇ ਇਕ ਪੋਸਟ ਵਿਚ ਕਿਹਾ, "ਅਸੀਂ ਭਾਰਤੀ ਪ੍ਰਧਾਨ ਮੰਤਰੀ @narendramodi ਦਾ ਜ਼ਗਰੇਬ ਵਿੱਚ ਸਵਾਗਤ ਕੀਤਾ! ਇਹ ਦੁਨੀਆ ਦੇ ਸਭ ਤੋਂ ਵੱਧ ਆਬਾਦੀ ਵਾਲੇ ਮੁਲਕ - ਭਾਰਤ ਦੇ ਪ੍ਰਧਾਨ ਮੰਤਰੀ ਦੀ ਪਹਿਲੀ ਫੇਰੀ ਹੈ, ਜੋ ਕਿ ਇੱਕ ਅਹਿਮ ਭੂ-ਰਾਜਨੀਤਕ ਪਲ 'ਤੇ ਆ ਰਹੀ ਹੈ।

# ਭਾਰਤ-ਕੈਨੇਡਾ ਦੇ ਸਬੰਧ ਹੁਣ ਨਵੀਆਂ ਬੁਲੰਦੀਆਂ ਨੂੰ ਛੂਹਣਗੇ : ਸ੍ਰ. ਸੁਖਮਿੰਦਰ ਸਿੰਘ ਗਰੇਵਾਲ

ਪੰਜਾਬ ਤੋਂ ਬੀਜੇਪੀ ਦੇ ਸੀਨੀਅਰ ਆਗੂ ਸ੍ਰ. ਸੁਖਮਿੰਦਰਪਾਲ ਸਿੰਘ ਗਰੇਵਾਲ ਨੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਕੈਨੇਡਾ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਹੈ।

ਕੈਨੇਡਾ ਦੇ ਪ੍ਰਧਾਨ ਮਾਰਕ ਕਾਰਨੀ ਵਲੋਂ ਮੋਦੀ ਨੂੰ ਸੱਦਣ ਲਈ ਜਿਥੇ ਦੋਵਾਂ ਦੇਸ਼ਾਂ ਦੇ ਸਬੰਧ ਮਜ਼ਬੂਤ ਹੋਣਗੇ, ਉਥੇ ਭਾਰਤ ਜੋ ਕਿ ਦੁਨੀਆ ਦੀ ਚੌਥੀ ਪਾਵਰ ਹੈ, ਉਸ ਨਾਲ ਵੱਡੇ ਪੱਧਰ 'ਤੇ ਵਪਾਰ ਵੀ ਸ਼ੁਰੂ ਹੋਵੇਗਾ। ਕੁਝ ਕਾਰਨਾਂ ਕਰਕੇ ਭਾਰਤ ਅਤੇ ਕੈਨੇਡਾ ਦੇ ਸਬੰਧਾਂ ਵਿਚ ਜੋ ਦਰਾੜ ਆਈ ਸੀ, ਉਹ ਵੀ ਖਤਮ ਹੋਵੇਗੀ ਅਤੇ ਇਹ ਸਬੰਧ ਨਵੀਆਂ ਬੁਲੰਦੀਆਂ ਛੂਹਣਗੇ। 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦੇ ਹੋਏ ਨੈਸ਼ਨਲ ਲੀਡਰ



ਬੀਜੇਪੀ ਦੇ ਨੈਸ਼ਨਲ ਲੀਡਰ
ਸ੍ਰ. ਸੁਖਮਿੰਦਰਪਾਲ ਸਿੰਘ ਗਰੇਵਾਲ

ਸ੍ਰ. ਸੁਖਮਿੰਦਰਪਾਲ ਸਿੰਘ ਗਰੇਵਾਲ ਨੇ ਕਿਹਾ ਕਿ ਇਸ ਨਾਲ ਜਿਥੇ ਭਾਰਤ ਦੇ ਪੂਰੇ ਲੋਕਾਂ ਨੂੰ ਫਾਇਦਾ ਹੋਵੇਗਾ, ਉਥੇ ਕੈਨੇਡਾ 'ਚ ਮਿਨੀ ਪੰਜਾਬ ਵਜੋਂ ਜਾਣੇ ਜਾਂਦੇ ਪੰਜਾਬੀਆਂ ਨੂੰ ਅਤਿਅੰਤ ਖੁਸ਼ੀ ਹੈ, ਉਥੇ ਪੰਜਾਬੀਆਂ ਨੂੰ ਖਾਸ ਲਾਭ ਹੋਵੇਗਾ।

ਮੈਂ ਭਾਰਤ ਦੇ ਪ੍ਰਧਾਨ ਮੰਤਰੀ ਹਰਦਿਲ ਅਜ਼ੀਜ਼ ਸ੍ਰੀ ਨਰਿੰਦਰ ਮੋਦੀ ਨੂੰ ਬੇਨਤੀ ਕਰਾਂਗਾ ਕਿ ਉਹ ਕੈਨੇਡਾ ਸਰਕਾਰ ਨੂੰ ਕਹਿ ਕੇ ਕੈਨੇਡਾ ਦੀ ਐਂਬੈਸੀ ਪੰਜਾਬ 'ਚ ਖੋਲ੍ਹਣ ਤਾਂ ਕਿ ਵੱਡੀ ਗਿਣਤੀ ਵਿਚ ਵਸੇ ਪੰਜਾਬੀਆਂ ਨੂੰ ਇਸ ਦਾ ਲਾਭ ਹੋ ਸਕੇ। ਉਨ੍ਹਾਂ ਕੈਨੇਡਾ-ਭਾਰਤ ਦੇ ਸੁਧਰੇ ਸਬੰਧਾਂ ਉਪਰ ਸਮੂਹ ਪੰਜਾਬੀਆਂ ਨੂੰ ਲੱਖ-ਲੱਖ ਵਧਾਈ ਦਿੱਤੀ।

# ਕੈਨੇਡੀਅਨ ਸਿੱਖਾਂ ਵਲੋਂ ਨਰਿੰਦਰ ਮੋਦੀ ਵਿਰੁੱਧ ਰੋਸ ਮੁਜ਼ਾਹਰਾ






ਨੇਤਾਵਾਂ ਦੇ ਸੰਮੇਲਨ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਸਿੱਖਾਂ ਨੇ ਝੰਡੇ ਲਹਿਰਾਏ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨਿੰਦਾ ਕਰਦੇ ਪੋਸਟਰ ਫੜੇ ਹੋਏ ਸਨ। ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਜੀ 7 ਸੰਮੇਲਨ ਵਿੱਚ ਮੋਦੀ ਨੂੰ ਮਹਿਮਾਨ ਵਜੋਂ ਸੱਦਾ ਦੇਣ ਤੋਂ ਬਾਅਦ ਰੋਸ ਪੈਦਾ ਹੋ ਗਿਆ ਹੈ। ਇਸ ਮੌਕੇ ਉਚੇਚੇ ਤੌਰ ਤੇ ਪਹੁੰਚੇ ਐਸਐਫਜੇ ਦੇ ਡਾਕਟਰ ਬਖ਼ਸ਼ੀਸ਼ ਸਿੰਘ ਸੰਧੂ ਨੇ ਕਿਹਾ ਕਿ ਮੋਦੀ ਦਾ ਕੈਨੇਡਾ ਵਿੱਚ ਆਉਣਾ ਮੋਦੀ ਸਰਕਾਰ ਦੇ ਅਪਰਾਧਾਂ 'ਤੇ ਰੌਸ਼ਨੀ ਪਾਉਣ ਦਾ ਇੱਕ ਮੌਕਾ ਹੈ ਅਤੇ ਇਹ ਜੀ 7 ਲਈ ਭਾਰਤ ਨੂੰ ਜ਼ਿੰਮੇਵਾਰ ਠਹਿਰਾਉਣ ਦਾ ਮੌਕਾ ਹੈ। ਅਸੀਂ ਜੀ 7 ਨੂੰ ਇਹ ਵੀ ਕਹਿੰਦੇ ਹਾਂ ਕਿ ਉਹ ਮੋਦੀ 'ਤੇ ਪੰਜਾਬ ਦੇ ਕਬਜ਼ੇ ਨੂੰ ਆਜ਼ਾਦ ਕਰਵਾਉਣ ਲਈ ਖਾਲਿਸਤਾਨ ਜਨਮਤ ਸੰਗ੍ਰਹਿ ਕਰਵਾਉਣ ਲਈ ਦਬਾਅ ਪਾਉਣ, ਤਾਂ ਜੋ ਪੰਜਾਬ ਦੇ ਲੋਕਾਂ ਨੂੰ ਸਾਰੇ ਜੀ 7 ਦੇਸ਼ਾਂ ਦੇ ਨਾਗਰਿਕਾਂ ਵਾਂਗ ਹੀ ਅਧਿਕਾਰ ਮਿਲ ਸਕਣ। ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਖਾਲਸਾ, ਭਾਈ ਮਨਜਿੰਦਰ ਸਿੰਘ, ਭਾਈ ਅਵਤਾਰ ਸਿੰਘ ਖਹਿਰਾ, ਭਾਈ ਸੰਤੋਖ ਸਿੰਘ ਨੂੰ ਸਿੱਧੇ ਤੌਰ 'ਤੇ ਚੁਣੌਤੀ ਦੇਣ ਅਤੇ ਅਗਲੇ ਉਨ੍ਹਾਂ ਵਲੋਂ ਕੀਤੇ ਗਏ ਅਪਰਾਧਾਂ 'ਤੇ ਹਮਲਾ ਕਰਨ ਦਾ ਮੌਕਾ ਦਿੱਤਾ, ਜਿਸ ਲਈ ਅਸੀਂ ਧੰਨਵਾਦੀ ਹਾਂ। ਉਨ੍ਹਾਂ ਕਿਹਾ ਕਿ ਭਾਵੇਂ ਭਾਰਤ ਜੀ 7 ਦਾ ਹਿੱਸਾ ਨਹੀਂ ਹੈ, ਪਰ ਹੁਣ ਉਨ੍ਹਾਂ 'ਤੇ ਦਬਾਅ ਪਾਇਆ ਜਾ ਸਕਦਾ ਹੈ ਅਤੇ ਉਸ ਨੂੰ ਇਨ੍ਹਾਂ ਤੋਂ ਅਲੱਗ-ਥਲੱਗ ਕੀਤਾ ਜਾ ਸਕਦਾ ਹੈ ਅਤੇ ਸਾਨੂੰ ਉਨ੍ਹਾਂ ਸਵਾਲਾਂ ਦੇ ਜਵਾਬ ਮਿਲ ਸਕਦੇ ਹਨ, ਜਿਸ ਨਾਲ ਉਨ੍ਹਾਂ ਨੂੰ ਦੁਨੀਆ ਭਰ ਦੇ ਕਾਰਕੁਨਾਂ ਵਿਰੁੱਧ ਅਪਰਾਧਾਂ ਲਈ ਅੰਤਰਰਾਸ਼ਟਰੀ ਪੱਧਰ 'ਤੇ ਜਵਾਬਦੇਹ ਠਹਿਰਾਇਆ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਵਿਦੇਸ਼ਾਂ ਅੰਦਰ ਵਿਚਰ ਰਹੇ ਆਜ਼ਾਦੀ ਪਸੰਦ ਸਿੱਖ ਕਾਰਕੁੰਨ ਲੰਬੇ ਸਮੇਂ ਤੋਂ ਭਾਰਤ ਵਿੱਚੋਂ ਇੱਕ ਸੁਤੰਤਰ ਸਿੱਖ ਰਾਜ, ਜਿਸਨੂੰ ਪੰਜਾਬ (ਖਾਲਿਸਤਾਨ) ਵਜੋਂ ਜਾਣਿਆ ਜਾਂਦਾ ਹੈ, ਦੀ ਵਕਾਲਤ ਕਰ ਰਹੇ ਹਨ, ਨੇ ਮੋਦੀ ਸਰਕਾਰ ਲਈ ਇੱਕ ਚੁਣੌਤੀ ਪੇਸ਼ ਕੀਤੀ ਹੋਈ ਹੈ। ਇਥੇ ਦਸਣਯੋਗ ਹੈ ਕਿ ਕੈਨੇਡਾ ਦੀ ਆਰਸੀਐਮਪੀ ਨੇ ਮੋਦੀ ਸਰਕਾਰ 'ਤੇ ਕੈਨੇਡਾ ਵਿੱਚ ਭੂਮਿਕਾ ਨਿਭਾਉਣ ਦਾ ਦੋਸ਼ ਲਗਾਇਆ ਸੀ। ਇਸ ਤੋਂ ਪਹਿਲਾਂ, 2023 ਵਿੱਚ, ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤੀ ਸਰਕਾਰੀ ਏਜੰਟਾਂ 'ਤੇ ਸਰੀ, ਬੀਸੀ ਵਿੱਚ ਸਿੱਖ ਕਾਰਕੁਨ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਸੀ। ਇਸ ਮੌਕੇ ਕੁਝ ਪ੍ਰਦਰਸ਼ਨਕਾਰੀਆਂ, ਜਿਨ੍ਹਾਂ ਦੇ ਮੋਢਿਆਂ 'ਤੇ ਯੂਕਰੇਨੀ ਝੰਡੇ ਸਨ, ਨੇ ਕਿਹਾ ਕਿ ਉਹ ਦੇਸ਼ 'ਤੇ ਰੂਸ ਦੇ ਹਮਲੇ ਦਾ ਵਿਰੋਧ ਕਰ ਰਹੇ ਸਨ। ਗਾਜ਼ਾ 'ਤੇ ਇਜ਼ਰਾਈਲ ਦੀ ਜੰਗ ਦੀ ਨਿੰਦਾ ਕਰਨ ਵਾਲੇ ਕੁਝ ਕਾਰਕੁੰਨ ਵੀ ਸਨ। ਕੁਝ ਜਲਵਾਯੂ ਪ੍ਰਦਰਸ਼ਨਕਾਰੀਆਂ ਨੇ ਤਖ਼ਤੀਆਂ ਫੜੀਆਂ ਹੋਈਆਂ ਸਨ ਜਿਨ੍ਹਾਂ ਵਿੱਚੋਂ ਇੱਕ "ਪਾਣੀ ਜੀਵਨ ਹੈ" ਅਤੇ ਦੂਜਾ "ਤੇਲ ਅਤੇ ਗੈਸ ਤੁਹਾਨੂੰ ਪਿਆਰ ਨਹੀਂ ਕਰਦੇ" ਲਿਖਿਆ ਸੀ। ਕੈਨੇਡਾ ਸੰਯੁਕਤ ਰਾਜ, ਫਰਾਂਸ, ਯੂਨਾਈਟਿਡ ਕਿੰਗਡਮ, ਜਰਮਨੀ, ਜਾਪਾਨ, ਇਟਲੀ ਅਤੇ ਯੂਰਪੀਅਨ ਯੂਨੀਅਨ ਦੇ ਨੇਤਾਵਾਂ ਦੀ ਮੇਜ਼ਬਾਨੀ ਕਰ ਰਿਹਾ ਹੈ।

# ਇਹ ਜੰਗ ਦਾ ਯੁੱਗ ਨਹੀਂ ਹੈ : ਨਰਿੰਦਰ ਮੋਦੀ

## ਪ੍ਰਧਾਨ ਮੰਤਰੀ ਮੋਦੀ ਵੱਲੋਂ ਸਾਈਪ੍ਰਸ ਦੇ ਰਾਸ਼ਟਰਪਤੀ ਕ੍ਰਿਸਟੋਡੌਲਿਡੇਸ ਨਾਲ ਮੁਲਾਕਾਤ

ਨਿਕੋਸੀਆ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਉਨ੍ਹਾਂ ਅਤੇ ਸਾਈਪ੍ਰਸ ਦੇ ਰਾਸ਼ਟਰਪਤੀ ਨਿਕੋਸ ਕ੍ਰਿਸਟੋਡੌਲਿਡੇਸ ਨੇ ਪੱਛਮੀ ਏਸ਼ੀਆ ਤੇ ਯੂਰਪ 'ਚ ਚੱਲ ਰਹੇ ਸੰਘਰਸ਼ਾਂ 'ਤੇ ਚਿੰਤਾ ਜਤਾਈ ਅਤੇ ਉਨ੍ਹਾਂ ਦੋਵਾਂ ਦਾ ਮੰਨਣਾ ਹੈ ਕਿ 'ਇਹ ਜੰਗ ਦਾ ਯੁੱਗ ਨਹੀਂ ਹੈ।' ਮੋਦੀ ਨੇ ਇੱਥੇ ਕ੍ਰਿਸਟੋਡੌਲਿਡੇਸ ਨਾਲ ਵਾਰਤਾ ਮਗਰੋਂ ਸਾਂਝੇ ਪੱਤਰਕਾਰ ਸੰਮੇਲਨ ਦੌਰਾਨ ਆਪਣੇ ਸੰਬੋਧਨ 'ਚ ਇਹ ਵੀ ਕਿਹਾ ਕਿ 'ਗੱਲਬਾਤ ਰਾਹੀਂ ਹੱਲ ਤੇ ਸਥਿਰਤਾ ਬਹਾਲ ਕਰਨਾ ਮਨੁੱਖਤਾ ਦੀ ਮੰਗ ਹੈ।' ਪ੍ਰਧਾਨ ਮੰਤਰੀ ਨੇ ਸਰਹੱਦ ਪਾਰੋਂ ਹੋਣ ਵਾਲੇ ਅਤਿਵਾਦ ਖ਼ਿਲਾਫ਼ ਭਾਰਤ ਦੀ ਲੜਾਈ 'ਚ ਹਮਾਇਤ ਲਈ ਸਾਈਪ੍ਰਸ ਦਾ ਧੰਨਵਾਦ ਕੀਤਾ। ਸਾਂਝੀ ਪ੍ਰੈੱਸ ਵਾਰਤਾ ਦੌਰਾਨ ਰਾਸ਼ਟਰਪਤੀ ਕ੍ਰਿਸਟੋਡੌਲਿਡੇਸ ਨੇ ਕਿਹਾ, 'ਸਾਡੇ ਵਿਚਾਲੇ ਇਤਿਹਾਸਕ ਦੋਸਤੀ ਹੈ ਅਤੇ ਸਾਡੇ ਸਬੰਧਾਂ 'ਚ ਭਰੋਸਾ ਹੈ।' ਉਨ੍ਹਾਂ ਪਹਿਲਗਾਮ ਹਮਲੇ ਨੂੰ ਯਾਦ ਕਰਦਿਆਂ ਕਿਹਾ ਕਿ ਸਾਈਪ੍ਰਸ ਅਤਿਵਾਦ ਖ਼ਿਲਾਫ਼ ਲੜਾਈ 'ਚ ਭਾਰਤ ਨਾਲ ਪੂਰੀ ਇਕਜੁੱਟਤਾ ਨਾਲ ਖੜ੍ਹਾ ਹੈ। ਉਨ੍ਹਾਂ 12 ਜੂਨ ਨੂੰ ਵਾਪਰੇ ਅਹਿਮਦਾਬਾਦ ਜਹਾਜ਼ ਹਾਦਸੇ 'ਤੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ। ਮੋਦੀ ਤੇ



ਕ੍ਰਿਸਟੋਡੌਲਿਡੇਸ ਨੇ ਭਾਰਤ-ਸਾਈਪ੍ਰਸ ਸਬੰਧਾਂ ਦੇ ਸਾਰੇ ਪੱਖਾਂ 'ਤੇ ਖੁੱਲ੍ਹ ਕੇ ਚਰਚਾ ਕੀਤੀ। ਉਨ੍ਹਾਂ ਰੱਖਿਆ, ਸੁਰੱਖਿਆ, ਵਪਾਰ, ਤਕਨੀਕ, ਸਿਹਤ ਸੇਵਾ, ਨਵਿਆਉਣਯੋਗ ਊਰਜਾ ਤੇ ਜਲਵਾਯੂ ਜਿਹੇ ਖੇਤਰਾਂ 'ਚ ਸਹਿਯੋਗ ਬਾਰੇ ਗੱਲ ਕੀਤੀ ਅਤੇ ਖੇਤਰੀ ਮੁੱਦਿਆਂ 'ਤੇ ਵੀ ਚਰਚਾ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਯਾਤਰਾ ਭਾਰਤ-ਸਾਈਪ੍ਰਸ ਦੁਵੱਲੇ ਸਬੰਧਾਂ 'ਚ ਨਵਾਂ ਅਧਿਆਏ ਲਿਖਣ ਦਾ ਸੁਨਹਿਰਾ ਮੌਕਾ ਹੈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਭਵਨ ਪਹੁੰਚਣ 'ਤੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਨਿਕੋਸੀਆ ਕੌਂਸਲ ਦੀ ਮੈਂਬਰ ਮਾਈਕੇਲਾ ਕਾਈਥਰੇਓਟੀ ਮਹਾਵਾ ਨੇ ਪ੍ਰਧਾਨ ਮੰਤਰੀ ਦਾ ਪੈਰੀਂ ਹੱਥ ਲਾ ਕੇ ਸਵਾਗਤ ਕੀਤਾ। ਬਾਅਦ ਵਿੱਚ ਮੋਦੀ ਨੇ ਭਾਰਤ-ਸਾਈਪ੍ਰਸ ਸਬੰਧਾਂ ਬਾਰੇ ਚਰਚਾ ਲਈ ਰਾਸ਼ਟਰਪਤੀ ਨਾਲ ਵਫ਼ਦ ਪੱਧਰੀ ਗੱਲਬਾਤ ਕੀਤੀ। ਇਸ ਦੌਰਾਨ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ, ਵਿਦੇਸ਼ ਸਕੱਤਰ ਵਿਕਰਮ ਮਿਸਰੀ ਤੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਹਾਜ਼ਰ ਸਨ।


KHALSA SCHOOL
SILICON VALLEY GURDWARA
SANTA CLARA, CALIFORNIA
Graduation Certificate
HARJEEV SINGH
has successfully completed Gurmat and Gurmukhi requirements during school year 2024-25 and is being promoted to
KINDER
Awarded on June 08, 2025
Principal
Teacher
Silicon valley Gurdwara Khalsa School is a program of Silicon Valley Gurdwara
2356 Walsh Ave, Santa Clara, 95051

## ਵਿੱਦਿਆ ਵੀਚਾਰੀ ਤਾਂ; ਪਰਉਪਕਾਰੀ ॥

# ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ ਸੈਂਟਾਂ ਕਲਾਰਾ ਦੇ ਖ਼ਾਲਸਾ ਸਕੂਲ ਦਾ ਨਤੀਜਾ ਕੀਤਾ ਐਲਾਨ

## ਬੱਚਿਆਂ ਨੂੰ ਵੰਡੇ ਗਏ ਸਰਟੀਫਿਕੇਟ ਅਤੇ ਨਿਸ਼ਕਾਮ ਅਧਿਆਪਕਾਂ ਨੂੰ ਕੀਤਾ ਗਿਆ ਸਨਮਾਨਤ












ਸਿਲੀਕੋਨ ਵੈਲੀ/ਕੈਲੀਫੋਰਨੀਆ : ਗੁਰਦੁਆਰਾ ਸਾਹਿਬ ਸਿਲੀਕੋਨ ਵੈਲੀ ਕੈਲੀਫੋਰਨੀਆ ਵਿਖੇ ਖਾਲਸਾ ਸਕੂਲ ਦੇ ਬੱਚਿਆਂ ਅਤੇ ਅਧਿਆਪਕਾ ਸਮੇਤ ਵੱਡੀ ਗਿਣਤੀ 'ਚ ਬੱਚਿਆਂ ਨੇ ਪਰਿਵਾਰਾਂ ਸਮੇਤ ਖ਼ਾਲਸਾ ਸਕੂਲ ਦਾ ਨਤੀਜਾ ਐਲਾਨ ਕੀਤਾ ਗਿਆ। ਬੱਚਿਆਂ ਨੂੰ ਸਰਟੀਫਿਕੇਟ ਵੰਡੇ ਗਏ ਅਤੇ ਨਿਸ਼ਕਾਮ ਅਧਿਆਪਕਾਂ ਨੂੰ ਸਨਮਾਨਤ ਕੀਤਾ ਗਿਆ।

ਗੁਰਦੁਆਰਾ ਸਾਹਿਬ ਵਲੋ ਸੈਕਟਰੀ ਹਰਪ੍ਰੀਤ ਸਿੰਘ ਵਲੋਂ ਖ਼ਾਲਸਾ ਸਕੂਲ ਦੇ ਸੰਚਾਲਕ ਬੀਬੀ ਹਰਮਿੰਦਰ ਕੌਰ ਅਤੇ ਸਮੂਹ ਸਟਾਫ਼ ਅਤੇ ਮਾਪਿਆਂ ਦਾ ਧੰਨਵਾਦ ਕੀਤਾ ਗਿਆ।

ਗੁਰਦੁਆਰਾ ਸਾਹਿਬ ਸਿਲੀਕੋਨ ਵੈਲੀ ਕੈਲੀਫੋਰਨੀਆ ਦੇ ਪ੍ਰਬੰਧਕਾਂ ਵਲੋਂ ਖਾਸ ਪ੍ਰਬੰਧ ਕੀਤੇ ਗਏ ਸਨ।

ਸਕੂਲ ਦਾ ਪੂਰਾ ਮਹੌਲ ਖੁਸ਼ੀਆਂ ਭਰਿਆ ਸੀ। ਟੀਚਰ ਅਤੇ ਵਲੰਟੀਅਰ ਪੂਰੀ ਲਗਨ ਨਾਲ ਸੇਵਾ ਨਿਭਾਅ ਰਹੇ ਹਨ। ਬੱਚਿਆਂ ਦੇ ਮਾਤਾ-ਪਿਤਾ ਦਾ ਖ਼ਾਸ ਸਹਿਯੋਗ ਰਿਹਾ ਹੈ ਜੋ ਸਵੇਰੇ ਬੱਚਿਆਂ ਨੂੰ ਗੁਰਦੁਆਰਾ ਸਾਹਿਬ ਵਿਚ ਲੈ ਕੇ ਆਉਂਦੇ ਹਨ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸਟਾਫ ਵੱਲੋਂ ਬੱਚਿਆਂ ਦੀ ਕਾਮਯਾਬੀ ਲਈ ਪੂਰਾ ਜ਼ੋਰ ਲਗਾਇਆ ਜਾਂਦਾ ਹੈ। 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਨੌਜਵਾਨ ਸਿੱਖ ਆਗੂ ਸ੍. ਸੁਖਵਿੰਦਰ ਸਿੰਘ ਗੋਗੀ ਨੇ ਕਿਹਾ ਕਿ ਬੱਚਿਆਂ ਨੂੰ ਵਿੱਦਿਆ ਵੀਚਾਰੀ ਤਾਂ ਪਰਉਪਕਾਰੀ ਬੱਚਿਆਂ ਨੂੰ ਵਿਦਿਆ ਨਾਲ ਜੋੜਨਾ ਹੀ ਭਵਿੱਖ ਦੀ ਜ਼ਰੂਰਤ ਹੈ।

ਉਨ੍ਹਾਂ ਅੱਜ ਦੇ ਸਮੁੱਚੇ ਪ੍ਰੋਗਰਾਮ ਲਈ ਸਮੂਹ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਅਤੇ ਬੱਚਿਆਂ ਦੇ ਮਾਪਿਆਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।













## ਵਿੱਦਿਆ ਵੀਚਾਰੀ ਤਾਂ; ਪਰਉਪਕਾਰੀ ॥

# ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ ਸੈਂਟਾਂ ਕਲਾਰਾ ਦੇ ਖ਼ਾਲਸਾ ਸਕੂਲ ਦਾ ਨਤੀਜਾ ਕੀਤਾ ਐਲਾਨ

## ਬੱਚਿਆਂ ਨੂੰ ਵੰਡੇ ਗਏ ਸਰਟੀਫਿਕੇਟ ਅਤੇ ਨਿਸ਼ਕਾਮ ਅਧਿਆਪਕਾਂ ਨੂੰ ਕੀਤਾ ਗਿਆ ਸਨਮਾਨਤ


KHALSA SCHOOL
SILICON VALLEY GURDWARA
SANTA CLARA, CALIFORNIA
Graduation Certificate
HARJEEV SINGH
has successfully completed Gurmat and Gurmukhi requirements during school year 2024-25 and is being promoted to
KINDER
Awarded on June 08, 2025
H Puri
Principal
Teacher
Silicon valley Gurdwara Khalsa School is a program of Silicon Valley Gurdwara
2356 Walsh Ave, Santa Clara, 95051












## ਵਿੱਦਿਆ ਵੀਚਾਰੀ ਤਾਂ ਪਰਉਪਕਾਰੀ ॥

ਗੁਰੂ ਨਾਨਕ ਦੇਵ ਜੀ ਆਸਾ ਰਾਗ ਵਿੱਚ ਫ਼ੁਰਮਾਉਂਦੇ ਹਨ : "ਵਿਦਿਆ ਵੀਚਾਰੀ ਤਾਂ; ਪਰਉਪਕਾਰੀ ॥" (ਮ: ੧/੩੫੬) ਇਸ ਪਾਵਨ ਪੰਗਤੀ ਰਾਹੀਂ ਆਪ ਦੱਸਦੇ ਹਨ ਕਿ ਵਿੱਦਿਆ ਪ੍ਰਾਪਤ ਕਰਕੇ ਜੇਕਰ ਕੋਈ ਮਨੁੱਖ ਪਰਉਪਕਾਰੀ ਬਣ ਗਿਆ ਹੈ ਤਾਂ ਸਮਝੋ ਕਿ ਉਸ ਨੇ ਵਿੱਦਿਆ ਨੂੰ ਵਿਚਾਰਿਆ ਹੈ। ਵਿਚਾਰਹੀਣ ਵਿੱਦਿਆ ਮਨੁੱਖ ਨੂੰ ਪਰਉਪਕਾਰੀ ਬਣਨ ਦੀ ਥਾਂ ਕੁਰਾਹੇ ਪਾ ਦਿੰਦੀ ਹੈ। ਵਿੱਦਿਆ ਦੇ ਕਾਰਨ ਹੀ ਮਨੁੱਖ ਸਾਰੀਆਂ ਜੂਨਾਂ ਦਾ ਸਰਦਾਰ ਹੈ। ਕੁਦਰਤ ਨੇ ਸਾਜੇ ਹੋਏ ਵਿਸ਼ਾਲ ਬ੍ਰਹਿਮੰਡ ਵਿੱਚ ਜੇ ਕੇਵਲ ਇੱਕੋ ਗ੍ਰਹਿ ਧਰਤੀ (ਜਿਸ 'ਤੇ ਅਸੀਂ ਰਹਿ ਰਹੇ ਹਾਂ) ਦੀ ਗੱਲ ਹੀ ਕਰੀਏ ਤਾਂ ਇੱਥੇ ਲੱਖਾਂ ਕਿਸਮਾਂ ਦੇ ਜੀਵਾਂ ਦਾ ਵਾਸਾ ਹੈ। ਪੁਰਾਤਨ ਗ੍ਰੰਥਾਂ ਵਿੱਚ ਇਨ੍ਹਾਂ ਜੀਵਾਂ ਦੀ ਗਿਣਤੀ 84 ਲੱਖ ਦਰਸਾਈ ਗਈ ਹੈ। ਗੁਰਮਤਿ ਅਨੁਸਾਰ ਅਕਾਲ ਪੁਰਖ ਦੀ ਬੇਅੰਤਤਾ ਨੂੰ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ। ਉਸ ਦੀ ਅਨੰਤਤਾ ਨੂੰ ਦਰਸਾਉਣ ਲਈ 'ਅਸੰਖ' ਸ਼ਬਦ ਵੀ ਤੁੱਛ ਹੈ ਅਤੇ ਇਹ ਸ਼ਬਦ ਵਰਤਣ ਨਾਲ ਵੀ ਸਿਰ 'ਤੇ ਭਾਰ ਹੀ ਚੜ੍ਹਦਾ ਹੈ। ਗੁਰੂ ਨਾਨਕ ਦੇਵ ਜੀ ਜਪੁ ਜੀ ਸਾਹਿਬ ਦੀ ਬਾਣੀ ਵਿੱਚ ਫ਼ੁਰਮਾਉਂਦੇ ਹਨ : "ਅਸੰਖ ਕਹਹਿ; ਸਿਰਿ ਭਾਰੁ ਹੋਇ ॥"

ਇਨ੍ਹਾਂ ਬੇਅੰਤ ਜੂਨਾਂ ਵਿੱਚੋਂ ਪ੍ਰਮਾਤਮਾ ਨੇ ਕੇਵਲ ਤੇ ਕੇਵਲ ਮਨੁੱਖ ਨੂੰ ਪੂਰਨ ਵਿਕਸਿਤ ਰੂਪ ਵਿੱਚ ਦਿਮਾਗ ਬਖਸ਼ਿਸ਼ ਕੀਤਾ ਹੈ। ਬਾਕੀ ਜੀਵਾਂ ਨੂੰ ਅਕਾਲ ਪੁਰਖ ਨੇ ਓਨਾ ਕੁ ਦਿਮਾਗ ਹੀ ਬਖਸ਼ਿਆ ਹੈ ਜਿਸ ਨਾਲ ਉਹ ਆਪਣੀ ਰੋਜ਼ੀ ਰੋਟੀ ਦੀ ਤਲਾਸ਼ ਕਰ ਸਕਦੇ ਹਨ, ਆਪਣੀ ਸੁਰੱਖਿਆ ਕਰਨ ਦੇ ਯੋਗ ਹੁੰਦੇ ਹਨ ਜਾਂ ਆਪਣੀ ਸੰਤਾਨ ਦੀ ਪਾਲਣਾ ਹੀ ਕਰ ਸਕਦੇ ਹਨ। ਇਨ੍ਹਾਂ ਜੀਵਾਂ ਦਾ ਹੋਰ ਕੋਈ ਜੀਵਨ ਮਨੋਰਥ ਨਹੀਂ ਹੁੰਦਾ, ਪ੍ਰੰਤੂ ਮਨੁੱਖ ਵਿੱਦਿਆ ਹਾਸਲ ਕਰ ਕੇ ਜਿੱਥੇ ਆਪਣਾ ਜੀਵਨ ਸਫਲ ਕਰਨ ਦੇ ਯੋਗ ਹੋ ਸਕਦਾ ਹੈ, ਉਥੇ ਉਹ ਆਦਰਸ਼ ਸਮਾਜ ਦੀ ਉਸਾਰੀ ਵੀ ਕਰ ਸਕਦਾ ਹੈ। ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ : "ਅਵਰ ਜੋਨਿ; ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ; ਤੇਰੀ ਸਿਕਦਾਰੀ ॥ (ਮ: ੫/੩੭੫)

ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ ਕਿ ਵਿੱਦਿਆ ਕੇਵਲ ਜਾਣਕਾਰੀ ਅਤੇ ਚੁੰਚ ਗਿਆਨ ਦਾ ਨਾਮ ਨਹੀਂ। ਕੇਵਲ ਕਿਤਾਬੀ ਗਿਆਨ ਹਾਸਲ ਕਰਨਾ ਜੀਵਨ ਦਾ ਮਨੋਰਥ ਨਹੀਂ। ਜੇ ਵਿੱਦਿਆ ਹਾਸਲ ਕਰ ਕੇ ਵੀ ਮਨੁੱਖ ਵਿੱਚੋਂ ਹਉਮੈ ਤੇ ਲਾਲਚ ਦੀ ਪ੍ਰਵਿਰਤੀ ਖ਼ਤਮ ਨਹੀਂ ਹੁੰਦੀ ਤਾਂ ਗੁਰੂ ਸਾਹਿਬ ਉਸ ਨੂੰ ਮੂਰਖ ਦਾ ਦਰਜਾ ਦਿੰਦੇ ਹਨ। ਮਾਝ ਕੀ ਵਾਰ ਵਿੱਚ ਗੁਰੂ ਨਾਨਕ ਸਾਹਿਬ ਜੀ ਫ਼ੁਰਮਾਉਂਦੇ ਹਨ : "ਪੜਿਆ ਮੂਰਖੁ ਆਖੀਐ; ਜਿਸੁ ਲਬੁ ਲੋਭੁ ਅਹੰਕਾਰਾ ॥" (ਮ: ੧/੧੪੦)

ਜੇਕਰ ਪ੍ਰਾਪਤ ਕੀਤੀ ਵਿੱਦਿਆ, ਅਕਾਲ ਪੁਰਖ ਦੀ ਸੋਝੀ ਨਹੀਂ ਕਰਾਉਂਦੀ ਤਾਂ ਉਹ ਕਿਸੇ ਲੇਖੇ ਵਿੱਚ ਨਹੀਂ ਤੇ ਵਿਅਰਥ ਹੀ ਹੈ। ਅਜਿਹੀ ਵਿੱਦਿਆ ਤਾਂ ਕੇਵਲ ਝੱਖ ਮਾਰਨ ਵਾਲੀ ਗੱਲ ਹੀ ਹੈ । ਆਸਾ ਕੀ ਵਾਰ ਦੀ ਬਾਣੀ ਵਿੱਚ ਗੁਰੂ ਨਾਨਕ ਸਾਹਿਬ ਦੇ ਪਾਵਨ ਬਚਨ ਹਨ : "ਪੜਿ ਪੜਿ ਗਡੀ ਲਦੀਅਹਿ; ਪੜਿ ਪੜਿ ਭਰੀਅਹਿ ਸਾਥ ॥ ਪੜਿ ਪੜਿ ਬੇੜੀ ਪਾਈਐ; ਪੜਿ ਪੜਿ ਗਡੀਅਹਿ ਖਾਤ ॥ ਪੜੀਅਹਿ ਜੇਤੇ ਬਰਸ ਬਰਸ; ਪੜੀਅਹਿ ਜੇਤੇ ਮਾਸ ॥ ਪੜੀਐ ਜੇਤੀ ਆਰਜਾ; ਪੜੀਅਹਿ ਜੇਤੇ ਸਾਸ ॥ ਨਾਨਕ ! ਲੇਖੈ ਇਕ ਗਲ; ਹੋਰੁ ਹਉਮੈ ਝਖਣਾ ਝਾਖ ॥"

ਅਧਿਆਤਮਕ ਗਿਆਨ ਦੀ ਪ੍ਰਾਪਤੀ ਤੋਂ ਬਿਨਾਂ ਹਾਸਲ ਕੀਤਾ ਹੋਇਆ ਦੁਨਿਆਵੀ ਗਿਆਨ ਬਿਲਕੁਲ ਅਧੂਰਾ ਹੈ। ਸਗੋਂ ਕਈ ਵਾਰ ਤਾਂ ਕੇਵਲ ਕਿਤਾਬੀ ਗਿਆਨ ਮਨੁੱਖ ਲਈ ਫਾਹੀ ਦਾ ਕਾਰਨ ਬਣ ਜਾਂਦਾ ਹੈ। ਇਕ ਵਿਅਕਤੀ ਕਈ ਸਾਲਾਂ ਦੀ ਕਠਿਨ ਮਿਹਨਤ ਤੋਂ ਬਾਅਦ ਡਾਕਟਰੀ ਦੀ ਉਚ ਵਿੱਦਿਆ ਹਾਸਲ ਕਰਦਾ ਹੈ ਪਰ ਅਧਿਆਤਮਕ ਗਿਆਨ ਤੋਂ ਸੱਖਣਾ ਹੋਣ ਕਾਰਨ ਉਹ ਇਸ ਵਿੱਦਿਆ ਦੀ ਦੁਰਵਰਤੋਂ ਕਰਦਾ ਹੋਇਆ, ਇਸ ਨੂੰ ਕੇਵਲ ਪੈਸਾ ਕਮਾਉਣ ਦਾ ਸਾਧਨ ਹੀ ਸਮਝ ਲੈਂਦਾ ਹੈ। ਜਿਸ ਡਾਕਟਰ ਨੇ ਪ੍ਰਾਪਤ ਕੀਤੇ ਗਿਆਨ ਨਾਲ ਸਮਾਜ ਨੂੰ ਚੰਗੀ ਸਿਹਤ ਪ੍ਰਦਾਨ ਕਰਨੀ ਸੀ, ਉਹ ਲਾਲਚਵੱਸ ਕਿਸੇ ਵਿਅਕਤੀ ਦਾ ਗੁਰਦਾ ਕੱਢ ਕੇ ਵੇਚਦਾ ਹੈ ਅਤੇ ਪੈਸੇ ਦੀ ਦੌੜ ਵਿੱਚ ਅੱਗੇ ਲੰਘਣ ਦਾ ਯਤਨ ਕਰਦਾ ਹੈ। ਅਜਿਹੀ ਵਿੱਦਿਆ ਕਿਸੇ ਸਮੇਂ ਡਾਕਟਰ ਨੂੰ ਅਦਾਲਤ ਦੇ ਕਟਹਿਰੇ ਵਿੱਚ ਵੀ ਖੜ੍ਹਾ ਕਰ ਦਿੰਦੀ ਹੈ। ਇਸੇ ਤਰ੍ਹਾਂ ਆਤਮਿਕ ਗਿਆਨ ਤੋਂ ਸੱਖਣਾ ਵਕੀਲ ਕਿਸੇ ਨਿਰਦੋਸ਼ ਵਿਅਕਤੀ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਭੇਜ ਕੇ ਆਪਣੀ ਵਿੱਦਿਆ 'ਤੇ ਫੋਕਾ ਫ਼ਖਰ ਮਹਿਸੂਸ ਕਰਦਾ ਹੈ ਤੇ ਕਿਸੇ ਗੁਨਾਹਗਾਰ ਨੂੰ ਨਿਰਦੋਸ਼ ਹੋਣ ਦਾ ਖਿਤਾਬ ਦੇ ਕੇ ਆਪਣੀ ਵਿੱਦਿਆ ਦਾ ਦੀਵਾਲਾ ਵੀ ਕੱਢਦਾ ਹੈ।

ਭਗਤ ਕਬੀਰ ਜੀ 'ਬਾਵਨ ਅਖਰੀ' ਵਿੱਚ ਮਨੁੱਖ ਨੂੰ ਸਮਝਾਉਂਦੇ ਹੋਏ ਬਿਆਨ ਕਰਦੇ ਹਨ ਕਿ ਭਾਸ਼ਾ ਦੇ ਵੱਖ ਵੱਖ ਅੱਖਰਾਂ ਨੂੰ ਜੋੜ ਕੇ ਵੱਡੇ ਵੱਡੇ ਗ੍ਰੰਥ ਤਾਂ ਰਚ ਲਏ ਹਨ ਪ੍ਰੰਤੂ ਉਹ ਨਾਸ਼ ਰਹਿਤ (ਅੱਖਰ) ਇੱਕ ਅਕਾਲ ਪੁਰਖ ਨੂੰ ਨਹੀਂ ਪਛਾਣ ਸਕਿਆ। ਭਗਤ ਕਬੀਰ ਜੀ ਦਾ ਫ਼ੁਰਮਾਨ ਹੈ : "ਬਾਵਨ ਅਖਰ ਜੋਰੇ ਆਨਿ ॥ ਸਕਿਆ ਨ, ਅਖਰੁ ਏਕੁ ਪਛਾਨਿ ॥" (ਭਗਤ ਕਬੀਰ/੩੪੩)

ਜੇਕਰ ਮਨੁੱਖ ਉਸ ਨਾਸ਼ ਰਹਿਤ ਪ੍ਰਭੂ ਨੂੰ ਸਮਝ ਸਕਿਆ ਹੁੰਦਾ ਤਾਂ ਉਹ ਵਿੱਦਿਆ ਦੀ ਦੁਰਵਰਤੋਂ ਨਾ ਕਰਦਾ। ਭਾਰਤ ਦੇ ਸਾਬਕਾ ਰਾਸ਼ਟਰਪਤੀ ਤੇ ਸੰਸਾਰ ਪ੍ਰਸਿੱਧ ਫ਼ਿਲਾਸਫ਼ਰ ਡਾ. ਰਾਧਾ ਕ੍ਰਿਸ਼ਨਨ ਨੇ ਵਿੱਦਿਆ ਦਾ ਮਨੋਰਥ ਚੰਗਾ ਇਨਸਾਨ ਬਣਨਾ ਦੱਸਿਆ ਹੈ। ਉਹ ਲਿਖਦੇ ਹਨ ਕਿ 'ਅੱਜ ਦੇ ਆਧੁਨਿਕ ਸਮੇਂ ਵਿੱਚ ਮਨੁੱਖ ਨੇ ਏਨੀ ਜ਼ਿਆਦਾ ਤਰੱਕੀ ਕਰ ਲਈ ਹੈ ਕਿ ਉਹ ਪੰਛੀਆਂ ਦੀ ਤਰ੍ਹਾਂ ਹਵਾ ਵਿੱਚ ਉੱਡ ਸਕਦਾ ਹੈ ਅਤੇ ਉਸ ਨੇ ਮੱਛੀਆਂ ਦੀ ਤਰ੍ਹਾਂ ਪਾਣੀ ਵਿੰਚ ਤੈਰਨਾ ਸਿੱਖ ਲਿਆ ਹੈ। ਹੁਣ ਲੋੜ ਹੈ ਕਿ ਉਹ ਇਸ ਧਰਤੀ 'ਤੇ ਇਨਸਾਨਾਂ ਵਾਂਗ ਚੱਲਣਾ ਵੀ ਸਿੱਖੇ। ਉਹ ਹਾਸਲ ਕੀਤੀ ਵਿੱਦਿਆ ਨਾਲ ਸਰੀਰ, ਮਨ ਅਤੇ ਆਤਮਾ ਦਾ ਵਿਕਾਸ ਵੀ ਕਰੇ।'

ਪੜ੍ਹੇ ਲਿਖੇ ਤੋਂ ਭਾਵ ਕੇਵਲ ਅੱਖਰੀ ਗਿਆਨ ਹਾਸਲ ਕਰਨਾ ਹੀ ਨਹੀਂ । ਅਜਿਹੇ ਪੜ੍ਹੇ ਲਿਖੇ ਵੇਖੀਏ ਤਾਂ ਰਾਵਣ ਵੀ ਬਹੁਤ ਵੱਡਾ ਵਿਦਵਾਨ ਸੀ। ਅਜਾਮਲ ਆਪਣੇ ਸਮੇਂ ਦਾ ਵੱਡਾ ਗਿਆਨਦਾਤਾ ਸੀ। ਜੇ ਅਜਿਹੇ ਪੜ੍ਹੇ ਲਿਖਿਆਂ ਨੇ ਜਾਤ ਭਾਈਆਂ ਨੂੰ ਮੁਕਤ ਕਰਨ ਦੀ ਬਜਾਏ ਆਪਣੇ ਮਾਲਕ ਦੇ ਜਾਲ ਵਿੱਚ ਹੀ ਫਸਾਉਣਾ ਹੈ ਤਾਂ ਸਤਿਗੁਰੂ ਜੀ ਅਜਿਹੇ ਮਨੁੱਖਾਂ ਦੀ ਤੁਲਨਾ ਸਿਖਾਏ ਹੋਏ ਹਿਰਨਾਂ ਤੇ ਬਾਜਾਂ ਨਾਲ ਕਰਦੇ ਹਨ। ਜਿਵੇਂ ਸਿਖਾਇਆ ਹੋਇਆ ਬਾਜ ਜਾਂ ਹਿਰਨ ਹੋਰਨਾਂ ਪੰਛੀਆਂ (ਆਪਣੇ ਭਰਾਵਾਂ) ਨੂੰ ਲਿਆ ਕੇ ਸ਼ਿਕਾਰੀ ਕੋਲ ਫਸਾ ਦਿੰਦਾ ਹੈ, ਉਸੇ ਤਰ੍ਹਾਂ ਪੜ੍ਹਿਆ ਹੋਇਆ ਚਲਾਕ ਮਨੁੱਖ ਹੋਰ ਵਿਅਕਤੀਆਂ ਨੂੰ ਆਪਣੇ ਮਾਲਕ (ਰਾਜੇ ਰਜਵਾੜੇ ਜਾਂ ਅਮੀਰ ਵਿਅਕਤੀ) ਦੇ ਜਾਲ ਵਿੱਚ ਫਸਾ ਕੇ ਉਨ੍ਹਾਂ ਨੂੰ ਗੁਲਾਮੀ ਦਾ ਨਰਕ ਭੋਗਣ ਜੋਗਾ ਬਣਾ ਦਿੰਦਾ ਹੈ। ਅਜਿਹੇ ਧੋਖੇਬਾਜ਼ ਮਨੁੱਖ ਨੂੰ ਪ੍ਰਭੂ ਦੀ ਦਰਗਾਹ ਵਿੱਚ ਢੋਈ ਨਹੀਂ ਮਿਲਦੀ । ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ : "ਹਰਣਾਂ ਬਾਜਾਂ ਤੈ ਸਿਕਦਾਰਾਂ; ਏਨਾ ਪੜ੍ਹਿਆ ਨਾਉ ॥ ਫਾਂਧੀ ਲਗੀ ਜਾਤਿ ਫਹਾਇਨਿ; ਅਗੈ ਨਾਹੀ ਥਾਉ ॥ (ਮ: ੧/੧੨੮੮)

ਅਮਰੀਕਾ ਦੇ ਰਾਸ਼ਟਰਪਤੀ ਇਬਰਾਹਿਮ ਲਿੰਕਨ ਨੇ ਆਪਣੇ ਪੁੱਤਰ ਰਾਬਰਟ ਨੂੰ ਸਕੂਲ ਦਾਖ਼ਲ ਕਰਾਉਣ ਤੋਂ ਬਾਅਦ ਉਸ ਸਕੂਲ ਦੇ ਹੈਡਮਾਸਟਰ ਨੂੰ ਇੱਕ ਪੱਤਰ ਲਿਖਿਆ ਕਿ 'ਮੇਰੇ ਬੱਚੇ ਨੂੰ ਇਹ ਸਿਖਾਓ ਕਿ ਮਿਹਨਤ ਨਾਲ ਕਮਾਇਆ ਹੋਇਆ ਇੱਕ ਡਾਲਰ, ਮੁਫ਼ਤ ਵਿੱਚ ਮਿਲੇ ਪੰਜ ਡਾਲਰਾਂ ਨਾਲੋਂ ਜ਼ਿਆਦਾ ਕੀਮਤੀ ਹੁੰਦਾ ਹੈ, ਉਸ ਨੂੰ ਦੱਸੋ ਕਿ ਹਾਰ ਨੂੰ ਜਰਨਾ ਸਿੱਖੇ ਤੇ ਜਿੱਤ ਦਾ ਅਨੰਦ ਵੀ ਮਾਣੇ। ਉਸ ਨੂੰ ਕੁਦਰਤੀ ਭੇਦਾਂ 'ਤੇ ਵੀ ਦਿਮਾਗ ਲੜਾਉਣ ਲਈ ਵਕਤ ਦਿਓ । ਉਸ ਨੂੰ ਸਕੂਲ ਵਿੱਚ ਇਹ ਵੀ ਸਿਖਾਓ ਕਿ ਨਕਲ ਮਾਰ ਕੇ ਪਾਸ ਹੋਣ ਨਾਲੋਂ ਫੇਲ੍ਹ ਹੋਣਾ ਚੰਗਾ ਹੈ। ਉਸ ਨੂੰ ਸਿਖਾਓ ਕਿ ਸਭ ਦੀ ਗੱਲ ਸੁਣੇ ਅਤੇ ਜੋ ਕੁੱਝ ਸੁਣੇ, ਉਸ ਨੂੰ ਸੱਚਾਈ ਦਾ ਛਾਨਣਾ ਲਾਵੇ ਅਤੇ ਜੋ ਚੰਗਾ ਲੱਗੇ, ਉਸ ਨੂੰ ਪੱਲੇ ਬੰਨ੍ਹ ਲਵੇ।'

ਇਸ ਤਰ੍ਹਾਂ ਵਿੱਦਿਆ ਦੀ ਯੋਗ ਵਰਤੋਂ ਕਰ ਕੇ ਮਨੁੱਖ ਸੱਚ ਦੇ ਮਾਰਗ 'ਤੇ ਚੱਲ ਕੇ ਸਰਬੱਤ ਦਾ ਭਲਾ ਕਰ ਸਕਦਾ ਹੈ। ਇਸੇ ਵਿੱਦਿਆ ਦੀ ਸਮੁੱਚੀ ਵਰਤੋਂ ਨਾਲ ਕੋਈ ਵੀ ਕੰਮ ਕਰਨ ਤੋਂ ਪਹਿਲਾਂ, ਉਸ ਨਾਲ ਨਿਕਲਣ ਵਾਲੇ ਸਿੱਟੇ ਨੂੰ ਵਿਚਾਰ ਸਕਦਾ ਹੈ, ਜਿਸ ਨਾਲ ਉਸ ਨੂੰ ਖ਼ੁਆਰ ਨਹੀਂ ਹੋਣਾ ਪੈਂਦਾ। ਗੁਰੂ ਨਾਨਕ ਸਾਹਿਬ ਜੀ ਫ਼ੁਰਮਾਉਂਦੇ ਹਨ : "ਅਗੋ ਦੇ ਜੇ ਚੇਤੀਐ; ਤਾਂ ਕਾਇਤੁ ਮਿਲੈ ਸਜਾਇ ॥" (ਮ: ੧/੪੧੭)

ਜਿਹੜੇ ਮਨੁੱਖ ਪ੍ਰਾਪਤ ਕੀਤੀ ਵਿੱਦਿਆ ਨੂੰ ਕੇਵਲ ਧਨ ਪਦਾਰਥਾਂ ਦੀ ਖ਼ਾਤਰ ਹੀ ਵੇਚਦੇ ਹਨ, ਉਹ ਆਪਣਾ ਜੀਵਨ ਵਿਅਰਥ ਗੁਆ ਲੈਂਦੇ ਹਨ । ਮਾਰੂ ਰਾਗ ਵਿੱਚ ਭਗਤ ਕਬੀਰ ਜੀ ਫ਼ੁਰਮਾਉਂਦੇ ਹਨ : "ਮਾਇਆ ਕਾਰਨ ਬਿਦਿਆ ਬੇਚਹੁ; ਜਨਮੁ ਅਬਿਰਥਾ ਜਾਈ ॥" (ਭਗਤ ਕਬੀਰ/੧੧੦੩)

ਜਦੋਂ ਮਨੁੱਖ ਵਿੱਦਿਆ ਪ੍ਰਾਪਤੀ ਦੇ ਨਾਲ ਨਾਲ ਸੱਚ ਦਾ ਗਿਆਨ ਹਾਸਲ ਕਰ ਲੈਂਦਾ ਹੈ ਤਾਂ ਉਸ ਦੇ ਅੰਦਰੋਂ ਖੋਟੀ ਮੱਤ ਦੂਰ ਹੋ ਜਾਂਦੀ ਹੈ ਅਤੇ ਅੰਦਰ ਸੱਚ ਦਾ ਪ੍ਰਕਾਸ਼ ਹੋ ਜਾਂਦਾ ਹੈ । ਭਗਤ ਬੇਣੀ ਜੀ ਫ਼ੁਰਮਾਉਂਦੇ ਹਨ : "ਉਪਜੈ ਗਿਆਨੁ; ਦੁਰਮਤਿ ਛੀਜੈ ॥ ਅੰਮ੍ਰਿਤ ਰਸਿ; ਗਗਨੰਤਰਿ ਭੀਜੈ ॥" (ਭਗਤ ਬੇਣੀ/੯੭੪)

**ਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਹੈ** : ਗਿਆਨ ਰਤਨਿ ਸਭ ਸੋਝੀ ਹੋਇ ॥ (ਮ: ੩/੩੬੪) ਇਹ ਗਿਆਨ ਹੀ ਹੈ ਜੋ ਮਨੁੱਖ ਦੇ ਮਨ ਵਿੱਚੋਂ ਵਿਕਾਰਾਂ ਨੂੰ ਖ਼ਤਮ ਕਰਦਾ ਹੈ। ਇਸ ਤਰ੍ਹਾਂ ਮਨੁੱਖ ਦੁਆਰਾ ਪ੍ਰਾਪਤ ਕੀਤੀ ਵਿੱਦਿਆ ਸਮਾਜ ਲਈ ਪਰਉਪਕਾਰੀ ਬਣ ਜਾਂਦੀ ਹੈ ।

ਅੱਜ ਅਸੀਂ ਵੇਖਦੇ ਹਾਂ ਕਿ ਗਿਆਨ ਵਿਗਿਆਨ ਦੇ ਪਸਾਰੇ ਦੇ ਬਾਵਜੂਦ ਵੀ ਮਨੁੱਖਾਂ ਵਿੱਚ ਪਸ਼ੂ ਬਿਰਤੀ ਹੋਰ ਬਲਵਾਨ ਹੋ ਰਹੀ ਹੈ। ਛੋਟੀ ਛੋਟੀ ਗੱਲ 'ਤੇ ਲੋਕ ਹਿੰਸਕ ਹੋ ਜਾਂਦੇ ਹਨ। ਇਲਾਕੇ, ਭਾਸ਼ਾ, ਧਰਮ, ਨਸਲ, ਜਾਤ, ਰੰਗ, ਆਦਿ ਦੇ ਨਾਮ 'ਤੇ ਝਗੜੇ ਹੋ ਜਾਂਦੇ ਹਨ। ਲੁੱਟਾਂ, ਖੋਹਾਂ, ਅੱਗਾਂ ਲਾਉਣਾ, ਬੰਬਾਰੀ, ਕਤਲੋਗਾਰਤ, ਆਦਿ ਰੂਪਾਂ ਵਿੱਚ ਹਿੰਸਕ ਵਰਤਾਰਾ ਆਮ ਹੋ ਗਿਆ ਹੈ। ਸਿਆਸੀ ਹੰਕਾਰ ਸਿਖਰਾਂ 'ਤੇ ਹੈ। ਜਿਨ੍ਹਾਂ ਦੇਸ਼ਾਂ ਕੋਲ ਅਤਿ ਆਧੁਨਿਕ ਹਥਿਆਰ ਜਾਂ ਸਾਧਨ ਮੌਜੂਦ ਹਨ, ਉਹ ਦੂਜੇ ਦੇਸ਼ਾਂ ਵਿੱਚ ਬੇਝਿਜਕ ਦਖ਼ਲ ਅੰਦਾਜ਼ੀ ਕਰ ਰਹੇ ਹਨ ਅਤੇ ਵੱਡੀ ਪੱਧਰ 'ਤੇ ਤਬਾਹੀ ਮਚਾ ਰਹੇ ਹਨ। ਅੱਜ ਦਾ ਮਨੁੱਖ ਧਨ ਪਦਾਰਥ ਜਮ੍ਹਾ ਕਰਨ ਦੀ ਹੋੜ ਵਿੱਚ ਲੱਗਾ ਹੋਇਆ ਹੈ। ਭ੍ਰਿਸ਼ਟਾਚਾਰ ਅਤੇ ਅਨੈਤਿਕ ਢੰਗ ਤਰੀਕਿਆਂ ਨਾਲ ਧਨ ਪਦਾਰਥਾਂ ਦਾ ਅੰਬਾਰ ਲਾ ਰਿਹਾ ਹੈ। ਉਹ ਨਸ਼ਿਆਂ, ਵਿਭਚਾਰ ਅਤੇ ਨੰਗੇਜਵਾਦ ਨਾਲ ਸਰੀਰਕ ਤੇ ਮਾਨਸਿਕ ਖ਼ੁਸ਼ੀ ਪ੍ਰਾਪਤ ਕਰਨੀ ਚਾਹੁੰਦਾ ਹੈ, ਪਰ ਅਨੇਕਾਂ ਮਾਨਸਿਕ ਉਲਝਣਾਂ ਅਤੇ ਬਿਮਾਰੀਆਂ ਨਾਲ ਜਕੜਿਆ ਹੋਇਆ ਪ੍ਰੇਸ਼ਾਨ ਤੇ ਦੁਖੀ ਹੁੰਦਾ ਹੈ ਕਿਉਂਕਿ ਉਹ ਦੈਵੀ ਤੇ ਨੈਤਿਕ ਗੁਣਾਂ ਵੱਲੋਂ ਕੰਗਾਲ ਹੋ ਰਿਹਾ ਹੈ। ਉਸ ਦੇ ਅੰਦਰ ਪਰਉਪਕਾਰ ਦੀ ਭਾਵਨਾ ਦੀ ਥਾਂ ਸੁਆਰਥ ਦੀ ਭਾਵਨਾ ਵਧ ਰਹੀ ਹੈ। ਅੱਜ ਦੇ ਮਨੁੱਖ ਨੂੰ ਅਜਿਹੀ ਵਿੱਦਿਆ ਦੀ ਲੋੜ ਹੈ, ਜਿਸ ਨਾਲ ਉਹ ਸਰੀਰਕ, ਮਾਨਸਿਕ ਤੇ ਅਧਿਆਤਮਕ ਤੌਰ 'ਤੇ ਸਰਬਪੱਖੀ ਵਿਕਾਸ ਹੋ ਸਕੇ।

**ਰਣਜੀਤ ਸਿੰਘ,**
**B.Sc., M.A., M.Ed. ਸਟੇਟ ਤੇ ਨੈਸ਼ਨਲ ਅਵਾਰਡੀ,**
**ਹੈਡਮਾਸਟਰ (ਸੇਵਾ ਮੁਕਤ**

# ਗੁਰਪੁਰਵਾਸੀ ਬੀਬੀ ਪਰਮਜੀਤ ਕੌਰ ਨੂੰ ਭਾਰੀ ਗਿਣਤੀ ’ਚ ਸੰਗਤਾਂ ਵਲੋਂ ਹੰਝੂਆਂ ਨਾਲ ਭਾਵਭਿੰਨੀ ਸ਼ਰਧਾਂਜਲੀ


ਗੁਰਪੁਰਵਾਸੀ ਬੀਬੀ ਪਰਮਜੀਤ ਕੌਰ ਜੀ





































ਫਰੀਮਾਂਟ/ਕੈਲੀਫੋਰਨੀਆਂ (ਸਾਡੇ ਲੋਕ ਬਿਊਰੋ) : ਕੈਲੀਫੋਰਨੀਆ ਦੇ ਉਘੇ ਆਗੂ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਬੇਏਰੀਆ ਦੇ ਸਾਬਕਾ ਪ੍ਰਧਾਨ ਸ੍ਰ. ਬਲਵੀਰ ਸਿੰਘ ਸ਼ੀਹਮਾਰ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਜੋ ਪਰਿਵਾਰ ਨੂੰ ਅਚਾਨਕ ਵਿਛੋੜਾ ਦੇ ਗਏ ਸਨ, ਜਿਨ੍ਹਾਂ ਦਾ ਵੱਡੀ ਗਿਣਤੀ ’ਚ ਸੰਗਤਾਂ ਵਲੋਂ ਅੰਤਿਮ ਸਸਕਾਰ ਕੀਤਾ ਗਿਆ। ਇਸ ਸਮੇਂ ਕਮਿਊਨਿਟੀ ਦੇ ਵੱਡੇ ਆਗੂਆਂ ਅਤੇ ਪਰਿਵਾਰਕ ਮੈਂਬਰਾਂ ਨੇ ਭਾਵਭਿੰਨੀ ਸ਼ਰਧਾਂਜਲੀ ਦਿੱਤੀ ਜਿਨ੍ਹਾਂ ਵਿਚ ਗੁਰਪੁਰਵਾਸੀ ਬੀਬੀ ਪਰਮਜੀਤ ਕੌਰ ਦੇ ਬੇਟੇ ਸ੍ਰ. ਜਸਵੀਰ ਸਿੰਘ ਅਤੇ ਸ੍ਰ. ਚਰਨਜੀਤ ਸਿੰਘ ਨੇ ਆਪਣਾ ਮਾਤਾ ਨੂੰ ਹੰਝੂਆਂ ਨਾਲ ਸ਼ਰਧਾਂਜਲੀ ਦਿੱਤੀ। ਉਪਰੰਤ ਸ੍ਰ. ਜਸਵਿੰਦਰ ਸਿੰਘ ਜੰਡੀ, ਸ੍ਰੀ ਵਿਨੋਦ ਕੁਮਾਰ ਚੁੰਬਰ, ਸ੍ਰ. ਪਲਵਿੰਦਰ ਸਿੰਘ ਮਾਹੀ, ਸ੍ਰੀ ਰਾਮ ਸਰੂਪ ਚੁੰਬਰ, ਸ੍ਰ. ਕੁਲਵੰਤ ਸਿੰਘ ਮਾਹੀ, ਸ੍ਰ. ਕਰਨੈਲ ਸਿੰਘ ਟਰੇਸੀ, ਸ੍ਰੀ ਅਮਰੀਕ ਚੰਦ ਲਾਖਾ, ਸ੍ਰੀ ਪ੍ਰਸ਼ੋਤਮ ਲਾਲ ਹੀਰ, ਸ੍ਰੀ ਕਰਨੈਲ ਮਧਾਰਾ, ਸ੍ਰੀ ਰਕੇਸ਼ ਕੁਮਾਰ, ਡਾ. ਹਰਮੇਸ਼ ਕੁਮਾਰ, ਸ੍ਰੀ ਸਤੀਸ਼ ਦਦਰਾਲ, ਸ੍ਰੀ ਰਣਬੀਰ ਸੁੰਮਣ, ਤਾਰਾ ਸਾਗਰ ਸਿਆਟਲ ਅਤੇ ਹੋਰ ਆਗੂਆਂ ਨੇ ਸ਼ਰਧਾਂਜਲੀ ਦਿੱਤੀ। ਇਸ ਸਮੇਂ ਬੀਬੀ ਪਰਮਜੀਤ ਕੌਰ ਜਿਨ੍ਹਾਂ ਨੇ ਵੱਡੇ ਪਰਿਵਾਰ ਨੂੰ ਅਮਰੀਕਾ ਅਤੇ ਹੋਰ ਦੇਸ਼ਾਂ ’ਚ ਸੈਟ ਕੀਤਾ ਉਹ ਇੰਗਲੈਂਡ, ਆਸਟ੍ਰੇਲੀਆ, ਕੈਨੇਡਾ, ਭਾਰਤ ਅਤੇ ਹੋਰ ਦੇਸ਼ਾਂ ਤੋਂ ਪਹੁੰਚੇ ਹੋਏ ਸਨ। ਬੀਬੀ ਪਰਮਜੀਤ ਕੌਰ ਨੇ ਸਾਰੀ ਜ਼ਿੰਦਗੀ ’ਚ ਜਿੰਨੇ ਵੀ ਸਵਾਸ ਭੋਗੇ ਦੂਜਿਆਂ ਦੀ ਸੇਵਾ ਲਈ ਲਗਾਏ। ਉਹ ਇਕ ਹਸਮੁੱਖ ਸਭ ਨੂੰ ਪਿਆਰ ਕਰਨ ਵਾਲੇ, ਸਭ ਦੀ ਮਦਦ ਕਰਨ ਵਾਲੇ ਸ਼ਾਂਤ ਸੁਭਾਅ ਦੇ ਮਾਲਕ ਸਨ। ਸਸਕਾਰ ਸਮੇਂ ਹਰ ਇਕ ਅੱਖ ’ਚ ਹੰਝੂ ਸਨ। ਅਖੀਰ ’ਚ ਉਨ੍ਹਾਂ ਦੇ ਪਤੀ ਸ੍ਰ. ਬਲਵੀਰ ਸਿੰਘ ਸ਼ੀਹਮਾਰ ਨੇ ਸਮੂਹ ਸੰਗਤ ਦਾ ਧੰਨਵਾਦ ਕੀਤਾ। ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਹੋਈ ਅਤੇ ਪੰਥ ਦੇ ਪ੍ਰਸਿੱਧ ਰਾਗੀ ਜਥਿਆਂ ਨੇ ਗੁਰਬਾਣੀ ਦਾ ਕੀਰਤਨ ਗਾਇਨ ਕੀਤਾ।

ਉਪ੍ਰੰਤ ਗੁਰਦਵਾਰਾ ਸਾਹਿਬ ਫਰੀਮਾਂਟ ਵਿਖੇ ਸੰਗਤਾਂ ਵਲੋ ਗੁਰੂ ਦੇ ਚਰਨਾ ਵਿੱਚ ਜੋਦੜੀ ਕੀਤੀ ਗਈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾ ਵਿੱਚ ਸਦੀਵੀ ਨਿਵਾਸ ਬਖਸ਼ੇ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।







# ਮੋਦੀ ਨੇ ਅਹਿਮਦਾਬਾਦ 'ਚ ਹਾਦਸੇ ਵਾਲੀ ਥਾਂ ਦਾ ਕੀਤਾ ਦੌਰਾ






ਅਹਿਮਦਾਬਾਦ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਏਅਰ ਇੰਡੀਆ ਜਹਾਜ਼ ਹਾਦਸੇ ਵਾਲੀ ਥਾਂ ਦਾ ਦੌਰਾ ਕੀਤਾ, ਜਿਸ ਵਿੱਚ 265 ਲੋਕਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ। ਉਨ੍ਹਾਂ ਅਹਿਮਦਾਬਾਦ ਦੇ ਸਿਵਲ ਹਸਪਤਾਲ ਵਿੱਚ ਜ਼ਖਮੀਆਂ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਦਾ ਹਾਲ-ਚਾਲ ਜਾਣਿਆ।

ਅਧਿਕਾਰੀਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਸਰਦਾਰ ਵੱਲਭਭਾਈ ਪਟੇਲ ਹਵਾਈ ਅੱਡੇ ਤੇ ਪਹੁੰਚੇ ਅਤੇ ਸਿੱਧੇ ਜਹਾਜ਼ ਹਾਦਸੇ ਵਾਲੀ ਥਾਂ 'ਤੇ ਪੁੱਜੇ। ਉਨ੍ਹਾਂ ਨੇ ਉਸ ਜਗ੍ਹਾ ਦਾ ਮੁਆਇਨਾ ਕਰਨ ਵਿੱਚ ਲਗਭਗ 20 ਮਿੰਟ ਬਿਤਾਏ, ਜਿੱਥੇ ਵੀਰਵਾਰ ਦੁਪਹਿਰ ਨੂੰ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਹੀ ਬੋਇੰਗ 787 ਡ੍ਰੀਮਲਾਈਨਰ ਜਹਾਜ਼ (AIAGA) ਮੇਘਾਨੀਨਗਰ ਖੇਤਰ ਵਿੱਚ ਬੀਜੇ ਮੈਡੀਕਲ ਕਾਲਜ ਦੇ ਇੱਕ ਕੰਪਲੈਕਸ ਵਿੱਚ ਹਾਦਸਾਗ੍ਰਸਤ ਹੋ ਗਿਆ ਸੀ।

ਸ਼ਹਿਰੀ ਹਵਾਬਾਜ਼ੀ ਮੰਤਰੀ ਕਿੰਜਾਰਾਪੂ ਰਾਮ ਮੋਹਨ ਨਾਇਡੂ ਅਤੇ ਗੁਜਰਾਤ ਦੇ ਗ੍ਰਹਿ ਰਾਜ ਮੰਤਰੀ ਹਰਸ਼ ਸੰਘਵੀ ਨੇ ਪ੍ਰਧਾਨ ਮੰਤਰੀ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਕਿ ਜਹਾਜ਼ ਕਾਲਜ ਦੇ ਹੋਸਟਲ ਅਤੇ ਮੈੱਸ ਵਿੱਚ ਕਿਵੇਂ ਹਾਦਸਾਗ੍ਰਸਤ ਹੋ ਗਿਆ।

ਮੋਦੀ ਨੇ ਬਾਅਦ ਵਿੱਚ ਸ਼ਹਿਰ ਦੇ ਸਿਵਲ ਹਸਪਤਾਲ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਇਸ ਦੁਖਾਂਤ ਵਿੱਚ ਬਚੇ ਇਕੱਲੇ ਜਹਾਜ਼ ਦੇ ਮੈਂਬਰ ਵਿਸ਼ਵਾਸ ਕੁਮਾਰ ਰਮੇਸ਼ ਨਾਲ ਗੱਲ ਕੀਤੀ ਅਤੇ ਹਾਦਸੇ ਵਿੱਚ ਜ਼ਖਮੀ ਹੋਏ ਹੋਰ ਵਿਅਕਤੀਆਂ ਨਾਲ ਵੀ ਮੁਲਾਕਾਤ ਕੀਤੀ। ਪ੍ਰਧਾਨ ਮੰਤਰੀ ਨੇ ਹਸਪਤਾਲ ਦੇ 37 ਵਾਰਡ ਦਾ ਦੌਰਾ ਕੀਤਾ, ਜਿੱਥੇ 25 ਜ਼ਖਮੀਆਂ ਦਾ ਇਲਾਜ ਚੱਲ ਰਿਹਾ ਹੈ ਅਤੇ ਡਾਕਟਰਾਂ ਨਾਲ ਗੱਲਬਾਤ ਕੀਤੀ।

## ਅਮਰੀਕਾ 'ਚ ਪੰਜਾਬੀ ਨੌਜਵਾਨ ਅੰਗਦਜੀਤ ਸਿੰਘ ਦਿਉਲ ਨੇ ਵਧਾਇਆ ਮਾਣ

### ਦਿਉਲ ਦੇ ਅਮਰੀਕਾ ਪੁਲਿਸ ਵਿਚ ਭਰਤੀ ਹੋਣ 'ਤੇ ਉਨ੍ਹਾਂ ਦੇ ਘਰ ਵਧਾਈ ਦੇਣ ਵਾਲੇ ਲੋਕਾਂ ਦਾ ਲੱਗਿਆ ਤਾਂਤਾ



ਪਟਿਆਲਾ: ਪਟਿਆਲਾ ਵਿਖੇ ਬਤੌਰ ਜੱਜ ਸੇਵਾ ਨਿਭਾਅ ਰਹੇ ਹਰਮਨਜੀਤ ਸਿੰਘ ਦਿਉਲ ਦੇ ਪੁੱਤਰ ਅੰਗਦਜੀਤ ਸਿੰਘ ਦਿਉਲ ਨੇ 18 ਸਾਲ ਛੇ ਮਹੀਨੇ ਦੀ ਉਮਰ ਵਿਚ ਅਮਰੀਕਾ ਪੁਲਿਸ ਵਿਖੇ ਬਤੌਰ ਖੋਜਕਾਰ ਭਰਤੀ ਹੋ ਕੇ ਅਪਣੇ ਮਾਪਿਆਂ, ਸੂਬੇ ਅਤੇ ਦੇਸ਼ ਦਾ ਨਾਂ ਰੋਸ਼ਨ ਕੀਤਾ ਹੈ। ਅੰਗਦਜੀਤ ਦੇ ਪਿਤਾ ਜੱਜ ਹਰਮਨਜੀਤ ਸਿੰਘ ਦਿਉਲ ਨੇ ਦਸਿਆ ਕਿ ਉਸ ਦੇ ਬੇਟੇ ਨੇ ਦਸਵੀਂ ਤਕ ਦੀ ਪੜ੍ਹਾਈ ਪੰਜਾਬ ਵਿਚੋਂ ਕਰਨ ਉਪਰੰਤ ਬਾਰ੍ਹਵੀਂ ਦੀ ਪੜ੍ਹਾਈ ਅਮਰੀਕਾ ਦੇ ਜੋਹਨ ਐਫ਼ ਕੈਨੇਡੀ ਸਕੂਲ, ਕੈਲੀਫ਼ੋਰਨੀਆ ਤੋਂ ਕੀਤੀ ਅਤੇ ਉਸ ਤੋਂ ਉਪਰੰਤ ਉਸ ਨੇ ਪੁਲਿਸ ਵਿਭਾਗ ਵਿਚ ਦਿਲਚਸਪੀ ਹੋਣ ਹੋਣ ਕਰ ਕੇ ਪੁਲਿਸ ਐਡਮਨਿਸਟ੍ਰੇਸ਼ਨ ਦੀਆਂ ਕਲਾਸਾਂ ਵੀ ਲੈਣੀਆਂ ਸ਼ੁਰੂ ਕਰ ਦਿਤੀਆਂ, ਜਿਸ ਤੋਂ ਬਾਅਦ ਉਸ ਦੀ ਨਿਯੁਕਤੀ ਬਤੌਰ ਖੋਜਕਾਰ ਨਿਊਯਾਰਕ ਪੁਲਿਸ ਵਿਭਾਗ ਵਿਚ ਹੋ ਗਈ। ਅੰਗਦਜੀਤ ਸਿੰਘ ਦਿਉਲ ਦੇ ਅਮਰੀਕਾ ਪੁਲਿਸ ਵਿਚ ਭਰਤੀ ਹੋਣ 'ਤੇ ਉਨ੍ਹਾਂ ਦੇ ਘਰ ਵਧਾਈ ਦੇਣ ਵਾਲੇ ਲੋਕਾਂ ਦਾ ਤਾਂਤਾ ਲੱਗਿਆ ਹੋਇਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਦੇ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਜਥੇਦਾਰ ਜਸਮੇਰ ਸਿੰਘ ਲਾਛੜੂ, ਜਥੇਦਾਰ ਭੁਪਿੰਦਰ ਸਿੰਘ ਗੋਲੂ, ਜਥੇਦਾਰ ਬਲਵਿੰਦਰ ਸਿੰਘ ਨੇਪੁਰਾਂ ਨੇ ਅੰਗਦਜੀਤ ਸਿੰਘ ਦੇ ਸਿੱਖੀ ਸਰੂਪ ਵਿਚ ਅਮਰੀਕੀ ਪੁਲਿਸ ਵਿਚ ਭਰਤੀ ਹੋਣ 'ਤੇ ਦਿਉਲ ਪਰਵਾਰ ਨੂੰ ਵਧਾਈ ਦਿਤੀ ਹੈ।

## ਵਿਸ਼ਵ ਵਾਤਾਵਰਣ ਦਿਵਸ ਮੌਕੇ ਵਿਦਿਆਰਥੀਆਂ ਨੇ ਈਕੋ-ਵਾਕ 'ਚ ਲਿਆ ਹਿੱਸਾ




ਬੈਂਗਲੁਰੂ: ਵਿਦਿਆਰਥੀਆਂ ਨੇ ਵਿਸ਼ਵ ਵਾਤਾਵਰਣ ਦਿਵਸ 2025 ਦੇ ਜਸ਼ਨਾਂ ਦੇ ਹਿੱਸੇ ਵਜੋਂ, ਬੈਂਗਲੁਰੂ ਦੇ ਵਿਧਾਨ ਸੌਧਾ (ਕਰਨਾਟਕ ਵਿਧਾਨ ਸਭਾ) ਤੋਂ ਇੱਕ ਈਕੋ-ਵਾਕ ਵਿੱਚ ਹਿੱਸਾ ਲਿਆ।

## ਅਮਰਨਾਥ ਯਾਤਰਾ ਤੋਂ ਪਹਿਲਾਂ ਸੰਤ ਜੰਮੂ ਪਹੁੰਚੇ




ਜੰਮੂ ਵਿੱਚ 3 ਜੁਲਾਈ ਨੂੰ ਸ਼ੁਰੂ ਹੋਣ ਵਾਲੀ ਅਮਰਨਾਥ ਯਾਤਰਾ ਤੋਂ ਪਹਿਲਾਂ ਸ਼੍ਰੀ ਰਾਮ ਮੰਦਰ ਪਹੁੰਚਦੇ ਹੋਏ ਸੰਤ ਲੰਗਰ ਖਾਂਦੇ ਹਨ।



ਮੁੰਬਈ ਵਿੱਚ ਭਾਰੀ ਮੀਂਹ ਤੋਂ ਬਾਅਦ ਪੋਵਈ ਝੀਲ ਆਪਣੇ ਪੱਧਰ ਦੀ ਵੱਧ ਤੋਂ ਵੱਧ ਸਮਰੱਥਾ ਤੱਕ ਪਹੁੰਚਣ ਤੋਂ ਬਾਅਦ ਓਵਰਫਲੋ ਹੋ ਗਈ।

## ਪੀਐਚਡੀਸੀਸੀਆਈ-ਕਸ਼ਮੀਰ ਦੇ ਇੱਕ ਵਫ਼ਦ ਨੇ ਮੁੱਖ ਮੰਤਰੀ ਉਮਰ ਅਬਦੁੱਲਾ ਨਾਲ ਕੀਤੀ ਮੁਲਾਕਾਤ



ਸ਼੍ਰੀਨਗਰ: ਜੰਮੂ ਅਤੇ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਸ਼੍ਰੀਨਗਰ ਵਿੱਚ ਪੀਐਚਡੀਸੀਸੀਆਈ-ਕਸ਼ਮੀਰ ਦੇ ਇੱਕ ਵਫ਼ਦ ਨਾਲ ਇੱਕ ਮੁਲਾਕਾਤ ਕੀਤੀ।




# A HEARTFELT APPEAL TO THE NYC SIKH COMMUNITY TO CAST YOUR VOTES FOR

# ZHORAM MAMDANI

## During The Primary Election For Mayor

**PRIMARY ELECTION DATE : 24 JUNE 2025**

**EARLY VOTING : JUNE 14 - JUNE 22**

MR. MAMDANI VERY CLOSELY UNDERSTANDS THE SIKH ISSUES AND WILL BE A BIG ALLY FOR OUR COMMUNITY.

LETS MAKE SURE TO VOTE AND SUPPORT MR MAMDANI TO HELP HIM GET ELECTED AS MAYOR OF NYC

- ਸ਼੍ਰੀ ਮਮਦਾਨੀ ਸਿੱਖ ਮਸਲਿਆਂ ਨੂੰ ਬਹੁਤ ਨੇੜਿਓਂ ਸਮਝਦੇ ਹਨ ਅਤੇ ਸਾਡੇ ਭਾਈਚਾਰੇ ਲਈ ਇੱਕ ਵੱਡਾ ਸਹਿਯੋਗੀ ਹੋਣਗੇ।

- ਆਓ, ਮਿਸਟਰ ਮਮਦਾਨੀ ਨੂੰ ਵੋਟ ਪਾਉਣ ਅਤੇ ਸਮਰਥਨ ਦੇਣ ਲਈ ਯਕੀਨੀ ਬਣਾਈਏ ਤਾਂ ਜੋ ਉਨ੍ਹਾਂ ਨੂੰ NYC ਦਾ ਮੇਅਰ ਚੁਣੇ ਜਾਣ ਵਿੱਚ ਮਦਦ ਮਿਲ ਸਕੇ।

# ਸ. ਹਿੰਮਤ ਸਿੰਘ

## ਕੋਆਰਡੀਨੇਟਰ, SCCEC




# ਜੀਵਨ ਵਿੱਚ ਆਪਣੇ ਪਰਿਵਾਰ ਦੇ ਨਾਲ ਨਾਲ ਮਾਮਾ ਰਤਨ ਸਿੰਘ ਰਾਜਪੂਤ ਲਾਇਬ੍ਰੇਰੀਅਨ ਤੇ ਵੱਡੇ ਵੀਰ ਅਨੁਰਾਗ ਸੂਦ ਜੀ ਦਾ ਅਹਿਮ ਸਹਿਯੋਗ ਮੰਨਦੇ ਹਨ : ਡਾ. ਹਰਸ਼ਵਿੰਦਰ ਪਠਾਨੀਆ

## ਡਾ. ਪਠਾਨੀਆ ਸਰਕਾਰੀ ਵਿਭਾਗ ਵਿੱਚ ਕੋਆਰਡੀਨੇਟਰ ਵਜੋਂ ਵੀ ਹੁਸ਼ਿਆਰਪੁਰ ਵਿਖੇ ਖਜਾਨਾ ਦਫਤਰ ਵਿੱਚ ਡਿਊਟੀ ਵੀ ਨਿਭਾ ਰਹੇ ਹਨ










ਅਸੀ ਅਕਸਰ ਸਮਾਜ ਵਿੱਚ ਦੇਖਦੇ ਹਾਂ ਕਿ ਬਹੁਤ ਸਾਰੇ ਬੱਚੇ ਬਚਪਨ ਤੋਂ ਹੀ ਬਹੁਤ ਹੀ ਸਰਲ, ਸਾਦੇ ਸਪੱਸ਼ਟ ਸੁਭਾਅ ਦੇ ਮਾਲਕ ਹੁੰਦੇ ਹਨ ਪਰ ਉਹ ਮਿਹਨਤੀ ਤੇ ਆਪਣੇ ਕੰਮ ਨੂੰ ਲਗਨ ਨਾਲ ਕਰਨ ਵਿੱਚ ਹਮੇਸ਼ਾ ਲੱਗੇ ਰਹਿੰਦੇ ਹਨ ਤੇ ਜਦੋਂ ਆਪਣੇ ਕਿਸੇ ਵੀ ਕੰਮ ਨੂੰ ਸਮਰਪਿਤ ਹੋ ਕੇ ਇਕ ਧੁੰਨ ਵਿੱਚ ਲਗਦੇ ਹਨ ਤੇ ਫਿਰ ਉਸਨੂੰ ਪੂਰਾ ਕਰਕੇ ਹੀ ਛੱਡਦੇ ਹਨ ਤੇ ਸੋਨੇ ਤੇ ਸੁਹਾਗਾ ਉਸ ਸਮੇਂ ਹੋ ਜਾਂਦਾ ਹੈ ਜਦੋਂ ਪਰਿਵਾਰ ਦੇ ਵਿੱਚ ਉਨ੍ਹਾਂ ਵਲੋਂ ਕੀਤੇ ਜਾ ਰਹੇ ਕੰਮ ਦੀ ਪ੍ਰਸ਼ੰਸ਼ਾ ਹੋਣ ਲਗ ਪਵੇ ਤੇ ਕਿਧਰੇ ਕੋਈ ਗਲਤੀ ਹੋਵੇ ਤਾਂ ਉਸਨੂੰ ਪਿਆਰ ਨਾਲ ਸਮਝਾਇਆ ਜਾਵੇ ਤੇ ਫਿਰ ਉਹ ਵਿਆਕਤੀ ਜੀਵਨ ਵਿੱਚ ਕਿਸੀ ਵੀ ਮੰਜ਼ਿਲ ਨੂੰ ਪ੍ਰਾਪਤ ਕਰਨ ਵਿੱਚ ਸਫਲ ਹੁੰਦਾ ਹੈ ਤੇ ਇਸ ਤਰ੍ਹਾਂ ਦੇ ਵਿਆਕਤੀ ਤਵ ਦੇ ਮਾਲਿਕ ਬੱਚੇ ਜਾ ਵਿਆਕਤੀ ਨੂੰ ਦੇਖਣ ਵਾਲੇ ਹਮੇਸ਼ਾਂ ਇਹੀ ਗੱਲ ਕਹਿੰਦੇ ਹਨ ਕਿ ਹੋਣਹਾਰ ਵਿਰਵਾਨ ਕੇ ਹੋਤ ਚਿਕਨੇ ਚਿਕਨੇ ਪਾਤ ਕਿਉਂਕਿ ਇਸ ਤਰ੍ਹਾਂ ਦੇ ਵਿਅਕਤੀ ਦਾ ਭਵਿੱਖ ਸ਼ੁਰੂ ਤੋਂ ਹੀ ਸੁਨਹਿਰਾ ਦਿਖਾਈ ਦੇਣ ਲੱਗ ਪੈਂਦਾ ਹੈ ਬਸ ਲੋੜ ਹੁੰਦੀ ਹੈ ਕਿ ਉਸਨੂੰ ਸਮੇ ਸਮੇਂ ਤੇ ਮਾਰਗਦਰਸ਼ਨ ਮਿਲਦਾ ਰਹੇ ਫਿਰ ਉਹ ਬੇਸ਼ੱਕ ਕਿਸੇ ਪਰਿਵਾਰ ਦੇ ਮੈਂਬਰ ਦਾ ਹੋਵੇ ਜਾਂ ਫਿਰ ਕਿਸੇ ਦੋਸਤ ਮਿੱਤਰ ਦਾ ਫਿਰ ਉਹ ਵਿਆਕਤੀ ਲੰਬੀਆਂ ਪੁਲਾਂਘਾਂ ਪੁੱਟਦਿਆਂ ਦੇ ਆਪਣੀ ਮੰਜਿਲ ਵੱਲ ਤੁਰਿਆ ਰਹਿੰਦਾ ਹੈ।

ਜੀ ਹਾਂ ਦੋਸਤੋ ਮੈ ਅੱਜ ਦੇ ਇਸ ਲੇਖ ਵਿੱਚ ਇਸੇ ਤਰ੍ਹਾਂ ਦੀ ਸ਼ਖਸੀਅਤ ਡਾਕਟਰ ਹਰਸ਼ਵਿੰਦਰ ਸਿੰਘ ਪਠਾਨੀਆ ਦਾ ਜ਼ਿਕਰ ਅਮਰੀਕਾ ਦੇ ਸ਼ਹਿਰ ਕੈਲੇਫੋਰਨੀਆ ਤੋਂ ਛਪਦੇ ਹਫਤਾਵਾਰੀ ਅਖਬਾਰ 'ਸਾਡੇ ਲੋਕ' ਵਿੱਚ ਉਨ੍ਹਾਂ ਨਾਲ ਕੀਤੀ ਗਈ ਗੱਲਬਾਤ ਨੂੰ ਸ਼ਬਦਾਂ ਦੇ ਰੂਪ ਵਿੱਚ ਪਿਰੋ ਕੇ ਆਪਣੇ ਪਾਠਕਾਂ ਦੀ ਕਚਹਿਰੀ ਵਿੱਚ ਰੱਖ ਰਿਹਾ ਹਾਂ। ਡਾਕਟਰ ਹਰਸ਼ਵਿੰਦਰ ਸਿੰਘ ਪਠਾਨੀਆ ਹੋਰਾਂ ਨਾਲ ਕੀਤੀ ਗਈ ਵਿਸੇਸ਼ ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਜਨਮ ਘਰ 12 ਫਰਵਰੀ 1979 ਨੂੰ ਜੰਮੂ ਵਿਖੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪਟਿਆਰੀਆਂ ਨਿਵਾਸੀ ਕੈਪਟਨ ਮਹਿੰਦਰ ਸਿੰਘ ਪਠਾਨੀਆ ਤੇ ਮਾਤਾ ਸ੍ਰੀਮਤੀ ਸੁਨੀਤਾ ਦੇਵੀ ਦੇ ਘਰ ਹੋਇਆ ਕਿਉਂਕਿ ਉਨ੍ਹਾਂ ਦੇ ਪਿਤਾ ਆਰਮੀ ਵਿੱਚ ਕੈਪਟਨ ਸਨ ਤੇ ਉਸ ਸਮੇਂ ਜੰਮੂ ਵਿਖੇ ਤਾਇਨਾਤ ਸਨ। ਡਾਕਟਰ ਹਰਸ਼ਵਿੰਦਰ ਸਿੰਘ ਪਠਾਨੀਆ ਹੋਰਾਂ ਦੱਸਿਆ ਕੇ ਉਨ੍ਹਾਂ ਦੇ ਪਰਿਵਾਰ ਵਿੱਚ ਉਨ੍ਹਾਂ ਤੋਂ ਇਲਾਵਾ ਵੱਡਾ ਭਰਾ ਕੁਲਵਿੰਦਰ ਸਿੰਘ ਪਠਾਨੀਆ ਤੇ ਦੋ ਭੈਣਾਂ ਸਰੋਜ ਰਾਣਾ ਤੇ ਰਿਤੂ ਪਠਾਨੀਆ ਸਨ। ਵੱਡੇ ਭਰਾ ਕੁਲਵਿੰਦਰ ਸਿੰਘ ਪਠਾਨੀਆ ਜੋ ਪੰਜਾਬ ਪੁਲਿਸ ਵਿੱਚ ਸਨ ਪਿਛਲੇ ਸਮੇਂ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ ਸੀ ਤੇ ਉਨ੍ਹਾਂ ਦਾ ਵੱਡਾ ਬੇਟਾ ਪੁਲਿਸ ਵਿੱਚ ਹੈ ਤੇ ਛੋਟਾ ਬੇਟਾ ਵਿਦੇਸ਼ ਵਿੱਚ ਤੇ ਵੱਡੀ ਭੈਣ ਦੇ ਬੱਚੇ ਵਿਦੇਸ਼ ਵਿੱਚ ਹਨ ਜਦ ਕੇ ਛੋਟੀ ਭੈਣ ਹੁਸ਼ਿਆਰਪੁਰ ਵਿਖੇ ਹੀ ਆਪਣੇ ਬੱਚਿਆਂ ਨਾਲ ਆਪਣੇ ਪਰਿਵਾਰ ਵਿੱਚ ਰਹਿੰਦੇ ਹਨ ਤੇ ਉਨ੍ਹਾਂ ਦੇ ਪਿਤਾ ਜੀ ਕੈਪਟਨ ਮਹਿੰਦਰ ਸਿੰਘ ਪਠਾਨੀਆ ਹੋਰਾਂ ਦੀ ਪਿਛਲੇ ਸਮੇਂ ਦੌਰਾਨ ਮੌਤ ਹੋ ਗਈ ਸੀ ਤੇ ਹੁਣ ਉਹ ਆਪਣੀ ਮਾਤਾ ਜੀ ਦੀ ਛਤਰ ਛਾਇਆ ਹੇਠ ਰਹਿ ਰਹੇ ਹਨ

ਜੀ ਹਾਂ ਦੋਸਤੋ ਇਹ ਜਾਣਕਾਰੀ ਸੀ ਡਾਕਟਰ ਹਰਸ਼ਵਿੰਦਰ ਸਿੰਘ ਪਠਾਨੀਆ ਦੇ ਪ੍ਰੀਵਾਰ ਦੀ ਤੇ ਹੁਣ ਅਸੀ ਗੱਲ ਕਰਦੇ ਹਾਂ ਉਨ੍ਹਾਂ ਬਾਰੇ ਡਾਕਟਰ ਪਠਾਨੀਆ ਨੇ ਦੱਸਿਆ ਕਿ ਉਨ੍ਹਾਂ ਨੇ ਤੀਸਰੀ ਤੱਕ ਦੀ ਮੁੱਢਲੀ ਪੜ੍ਹਾਈ ਜੰਮੂ ਆਰਮੀ ਸਕੂਲ ਤੋਂ ਕੀਤੀ ਤੇ 1985 ਵਿੱਚ ਹੁਸ਼ਿਆਰਪੁਰ ਆ ਗਏ ਤੇ ਡੀ ਏ ਵੀ ਸਕੂਲ ਤੋਂ 10 ਤੱਕ ਦੀ ਪੜ੍ਹਾਈ ਕੀਤੀ ਤੇ ਫਿਰ ਡੀ ਏ ਵੀ ਕਾਲਜ ਤੋਂ 1999 ਵਿੱਚ ਗ੍ਰੈਜੂਏਸ਼ਨ ਤੇ 2002 ਵਿੱਚ ਪੋਸਟ ਗ੍ਰੈਜੂਏਸ਼ਨ ਕੀਤੀ 2010 ਤੋਂ 2014 ਤੱਕ ਦੋ ਐਮ ਏ ਕੀਤੀਆਂ ਇਸ ਨਾਲ ਹੀ 2016 ਤੋਂ 2020 ਤੱਕ 2 ਐਮ ਏ ਕੀਤੀਆਂ ਇਸ ਤਰ੍ਹਾਂ ਪੜ੍ਹਾਈ ਦਾ ਸਿਲਸਲਾ ਜਾਰੀ ਰਿਹਾ ਤੇ ਵੱਖ ਵੱਖ ਵਿਸ਼ਿਆਂ ਵਿੱਚ 5 ਐਮ ਏ ਕੀਤੀਆਂ ਜਿਨ੍ਹਾਂ ਵਿੱਚ, ਇੰਗਲਿਸ਼, ਇਕਨੋਮਿਕਸ, ਫਿਲਾਸਫੀ, ਸੋਸ਼ਲ ਵਰਕ ਤੇ ਅਰਥ ਸ਼ਾਸ਼ਤਰ ਸ਼ਾਮਿਲ ਹਨ ਤੇ ਦੇਵੀ ਅਹਲਿਆ ਬਾਈ ਯੂਨੀਵਰਸਿਟੀ ਤੇ ਵਿਕਰਮ ਸ਼ਿਲਾ ਵਿਦਿਆਪੀਠ ਭਾਗਲਪੁਰ ਤੋਂ ਪੀ ਐਚ ਡੀ ਦੀਆਂ ਦੋ ਡਿਗਰੀਆਂ ਪ੍ਰਾਪਤ ਕੀਤੀਆਂ ਜਿਨ੍ਹਾਂ ਵਿੱਚ ਇੱਕ ਪੀ ਐੱਚ ਡੀ ਰੈਗੂਲਰ ਕੀਤੀ ਤੇ ਇਕ ਇਨ੍ਹਾਂ ਨੂੰ ਅਧਿਆਤਮ ਦੇ ਖੇਤਰ ਵਿੱਚ ਪਾਏ ਵੱਡੇ ਯੋਗਦਾਨ ਤੇ ਉਪਲੱਬਧੀਆਂ ਨੂੰ ਦੇਖਦਿਆਂ ਮਿਲੀ ਸੋ ਜਿਵੇਂ ਅਸੀਂ ਉਪਰ ਦੱਸ ਆਏ ਹਾਂ ਕਿ ਡਾਕਟਰ ਹਰਸ਼ਵਿੰਦਰ ਸਿੰਘ


ਦਲਜੀਤ ਸਿੰਘ ਅਜਨੋਹਾ
ਬਿਊਰੋ ਚੀਫ
98721-83601




ਪਠਾਨੀਆ ਜਿੱਥੇ ਮਿਹਨਤੀ, ਨੇਕ ਦਿਲ, ਸਰਲ ਤੇ ਸਪਸ਼ਟ ਸੁਭਾਅ ਮਿੱਠ ਬੋਲੜੇ ਮਿਲਣਸਾਰ ਸਖਸ਼ੀਅਤ ਦੇ ਮਾਲਿਕ ਹਨ ਉਥੇ ਜਗਿਆਸੂ ਸੋਚ ਦੇ ਧਾਰਨੀ ਹਨ ਹਮੇਸ਼ਾ ਸਿੱਖਣ ਖੋਜ ਕਰਨ ਵਿੱਚ ਵੀ ਕਾਫ਼ੀ ਦਿਲਚਸਪੀ ਰੱਖਦੇ ਹਨ ਜਿਸ ਲਈ ਉਹ ਮਿਹਨਤ ਵੀ ਕਰਦੇ ਹਨ ਸਮਾਂ ਵੀ ਦਿੰਦੇ ਹਨ ਗੱਲ ਜਗਿਆਸਾ ਦੀ ਕੀਤੀ ਹੈ ਤਾਂ ਦੱਸ ਦੇਈਏ ਕਿ ਡਾਕਟਰ ਹਰਸ਼ਵਿੰਦਰ ਸਿੰਘ ਪਠਾਨੀਆ ਹੋਰਾਂ ਦੇ ਘਰ ਕਰੀਬ 300 ਸਾਲ ਪੁਰਾਣਾ ਸਿੱਧ ਸ਼੍ਰੀ ਬਾਬਾ ਬਾਲਕ ਨਾਥ ਜੀ ਤੇ ਰਾਜਾ ਭਰਥਰੀ ਜੀ ਦਾ ਪ੍ਰਾਚੀਨ ਮੰਦਿਰ ਹੈ ਜਿੱਥੇ ਉਨ੍ਹਾਂ ਦੇ ਪਰਿਵਾਰਿਕ ਮੈਬਰ ਪੀੜ੍ਹੀ ਦਰ ਪੀੜ੍ਹੀ ਸੇਵਾ ਕਰਦੇ ਆ ਰਹੇ ਹਨ ਤੇ ਅੱਜ ਕੱਲ ਡਾਕਟਰ ਪਠਾਨੀਆ ਸੇਵਾ ਕਰਦੇ ਹਨ ਜਿੱਥੇ ਉਨ੍ਹਾਂ ਨੇ ਉਚੇਰੀ ਵਿਦਿਆ ਹਾਸਲ ਕੀਤੀ ਉਥੇ ਹੀ ਉਨ੍ਹਾਂ ਦੇ ਮਨ ਵਿੱਚ ਜਗਿਆਸਾ ਵਧੀ ਜਿਹੜਾ ਉਨ੍ਹਾਂ ਦੇ ਘਰ ਪ੍ਰਾਚੀਨ ਮੰਦਿਰ ਹੈ ਅਤੇ ਉਹ ਪੀੜ੍ਹੀ ਦਰ ਪੀੜ੍ਹੀ ਘਰ ਵਿੱਚ ਹੀ ਮੰਦਿਰ ਦੀ ਸੇਵਾ ਕਰਦੇ ਹਨ ਉਨ੍ਹਾਂ ਮਹਾਪੁਰਸ਼ਾਂ ਵਾਰੇ ਖੋਜ ਕੀਤੀ ਜਾਵੇ ਜਿਸ ਦੀ ਲਈ ਡਾਕਟਰ ਹਰਸ਼ਵਿੰਦਰ ਸਿੰਘ ਪਠਾਨੀਆ ਨੇ ਹਰਿਦਵਾਰ, ਉੱਜੈਨ ਤੇ ਦਰਬਾਰ ਬਾਬਾ ਬਾਲਕ ਨਾਥ, ਰਾਜਸਥਾਨ ਤੇ ਹੋਰ ਕਈ ਧਾਰਮਿਕ ਅਸਥਾਨਾਂ ਤੇ ਜਾ ਕੇ ਸਖ਼ਤ ਸੰਘਰਸ਼ ਕਠਿਨ ਰਸਤਿਆਂ ਤੇ ਚੱਲ ਕੇ ਜਾਣਕਾਰੀ ਹਾਸਿਲ ਕੀਤੀ ਤੇ ਜਿਸ ਤਰ੍ਹਾਂ ਉਹ ਜਾਣਕਾਰੀ ਹਾਸਿਲ ਕਰਦੇ ਗਏ ਉਸ ਜਾਣਕਾਰੀ ਨੂੰ ਕਿਤਾਬਾਂ ਦੇ ਰੂਪ ਵਿੱਚ ਸੰਭਾਲ ਕੇ ਰੱਖਦੇ ਰਹੇ ਤੇ ਉਨ੍ਹਾਂ ਵਲੋਂ ਇਸ ਕੀਤੇ ਗਏ ਕਾਰਜ ਲਈ ਕਈ ਧਾਰਮਿਕ ਸਮਾਜਿਕ ਸੰਸਥਾਵਾਂ ਵਲੋਂ ਸਨਮਾਨਿਤ ਵੀ ਕੀਤਾ ਗਿਆ ਤੇ ਪ੍ਰਸ਼ੰਸਾ ਪੱਤਰ ਵੀ ਦਿੱਤੇ ਗਏ ਬਾਬਾ ਬਾਲਕ ਨਾਥ ਜੀ ਦੇ ਇਤਿਹਾਸ ਨੂੰ ਬਾਰੀਕੀ ਨਾਲ ਘੋਖ ਕੇ ਲਿਖਣ ਤੇ ਜਿਥੇ ਸਾਹਤਲਾਈ ਤੇ ਹਿਮਾਚਲ ਦੇ ਪ੍ਰਸ਼ਾਸਨ ਵਲੋਂ ਵੀ ਸਨਮਾਨਿਤ ਕੀਤਾ ਗਿਆ ਤੇ ਹੁਣ ਤੱਕ ਉਹ ਵੱਖ ਵੱਖ 5 ਕਿਤਾਬਾਂ ਅਧਿਆਤਮ ਤੇ ਜਾਣਕਾਰੀ ਭਰਪੂਰ ਲਿਖ ਚੁੱਕੇ ਹਨ ਤੇ ਉਨ੍ਹਾਂ ਮੁਤਾਬਕ ਉਹ ਅਗਲੀ ਕਿਤਾਬ ਲਿਖਣ ਲਈ ਤਿਆਰੀ ਕਰ ਰਹੇ ਹਨ ਇਨ੍ਹਾਂ ਸਭ ਕਾ ਦੇ ਨਾਲ ਨਾਲ ਡਾਕਟਰ ਹਰਸ਼ਵਿੰਦਰ ਸਿੰਘ ਪਠਾਨੀਆ ਸਰਕਾਰੀ ਵਿਭਾਗ ਵਿੱਚ ਕੋਆਰਡੀਨੇਟਰ ਵਜੋਂ ਵੀ ਆਪਣੀਆਂ ਸੇਵਾਵਾ ਦੇ ਰਹੇ ਹਨ ਤੇ ਨਾਲ ਦੀ ਨਾਲ ਹੁਸ਼ਿਆਰਪੁਰ ਤੇ ਨਾਲ ਲਗਦੇ ਇਲਾਕੇ ਦੀਆਂ ਧਾਰਮਿਕ ਸਮਾਜਿਕ ਸੰਸਥਾਵਾਂ ਦੇ ਨੁਮਾਇੰਦੇ ਵਜੋਂ ਵੀ ਕਾਰਜ ਕਰ ਰਹੇ ਹਨ ਜਿਨ੍ਹਾਂ ਵਿੱਚ ਬਾਨੀ ਪ੍ਰਧਾਨ - ਬਾਬਾ ਬਾਲਕ ਨਾਥ ਟਰੱਸਟ (ਰਜਿ.) ਹੁਸ਼ਿਆਰਪੁਰ ਜਨਰਲ ਸਕੱਤਰ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਮਾਡਲ ਸਕੂਲ।

ਜਨਰਲ ਸਕੱਤਰ-BRB ਚੈਰੀਟੇਬਲ ਸੁਸਾਇਟੀ (ਰਜਿ.) ਖਜ਼ਾਨਚੀ - ਸ਼੍ਰੀ ਸਿੱਧੇਸ਼ਵਰ ਸ਼ਿਵ ਮੰਦਰ ਚੈਰੀਟੇਬਲ ਟਰੱਸਟ (ਰਜਿ.) ਬੱਸੀ ਗੁਲਾਮ ਹੁਸੈਨ, ਹੁਸ਼ਿਆਰਪੁਰ।

ਸੰਯੁਕਤ ਸਕੱਤਰ - ਪ੍ਰਗਤੀਸ਼ੀਲ ਰਾਜਪੂਤ ਮੈਂਬਰ ਵਰਲਡਵਾਈਡ ਵੈਲਫੇਅਰ ਸੁਸਾਇਟੀ, ਬੱਸੀ ਪੁਰਾਨੀ ਹੁਸ਼ਿਆਰਪੁਰ ਸ਼ਾਮਿਲ ਹਨ ਡਾਕਟਰ ਹਰਸ਼ਵਿੰਦਰ ਸਿੰਘ ਪਠਾਨੀਆ ਹੋਰਾਂ ਵਲੋਂ ਲਿਖੀਆਂ 5 ਕਿਤਾਬਾਂ ਵਿੱਚ ਅਧਿਆਤਮ ਨਾਲ ਸਬੰਧਤ 5 ਅਲੱਗ ਅਲੱਗ ਕਿਤਾਬਾਂ ਜਿਨ੍ਹਾਂ ਵਿੱਚ ਪ੍ਰਾਰਥਨਾ ਸ਼ਤਕ 2017,
ਸ਼ਕਤੀ ਸ਼ਤਕ 2020
ਸ਼ਿਵ ਸਵਰੂਪ - ਸ਼ਿਵ ਰਹੱਸਿਆ 2021
ਮੰਥਨ 2021 ਯੋਗੀ ਕੀ ਅਮਰ ਕਥਾ 2022
ਮਨ ਨਮਨ 2023 ਸ਼ਾਮਿਲ ਹਨ ਡਾਕਟਰ ਪਠਾਨੀਆ ਉਪਰੋਕਤ ਸਾਰੇ ਕਾਰਜਾਂ ਵਿੱਚ ਜਿੱਥੇ ਮਹਾਪੁਰਸ਼ਾਂ ਦੀ ਕਿਰਪਾ ਮੰਨਦੇ ਹਨ ਉਥੇ ਹੀ ਆਪਣੇ ਮਾਤਾ ਜੀ ਸ਼੍ਰੀਮਤੀ ਸੁਨੀਤਾ ਦੇਵੀ ਜੀ ਤੇ ਮਾਮਾ ਰਤਨ ਸਿੰਘ ਰਾਜਪੂਤ ਲਾਇਬ੍ਰੇਰੀਅਨ ਦਾ ਅਸ਼ੀਰਵਾਦ ਤੇ ਵੱਡੇ ਵੀਰ ਅਨੁਰਾਗ ਸੂਦ ਜੀ ਦਾ ਅਹਿਮ ਯੋਗਦਾਨ ਵੀ ਮੰਨਦੇ ਹਨ ਡਾਕਟਰ ਹਰਸ਼ਵਿੰਦਰ ਸਿੰਘ ਪਠਾਨੀਆ ਦਾ ਕਹਿਣਾ ਹੈ ਕਿ ਇਨ੍ਹਾਂ ਸਭ ਸੱਜਣਾ ਮਿੱਤਰਾਂ ਦੋਸਤਾਂ ਦਾ ਸਹਿਯੋਗ ਹੈ ਜਿਹੜਾ ਮੈਂ ਇਸ ਮੁਕਾਮ ਤੇ ਹਾਂ ਤੇ ਅਗਾਂਹ ਤੋਂ ਵੀ ਮੈ ਜਿੱਥੇ ਇਸੇ ਤਰ੍ਹਾਂ ਮਿਹਨਤ ਲਗਨ ਇਮਾਨਦਾਰੀ ਨਾਲ ਹਰ ਕਾਰਜ ਕਰਾਂਗਾ ਉਥੇ ਮੈਨੂੰ ਹਮੇਸ਼ਾ ਵੱਡਿਆਂ ਦੇ ਅਸ਼ੀਰਵਾਦ ਤੇ ਸਹਿਯੋਗ ਦੀ ਜਰੂਰਤ ਰਹੇਗੀ ਜਿਸ ਲਈ ਮੈਂ ਹਮੇਸ਼ਾ ਆਸਵੰਦ।






# ਵਪਾਰ ਯੁੱਧ ਦੇ ਵਿਚਕਾਰ ਟਰੰਪ ਨੇ G-7 ਸੰਮੇਲਨ ਵਿੱਚ ਕੀਤੀ ਸ਼ਿਰਕਤ














ਰਾਸ਼ਟਰਪਤੀ ਡੋਨਾਲਡ ਟਰੰਪ ਜੀ7 ਸੰਮੇਲਨ ਲਈ ਕੈਨੇਡਾ ਪਹੁੰਚੇ ਹਨ, ਜੋ ਕਿ ਦੁਨੀਆ ਦੀਆਂ ਮੋਹਰੀ ਉੱਨਤ ਅਰਥਵਿਵਸਥਾਵਾਂ ਦਾ ਇਕੱਠ ਹੈ, ਅਜਿਹੇ ਸਮੇਂ ਜਦੋਂ ਵਿਸ਼ਵਵਿਆਪੀ ਤਣਾਅ ਵਧਿਆ ਹੈ ਅਤੇ ਵਪਾਰ ਨੂੰ ਲੈ ਕੇ ਵਿਵਾਦ ਚੱਲ ਰਹੇ ਹਨ। ਕੈਨੇਡੀਅਨ ਰੌਕੀਜ਼ ਵਿੱਚ ਉਨ੍ਹਾਂ ਦਾ ਆਉਣਾ ਅਮਰੀਕੀ ਵਿਦੇਸ਼ ਨੀਤੀ ਵਿੱਚ ਇੱਕ ਮਹੱਤਵਪੂਰਨ ਪਲ ਹੈ, ਖਾਸ ਕਰਕੇ ਉਨ੍ਹਾਂ ਸਹਿਯੋਗੀਆਂ ਨਾਲ ਜਿਨ੍ਹਾਂ ਨਾਲ ਉਨ੍ਹਾਂ ਦਾ ਟੈਰਿਫ ਅਤੇ ਫੌਜੀ ਸਹਾਇਤਾ ਨੂੰ ਲੈ ਕੇ ਟਕਰਾਅ ਹੋਇਆ ਹੈ।

ਜਿਵੇਂ ਹੀ ਸਿਖਰ ਸੰਮੇਲਨ ਸ਼ੁਰੂ ਹੋਇਆ, ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਚਰਚਾ ਦੌਰਾਨ ਵਪਾਰ ਉਨ੍ਹਾਂ ਦੀ ਸਭ ਤੋਂ ਵੱਡੀ ਤਰਜੀਹ ਹੋਵੇਗੀ। ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਇੱਕ ਦੁਵੱਲੀ ਮੀਟਿੰਗ ਵਿੱਚ ਬੋਲਦੇ ਹੋਏ ਟਰੰਪ ਨੇ ਕਿਹਾ ਕਿ ਇੱਕ ਅਮਰੀਕਾ-ਕੈਨੇਡਾ ਵਪਾਰ ਸਮਝੌਤਾ 'ਪ੍ਰਾਪਤ ਕਰਨ ਯੋਗ' ਸੀ, ਹਾਲਾਂਕਿ ਉਸਨੇ ਸਵੀਕਾਰ ਕੀਤਾ ਕਿ ਉਸਦੇ ਅਤੇ ਕਾਰਨੀ ਦੇ ਵੱਖੋ-ਵੱਖਰੇ ਤਰੀਕੇ ਸਨ। 'ਮੇਰੇ ਕੋਲ ਇੱਕ ਟੈਰਿਫ ਸੰਕਲਪ ਹੈ, ਕਿਉਂਕਿ ਮੈਂ ਇੱਕ ਟੈਰਿਫ ਵਿਅਕਤੀ ਹਾਂ' ਟਰੰਪ ਨੇ ਕਿਹਾ 'ਕਾਰਨੀ ਕੋਲ ਇੱਕ ਵਧੇਰੇ ਗੁੰਝਲਦਾਰ ਵਿਚਾਰ ਹੈ, ਪਰ ਬਹੁਤ ਵਧੀਆ ਹੈ।'

## ਲਾਸ ਏਂਜਲਸ 'ਚ ਪ੍ਰਦਰਸ਼ਨਕਾਰੀਆਂ 'ਤੇ ਹਮਲਾ




ਨਿਊਯਾਰਕ : ਅਮਰੀਕਾ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਐਲਾਨ ਵਿਰੁੱਧ ਲਾਸ ਏਂਜਲਸ ਵਿੱਚ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ। ਵੱਡੀ ਗਿਣਤੀ ਵਿੱਚ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸੇ ਤਹਿਤ ਬੀਤੇ ਦਿਨ ਲਾਸ ਏਂਜਲਸ ਵਿੱਚ ਇੱਕ ਪ੍ਰਦਰਸ਼ਨ ਦੌਰਾਨ ਹਿੰਸਾ ਭੜਕ ਗਈ।

ਕੈਲੀਫੋਰਨੀਆ ਵਿੱਚ ਇਮੀਗ੍ਰੇਸ਼ਨ ਅਤੇ ਕਸਟਮ ਨੀਤੀਆਂ ਖਿਲਾਫ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਇਨ੍ਹਾਂ ਪ੍ਰਦਰਸ਼ਨਕਾਰੀਆਂ ਨੂੰ ਕਾਬੂ ਕਰਨ ਲਈ ਟਰੰਪ ਪ੍ਰਸ਼ਾਸਨ ਨੇ ਨੈਸ਼ਨਲ ਗਾਰਡ ਫੌਜਾਂ ਨੂੰ ਲਾਸ ਏਂਜਲਸ ਭੇਜਿਆ ਹੈ। ਹਾਲਾਂਕਿ, ਟਰੰਪ ਦੇ ਇਸ ਕਦਮ ਦੀ ਵਿਆਪਕ ਆਲੋਚਨਾ ਹੋ ਰਹੀ ਹੈ।

## ਜੰਗ ਦੇ ਮੱਦੇਨਜ਼ਰ ਪਾਵਨ ਸਰੂਪ ਲਿਆਉਣ ਦਾ ਪ੍ਰਬੰਧ ਕਰੇ ਸਰਕਾਰ: ਐਡਵੋਕੇਟ ਧਾਮੀ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਸਰਕਾਰ ਨੂੰ ਇਰਾਨ ਅਤੇ ਇਜ਼ਰਾਈਲ ਵਿਚ ਚੱਲ ਰਹੀ ਆਪਸੀ ਜੰਗ ਵਾਲੇ ਹਾਲਾਤ ਦੇ ਮੱਦੇਨਜ਼ਰ ਉਥੇ ਸਥਿਤ ਗੁਰਦੁਆਰਾ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਤੁਰੰਤ ਢੁੱਕਵੇਂ ਕਦਮ ਚੁੱਕਣ ਲਈ ਕਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਕੌਮ ਲਈ ਸਰਵਉੱਚ ਹਨ, ਜਿਨ੍ਹਾਂ ਦਾ ਸਤਿਕਾਰ ਤੇ ਸੁਰੱਖਿਆ ਸਿੱਖ ਪੰਥ ਲਈ ਸਭ ਤੋਂ ਅਹਿਮ ਹੈ।

ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਇਰਾਨ ਤੇ ਇਜ਼ਰਾਈਲ ਵਿਚ ਜੰਗ ਦੇ ਨਾਜ਼ੁਕ ਹਾਲਾਤ ਕਾਰਨ ਉਥੇ ਸਥਿਤ ਗੁਰਦੁਆਰਾ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਆਪਣੇ ਕੂਟਨੀਤਕ ਸਬੰਧਾਂ ਅਤੇ ਕੌਮਾਂਤਰੀ ਮੰਚਾਂ ਦੀ ਵਰਤੋਂ ਕਰਦਿਆਂ ਇਰਾਨ ਅਤੇ ਇਜ਼ਰਾਈਲ ਦੀਆਂ ਸਰਕਾਰਾਂ ਨਾਲ ਸੰਪਰਕ ਕਰ ਕੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਗੁਰਦੁਆਰਾ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਾ ਪਹੁੰਚੇ ਤੇ ਉਨ੍ਹਾਂ ਦਾ ਸਤਿਕਾਰ ਬਣਿਆ ਰਹੇ।



ਐਡਵੋਕੇਟ ਧਾਮੀ ਨੇ ਇਰਾਨ ਅਤੇ ਇਜ਼ਰਾਈਲ ਵਿਚ ਵੱਸਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਸਥਾਨਕ ਸਰਕਾਰਾਂ ਅਤੇ ਸਬੰਧਤ ਅਧਿਕਾਰੀਆਂ ਨਾਲ ਸੰਪਰਕ ਕਰਕੇ ਗੁਰਦੁਆਰਾ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਸੁਰੱਖਿਆ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਸ਼ ?ਰੋਮਣੀ ਕਮੇਟੀ ਇਸ ਮਾਮਲੇ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ ਅਤੇ ਭਾਰਤ ਸਰਕਾਰ ਤੋਂ ਉਮੀਦ ਕਰਦੀ ਹੈ ਕਿ ਇਸ ਸੰਵੇਦਨਸ਼ੀਲ ਮਾਮਲੇ 'ਤੇ ਤੁਰੰਤ ਕਾਰਵਾਈ ਕਰੇਗੀ।

## ਅਮਿਤ ਸ਼ਾਹ ਨੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੂਪਾਨੀ ਨੂੰ ਅੰਤਿਮ ਸ਼ਰਧਾਂਜਲੀ ਕੀਤੀ ਭੇਟ



ਰਾਜਕੋਟ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੋਮਵਾਰ ਨੂੰ ਰਾਜਕੋਟ ਵਿੱਚ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੂਪਾਨੀ ਨੂੰ ਅੰਤਿਮ ਸ਼ਰਧਾਂਜਲੀ ਭੇਟ ਕੀਤੀ, ਜਿਨ੍ਹਾਂ ਦੀ 12 ਜੂਨ ਨੂੰ ਏਅਰ ਇੰਡੀਆ ਜਹਾਜ਼ ਹਾਦਸੇ ਵਿੱਚ ਜਾਨ ਚਲੀ ਗਈ ਸੀ।

## ਬਿਹਾਰ ਰਾਜ ਦਫਾਦਾਰ ਚੌਕੀਦਾਰ ਪੰਚਾਇਤ ਯੂਨੀਅਨ ਦੇ ਸਮਰਥਕਾਂ ਨੇ ਕੀਤਾ ਪ੍ਰਦਰਸ਼ਨ




ਪਟਨਾ: ਬਿਹਾਰ ਰਾਜ ਦਫਾਦਾਰ ਚੌਕੀਦਾਰ ਪੰਚਾਇਤ ਯੂਨੀਅਨ ਦੇ ਸਮਰਥਕਾਂ ਨੇ ਪਟਨਾ ਵਿੱਚ ਵੱਖ-ਵੱਖ ਮੰਗਾਂ ਨੂੰ ਲੈ ਕੇ ਪ੍ਰਦਰਸ਼ਨ ਕੀਤਾ।








ਯੂਐਸਏ ਜਿਮਨਾਸਟਿਕ ਨੈਸ਼ਨਲ ਐਕਰੋਬੈਟਿਕ ਟੀਮ ਦੀਆਂ ਨੌਜਵਾਨ ਔਰਤਾਂ ਨੂੰ 2025 ਦੇ ਬਰਗਾਸ ਵਿਸ਼ਵ ਕੱਪ ਅਤੇ 15 ਆਲ-ਅਰਾਊਂਡ ਮੈਡਲ ਜਿੱਤਣ ਤੋਂ ਬਾਅਦ ਰਾਸ਼ਟਰਪਤੀ ਟਰੰਪ ਦੁਆਰਾ ਓਵਲ ਆਫਿਸ ਵਿੱਚ ਸੱਦਾ ਦਿੱਤਾ ਗਿਆ ਸੀ

# ਇਜ਼ਰਾਇਲ-ਇਰਾਨ ਦੀ ਲੜਾਈ ’ਚ ਦੁਨੀਆ ਭਰ ਦੀਆਂ ਉਡਾਣ ਪ੍ਰਭਾਵਤ



ਮੁੰਬਈ ਦੇ ਛਤਰਪਤੀ ਮਹਾਰਾਜਾ ਏਅਰਪੋਰਟ ਵਿਖੇ ਆਪਣੀ ਵਾਰੀ ਦਾ ਇੰਤਰਾਜ਼ ਕਰਦੇ ਹੋਏ।

ਮੁੰਬਈ : ਏਅਰ ਇੰਡੀਆ ਦੀਆਂ 7 ਅੰਤਰਰਾਸ਼ਟਰੀ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ। ਇਨ੍ਹਾਂ ਵਿੱਚ ਅਹਿਮਦਾਬਾਦ-ਲੰਡਨ, ਦਿੱਲੀ-ਪੈਰਿਸ, ਦਿੱਲੀ-ਵਿਆਨਾ, ਲੰਡਨ-ਅੰਮ੍ਰਿਤਸਰ, ਦਿੱਲੀ-ਦੁਬਈ, ਬੰਗਲੌਰ-ਲੰਡਨ ਉਡਾਣਾਂ ਸ਼ਾਮਲ ਹਨ। ਇਸ ਤੋਂ ਇਲਾਵਾ ਸੈਨ ਫਰਾਂਸਿਸਕੋ ਤੋਂ ਮੁੰਬਈ ਆਉਣ ਵਾਲੀ ਉਡਾਣ ਦੇ ਯਾਤਰੀਆਂ ਨੂੰ ਕੋਲਕਾਤਾ ਹਵਾਈ ਅੱਡੇ ‘ਤੇ ਉਤਾਰ ਦਿੱਤਾ ਗਿਆ।

19-171 ਫਲਾਈਟ 12 ਜੂਨ ਨੂੰ ਅਹਿਮਦਾਬਾਦ ਵਿੱਚ ਹਾਦਸਾਗ੍ਰਸਤ ਹੋ ਗਈ ਸੀ। ਇਸਦੀ ਜਗ੍ਹਾ, ਅਹਿਮਦਾਬਾਦ ਤੋਂ ਲੰਡਨ ਲਈ ਇੱਕ ਨਵੀਂ ਫਲਾਈਟ 19-159 ਸ਼ੁਰੂ ਕੀਤੀ ਗਈ ਹੈ। ਇਹ ਫਲਾਈਟ ਮੰਗਲਵਾਰ ਨੂੰ ਲਗਾਤਾਰ ਦੂਜੀ ਵਾਰ ਰੱਦ ਕਰ ਦਿੱਤੀ ਗਈ। ਫਲਾਈਟ ਨੇ ਦੁਪਹਿਰ 1.10 ਵਜੇ ਉਡਾਣ ਭਰਨੀ ਸੀ, ਪਰ ਟੇਕਆਫ ਤੋਂ ਕੁਝ ਘੰਟੇ ਪਹਿਲਾਂ, ਇੱਕ ਤਕਨੀਕੀ ਖਰਾਬੀ ਦੀ ਰਿਪੋਰਟ ਕੀਤੀ ਗਈ। ਇਹ ਫਲਾਈਟ 16 ਜੂਨ ਨੂੰ ਵੀ ਰੱਦ ਕਰ ਦਿੱਤੀ ਗਈ ਸੀ।

ਦਿੱਲੀ ਤੋਂ ਪੈਰਿਸ ਜਾਣ ਵਾਲੀ ਏਅਰ ਇੰਡੀਆ ਦੀ ਉਡਾਣ 19142 ਨੂੰ ਵੀ ਤਕਨੀਕੀ ਸਮੱਸਿਆਵਾਂ ਕਾਰਨ ਰੱਦ ਕਰ ਦਿੱਤਾ ਗਿਆ ਸੀ, ਜੋ ਕਿ ਉਡਾਣ ਤੋਂ ਪਹਿਲਾਂ ਜਾਂਚ ਦੌਰਾਨ ਪਾਈਆਂ ਗਈਆਂ ਸਨ। ਇਸ ਤੋਂ ਇਲਾਵਾ ਲੰਡਨ ਤੋਂ ਅੰਮ੍ਰਿਤਸਰ ਆਉਣ ਵਾਲੀ ਇੱਕ ਉਡਾਣ ਨੂੰ ਵੀ ਤਕਨੀਕੀ ਸਮੱਸਿਆਵਾਂ ਕਾਰਨ ਰੱਦ ਕਰ ਦਿੱਤਾ ਗਿਆ। ਦੂਜੇ ਪਾਸੇ, ਸੈਨ ਫਰਾਂਸਿਸਕੋ ਤੋਂ ਮੁੰਬਈ ਜਾ ਰਹੀ ਏਅਰ ਇੰਡੀਆ ਦੀ ਉਡਾਣ 19-180 ਵਿੱਚ ਸੋਮਵਾਰ ਰਾਤ ਨੂੰ ਤਕਨੀਕੀ ਖਰਾਬੀ ਆ ਗਈ। ਇਸ ਕਾਰਨ ਯਾਤਰੀਆਂ ਨੂੰ ਮੰਗਲਵਾਰ ਸਵੇਰੇ ਕੋਲਕਾਤਾ ਹਵਾਈ ਅੱਡੇ ‘ਤੇ ਜਹਾਜ਼ ਤੋਂ ਉਤਰਨਾ ਪਿਆ।

ਮੰਗਲਵਾਰ ਨੂੰ, ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ (ਡੀਜੀਸੀਏ) ਨੇ ਏਅਰ ਇੰਡੀਆ ਦੇ ਅਧਿਕਾਰੀਆਂ ਨਾਲ ਇੱਕ ਮੀਟਿੰਗ ਕੀਤੀ। ਇਸ ਵਿੱਚ, ਡੀਜੀਸੀਏ ਨੇ ਏਅਰਲਾਈਨ ਨੂੰ ਜਹਾਜ਼ਾਂ ਦੀ ਸੁਰੱਖਿਆ ‘ਤੇ ਧਿਆਨ ਕੇਂਦਰਿਤ ਕਰਨ, ਉਡਾਣ ਸੰਚਾਲਨ ਨੂੰ ਸਖ਼ਤ ਕਰਨ ਅਤੇ ਸਮੇਂ ਸਿਰ ਉਡਾਣ ਦੀ ਰਵਾਨਗੀ ਤਹਿ ਕਰਨ ਦੇ ਨਿਰਦੇਸ਼ ਦਿੱਤੇ ਹਨ।




ਪਿੰਡਾ ਘੁੱਦਾ ਜ਼ਿਲ੍ਹਾ ਬਠਿੰਡਾ ਦਾ ਨੌਜਵਾਨ ਅੰਮ੍ਰਿਤਪਾਲ ਸਿੰਘ ਘੁੱਦਾ, ਜਿਸ ਨੇ ਇਥੋਪੀਆ ਤੋਂ ਸਾਊਥ ਅਫ਼ਰੀਕਾ ਤੱਕ ਸਾਈਕਲ ਰਾਹੀਂ ਪੂਰੇ ਅਫ਼ਰੀਕਾ ਮਹਾਂਦੀਪ ਦਾ ਸਫ਼ਰ ਕੀਤਾ। ਇਹ ਸਫ਼ਰ ਬਹੁਤ ਹੀ ਜਜ਼ਬੇ, ਬਹਾਦਰੀ ਅਤੇ ਸਿਰੜ ਵਾਲਾ ਕਾਰਜ ਹੈ। ਅੰਮ੍ਰਿਤਪਾਲ ਸਿੰਘ ਦੀ ਇਹ ਪ੍ਰਾਪਤੀ ਬਹੁਤ ਹੀ ਸ਼ਲਾਘਾਯੋਗ ਹੈ ਅਤੇ ਅਜੋਕੀ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਦਾ ਸ੍ਰੋਤ ਹੈ।

ਅਕਾਲ ਪੁਰਖ ਦੀ ਕਿਰਪਾ ਨਾਲ ਨੌਜਵਾਨ ਹਮੇਸ਼ਾ ਚੜ੍ਹਦੀਕਲਾ ਵਿੱਚ ਰਹੇ ਅਤੇ ਭਵਿੱਖ ਵਿੱਚ ਸਫ਼ਰ ਦੀਆਂ ਹੋਰ ਵੀ ਉਚੇਰੀਆਂ ਬੁਲੰਦੀਆਂ ਸਰ ਕਰੇ।


## NAME OF CHANGE

I, RANJIT SINGH S/O S. PARAS RAM RESIDENT OF VPO GUREH, PS SIDHWAN BET, DISTT. LUDHIANA PUNJAB INDIA, PRESENTLY RESIDING AT 6343 S ORANGE AVE FRESNO, CA USA HAS CHANGED MY NAME FROM RANJIT SINGH TO RANJIT SINGH MANN. ALL CONCERNED PLEASE NOTE.


## ਸੀਓਏਐਸ ਜਨਰਲ ਉਪੇਂਦਰ ਦਿਵੇਦੀ ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਕੀਤੀ ਮੁਲਾਕਾਤ




ਨਵੀਂ ਦਿੱਲੀ : ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਨਵੀਂ ਦਿੱਲੀ ਦੇ ਰਾਸ਼ਟਰਪਤੀ ਭਵਨ ਵਿਖੇ ਫੌਜ ਮੁਖੀ ਜਨਰਲ ਉਪੇਂਦਰ ਦਿਵੇਦੀ, ਸਾਬਕਾ ਫੌਜ ਮੁਖੀ ਜਨਰਲ ਜੇਜੇ ਸਿੰਘ, ਜਨਰਲ ਬਿਕਰਮ ਸਿੰਘ, ਜਨਰਲ ਐਨਸੀ ਵਿਜ, ਜਨਰਲ ਵੀਪੀ ਮਲਿਕ, ਜਨਰਲ ਦੀਪਕ ਕਪੂਰ ਅਤੇ ਜਨਰਲ ਮਨੋਜ ਪਾਂਡੇ ਵੀ ਮੌਜੂਦ ਸਨ।

## ਮਣੀਪੁਰ ’ਚ 24ਵਾਂ ਮਹਾਨ ਵਿਦਰੋਹ ਦਿਵਸ ਮਨਾਇਆ



ਇੰਫਾਲ: 18 ਜੂਨ, 2001 ਨੂੰ ਇੰਫਾਲ ਵਿੱਚ 24ਵੇਂ ਮਹਾਨ ਜੂਨ ਵਿਦਰੋਹ ਦਿਵਸ ਦੇ ਮੌਕੇ ’ਤੇ ਹੋਏ ਵਿਸ਼ਾਲ ਜਨਤਕ ਵਿਰੋਧ ਪ੍ਰਦਰਸ਼ਨ ਦੌਰਾਨ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਬਹਾਦਰਾਂ ਨੂੰ ਪਰਿਵਾਰਾਂ ਸਮੇਤ ਲੋਕ ਸ਼ਰਧਾਂਜਲੀ ਭੇਟ ਕਰਦੇ ਹਨ। ਇਹ ਸਮਾਰੋਹ 20ਵੇਂ ਜੂਨ ਦੇ ਮਹਾਨ ਵਿਦਰੋਹ - ਏਕਤਾ ਦਿਵਸ 2025 ਦੀ ਨਿਰੀਖਣ ਕਮੇਟੀ ਦੁਆਰਾ ਆਲ ਮਣੀਪੁਰ ਯੂਨਾਈਟਿਡ ਕਲੱਬ ਆਰਗੇਨਾਈਜ਼ੇਸ਼ਨ (ਏਐਮਯੂਸੀਓ) ਅਤੇ ਯੂਨਾਈਟਿਡ ਕਮੇਟੀ ਮਣੀਪੁਰ (ਯੂਸੀਐਮ) ਦੇ ਨਾਲ ਆਯੋਜਿਤ ਕੀਤਾ ਗਿਆ ਸੀ।

## ਪੰਥ ਦੇ ਮਹਾਨ ਕੀਰਤਨੀਏ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਖ਼ਾਲਸਾ ਦਾ ਅੰਤਿਮ ਸਸਕਾਰ 20 ਜੂਨ ਨੂੰ

ਸਾਨ ਫਰਾਂਸਿਸਕੋ : ਸਿੱਖ ਪੰਥ ਦੇ ਮਹਾਨ ਕੀਰਤਨੀਏ ਤੇ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਖਾਲਸਾ ਅਚਾਨਕ ਸਦੀਵੀ ਵਿਛੋੜਾ ਦੇ ਗਏ। ਪਟਿਆਲਾ ਜਿਲ੍ਹੇ ਦੀ ਰਾਜਪੁਰਾ ਤਹਿਸੀਲ ਦੇ ਪਿੰਡ ਕਹਿਲ ਮਾਜਰਾ ਦੇ ਜੰਮਪਲ ਭਾਈ ਇੰਦਰਜੀਤ ਸਿੰਘ ਲੰਬਾ ਸਮਾਂ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਕੀਰਤਨ ਦੀ ਸੇਵਾ ਕਰਦੇ ਰਹੇ ਤੇ ਉਹ ਪਿਛਲੇ ਕਾਫੀ ਅਰਸੇ ਤੋਂ ਅਮਰੀਕਾ ’ਚ ਪਰਿਵਾਰ ਸਮੇਤ ਰਹਿ ਰਹੇ ਸਨ ਤੇ ਉਨ੍ਹਾਂ ਦੇ ਵੱਡੇ ਭਰਾ ਭਾਈ ਜਸਵਿੰਦਰ ਸਿੰਘ ਵੀ ਉਨ੍ਹਾਂ ਨਾਲ ਇਥੇ ਹੀ ਰਹਿ ਰਹੇ ਸਨ। ਗੁਰਮਤਿ ਸੰਗੀਤ ਨਾਲ ਇਸ ਪਰਿਵਾਰ ਦੀ ਵਿਰਾਸਤੀ ਸਾਂਝ ਹੈ ਤੇ ਉਨ੍ਹਾਂ ਦੇ ਪਿਤਾ ਗਿਆਨੀ ਤਰਲੋਕ ਸਿੰਘ ਸ੍ਰੀ ਨਨਕਾਣਾ ਸਾਹਿਬ ’ਚ ਬਹੁਤ ਸਮਾਂ ਕੀਰਤਨ ਦੀ ਸੇਵਾ ਕਰਦੇ ਰਹੇ। ਗੁਰਮਤਿ ਹਲਕਿਆਂ ’ਚ ਭਾਈ ਇੰਦਰਜੀਤ ਸਿੰਘ



ਖਾਲਸਾ ਨੂੰ ਬਹੁਤ ਸਤਿਕਾਰ ਦਿੱਤਾ ਜਾਂਦਾ ਸੀ ਤੇ ਗੁਰਬਾਣੀ ਕੀਰਤਨ ਦੇ ਨਾਲ-ਨਾਲ ਉਨ੍ਹਾਂ ਦੀ ਨਿਮਰਤਾ ਤੇ ਸਾਦਗੀ ਦੇ ਗੁਣਾਂ ਦੀ ਹਮੇਸ਼ਾ ਚਰਚਾ ਹੁੰਦੀ ਰਹੀ ਹੈ। ਉਹ ਪਿਛਲੇ ਹਫਤੇ ਹੀ ਇੰਗਲੈਂਡ ’ਚ ਗੁਰਬਾਣੀ ਦੇ ਪ੍ਰਚਾਰ ਲਈ ਗਏ ਸਨ ਤੇ ਕੈਂਟ ਹਲਕੇ ’ਚ ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾਂ ਦਾ ਦਿਹਾਂਤ ਹੋ ਗਿਆ। ਉਹ ਕਰੀਬ 68 ਵਰ੍ਹਿਆਂ ਦੇ ਸਨ। ਭਾਵੇਂ ਅੱਜ ਭਾਈ ਇੰਦਰਜੀਤ ਸਿੰਘ ਖਾਲਸਾ ਸਾਡੇ ਵਿੱਚ ਨਹੀਂ ਹਨ ਪ੍ਰੰਤੂ ਉਨ੍ਹਾਂ ਦੀਆਂ ਨਿੱਘੀਆਂ ਯਾਦਾਂ ਹਮੇਸ਼ਾ ਹੀ ਸਾਡੇ ਨਾਲ ਰਹਿਣਗੀਆਂ। ਵਾਹਿਗੁਰੂ ਜੀ ਦੇ ਚਰਨਾ ’ਚ ਅਰਦਾਸ ਕਰਦੇ ਹਾਂ ਕਿ ਇਸ ਮਹਾਨ ਪਵਿੱਤਰ ਆਤਮਾ ਨੂੰ ਆਪਣੇ ਚਰਨਾ ’ਚ ਨਿਵਾਸ ਬਖਸ਼ੀ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੀ। ਉਨ੍ਹਾਂ ਦਾ ਅੰਤਿਮ ਸਸਕਾਰ 20 ਜੂਨ 2025 ਦਿਨ ਸ਼ੁੱਕਰਵਾਰ ਨੂੰ ਸਵੇਰੇ 11.30 ਤੋਂ ਦੁਪਹਿਰ 1.30 ਵਜੇ ਤੱਕ ਹੋਵੇਗਾ ਅਤੇ ਸਹਿਜ ਪਾਠ ਦੇ ਭੋਗ, ਕੀਰਤਨ ਅਤੇ ਅਰਦਾਸ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਹੋਵੇਗੀ।

## ਐਮਸੀਡੀ ਦੇ ਮੇਅਰ ਰਾਜਾ ਇਕਬਾਲ ਸਿੰਘ ਅਤੇ ਸਟੈਂਡਿੰਗ ਕਮੇਟੀ ਚੇਅਰਪਰਸਨ ਸੱਤਿਆ ਸ਼ਰਮਾ ਨੇ ਆਲ ਇੰਡੀਆ ਫੈਡਰੇਸ਼ਨ ਆਫ ਪਲਾਸਟਿਕ ਇੰਡਸਟਰੀਜ਼ ਦੇ ਵਫ਼ਦ ਨਾਲ ਮੁਲਾਕਾਤ ਕੀਤੀ



ਨਵੀਂ ਦਿੱਲੀ: ਦਿੱਲੀ ਨਗਰ ਨਿਗਮ (ਐਮਸੀਡੀ) ਦੇ ਮੇਅਰ ਰਾਜਾ ਇਕਬਾਲ ਸਿੰਘ ਨੇ ਐਮਸੀਡੀ, ਸਟੈਂਡਿੰਗ ਕਮੇਟੀ ਚੇਅਰਪਰਸਨ, ਸੱਤਿਆ ਸ਼ਰਮਾ ਨਾਲ ਨਵੀਂ ਦਿੱਲੀ ਵਿੱਚ ਆਲ ਇੰਡੀਆ ਫੈਡਰੇਸ਼ਨ ਆਫ ਪਲਾਸਟਿਕ ਇੰਡਸਟਰੀਜ਼ ਦੇ ਵਫ਼ਦ ਨਾਲ ਮੁਲਾਕਾਤ ਕੀਤੀ।

## ਪੁਲਿਸ ਨਾਲ ਭਿੜੇ ਭਾਰਤ ਭੂਸ਼ਣ ਆਸ਼ੂ, ‘ਆਪ’ ’ਤੇ ਰਾਸ਼ਨ ਵੰਡਣ ਦੇ ਲਗਾਏ ਇਲਜ਼ਾਮ, ਅਫਸਰਾਂ ਨਾਲ ਹੋਈ ਧੱਕਾ-ਮੁੱਕੀ

ਲੁਧਿਆਣਾ : ਲੁਧਿਆਣਾ ਪੱਛਮੀ ਜਿਮਨੀ ਚੋਣ ਤੋਂ ਥੋੜ੍ਹੀ ਦੇਰ ਪਹਿਲਾਂ ਜਵਾਹਰ ਨਗਰ ਕੈਂਪ ‘ਚ ਜ਼ਬਰਦਸਤ ਹੰਗਾਮਾ ਹੋਇਆ। ਕਾਂਗਰਸ ਵਲੋਂ ਆਮ ਆਦਮੀ ਪਾਰਟੀ ਦੇ ਵਰਕਰਾਂ ‘ਤੇ ਚੋਣ ਸਬੰਧੀ ਰਾਸ਼ਨ ਅਤੇ ਕੱਪੜੇ ਵੰਡਣ ਦੇ ਇਲਜ਼ਾਮ ਲਗਾਏ ਗਏ। ਹਾਲਾਤ ਇੰਨੇ ਗੰਭੀਰ ਹੋ ਗਏ ਕਿ ਮੌਕੇ ‘ਤੇ ਪੁਲਿਸ ਨੂੰ ਭੀ ਬੁਲਾਇਆ ਗਿਆ। ਮਾਮਲਾ ਤਾਂ ਉਦੋਂ ਹੋਰ ਗੰਭੀਰ ਹੋ ਗਿਆ ਜਦੋਂ ਕਾਂਗਰਸ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਖੁਦ ਮੌਕੇ ‘ਤੇ ਪਹੁੰਚੇ ਅਤੇ ਐਸਐਚਓ ਨਾਲ ਤਿੱਖੀ ਬਹਿਸ ਹੋਈ। ਆਸ਼ੂ ਨੇ ਦੋਸ਼ ਲਾਇਆ ਕਿ ਪੁਲਿਸ ਸਰਕਾਰ ਦੇ ਦਬਾਅ ‘ਚ ਕੰਮ ਕਰ ਰਹੀ ਹੈ ਅਤੇ ਉਲਟਾ ਕਾਂਗਰਸ ਵਰਕਰਾਂ ਖਿਲਾਫ ਕਾਰਵਾਈ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਉਨ੍ਹਾਂ ਕਿਹਾ, “ਇਹ ਸਰਕਾਰ ਦੀ ਪੁਲਿਸ ਨਹੀਂ, ਪਾਰਟੀ ਦੀ ਪੁਲਿਸ ਬਣ ਚੁੱਕੀ ਹੈ। ਅਸੀਂ ਚੋਣ ਕਮਿਸ਼ਨ ਨੂੰ ਪੂਰੀ ਜਾਣਕਾਰੀ ਦੇ ਦਿੱਤੀ ਹੈ।”ਇਸ ਹੰਗਾਮੇ ਦੀ ਵੀਡੀਓ ਵੀ ਸੋਸ਼ਲ ਮੀਡੀਆ ‘ਤੇ ਵਾਇਰਲ ਹੋ ਰਹੀ ਹੈ, ਜਿਸ ‘ਚ



ਆਸ਼ੂ ਪੁਲਿਸ ‘ਤੇ ਗੰਭੀਰ ਆਰੋਪ ਲਗਾਉਂਦੇ ਨਜ਼ਰ ਆ ਰਹੇ ਹਨ। ਮੌਕੇ ‘ਤੇ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਵੀ ਇਕੱਠੇ ਹੋ ਗਏ ਅਤੇ ਪੁਲਿਸ ਵਿਰੁੱਧ ਨਾਅਰੇਬਾਜ਼ੀ ਕੀਤੀ। ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਵਰਕਰ ਘਰ-ਘਰ ਜਾ ਕੇ ਲੋਕਾਂ ਨੂੰ ਰਾਸ਼ਨ ਤੇ ਕੱਪੜੇ ਵੰਡ ਰਹੇ ਹਨ ਅਤੇ ਜਦੋਂ ਕਾਂਗਰਸ ਵਲੋਂ ਇਸ ਦੀ ਸ਼ਿਕਾਇਤ ਕੀਤੀ ਗਈ ਤਾਂ ਪੁਲਿਸ ਨੇ ਉਲਟਾ ਉਨ੍ਹਾਂ ਨੂੰ ਹੀ ਧਮਕਾਉਣਾ ਸ਼ੁਰੂ ਕਰ ਦਿੱਤਾ। ਕਾਂਗਰਸ ਵਲੋਂ ਇਨ੍ਹਾਂ ਆਰੋਪਾਂ ਨੂੰ ਚੋਣ ਆਚਾਰ ਸੰਹਿਤਾ ਦੀ ਉਲੰਘਣਾ ਦੱਸਦੇ ਹੋਏ, ਚੋਣ ਕਮਿਸ਼ਨ ਨੂੰ ਮਾਮਲੇ ਦੀ ਜਾਂਚ ਕਰਨ ਦੀ ਮੰਗ ਕੀਤੀ ਗਈ ਹੈ।

## ਐਨਸੀਸੀ ਕੈਡੇਟਸ - ਦੁਨੀਆ ਦੀ ਸਭ ਤੋਂ ਉੱਚੀ ਚੋਟੀ ’ਤੇ ਕੀਤੀ ਚੜ੍ਹਾਈ




ਨਵੀਂ ਦਿੱਲੀ : ਐਨਸੀਸੀ ਮਾਊਂਟੇਨੀਅਰਿੰਗ ਐਕਸਪੀਡੀਸ਼ਨ ਦੇ ਕੈਡੇਟਸ ਨੇ ਮਾਊਂਟ ਐਵਰੈਸਟ ਦੀ ਸਫਲਤਾਪੂਰਵਕ ਚੜ੍ਹਾਈ ’ਤੇ ਕੀਤੀ ਚੜ੍ਹਾਈ।

## ਡਿਫੈਂਸ ਡਰੇਨ ਅਟਾਰੀ ਕੋਲ ਮੁਕਾਬਲੇ ’ਚ ਮੁਲਜ਼ਮ ਕਾਬੂ, ਪਿਸਤੌਲ ਬਰਾਮਦ





ਅੰਮ੍ਰਿਤਸਰ : ਜ਼ਿਲ੍ਹਾ ਦਿਹਾਤੀ ਪੁਲੀਸ ਨੇ ਸਰਹੱਦੀ ਇਲਾਕੇ ਦੇ ਥਾਣਾ ਘਰਿੰਡਾ ਹੇਠ ਆਉਂਦੇ ਡਿਫੈਂਸ ਡਰੇਨ ਅਟਾਰੀ ਕੋਲ ਮੁਕਾਬਲੇ ਦੌਰਾਨ ਮੁਲਜ਼ਮ ਹਰਪ੍ਰੀਤ ਸਿੰਘ ਉਰਫ ਹੈਪੀ ਨੂੰ ਜ਼ਖ਼ਮੀ ਹਾਲਤ ਵਿੱਚ ਕਾਬੂ ਕੀਤਾ ਹੈ। ਉਸ ਕੋਲੋਂ ਇੱਕ ਪੀਐਕਸ-5 ਪਿਸਤੌਲ ਅਤੇ ਦੋ ਜ਼ਿੰਦਾ ਰੌਂਦ ਬਰਾਮਦ ਕੀਤੇ ਹਨ।

ਜ਼ਿਲ੍ਹਾ ਦਿਹਾਤੀ ਪੁਲੀਸ ਦੇ ਐੱਸਐੱਸਪੀ ਮਨਿੰਦਰ ਸਿੰਘ ਨੇ ਦੱਸਿਆ ਕਿ ਥਾਣਾ ਘਰਿੰਡਾ ਦੀ ਪੁਲੀਸ ਨੂੰ ਸੂਚਨਾ ਮਿਲੀ ਸੀ ਕਿ ਹਰਪ੍ਰੀਤ ਸਿੰਘ ਉਰਫ ਹੈਪੀ ਇਥੇ ਡਿਫੈਂਸ ਟਰੇਨ ਅਟਾਰੀ ਇਲਾਕੇ ਵਿੱਚ ਮੌਜੂਦ ਹੈ। ਇਹ ਸੂਚਨਾ ’ਤੇ ਫੌਰੀ ਕਾਰਵਾਈ ਕਰਦਿਆਂ ਥਾਣਾ ਘਰਿੰਡਾ ਦੀ ਪੁਲੀਸ ਨੇ ਉਸ ਦਾ ਪਿੱਛਾ ਕੀਤਾ। ਇਸ ਦੌਰਾਨ ਮੁਲਜ਼ਮ ਨੇ ਪੁਲੀਸ ਪਾਰਟੀ ’ਤੇ ਗੋਲੀਬਾਰੀ ਕੀਤੀ। ਪੁਲੀਸ ਪਾਰਟੀ ਨੇ ਮੁਸਤੈਦੀ ਦਿਖਾਉਂਦੇ ਹੋਏ ਆਪਣਾ ਬਚਾਅ ਕੀਤਾ ਅਤੇ ਜਵਾਬੀ ਕਾਰਵਾਈ ਵਿੱਚ ਗੋਲੀ ਚਲਾਈ। ਇੱਕ ਗੋਲੀ ਮੁਲਜ਼ਮ ਦੀ ਲੱਤ ਵਿੱਚ ਲੱਗੀ ਹੈ ਅਤੇ ਉਸ ਨੂੰ ਕਾਬੂ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਉਸ ਕੋਲੋਂ ਇੱਕ ਪਿਸਤੌਲ ਅਤੇ ਦੋ ਜ਼ਿੰਦਾ ਰੌਂਦ ਬਰਾਮਦ ਕੀਤੇ ਗਏ ਹਨ। ਪੁਲੀਸ ਵੱਲੋਂ ਮੁਲਜ਼ਮ ਦੇ ਹੋਰ ਸਾਥੀਆਂ ਦਾ ਪਤਾ ਲਾਉਣ ਲਈ ਜਾਂਚ ਜਾਰੀ ਹੈ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਇਸ ਸਬੰਧ ਵਿੱਚ ਪਹਿਲੀ ਘਟਨਾ 11 ਜੂਨ ਨੂੰ ਵਾਪਰੀ ਸੀ। ਉਸ ਵੇਲੇ ਦਿਹਾਤੀ ਪੁਲੀਸ ਵੱਲੋਂ ਪਿੰਡ ਨੇਸ਼ਟਾ ਵਿਚ ਨਾਕੇ ’ਤੇ ਮੋਟਰਸਾਈਕਲ ਸਵਾਰ ਹਰਪ੍ਰੀਤ ਸਿੰਘ ਉਰਫ ਹੈਪੀ ਤੇ ਉਸ ਦੇ ਸਾਥੀ ਨੂੰ ਜਾਂਚ ਵਾਸਤੇ ਰੋਕਿਆ ਗਿਆ, ਪਰ ਉਨ੍ਹਾਂ ਨੇ ਭੱਜਣ ਲਈ ਪੁਲੀਸ ਪਾਰਟੀ ’ਤੇ ਗੋਲੀ ਚਲਾਈ। ਇਸ ਦੌਰਾਨ ਗੋਲੀ ਲੱਗਣ ਨਾਲ ਰਾਹਗੀਰ ਗੁਰਜੀਤ ਸਿੰਘ ਉਰਫ ਬਿੱਲਾ ਵਾਸੀ ਰਸੂਲਪੁਰ ਜ਼ਿਲ੍ਹਾ ਤਰਨ ਤਾਰਨ ਦੀ ਮੌਤ ਹੋ ਗਈ ਸੀ।

# ਲੈਫਟੀਨੈਂਟ ਜਨਰਲ (ਸੇਵਾਮੁਕਤ) ਗੁਰਮੀਤ ਸਿੰਘ ਨੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਕੀਤਾ ਦੌਰਾ




ਊਧਮ ਸਿੰਘ ਨਗਰ : ਉਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ (ਸੇਵਾਮੁਕਤ) ਗੁਰਮੀਤ ਸਿੰਘ ਅਤੇ ਉਨ੍ਹਾਂ ਦੀ ਪਤਨੀ ਗੁਰਮੀਤ ਕੌਰ ਊਧਮ ਸਿੰਘ ਨਗਰ ਦੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ, ਕਾਸ਼ੀਪੁਰ ਦੌਰਾ ਕੀਤਾ।

## ਪ੍ਰਧਾਨ ਧਾਮੀ ਵਲੋਂ ਕੇਂਦਰੀ ਮੰਤਰੀ ਮਜੂਮਦਾਰ ਵਲੋਂ ਸਿੱਖ ਦੀ ਦਸਤਾਰ 'ਤੇ ਚੱਪਲ ਸੁੱਟਣ ਦੀ ਨਿੰਦਾ



ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਹਰਜਿੰਦਰ ਸਿੰਘ ਧਾਮੀ ਨੇ ਕੋਲਕਾਤਾ ਵਿਖੇ ਕੇਂਦਰੀ ਮੰਤਰੀ ਸੁਕਾਂਤਾ ਮਜੂਮਦਾਰ ਵਲੋਂ ਇਕ ਸਿੱਖ ਦੀ ਦਸਤਾਰ 'ਤੇ ਚੱਪਲ ਸੁੱਟਣ ਦੀ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਇਹ ਘਟਨਾ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਹੈ। ਉਨ੍ਹਾਂ ਆਖਿਆ ਕਿ ਦਸਤਾਰ ਸਿੱਖ ਧਰਮ ਦਾ ਅਟੁੱਟ ਅੰਗ ਅਤੇ ਸਿੱਖ ਪਛਾਣ ਦਾ ਪ੍ਰਤੀਕ ਹੈ, ਜਿਸ ਦੀ ਅਜਿਹੀਆਂ ਹਰਕਤਾਂ ਨਾਲ ਬੇਅਦਬੀ ਕਰਨਾ ਸਮੁੱਚੀ ਸਿੱਖ ਕੌਮ ਦੇ ਜਜ਼ਬਾਤ ਨੂੰ ਸੱਟ ਮਾਰਨ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੇ ਮੰਤਰੀਆਂ ਦਾ ਫਰਜ਼ ਹੈ ਕਿ ਉਹ ਹਰ ਧਰਮ ਦੇ ਲੋਕਾਂ ਦਾ ਸਤਿਕਾਰ ਅਤੇ ਇੱਜ਼ਤ ਮਾਣ ਕਰਨ ਅਤੇ ਸਮਾਜ ਵਿਰੋਧੀ ਅਜਿਹੀਆਂ ਹਰਕਤਾਂ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ, ਪਰ ਜਦੋਂ ਸਿਖਰਲੇ ਅਹੁਦਿਆਂ 'ਤੇ ਬੈਠੇ ਲੋਕ ਹੀ ਅਜਿਹੀਆਂ ਨਿੰਦਣਯੋਗ ਹਰਕਤਾਂ ਕਰਨਗੇ, ਤਾਂ ਆਮ ਲੋਕਾਂ ਦਾ ਸਰਕਾਰ ਅਤੇ ਸਮਾਜਿਕ ਨਿਆਂ 'ਤੇ ਭਰੋਸਾ ਕਿਵੇਂ ਕਾਇਮ ਰਹੇਗਾ?

## ਆਮ ਆਦਮੀ ਪਾਰਟੀ (ਆਪ) ਦੇ ਸਮਰਥਕਾਂ ਬਿਜਲੀ ਕੱਟਾਂ ਨੂੰ ਲੈ ਕੀਤਾ ਪ੍ਰਦਰਸ਼ਨ




ਮੇਰਠ: ਆਮ ਆਦਮੀ ਪਾਰਟੀ (ਆਪ) ਦੇ ਜ਼ਿਲ੍ਹਾ ਪ੍ਰਧਾਨ ਅੰਕੁਸ਼ ਚੌਧਰੀ ਨੇ ਪਾਰਟੀ ਸਮਰਥਕਾਂ ਨਾਲ ਮਿਲ ਕੇ ਬੁੱਧਵਾਰ ਨੂੰ ਮੇਰਠ ਵਿੱਚ ਜ਼ਿਲ੍ਹਾ ਮੈਜਿਸਟਰੇਟ (ਡੀਐਮ) ਦਫ਼ਤਰ ਦੇ ਬਾਹਰ ਉੱਤਰ ਪ੍ਰਦੇਸ਼ ਸਰਕਾਰ ਦੇ ਅਧੀਨ ਬਿਜਲੀ ਪ੍ਰਣਾਲੀ ਅਤੇ ਘੰਟਿਆਂਬੱਧੀ ਬਿਜਲੀ ਕੱਟਾਂ ਵਿਰੁੱਧ ਪ੍ਰਦਰਸ਼ਨ ਕੀਤਾ।

## ਸਿੱਖ ਵਿਅਕਤੀ 'ਤੇ 'ਚੱਪਲ ਸੁੱਟਣ' ਦੇ ਦੋਸ਼ 'ਚ ਕੇਂਦਰੀ ਮੰਤਰੀ ਵਿਰੁਧ ਐਫ.ਆਈ.ਆਰ. ਦਰਜ



ਕੋਲਕੱਤਾ : ਕੇਂਦਰੀ ਮੰਤਰੀ ਸੁਕਾਂਤਾ ਮਜੂਮਦਾਰ ਵਿਰੁਧ ਕੋਲਕਾਤਾ ਦੇ ਇਕ ਥਾਣੇ 'ਚ ਇਕ ਸਿੱਖ ਵਿਅਕਤੀ 'ਤੇ ਕਥਿਤ ਚੱਪਲ ਸੁੱਟਣ ਦੇ ਦੋਸ਼ 'ਚ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਸੱਤਾਧਾਰੀ ਤ੍ਰਿਣਮੂਲ ਕਾਂਗਰਸ ਨੇ ਦਾਅਵਾ ਕੀਤਾ ਕਿ ਇਹ ਚੱਲ ਸਿੱਖ ਦੀ ਪੱਗ 'ਚ ਜਾ ਕੇ ਵੱਜੀ ਸੀ। ਹਾਲਾਂਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਦੋਸ਼ਾਂ ਨੂੰ ਖਾਰਜ ਕਰ ਦਿਤਾ ਅਤੇ ਕਿਹਾ ਕਿ ਇਹ ਸਿਰਫ ਇਕ ਕਾਗਜ਼ ਸੀ ਜੋ ਵਿਰੋਧ ਪ੍ਰਦਰਸ਼ਨ 'ਚ ਵਰਤਿਆ ਗਿਆ ਸੀ।
ਦਖਣੀ ਕੋਲਕਾਤਾ ਦੇ ਕਾਲੀਘਾਟ ਥਾਣੇ 'ਚ 13 ਜੂਨ ਨੂੰ ਦਰਜ ਐਫ.ਆਈ.ਆਰ. 'ਚ ਦਾਅਵਾ ਕੀਤਾ ਗਿਆ ਹੈ ਕਿ 12 ਜੂਨ ਨੂੰ ਮਜੂਮਦਾਰ, ਜੋ ਪ੍ਰਦੇਸ਼ ਭਾਜਪਾ ਪ੍ਰਧਾਨ ਵੀ ਹਨ, ਨੇ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਰਿਹਾਇਸ਼ ਦੇ ਨੇੜੇ ਹਾਜਰਾ ਰੋਡ ਅਤੇ ਹਰੀਸ਼ ਚੈਟਰਜੀ ਸਟਰੀਟ ਦੇ ਕਰਾਸਿੰਗ 'ਤੇ ਇਕ ਜਨਤਕ ਸਥਾਨ 'ਤੇ ਚੱਪਲ ਵਗਾਹ ਕੇ ਮਾਰੀ ਸੀ। ਐਫ.ਆਈ.ਆਰ., ਜਿਸ ਦੀ ਇਕ ਕਾਪੀ ਤ੍ਰਿਣਮੂਲ ਕਾਂਗਰਸ ਨੇ ਅਪਣੇ 'ਐਕਸ' ਹੈਂਡਲ 'ਤੇ ਪੋਸਟ ਕੀਤੀ ਸੀ, 'ਚ ਕਿਹਾ ਗਿਆ ਹੈ ਕਿ ਸ਼ਿਕਾਇਤਕਰਤਾ, ਇਕ ਸਿੱਖ ਵਿਅਕਤੀ, ਨੇ ਦੋਸ਼ ਲਾਇਆ ਕਿ ਇਹ ਮਜੂਮਦਾਰ ਵਲੋਂ ਜਾਣਬੁਝ ਕੇ ਕੀਤਾ ਗਿਆ ਕੰਮ ਸੀ, ਜਿਸ ਨਾਲ "ਧਾਰਮਕ ਵਿਸ਼ਵਾਸ ਦਾ ਅਪਮਾਨ ਹੋਇਆ, ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚੀ ਅਤੇ ਉਸ ਵਿਅਕਤੀ ਨੂੰ ਵੀ ਸੱਟ ਲੱਗੀ।" ਹਾਲਾਂਕਿ ਟੀ.ਐਮ.ਸੀ. ਦੇ ਐਕਸ ਹੈਂਡਲ ਪੋਸਟ 'ਤੇ ਪੋਸਟ ਕੀਤੀ ਐਫ.ਆਈ.ਆਰ. ਦੀ ਕਾਪੀ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ।
ਇਹ ਐਫ.ਆਈ.ਆਰ. ਬੀ.ਐਨ.ਐਸ. ਦੀ ਧਾਰਾ 302 (ਵਿਅਕਤੀਆਂ ਨੂੰ ਉਨ੍ਹਾਂ ਦੀਆਂ ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਕੀਤੀਆਂ ਗਈਆਂ ਕਾਰਵਾਈਆਂ ਤੋਂ ਬਚਾਉਣਾ) ਅਤੇ 115 (2) (ਸਵੈ-ਇੱਛਾ ਨਾਲ ਸੱਟ ਪਹੁੰਚਾਉਣਾ) ਤਹਿਤ ਦਰਜ ਕੀਤੀ ਗਈ ਸੀ। ਪਛਮੀ ਬੰਗਾਲ 'ਚ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਨੇ ਦਾਅਵਾ ਕੀਤਾ ਕਿ ਸਿੱਖ ਭਾਈਚਾਰੇ ਨੇ ਮਜੂਮਦਾਰ ਵਿਰੁਧ 'ਸਹੀ ਗੁੱਸੇ ਨਾਲ ਜਵਾਬ ਦਿਤਾ' ਹੈ। ਤ੍ਰਿਣਮੂਲ ਕਾਂਗਰਸ ਨੇ ਅਪਣੇ 'ਐਕਸ' ਹੈਂਡਲ ਪੋਸਟ 'ਚ ਕਿਹਾ ਕਿ ਉਨ੍ਹਾਂ ਨੇ ਤੁਰਤ ਅਤੇ ਬਿਨਾਂ ਸ਼ਰਤ ਮੁਆਫੀ ਮੰਗਣ ਦੀ ਮੰਗ ਕੀਤੀ ਹੈ ਅਤੇ ਚਿਤਾਵਨੀ ਦਿਤੀ ਹੈ ਕਿ ਜੇਕਰ ਉਨ੍ਹਾਂ ਦੀ ਆਵਾਜ਼ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤਾਂ ਵਿਆਪਕ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ।

## ਅਮਰੀਕਾ ਨੇ ਵਿਦੇਸ਼ੀ ਵਿਦਿਆਰਥੀਆਂ ਲਈ ਵੀਜ਼ਾ ਪ੍ਰਕਿਰਿਆ ਮੁੜ ਸ਼ੁਰੂ ਕੀਤੀ




ਵਾਸ਼ਿੰਗਟਨ : ਅਮਰੀਕੀ ਵਿਦੇਸ਼ ਵਿਭਾਗ ਨੇ ਬੁੱਧਵਾਰ ਨੂੰ ਕਿਹਾ ਕਿ ਉਹ ਵਿਦੇਸ਼ੀਆਂ ਵਿਦਿਆਰਥੀਆਂ ਲਈ ਵੀਜ਼ਾ ਅਰਜ਼ੀਆਂ ਦੀ ਮੁਅੱਤਲ ਪ੍ਰਕਿਰਿਆ ਨੂੰ ਮੁੜ ਸ਼ੁਰੂ ਕਰ ਰਿਹਾ ਹੈ। ਪਰ ਹੁਣ ਸਾਰੇ ਬਿਨੈਕਾਰਾਂ ਨੂੰ ਸਰਕਾਰੀ ਸਮੀਖਿਆ ਲਈ ਆਪਣੇ ਸੋਸ਼ਲ ਮੀਡੀਆ ਖਾਤਿਆਂ ਨੂੰ ਅਨਲਾਕ(ਸਾਂਝਾ) ਕਰਨ ਦੀ ਲੋੜ ਹੋਵੇਗੀ। ਵਿਭਾਗ ਨੇ ਕਿਹਾ ਕਿ ਕੌਂਸਲਰ ਅਧਿਕਾਰੀ ਅਜਿਹੀਆਂ ਪੋਸਟਾਂ ਅਤੇ ਸੰਦੇਸ਼ਾਂ 'ਤੇ ਨਜ਼ਰ ਰੱਖਣਗੇ ਜਿਨ੍ਹਾਂ ਨੂੰ ਸੰਯੁਕਤ ਰਾਜ, ਸਰਕਾਰ, ਸੱਭਿਆਚਾਰ, ਸੰਸਥਾਵਾਂ ਜਾਂ ਬੁਨਿਆਦੀ ਸਿਧਾਂਤਾਂ ਪ੍ਰਤੀ ਪ੍ਰਤੀਕੂਲ ਮੰਨਿਆ ਜਾ ਸਕਦਾ ਹੈ।
ਜਾਰੀ ਕੀਤੇ ਗਏ ਇੱਕ ਨੋਟਿਸ ਵਿੱਚ ਵਿਭਾਗ ਨੇ ਕਿਹਾ ਕਿ ਉਸ ਨੇ ਵਿਦਿਆਰਥੀ ਵੀਜ਼ਾ ਪ੍ਰਕਿਰਿਆ ਦੀ ਮੁਅੱਤਲੀ ਨੂੰ ਰੱਦ ਕਰ ਦਿੱਤਾ ਹੈ। ਇਸ ਤੋਂ ਇਲਾਵਾ ਕਿਹਾ ਗਿਆ ਹੈ ਕਿ ਨਵੇਂ ਬਿਨੈਕਾਰ ਜੋ ਆਪਣੇ ਸੋਸ਼ਲ ਮੀਡੀਆ ਖਾਤਿਆਂ ਨੂੰ ਪਬਲਿਕ ਕਰਨ ਅਤੇ ਉਨ੍ਹਾਂ ਦੀ ਸਮੀਖਿਆ ਕਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰਦੇ ਹਨ, ਉਨ੍ਹਾਂ ਨੂੰ ਰੱਦ ਕੀਤਾ ਜਾ ਸਕਦਾ ਹੈ।
ਨੋਟਿਸ ਵਿੱਚ ਕਿਹਾ ਗਿਆ ਹੈ ਕਿ ਅਜਿਹਾ ਕਰਨ ਤੋਂ ਇਨਕਾਰ ਕਰਨਾ ਇਸ ਗੱਲ ਦਾ ਸੰਕੇਤ ਹੋ ਸਕਦਾ ਹੈ ਕਿ ਉਹ ਲੋੜ ਤੋਂ ਬਚਣ ਜਾਂ ਆਪਣੀ ਆਨਲਾਈਨ ਗਤੀਵਿਧੀ ਨੂੰ ਲੁਕਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਅਧਿਕਾਰੀਆਂ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਨੇ ਪਿਛਲੇ ਮਹੀਨੇ ਅਮਰੀਕਾ ਵਿੱਚ ਪੜ੍ਹਨ ਦੀ ਉਮੀਦ ਕਰ ਰਹੇ ਵਿਦੇਸ਼ੀ ਵਿਦਿਆਰਥੀਆਂ ਲਈ ਨਵੇਂ ਵੀਜ਼ਾ ਇੰਟਰਵਿਊਆਂ ਦੀ ਸਮਾਂ-ਸੂਚੀ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ ਸੀ, ਜਦੋਂ ਕਿ ਉਹਨਾਂ ਦੀ ਸੋਸ਼ਲ ਮੀਡੀਆ 'ਤੇ ਗਤੀਵਿਧੀ ਦੀ ਜਾਂਚ ਨੂੰ ਵਧਾਉਣ ਦੀ ਤਿਆਰੀ ਕਰ ਰਹੇ ਸਨ।

## ਦਲਾਈ ਲਾਮਾ ਨੇ ਤਾਸ਼ੀ ਲੁੰਪੋ ਮੱਠ ਵਿਖੇ ਪ੍ਰਾਰਥਨਾ ਸਮਾਰੋਹ ਦਾ ਕੀਤਾ ਆਯੋਜਨ





ਬਾਇਲਕੁਪੇ : ਤਿੱਬਤ ਵਿੱਚ ਹਾਲ ਹੀ ਵਿੱਚ ਆਏ ਭੂਚਾਲ ਦੇ ਪੀੜਤਾਂ ਦੀ ਯਾਦ ਵਿੱਚ ਤਾਸ਼ੀ ਲੁੰਪੋ ਮੱਠ ਵਿਖੇ ਤਿੱਬਤੀ ਅਧਿਆਤਮਿਕ ਆਗੂ ਦਲਾਈ ਲਾਮਾ (ਅਣਦੇਖੇ) ਦੁਆਰਾ ਇੱਕ ਪ੍ਰਾਰਥਨਾ ਸਮਾਰੋਹ ਵਿੱਚ ਭਿਕਸ਼ੂ ਸ਼ਾਮਲ ਹੋਏ।

# ਉੱਠ ਰਹੇ ਸਵਾਲਾਂ ਦੇ ਜਵਾਬ ਲੱਭਣੇ ਪੈਣਗੇ









ਅਨੇਕ ਸਵਾਲ ਹਨ? ਅਹਿਮਦਾਬਾਦ ਏਅਰਪੋਰਟ ਦੇ ਇਕਦਮ ਬਾਹਰ ਏ.ਆਈ.-171 ਜਹਾਜ਼ ਹਾਦਸਾਗ੍ਰਸਤ ਕਿਉਂ ਹੋਇਆ? ਜਹਾਜ਼ ਦਾ ਲੈਂਡਿੰਗ ਗਿਅਰ ਪਿੱਛੇ ਕਿਉਂ ਨਹੀਂ ਹਟਾਇਆ ਗਿਆ? ਕੀ ਜਹਾਜ਼ ਦੇ ਦੋਵੇਂ ਇੰਜਣ ਫੇਲ੍ਹ ਹੋ ਗਏ ਸਨ? ਕੀ ਇੰਜਣ ਸੰਭਾਵਿਤ ਮਿਲਾਵਟੀ ਤੇਲ ਜਾਂ ਤੇਲ ਬੰਦ ਹੋਣ ਕਾਰਨ ਫੇਲ੍ਹ ਹੋਏ? ਕੀ ਉਡਾਨ ਭਰਨ ਭਾਵ ਟੇਕ-ਆਫ਼ ਲਈ ਪਰਾਂ (ਵਿੰਗਸ) ਦੇ ਫਲੈਪਸ ਨੂੰ ਹੇਠਾਂ ਕੀਤਾ ਗਿਆ ਸੀ? ਇਨ੍ਹਾਂ ਤਕਨੀਕੀ ਸਵਾਲਾਂ ਦੇ ਉੱਤਰ ਤਾਂ ਅਗਲੇ ਸਾਲ 12 ਜੂਨ ਤੱਕ ਆਉਣ ਵਾਲੀ ਆਖ਼ਰੀ ਜਾਂਚ ਰਿਪੋਰਟ ਵਿਚ ਹੀ ਮਿਲ ਸਕਣਗੇ, ਪਰ ਇਕ ਸਵਾਲ ਇਸ ਤੋਂ ਹਟ ਕੇ ਵੀ ਹੈ, ਜਿਸ ਦਾ ਵਿਸ਼ਵ ਦੇ ਤੀਜੇ ਸਭ ਤੋਂ ਵੱਡੇ ਸ਼ਹਿਰੀ ਹਵਾਬਾਜ਼ੀ ਬਾਜ਼ਾਰ ਨੂੰ ਬਹੁਤ ਛੇਤੀ ਸਾਹਮਣਾ ਕਰਨਾ ਪਵੇਗਾ। ਜੋ ਲੋਕ ਇਸ ਭਿਆਨਕ ਹਾਦਸੇ ਵਿਚ ਮਰ ਗਏ, ਉਨ੍ਹਾਂ ਦੇ ਪਰਿਵਾਰ ਵਾਲਿਆਂ ਦਾ ਕੀ ਹੋਵੇਗਾ? ਇਹ ਸਹੀ ਹੈ ਕਿ ਟਾਟਾ ਨੇ ਹਰ ਪੀੜਤ ਪਰਿਵਾਰ ਨੂੰ ਇਕ ਕਰੋੜ ਰੁਪਏ ਬਤੌਰ ਮੁਆਵਜ਼ਾ ਐਲਾਨਿਆ ਹੈ, ਪਰ ਅੱਗੇ ਜੋ ਬੀਮਾ ਸੰਘਰਸ਼ ਤੇ ਮਨੋਵਿਗਿਆਨਕ ਸਦਮੇ ਸਮੇਤ ਵਾਧੂ ਦਰਦ ਉਡੀਕ ਵਿਚ ਹੈ, ਉਸ ਦਾ ਕੀ ਹੋਵੇਗਾ? ਦਰਅਸਲ, ਪ੍ਰਤੀਕਿਰਿਆ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਜੋ ਮਲਬੇ ਤੋਂ ਵੱਖਰਾ ਹਟ ਕੇ ਦੇਖੇ ਤਾਂ ਕਿ ਸ਼ਹਿਰੀ ਹਵਾਬਾਜ਼ੀ (ਐਵੀਏਸ਼ਨ) ਲੋਕਾਂ ਦੀ ਪਰਵਾਹ ਕਰਨ ਵਾਲਾ ਵਪਾਰ ਬਣ ਸਕੇ।

ਵੀਰਵਾਰ (12 ਜੂਨ, 2025) ਨੂੰ ਦੁਪਹਿਰ ਦੋ ਵਜੇ ਤੋਂ ਕੁਝ ਸਮਾਂ ਪਹਿਲਾਂ ਕੈਪਟਨ ਸੁਮੀਤ ਸੱਭਰਵਾਲ ਨੇ ਏਅਰ ਟਰੈਫ਼ਿਕ ਕੰਟਰੋਲ ਨਾਲ ਸੰਪਰਕ ਕਰਦੇ ਹੋਏ 'ਮੇਡੇ' ਕਾਲ ਜਾਰੀ ਕੀਤੀ, ਜੋ ਐਮਰਜੈਂਸੀ ਸੰਦੇਸ਼ ਹੁੰਦਾ ਹੈ ਤੇ ਜਿਸ ਨੂੰ ਪਾਇਲਟ ਉਸ ਸਮੇਂ ਦਿੰਦਾ ਹੈ ਜਦੋਂ ਜਹਾਜ਼ ਕਿਸੇ ਗੰਭੀਰ ਸੰਕਟ ਵਿਚ ਹੋਵੇ ਅਤੇ ਯਾਤਰੀਆਂ ਜਾਂ ਅਮਲੇ ਦੇ ਮੈਂਬਰਾਂ ਦੀ ਜਾਨ ਨੂੰ ਖ਼ਤਰਾ ਹੋਵੇ। ਇਸ ਸੰਦੇਸ਼ ਤੋਂ ਬਾਅਦ ਸਭ ਕੁਝ ਖਾਮੋਸ਼ ਹੋ ਗਿਆ। ਉਹ ਸੱਭਰਵਾਲ ਦੇ ਆਖ਼ਰੀ ਸ਼ਬਦ ਸਨ ਏ.ਆਈ.-171 ਬੋਇੰਗ 787 ਡ੍ਰੀਮਲਾਈਨਰ ਦੇ ਅੱਗ ਦਾ ਗੋਲਾ ਬਣਨ ਤੋਂ ਪਹਿਲਾਂ। ਇਹ ਜਹਾਜ਼ ਅਹਿਮਦਾਬਾਦ ਤੋਂ ਲੰਡਨ ਗੈਟਵਿਕ ਜਾ ਰਿਹਾ ਸੀ ਅਤੇ ਇਸ ਨੇ ਦੁਪਹਿਰ 1.39 ਵਜੇ ਉਡਾਨ ਭਰੀ ਸੀ। ਇਹ 11 ਸਾਲ ਪੁਰਾਣਾ ਜਹਾਜ਼ ਲਗਭਗ 825 ਫੁੱਟ ਹੀ ਉੱਪਰ ਉਡ ਸਕਿਆ ਸੀ ਕਿ ਤੇਜ਼ੀ ਨਾਲ ਅੱਗ ਦਾ ਗੋਲਾ ਬਣਦੇ ਹੋਏ ਹੇਠਾਂ ਵਲ ਡਿਗਣ ਲੱਗਿਆ ਅਤੇ ਮੇਘਾਨੀ ਨਗਰ ਵਿਚ ਦੁਪਹਿਰ 2 ਵਜੇ ਬੀ.ਜੇ. ਮੈਡੀਕਲ ਕਾਲਜ ਦੀ ਹੋਸਟਲ ਮੈੱਸ ਨਾਲ ਟਕਰਾ ਗਿਆ, ਜਿਥੇ ਮੈਡੀਕਲ ਵਿਦਿਆਰਥੀ ਦੁਪਹਿਰ ਦਾ ਖਾਣਾ ਖਾ ਰਹੇ ਸਨ। ਜਹਾਜ਼ ਦੀ ਪੂਛ ਤੇ ਪਹੀਆ ਹੋਸਟਲ ਦੀ ਛੱਤ 'ਚ ਧਸ ਗਏ। ਇਸ ਹਾਦਸੇ ਦਾ ਕਾਰਨ ਅਜੇ ਸਪੱਸ਼ਟ ਨਹੀਂ ਪਤਾ ਲੱਗ ਸਕਿਆ। ਮਾਹਿਰ ਦੋਵੇਂ ਇੰਜਣਾਂ ਦੇ ਫੇਲ੍ਹ ਹੋਣ ਜਾਂ ਕਿਸੇ ਪੰਛੀ ਨਾਲ ਟਕਰਾਉਣ ਦਾ ਅੰਦਾਜ਼ਾ ਲਗਾ ਰਹੇ ਹਨ। ਬੋਇੰਗ 787 ਦਾ ਇਹ ਅੱਜ ਤੱਕ ਦਾ ਪਹਿਲਾ ਹਾਦਸਾ ਹੈ। ਫਲਾਈਟ ਡਾਟਾ ਸਾਈਟ ਸੀਰੀਅਮ ਦਾ ਕਹਿਣਾ ਹੈ ਕਿ ਇਸ ਜਹਾਜ਼ ਦੀ ਉਡਾਨ ਭਰਨ ਦਾ ਕੁੱਲ ਸਮਾਂ 41,000 ਘੰਟਿਆਂ ਤੋਂ ਜ਼ਿਆਦਾ ਹੈ ਅਤੇ ਪਿਛਲੇ 12 ਮਹੀਨਿਆਂ ਵਿਚ ਇਹ 8,000 ਵਾਰ ਹਵਾ 'ਚ ਉਡਿਆ ਹੈ ਤੇ ਉਤਰਿਆ ਹੈ। ਇਸ ਹਾਦਸੇ ਵਿਚ 265 ਵਿਅਕਤੀਆਂ ਦੀ ਮੌਤ ਹੋਈ ਹੈ, ਜਿਨ੍ਹਾਂ ਵਿਚੋਂ 231 ਯਾਤਰੀ ਤੇ 10 ਅਮਲੇ ਦੇ ਮੈਂਬਰ ਸਨ। ਮ੍ਰਿਤਕਾਂ ਵਿਚ 4 ਮੈਡੀਕਲ ਵਿਦਿਆਰਥੀ ਵੀ ਹਨ ਜੋ ਆਪਣੇ ਹੋਸਟਲ ਵਿਚ ਦੁਪਹਿਰ ਦਾ ਖਾਣਾ ਖਾ ਰਹੇ ਸਨ। ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੈ ਰੂਪਾਨੀ ਵੀ ਇਸ ਜਹਾਜ਼ ਹਾਦਸੇ ਵਿਚ ਸਵਾਰ ਸਨ। ਉਨ੍ਹਾਂ ਦੇ ਜੀਵਨ ਵਿਚ 1206 ਹਮੇਸ਼ਾ ਲੱਕੀ ਨੰਬਰ ਰਿਹਾ ਹੈ, ਪਰ ਉਹੀ ਨੰਬਰ ਉਨ੍ਹਾਂ ਦੇ ਜੀਵਨ ਦਾ ਆਖ਼ਰੀ ਨੰਬਰ ਵੀ ਸਾਬਿਤ ਹੋਇਆ। ਫਿਲਹਾਲ, ਸੀਟ ਨੰਬਰ 11ਏ 'ਤੇ ਬੈਠਾ ਵਿਸ਼ਵਾਸ ਕੁਮਾਰ ਰਮੇਸ਼ ਚਮਤਕਾਰੀ ਢੰਗ ਨਾਲ ਇਸ ਹਾਦਸੇ ਵਿਚ ਬਚ ਗਿਆ। ਉਹ ਜਿਊਂਦਾ ਰਹਿਣ ਵਾਲਾ ਇਕੋ-ਇਕ ਯਾਤਰੀ ਰਿਹਾ, ਪਰ ਉਸ ਨੇ ਵੀ 11ਜੇ ਸੀਟ 'ਤੇ ਬੈਠੇ ਆਪਣੇ ਭਰਾ ਅਜੈ ਕੁਮਾਰ ਰਮੇਸ਼ ਨੂੰ ਇਸ ਹਾਦਸੇ ਵਿਚ ਗਵਾ ਲਿਆ।

ਇਹ ਜਹਾਜ਼ ਹਾਦਸਾ ਹਵਾਬਾਜ਼ੀ ਇਤਿਹਾਸ ਦੇ ਸਭ ਤੋਂ ਭਿਆਨਕ ਹਾਦਸਿਆਂ ਵਿਚੋਂ ਇਕ ਹੈ। ਯਕੀਨੀ ਤੌਰ 'ਤੇ ਭਾਰਤ ਵਿਚ ਤਾਂ ਇਸ ਸ਼ਤਾਬਦੀ ਦਾ ਇਹ ਸਭ ਤੋਂ ਘਾਤਕ ਹਾਦਸਾ ਹੈ। ਇਸ ਹਾਦਸੇ ਕਾਰਨ ਪੂਰਾ ਦੇਸ਼ ਸਦਮੇ ਵਿਚ ਆ ਗਿਆ ਹੈ, ਕਿਉਂਕਿ ਭਿਆਨਕ ਜਹਾਜ਼ ਹਾਦਸੇ ਕਦੇ ਕਦੇ ਹੀ ਵਾਪਰਦੇ ਹਨ। ਭਾਰਤ ਵਿਚ ਜਹਾਜ਼ ਹਾਦਸਾ ਪਿਛਲੀ ਵਾਰ ਅਗਸਤ 2020 ਵਿਚ ਹੋਇਆ ਸੀ। ਇਸ ਹਾਦਸੇ ਨੂੰ ਲੈ ਕੇ ਜੋ ਚਿੰਤਾਵਾਂ ਤੇ ਤਣਾਅ ਹਨ, ਉਹ ਇਮਾਨਦਾਰੀ ਨਾਲ ਕੀਤੀ ਗਈ ਜਾਂਚ ਤੋਂ ਬਾਅਦ ਘੱਟ ਹੋ ਸਕਦੇ ਹਨ ਕਿ ਗ਼ਲਤੀ ਜਾਂ ਅਣਗਹਿਲੀ ਕਿੱਥੇ ਹੋਈ? ਮਸ਼ੀਨ ਵਿਚ ਖ਼ਰਾਬੀ, ਮਨੁੱਖੀ ਗ਼ਲਤੀ ਜਾਂ ਕੁਝ ਹੋਰ? ਸ਼ੁਰੂਆਤੀ ਜਾਂਚ ਰਿਪੋਰਟ ਜੋ ਇੰਟਰਨੈਸ਼ਨਲ ਸਿਵਲ ਐਵੀਏਸ਼ਨ ਆਰਗੇਨਾਈਜ਼ੇਸ਼ਨ ਨੂੰ 30 ਦਿਨ ਦੇ ਅੰਦਰ ਸੌਂਪੀ ਜਾਂਦੀ ਹੈ, ਉਸ ਨੂੰ ਜਨਤਕ ਕੀਤਾ ਜਾਣਾ ਚਾਹੀਦਾ ਹੈ।

ਵਰਣਨਯੋਗ ਹੈ ਕਿ ਏਅਰ ਇੰਡੀਆ ਬੋਇੰਗ 787 ਜਿਸ ਨੂੰ 'ਵੀ.ਟੀ.-ਏ.ਐਨ.ਬੀ.' ਨਾਂਅ ਦਿੱਤਾ ਗਿਆ, ਸਿਰਫ਼ 11 ਸਾਲ ਪੁਰਾਣਾ ਸੀ, ਜਦ ਕਿ ਕਤਰ ਨੇ ਡੋਨਲਡ ਟਰੰਪ ਨੂੰ ਜੋ 747-8 ਤੋਹਫ਼ੇ ਵਿਚ ਦਿੱਤਾ ਹੈ ਉਹ 13 ਸਾਲ ਪੁਰਾਣਾ ਸੀ, ਇਸ ਲਈ ਉਮਰ ਤਾਂ ਕੋਈ ਮੁੱਦਾ ਨਹੀਂ ਹੈ। ਜਹਾਜ਼ ਨੇ ਉਡਾਨ ਭਰਨ ਤੋਂ ਕੁਝ ਹੀ ਪਲਾਂ ਬਾਅਦ ਲਗਭਗ 800 ਫੁੱਟ ਦੀ ਉਚਾਈ 'ਤੇ 'ਪਾਵਰ' ਕਿਸ ਤਰ੍ਹਾਂ ਗਵਾ ਦਿੱਤੀ, ਇਹ ਇਕ ਰਹੱਸ ਹੈ। ਅੰਦਾਜ਼ਾ ਇਹ ਵੀ ਹੈ ਕਿ ਜਹਾਜ਼ ਨਾਲ ਕੋਈ ਪੰਛੀ ਟਕਰਾ ਗਿਆ ਸੀ, ਜਿਵੇਂਕਿ ਪਿਛਲੇ ਸਾਲ ਦੱਖਣੀ ਕੋਰੀਆ ਦੇ ਜੇਜੂ ਜਹਾਜ਼ ਹਾਦਸੇ ਵਿਚ ਹੋਇਆ ਸੀ। ਇਸ ਤੋਂ ਇਲਾਵਾ ਇਹ ਵੀ ਥਿਊਰੀ ਹੈ ਕਿ ਖ਼ਤਮ ਹੋਏ ਹਵਾਈ ਜਹਾਜ਼ ਦੇ ਲੈਂਡਿੰਗ ਗਿਅਰ ਤੇ ਵਿੰਗ ਫਲੈਪਸ 'ਸਹੀ' ਥਾਂ 'ਤੇ ਨਹੀਂ ਸਨ। ਪਰ ਏਅਰ ਕੰਡੀਸ਼ਨਡ ਕਮਰੇ ਵਿਚ ਬੈਠ ਕੇ ਦਿੱਤੇ ਗਏ ਗਿਆਨ ਦੀਆਂ ਹੱਦਾਂ ਹੁੰਦੀਆਂ ਹਨ। ਤੇਜ਼ੀ ਨਾਲ ਵਿਕਾਸ ਕਰ ਰਹੇ ਹਵਾਬਾਜ਼ੀ ਬਾਜ਼ਾਰ ਨੂੰ ਯਕੀਨੀ ਤੇ ਸਪੱਸ਼ਟ ਉੱਤਰ ਚਾਹੀਦੇ ਹਨ। ਬੋਇੰਗ, ਜੋ ਪਿਛਲੇ ਸਾਲ ਦੇ 737 ਮੈਕਸ ਕ੍ਰੈਸ਼ ਤੋਂ ਲੈ ਕੇ ਪਿਛਲੇ ਸਾਲ ਦੀ ਸਟਾਰਲਾਈਨਰ ਅਸਫ਼ਲਤਾ (ਜਿਸ ਵਿਚ ਸੁਨੀਤਾ ਵਿਲੀਅਮਸ ਤੇ ਬੁਚ ਵਿਲਮੋਰ ਆਈ.ਐਸ.ਐਸ. 'ਤੇ ਅਟਕ ਗਏ ਸਨ) ਵਿਵਾਦਾਂ ਵਿਚ ਫਸਿਆ ਹੋਇਆ ਹੈ, ਨੂੰ ਬਹੁਤ ਛੇਤੀ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ। ਉਂਝ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ 12 ਜੂਨ, 2025 ਤੱਕ 787 ਡ੍ਰੀਮਲਾਈਨਰ ਦਾ ਇਕਦਮ ਸਾਫ਼-ਸੁਥਰਾ ਰਿਕਾਰਡ ਸੀ। ਆਪਣੇ 14 ਸਾਲ ਦੇ ਇਤਿਹਾਸ ਵਿਚ 1,175 ਜਹਾਜ਼, ਰੋਜ਼ਾਨਾ 2,100 ਉਡਾਨਾਂ, 1 ਬਿਲੀਅਨ ਭਾਵ ਸੌ ਕਰੋੜ ਯਾਤਰੀਆਂ ਨੂੰ ਲੈ ਕੇ ਜਾਣਾ ਤੇ ਇਸ ਸਮੇਂ ਦੌਰਾਨ ਕੋਈ ਵੀ ਡ੍ਰੀਮਲਾਈਨਰ ਹਾਦਸਾਗ੍ਰਸਤ ਨਹੀਂ ਸੀ ਹੋਇਆ। ਪਰ ਇਹ ਵੀ ਸੱਚ ਹੈ ਕਿ ਇਸ ਸਮੇਂ ਦੌਰਾਨ ਡ੍ਰੀਮਲਾਈਨਰ ਜਹਾਜ਼ ਸੰਬੰਧੀ ਸਮੇਂ ਕੁਝ ਸ਼ਿਕਾਇਤਾਂ ਵੀ ਮਿਲਦੀਆਂ ਰਹੀਆਂ। ਇਕ ਜਹਾਜ਼ ਵਿਚੋਂ ਤੇਲ ਲੀਕ ਹੋਇਆ ਤੇ ਇਕ ਸਮੇਂ ਲਿਥੀਅਮ ਬੈਟਰੀਆਂ ਵਿਚੋਂ ਧੂੰਆਂ ਉੱਠਿਆ ਅਤੇ ਚਿਤਾਵਨੀ ਮਿਲੀ ਕਿ ਇਸ ਦੀ ਕੰਪਿਊਟਰ ਚਿਪ ਨੂੰ ਹੈਕ ਕੀਤਾ ਜਾ ਸਕਦਾ ਹੈ। ਬੋਇੰਗ ਕਰਮਚਾਰੀਆਂ ਨੇ 2019 ਵਿਚ ਖ਼ਰਾਬ ਉਤਪਾਦਨ ਦੀ ਸ਼ਿਕਾਇਤ ਕੀਤੀ ਸੀ ਅਤੇ ਪਿਛਲੇ ਸਾਲ ਇਕ ਗਵਾਹ ਨੇ ਦਾਅਵਾ ਕੀਤਾ ਕਿ ਡ੍ਰੀਮਲਾਈਨਰ ਦੇ ਢਾਂਚੇ ਵਿਚ ਕਮੀਆਂ ਹਨ ਜਿਸ ਦੀ ਵਜ੍ਹਾ ਕਰਕੇ ਉਹ ਉਡਾਨ ਦਰਮਿਆਨ ਖਰਾਬ ਹੋ ਸਕਦਾ ਹੈ।

ਤਿੰਨ ਸਾਲ ਪਹਿਲਾਂ ਏਅਰ ਇੰਡੀਆ ਕੰਪਨੀ ਟਾਟਾ ਗਰੁੱਪ ਦੇ ਕੰਟਰੋਲ ਵਿਚ ਆਈ ਅਤੇ ਸਰਵਿਸ ਫਰੰਟ ਪੱਖੋਂ ਉਸ ਨੂੰ ਅਨੇਕ ਸ਼ਰਮਿੰਦਗੀਆਂ ਦਾ ਸਾਹਮਣਾ ਕਰਨਾ ਪਿਆ ਹੈ ਟਾਇਲਟਸ ਦੀਆਂ ਬੰਦ ਨਾਲੀਆਂ, ਫਟੀਆਂ ਸੀਟਾਂ ਪਰ ਤਾਜ਼ਾ ਹਾਦਸਾ ਸੁਰੱਖਿਆ ਦੇ ਮਹੱਤਵਪੂਰਨ ਮੁੱਦੇ ਨੂੰ ਦਰਸਾਉਂਦਾ ਹੈ। ਇਨ੍ਹਾਂ ਜ਼ੋਖ਼ਮਾਂ ਨੂੰ ਏਅਰ ਕਰਾਫ਼ਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ, ਬੋਇੰਗ ਤੇ ਏਅਰ ਇੰਡੀਆ ਨੂੰ ਮਿਲ ਕੇ ਘੱਟ ਕਰਨਾ ਚਾਹੀਦਾ ਹੈ। ਅਮਰੀਕਾ ਦੇ ਫੈਡਰਲ ਐਵੀਏਸ਼ਨ ਐਡਮਿਨੀਸਟ੍ਰੇਸ਼ਨ ਨੇ ਵੀ ਮਦਦ ਕਰਨ ਦੀ ਪੇਸ਼ਕਸ਼

**ਸ਼ਾਹਿਦ-ਏ-ਚੌਧਰੀ**

ਕੀਤੀ ਹੈ। ਡੂੰਘੀ ਜਾਂਚ ਤੋਂ ਬਾਅਦ ਸੁਧਾਰ ਲਈ ਕਦਮ ਚੁੱਕੇ ਜਾਣ, ਤਦ ਹੀ ਲੋਕਾਂ ਨੂੰ ਯਕੀਨ ਹੋ ਸਕੇਗਾ ਕਿ ਆਵਾਜਾਈ ਦਾ ਸਭ ਤੋਂ ਸੁਰੱਖਿਅਤ ਢੰਗ ਉਡਾਨ ਭਰਨਾ ਹੀ ਹੈ। ਇਸ ਹਾਦਸੇ ਤੋਂ ਪਹਿਲਾਂ ਤੱਕ ਭਾਰਤ ਵਿਚ ਇਸ ਸਦੀ ਵਿਚ 230 ਹਵਾਈ ਯਾਤਰੀਆਂ ਦੀ ਮੌਤ ਹੋਈ ਸੀ, ਪਰ ਸਾਡੀਆਂ ਸੜਕਾਂ 'ਤੇ ਰੋਜ਼ਾਨਾ 474 ਲੋਕ ਮਰਦੇ ਹਨ। ਇਸ ਦੇ ਬਾਵਜੂਦ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਰਤ ਦੇ ਸ਼ਹਿਰੀ ਹਵਾਬਾਜ਼ੀ ਭਾਵ ਸਿਵਲ ਐਵੀਏਸ਼ਨ ਖੇਤਰ ਵਿਚ ਛੇਤੀ ਤੋਂ ਛੇਤੀ ਤਕਨੀਕੀ ਸੁਧਾਰ ਦੀ ਜ਼ਰੂਰਤ ਹੈ। ਯਾਤਰੀ ਟ੍ਰੈਫ਼ਿਕ ਦੇ ਹਿਸਾਬ ਨਾਲ ਭਾਰਤ ਵਿਸ਼ਵ ਦਾ ਤੀਜਾ ਸਭ ਤੋਂ ਵੱਡਾ ਹਵਾਬਾਜ਼ੀ ਬਾਜ਼ਾਰ ਹੈ।

ਫਿਲਹਾਲ, ਜੇਕਰ ਅਸੀਂ ਇਸ ਹਾਦਸੇ ਦੇ ਮ੍ਰਿਤਕਾਂ ਦਾ ਸਨਮਾਨ ਕਰਨਾ ਹੈ ਤਾਂ ਸਾਡੀ ਕਿੱਥੇ ਗ਼ਲਤੀ ਹੋਈ ਹੈ ਤੋਂ ਕੁਝ ਜ਼ਿਆਦਾ ਕਰਨਾ ਹੋਵੇਗਾ। ਸਾਨੂੰ ਪੀੜਤਾਂ ਦੇ ਪਿੱਛੇ ਰਹਿ ਗਏ ਪਰਿਵਾਰਾਂ ਨੂੰ ਸਹਾਰਾ ਦੇਣਾ ਹੋਵੇਗਾ, ਸਿਰਫ਼ ਹਾਲੇ ਹੀ ਨਹੀਂ ਸਗੋਂ ਆਉਣ ਵਾਲੇ ਮਹੀਨਿਆਂ ਤੇ ਸਾਲਾਂ ਵਿਚ ਵੀ। ਇਹ ਜ਼ਿੰਮੇਵਾਰੀ ਦੀ ਗੱਲ ਹੈ, ਦੋਸ਼ ਲਗਾਉਣ ਦੀ ਨਹੀਂ। ਚੇਤੇ ਰਹੇ ਕਿ ਹਰ ਹਾਦਸਾ ਲੋਕਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਅੱਜ ਦੁਨੀਆ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਹਵਾ ਨਾਲ ਜੁੜੀ ਹੋਈ ਹੈ, ਇਸ ਲਈ ਸਾਡੀ ਪ੍ਰਤੀਕਿਰਿਆ ਡਾਟੇ ਤੋਂ ਵਧ ਹੋਣੀ ਚਾਹੀਦੀ ਹੈ। ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਕਰੀਏ, ਉਨ੍ਹਾਂ ਦੀ ਦੇਖਭਾਲ ਕਰੀਏ ਅਤੇ ਇਸ ਤਰ੍ਹਾਂ ਦੀ ਵਿਵਸਥਾ ਕਰੀਏ ਕਿ ਉਹ ਸੰਭਲ ਜਾਣ ਤਾਂ ਜਾ ਕੇ ਅਸੀਂ ਕਹਿ ਸਕਾਂਗੇ ਕਿ ਹਵਾਬਾਜ਼ੀ ਖੇਤਰ ਸਿਰਫ਼ ਆਵਾਜਾਈ ਦਾ ਜ਼ਰੀਆ ਨਹੀਂ ਹੈ ਸਗੋਂ ਵਿਸ਼ਵਾਸ ਤੇ ਮਾਨਵਤਾ ਦੀ ਬੁਨਿਆਦ 'ਤੇ ਵੀ ਖੜ੍ਹਾ ਇਕ ਭਾਈਚਾਰਾ ਹੈ। ਜੋ ਚਿੰਤਾਵਾਂ ਤੇ ਤਣਾਅ ਹਨ, ਉਹ ਇਮਾਨਦਾਰੀ ਨਾਲ ਕੀਤੀ ਗਈ ਜਾਂਚ ਤੋਂ ਬਾਅਦ ਘੱਟ ਹੋ ਸਕਦੇ ਹਨ ਕਿ ਗ਼ਲਤੀ ਜਾਂ ਅਣਗਹਿਲੀ ਕਿੱਥੇ ਹੋਈ? ਮਸ਼ੀਨ ਵਿਚ ਖ਼ਰਾਬੀ, ਮਨੁੱਖੀ ਗ਼ਲਤੀ ਜਾਂ ਕੁਝ ਹੋਰ? ਸ਼ੁਰੂਆਤੀ ਜਾਂਚ ਰਿਪੋਰਟ ਜੋ ਇੰਟਰਨੈਸ਼ਨਲ ਸਿਵਲ ਐਵੀਏਸ਼ਨ ਆਰਗੇਨਾਈਜ਼ੇਸ਼ਨ ਨੂੰ 30 ਦਿਨ ਦੇ ਅੰਦਰ ਸੌਂਪੀ ਜਾਂਦੀ ਹੈ, ਉਸ ਨੂੰ ਜਨਤਕ ਕੀਤਾ ਜਾਣਾ ਚਾਹੀਦਾ ਹੈ।

ਵਰਣਨਯੋਗ ਹੈ ਕਿ ਏਅਰ ਇੰਡੀਆ ਬੋਇੰਗ 787 ਜਿਸ ਨੂੰ 'ਵੀ.ਟੀ.-ਏ.ਐਨ.ਬੀ.' ਨਾਂਅ ਦਿੱਤਾ ਗਿਆ, ਸਿਰਫ਼ 11 ਸਾਲ ਪੁਰਾਣਾ ਸੀ, ਜਦ ਕਿ ਕਤਰ ਨੇ ਡੋਨਲਡ ਟਰੰਪ ਨੂੰ ਜੋ 747-8 ਤੋਹਫ਼ੇ ਵਿਚ ਦਿੱਤਾ ਹੈ ਉਹ 13 ਸਾਲ ਪੁਰਾਣਾ ਸੀ, ਇਸ ਲਈ ਉਮਰ ਤਾਂ ਕੋਈ ਮੁੱਦਾ ਨਹੀਂ ਹੈ। ਜਹਾਜ਼ ਨੇ ਉਡਾਨ ਭਰਨ ਤੋਂ ਕੁਝ ਹੀ ਪਲਾਂ ਬਾਅਦ ਲਗਭਗ 800 ਫੁੱਟ ਦੀ ਉਚਾਈ 'ਤੇ 'ਪਾਵਰ' ਕਿਸ ਤਰ੍ਹਾਂ ਗਵਾ ਦਿੱਤੀ, ਇਹ ਇਕ ਰਹੱਸ ਹੈ। ਅੰਦਾਜ਼ਾ ਇਹ ਵੀ ਹੈ ਕਿ ਜਹਾਜ਼ ਨਾਲ ਕੋਈ ਪੰਛੀ ਟਕਰਾ ਗਿਆ ਸੀ, ਜਿਵੇਂਕਿ ਪਿਛਲੇ ਸਾਲ ਦੱਖਣੀ ਕੋਰੀਆ ਦੇ ਜੇਜੂ ਜਹਾਜ਼ ਹਾਦਸੇ ਵਿਚ ਹੋਇਆ ਸੀ। ਇਸ ਤੋਂ ਇਲਾਵਾ ਇਹ ਵੀ ਥਿਊਰੀ ਹੈ ਕਿ ਖ਼ਤਮ ਹੋਏ ਹਵਾਈ ਜਹਾਜ਼ ਦੇ ਲੈਂਡਿੰਗ ਗਿਅਰ ਤੇ ਵਿੰਗ ਫਲੈਪਸ 'ਸਹੀ' ਥਾਂ 'ਤੇ ਨਹੀਂ ਸਨ। ਪਰ ਏਅਰ ਕੰਡੀਸ਼ਨਡ ਕਮਰੇ ਵਿਚ ਬੈਠ ਕੇ ਦਿੱਤੇ ਗਏ ਗਿਆਨ ਦੀਆਂ ਹੱਦਾਂ ਹੁੰਦੀਆਂ ਹਨ। ਤੇਜ਼ੀ ਨਾਲ ਵਿਕਾਸ ਕਰ ਰਹੇ ਹਵਾਬਾਜ਼ੀ ਬਾਜ਼ਾਰ ਨੂੰ ਯਕੀਨੀ ਤੇ ਸਪੱਸ਼ਟ ਉੱਤਰ ਚਾਹੀਦੇ ਹਨ। ਬੋਇੰਗ, ਜੋ ਪਿਛਲੇ ਸਾਲ ਦੇ 737 ਮੈਕਸ ਕ੍ਰੈਸ਼ ਤੋਂ ਲੈ ਕੇ ਪਿਛਲੇ ਸਾਲ ਦੀ ਸਟਾਰਲਾਈਨਰ ਅਸਫ਼ਲਤਾ (ਜਿਸ ਵਿਚ ਸੁਨੀਤਾ ਵਿਲੀਅਮਸ ਤੇ ਬੁਚ ਵਿਲਮੋਰ ਆਈ.ਐਸ.ਐਸ. 'ਤੇ ਅਟਕ ਗਏ ਸਨ) ਵਿਵਾਦਾਂ ਵਿਚ ਫਸਿਆ ਹੋਇਆ ਹੈ, ਨੂੰ ਬਹੁਤ ਛੇਤੀ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ। ਉਂਝ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ 12 ਜੂਨ, 2025 ਤੱਕ 787 ਡ੍ਰੀਮਲਾਈਨਰ ਦਾ ਇਕਦਮ ਸਾਫ਼-ਸੁਥਰਾ ਰਿਕਾਰਡ ਸੀ। ਆਪਣੇ 14 ਸਾਲ ਦੇ ਇਤਿਹਾਸ ਵਿਚ 1,175 ਜਹਾਜ਼, ਰੋਜ਼ਾਨਾ 2,100 ਉਡਾਨਾਂ, 1 ਬਿਲੀਅਨ ਭਾਵ ਸੌ ਕਰੋੜ ਯਾਤਰੀਆਂ ਨੂੰ ਲੈ ਕੇ ਜਾਣਾ ਤੇ ਇਸ ਸਮੇਂ ਦੌਰਾਨ ਕੋਈ ਵੀ ਡ੍ਰੀਮਲਾਈਨਰ ਹਾਦਸਾਗ੍ਰਸਤ ਨਹੀਂ ਸੀ ਹੋਇਆ। ਪਰ ਇਹ ਵੀ ਸੱਚ ਹੈ ਕਿ ਇਸ ਸਮੇਂ ਦੌਰਾਨ ਡ੍ਰੀਮਲਾਈਨਰ ਜਹਾਜ਼ ਸੰਬੰਧੀ ਸਮੇਂ ਕੁਝ ਸ਼ਕਾਇਤਾਂ ਵੀ ਮਿਲਦੀਆਂ ਰਹੀਆਂ। ਇਕ ਜਹਾਜ਼ ਵਿਚੋਂ ਤੇਲ ਲੀਕ ਹੋਇਆ ਤੇ ਇਕ ਸਮੇਂ ਲਿਥੀਅਮ ਬੈਟਰੀਆਂ ਵਿਚੋਂ ਧੂੰਆਂ ਉੱਠਿਆ ਅਤੇ ਚਿਤਾਵਨੀ ਮਿਲੀ ਕਿ ਇਸ ਦੀ ਕੰਪਿਊਟਰ ਚਿਪ ਨੂੰ ਹੈਕ ਕੀਤਾ ਜਾ ਸਕਦਾ ਹੈ। ਬੋਇੰਗ ਕਰਮਚਾਰੀਆਂ ਨੇ 2019 ਵਿਚ ਖ਼ਰਾਬ ਉਤਪਾਦਨ ਦੀ ਸ਼ਿਕਾਇਤ ਕੀਤੀ ਸੀ ਅਤੇ ਪਿਛਲੇ ਸਾਲ ਇਕ ਗਵਾਹ ਨੇ ਦਾਅਵਾ ਕੀਤਾ ਕਿ ਡ੍ਰੀਮਲਾਈਨਰ ਦੇ ਢਾਂਚੇ ਵਿਚ ਕਮੀਆਂ ਹਨ ਜਿਸ ਦੀ ਵਜ੍ਹਾ ਕਰਕੇ ਉਹ ਉਡਾਨ ਦਰਮਿਆਨ ਖਰਾਬ ਹੋ ਸਕਦਾ ਹੈ।

ਤਿੰਨ ਸਾਲ ਪਹਿਲਾਂ ਏਅਰ ਇੰਡੀਆ ਕੰਪਨੀ ਟਾਟਾ ਗਰੁੱਪ ਦੇ ਕੰਟਰੋਲ ਵਿਚ ਆਈ ਅਤੇ ਸਰਵਿਸ ਫਰੰਟ ਪੱਖੋਂ ਉਸ ਨੂੰ ਅਨੇਕ ਸ਼ਰਮਿੰਦਗੀਆਂ ਦਾ ਸਾਹਮਣਾ ਕਰਨਾ ਪਿਆ ਹੈ ਟਾਇਲਟਸ ਦੀਆਂ ਬੰਦ ਨਾਲੀਆਂ, ਫਟੀਆਂ ਸੀਟਾਂ ਪਰ ਤਾਜ਼ਾ ਹਾਦਸਾ ਸੁਰੱਖਿਆ ਦੇ ਮਹੱਤਵਪੂਰਨ ਮੁੱਦੇ ਨੂੰ ਦਰਸਾਉਂਦਾ ਹੈ। ਇਨ੍ਹਾਂ ਜ਼ੋਖ਼ਮਾਂ ਨੂੰ ਏਅਰ ਕਰਾਫ਼ਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ, ਬੋਇੰਗ ਤੇ ਏਅਰ ਇੰਡੀਆ ਨੂੰ ਮਿਲ ਕੇ ਘੱਟ ਕਰਨਾ ਚਾਹੀਦਾ ਹੈ। ਅਮਰੀਕਾ ਦੇ ਫੈਡਰਲ ਐਵੀਏਸ਼ਨ ਐਡਮਿਨੀਸਟ੍ਰੇਸ਼ਨ ਨੇ ਵੀ ਮਦਦ ਕਰਨ ਦੀ ਪੇਸ਼ਕਸ਼ ਕੀਤੀ ਹੈ। ਡੂੰਘੀ ਜਾਂਚ ਤੋਂ ਬਾਅਦ ਸੁਧਾਰ ਲਈ ਕਦਮ ਚੁੱਕੇ ਜਾਣ, ਤਦ ਹੀ ਲੋਕਾਂ ਨੂੰ ਯਕੀਨ ਹੋ ਸਕੇਗਾ ਕਿ ਆਵਾਜਾਈ ਦਾ ਸਭ ਤੋਂ ਸੁਰੱਖਿਅਤ ਢੰਗ ਉਡਾਨ ਭਰਨਾ ਹੀ ਹੈ। ਇਸ ਹਾਦਸੇ ਤੋਂ ਪਹਿਲਾਂ ਤੱਕ ਭਾਰਤ ਵਿਚ ਇਸ ਸਦੀ ਵਿਚ 230 ਹਵਾਈ ਯਾਤਰੀਆਂ ਦੀ ਮੌਤ ਹੋਈ ਸੀ, ਪਰ ਸਾਡੀਆਂ ਸੜਕਾਂ 'ਤੇ ਰੋਜ਼ਾਨਾ 474 ਲੋਕ ਮਰਦੇ ਹਨ। ਇਸ ਦੇ ਬਾਵਜੂਦ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਰਤ ਦੇ ਸ਼ਹਿਰੀ ਹਵਾਬਾਜ਼ੀ ਭਾਵ ਸਿਵਲ ਐਵੀਏਸ਼ਨ ਖੇਤਰ ਵਿਚ ਛੇਤੀ ਤੋਂ ਛੇਤੀ ਤਕਨੀਕੀ ਸੁਧਾਰ ਦੀ ਜ਼ਰੂਰਤ ਹੈ। ਯਾਤਰੀ ਟ੍ਰੈਫ਼ਿਕ ਦੇ ਹਿਸਾਬ ਨਾਲ ਭਾਰਤ ਵਿਸ਼ਵ ਦਾ ਤੀਜਾ ਸਭ ਤੋਂ ਵੱਡਾ ਹਵਾਬਾਜ਼ੀ ਬਾਜ਼ਾਰ ਹੈ।

ਫਿਲਹਾਲ, ਜੇਕਰ ਅਸੀਂ ਇਸ ਹਾਦਸੇ ਦੇ ਮ੍ਰਿਤਕਾਂ ਦਾ ਸਨਮਾਨ ਕਰਨਾ ਹੈ ਤਾਂ ਸਾਡੀ ਕਿੱਥੇ ਗ਼ਲਤੀ ਹੋਈ ਹੈ ਤੋਂ ਕੁਝ ਜ਼ਿਆਦਾ ਕਰਨਾ ਹੋਵੇਗਾ। ਸਾਨੂੰ ਪੀੜਤਾਂ ਦੇ ਪਿੱਛੇ ਰਹਿ ਗਏ ਪਰਿਵਾਰਾਂ ਨੂੰ ਸਹਾਰਾ ਦੇਣਾ ਹੋਵੇਗਾ, ਸਿਰਫ਼ ਹਾਲੇ ਹੀ ਨਹੀਂ ਸਗੋਂ ਆਉਣ ਵਾਲੇ ਮਹੀਨਿਆਂ ਤੇ ਸਾਲਾਂ ਵਿਚ ਵੀ। ਇਹ ਜ਼ਿੰਮੇਵਾਰੀ ਦੀ ਗੱਲ ਹੈ, ਦੋਸ਼ ਲਗਾਉਣ ਦੀ ਨਹੀਂ। ਚੇਤੇ ਰਹੇ ਕਿ ਹਰ ਹਾਦਸਾ ਲੋਕਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਅੱਜ ਦੁਨੀਆ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਹਵਾ ਨਾਲ ਜੁੜੀ ਹੋਈ ਹੈ, ਇਸ ਲਈ ਸਾਡੀ ਪ੍ਰਤੀਕਿਰਿਆ ਡਾਟੇ ਤੋਂ ਵਧ ਹੋਣੀ ਚਾਹੀਦੀ ਹੈ। ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਕਰੀਏ, ਉਨ੍ਹਾਂ ਦੀ ਦੇਖਭਾਲ ਕਰੀਏ ਅਤੇ ਇਸ ਤਰ੍ਹਾਂ ਦੀ ਵਿਵਸਥਾ ਕਰੀਏ ਕਿ ਉਹ ਸੰਭਲ ਜਾਣ ਤਾਂ ਜਾ ਕੇ ਅਸੀਂ ਕਹਿ ਸਕਾਂਗੇ ਕਿ ਹਵਾਬਾਜ਼ੀ ਖੇਤਰ ਸਿਰਫ਼ ਆਵਾਜਾਈ ਦਾ ਜ਼ਰੀਆ ਨਹੀਂ ਹੈ ਸਗੋਂ ਵਿਸ਼ਵਾਸ ਤੇ ਮਾਨਵਤਾ ਦੀ ਬੁਨਿਆਦ 'ਤੇ ਵੀ।

# ਅਮਰੀਕਾ ਵਿੱਚ ਪਰਵਾਸ ਨੀਤੀ ਖਿਲਾਫ਼ ਸੰਘਰਸ਼



ਡੋਨਲਡ ਟਰੰਪ ਨੇ ਟੈਰਿਫ ਜੰਗ ਤੋਂ ਬਾਅਦ ਅਮਰੀਕਾ ਅੰਦਰ ਹੁਣ ਪਰਵਾਸੀ ਵਿਰੋਧੀ ਜੰਗ ਦਾ ਮੋਰਚਾ ਖੋਲ੍ਹ ਦਿੱਤਾ ਹੈ। ਟਰੰਪ ਦੇ ਟੈਰਿਫ ਸਦਮੇ ਵਿੱਚ ਘਿਰਿਆ ਸੰਸਾਰ ਹੁਣ ਅਮਰੀਕਾ ਅੰਦਰ ਉਸ ਦੁਆਰਾ ਐੱਫਬੀਆਈ, ਆਈਸੀਈ, ਨੈਸ਼ਨਲ ਗਾਰਡ ਆਦਿ ਫੌਜੀ ਤੇ ਇਮੀਗ੍ਰੇਸ਼ਨ ਵਿਭਾਗਾਂ ਨੂੰ ਦਿੱਤੇ ਬੇਲਗਾਮ ਅਧਿਕਾਰਾਂ ਦੇ ਪੈਦਾ ਕੀਤਾ ਖ਼ੌਫ਼ ਦੇਖ ਰਿਹਾ ਹੈ। ਪੁਲੀਸ, ਫੌਜ ਤੇ ਇਮੀਗ੍ਰੇਸ਼ਨ ਏਜੰਸੀਆਂ ਦੀਆਂ ਧੱਕੇਸ਼ਾਹੀਆਂ ਖਿਲਾਫ ਅਮਰੀਕਾ ਦੇ ਦਰਜਨਾਂ ਵੱਡੇ ਸ਼ਹਿਰਾਂ ਵਿੱਚ ਪਰਵਾਸੀਆਂ ਸਮੇਤ ਹਜ਼ਾਰਾਂ ਅਮਰੀਕੀ ਟਰੰਪ ਦੀਆਂ ਪਰਵਾਸੀ ਵਿਰੋਧੀ ਨੀਤੀਆਂ ਦਾ ਸਖ਼ਤ ਵਿਰੋਧ ਕਰ ਰਹੇ ਹਨ। ਪਰਵਾਸੀ ਕਾਮੇ, ਯੂਨੀਵਰਸਿਟੀਆਂ ਦੇ ਵਿਦਿਆਰਥੀਆਂ, ਟਰੇਡ ਯੂਨੀਅਨਾਂ, ਤਬਦੀਲੀਪਸੰਦ ਤੇ ਜਮਹੂਰੀ ਹੱਕਾਂ ਦੀਆਂ ਝੰਡਾਬਰਦਾਰ ਸੰਸਥਾਵਾਂ ਦੇ ਲੋਕ ਨਿੱਤ ਦਿਨ ਸਰਕਾਰੀ ਨੀਤੀਆਂ ਖਿਲਾਫ਼ ਸੜਕਾਂ ’ਤੇ ਉੱਤਰ ਰਹੇ ਹਨ। ਇਸ ਸਮੇਂ ਅਮਰੀਕਾ ਅੰਦਰ ਸਰਕਾਰੀ ਨੀਤੀਆਂ ਖਿਲਾਫ ਦੁਨੀਆ ਭਰ ਵਿੱਚੋਂ ਸਭ ਤੋਂ ਵਿਸ਼ਾਲ ਰੋਸ ਪ੍ਰਦਰਸ਼ਨ ਹੋ ਰਹੇ ਹਨ। ਕਈ ਸ਼ਹਿਰਾਂ ਵਿੱਚ ਇਹ ਰੋਸ ਪ੍ਰਦਰਸ਼ਨ ਹਿੰਸਕ ਰੂਪ ਧਾਰ ਗਏ ਤੇ ਪੁਲੀਸ ਨਾਲ ਸਿੱਧੀ ਝੜਪ ਵਿੱਚ ਬਦਲ ਗਏ। ਵਿਰੋਧ ਪ੍ਰਦਰਸ਼ਨਾਂ ਦੀ ਇਹ ਲਹਿਰ ਅਮਰੀਕਾ ਦੇ ਮੁੱਖ ਸ਼ਹਿਰ ਲਾਸ ਏਂਜਲਸ ਵਿੱਚ ਸਰਕਾਰੀ ਇਮੀਗ੍ਰੇਸ਼ਨ ਏਜੰਸੀਆਂ ਵੱਲੋਂ ਵੱਡੇ ਪੱਧਰ ’ਤੇ ਕੀਤੀ ਛਾਪੇਮਾਰੀ ਅਤੇ ਗ੍ਰਿਫ਼ਤਾਰੀਆਂ ਵਿਰੁੱਧ ਸ਼ੁਰੂ ਹੋ ਕੇ ਪੂਰੇ ਦੇਸ਼ ਵਿੱਚ ਫੈਲ ਰਹੀ ਹੈ।

14 ਜੂਨ ਨੂੰ ਰਾਜਧਾਨੀ ਵਾਸ਼ਿੰਗਟਨ ਡੀਸੀ ਵਿੱਚ ਅਮਰੀਕੀ ਫੌਜ ਦੀ 250ਵੀਂ ਵਰ੍ਹੇਗੰਢ ਅਤੇ ਰਾਸ਼ਟਰਪਤੀ ਡੋਨਲਡ ਟਰੰਪ ਦੇ 79ਵੇਂ ਜਨਮ ਦਿਨ ਦਾ ਜਸ਼ਨ ਮਨਾਉਣ ਲਈ ਵੱਡੀ ਫੌਜੀ ਪਰੇਡ ਕੀਤੀ ਗਈ। ਪ੍ਰਾਈਵੇਟ ਹਥਿਆਰ ਕੰਪਨੀਆਂ ਦੀ ਸਪਾਂਸਰ ਇਸ ਪਰੇਡ ਵਿੱਚ ਭਾਰੀ ਫੌਜੀ ਨਫ਼ਰੀ ਤੇ ਫੌਜੀ ਟੈਂਕ, ਲੜਾਕੂ ਜਹਾਜ਼ਾਂ ਨਾਲ ਸ਼ਕਤੀ ਪ੍ਰਦਰਸ਼ਨ ਕੀਤਾ ਗਿਆ। ਇਸ ਨੇ ਲੋਕਾਂ ਦੇ ਗੁੱਸੇ ਨੂੰ ਹੋਰ ਜ਼ਰਬਾਂ ਦਿੱਤੀਆਂ ਅਤੇ ਦੇਸ਼ ਭਰ ਵਿੱਚ ‘ਨੋ ਕਿੰਗਜ਼’ ਦੇ ਵੱਡੇ ਵਿਰੋਧ ਪ੍ਰਦਰਸ਼ਨ ਹੋਏ ਜੋ ਅਮਰੀਕਾ ਵਿੱਚ ਵਧ ਰਹੀ ਜੰਗਬਾਜ਼ੀ ਅਤੇ ਰਾਸ਼ਟਰਪਤੀ ਦੀ ਵਧਦੀ ਤਾਨਾਸ਼ਾਹੀ ਖਿਲਾਫ ਸਨ।

ਸ਼ੁਰੂ ਵਿੱਚ ਟਰੰਪ ਪ੍ਰਸ਼ਾਸਨ ਨੇ ਕੈਲੀਫੋਰਨੀਆ ਸੂਬੇ ਦੀ ਮੰਗ ਤੋਂ ਬਿਨਾਂ ਹੀ ਸੂਬੇ ਅੰਦਰ ਦੋ ਹਜ਼ਾਰ ਨੈਸ਼ਨਲ ਗਾਰਡ ਤੇ ਮਰੀਨ (ਫੈਡਰਲ ਫ਼ੌਜ) ਤਾਇਨਾਤ ਕਰਨ ਦੇ ਹੁਕਮਾਂ ਦੇ ਦਿੱਤੇ। ਆਈਸੀਈ (ਇਮੀਗ੍ਰੇਸ਼ਨ ਤੇ ਕਸਟਮ ਐਨਫੋਰਸਮੈਂਟ) ਏਜੰਟਾਂ ਨੇ ਤਾਕਤ ਦੀ ਵਰਤੋਂ ਕਰਦਿਆਂ ਸੈਂਕੜੇ ਲੋਕਾਂ ਨੂੰ ਗ੍ਰਿਫਤਾਰ ਕਰ ਕੇ ਵੱਖ-ਵੱਖ ਥਾਵਾਂ ’ਤੇ ਬਣੇ ਨਜ਼ਰਬੰਦੀ ਕੈਂਪਾਂ ਵਿੱਚ ਭੇਜ ਦਿੱਤਾ ਜਿੱਥੇ ਮੁੱਢਲੀਆਂ ਮੈਡੀਕਲ ਤੇ ਭੋਜਨ ਸੇਵਾਵਾਂ ਵੀ ਨਹੀਂ ਸਨ। ਇਸ ਧੱਕੇਸ਼ਾਹੀ ਦਾ ਵਿਰੋਧ ਕਰਨ ਵਾਲੇ ਪ੍ਰਦਰਸ਼ਨਕਾਰੀਆਂ ਉੱਤੇ ਨਕਾਬਪੋਸ਼ ਪੁਲੀਸ/ਫੌਜ ਨੇ ਹੰਝੂ ਗੈਸ, ਮਿਰਚ ਸਪਰੇਅ, ਰਬੜ ਦੀਆਂ ਗੋਲੀਆਂ ਤੇ ਭਾਰੀ ਤਾਕਤ ਦੀ ਵਰਤੋਂ ਕੀਤੀ। ਟਰੰਪ ਨੇ ਸ਼ਾਂਤਮਈ ਪ੍ਰਦਰਸ਼ਨਾਂ ਨੂੰ ‘ਮਹਾਨ ਅਮਰੀਕੀ ਸ਼ਹਿਰ ਲਾਸ ਏਂਜਲਸ ਉੱਤੇ ਪਰਵਾਸੀਆਂ ਤੇ ਅਪਰਾਧੀਆਂ ਵੱਲੋਂ ਹਮਲਾ ਤੇ ਕਬਜ਼ਾ’ ਕਰਨ ਦੇ ਗੈਰ-ਸੰਜੀਦਾ ਤੇ ਸਨਸਨੀਖ਼ੇਜ਼ ਬਿਆਨ ਨੇ ਪਰਵਾਸੀਆਂ ਤੇ ਅਮਰੀਕਾ ਦੇ ਅਗਾਂਹਵਧੂ ਲੋਕਾਂ ਵਿੱਚ ਗੁੱਸੇ ਦੀ ਲਹਿਰ ਪੈਦਾ ਕਰ ਦਿੱਤੀ। ਇਸ ਦੌਰਾਨ ਟਰੰਪ ਦੀਆਂ ਅਰਾਜਕਤਾਵਾਦੀ ਨੀਤੀਆਂ, ਜਿਹਨਾਂ ਵਿੱਚ ਟੈਰਿਫ ਜੰਗ, ਨਿਆਂਪਾਲਿਕਾ ਉੱਤੇ ਦਬਾਅ, ਸੰਵਿਧਾਨਕ ਹੱਦਾਂ ਦੀ ਉਲੰਘਣਾ, ਯੂਨੀਵਰਸਿਟੀਆਂ ਦੀ ਅਕਾਦਮਿਕ ਅਜ਼ਾਦੀ ’ਤੇ ਹਮਲਾ ਤੇ ਫੰਡਾਂ ਵਿੱਚ ਕਟੌਤੀ, ਆਈਸੀਈ ਦੇ ਗੈਰ-ਕਾਨੂੰਨੀ ਛਾਪਿਆਂ ਤੇ ਗ੍ਰਿਫਤਾਰੀਆਂ ਆਦਿ ਖਿਲਾਫ ਰੋਸ ਫੈਲ ਰਿਹਾ ਹੈ। ਅਮਰੀਕੀ ਸਮਾਜ ਅੰਦਰ ਟਰੰਪ ਦੀਆਂ ਅਰਾਜਕ ਨੀਤੀਆਂ, ਲੋਕਤੰਤਰ ਅਤੇ ਸੰਵਿਧਾਨਕ ਅਜ਼ਾਦੀ ਬਾਰੇ ਤਿੱਖੀ ਬਹਿਸ ਛਿੜ ਗਈ ਹੈ।

ਟਰੰਪ ਪ੍ਰਸ਼ਾਸਨ ਦੀਆਂ ਪਰਵਾਸੀ ਵਿਰੋਧੀ ਨੀਤੀਆਂ ਨੇ ਅਮਰੀਕੀ ਸਮਾਜ ਵਿੱਚ ਭੜਕਾਹਟ ਪੈਦਾ ਕਰ ਦਿੱਤੀ ਹੈ। ਪ੍ਰਸ਼ਾਸਨ ਦੇ ਸਰਹੱਦੀ ਜ਼ਾਰ ਟੋਮ ਹੋਮਨ ਨੇ ਲਾਸ ਏਂਜਲਸ ਦੇ ਮੇਅਰ ਅਤੇ ਅਮਰੀਕਾ ਦੇ ਸਭ ਤੋਂ ਵੱਡੇ ਸੂਬੇ ਕੈਲੀਫੋਰਨੀਆ ਦੇ ਗਵਰਨਰ ਨੂੰ ਗ੍ਰਿਫਤਾਰ ਕਰਨ ਤੱਕ ਦੀ ਧਮਕੀ ਦੇ ਦਿੱਤੀ; ਉਪ ਰਾਸ਼ਟਰਪਤੀ ਜੇਡੀ ਵੈਂਸ ਨੇ ਪਰਵਾਸੀਆਂ ਨੂੰ ‘ਹਮਲਾਵਰ ਵਿਦਰੋਹੀ’ ਕਿਹਾ ਹੈ। ਰੱਖਿਆ ਮੰਤਰੀ ਪੀਟ ਹੇਗਸੇਥ ਨੇ ‘ਹਿੰਸਕ ਭੀੜ’ ਤੇ ‘ਪਰਵਾਸੀ ਦੰਗਈਆਂ’ ਨੂੰ ਦਬਾਉਣ ਲਈ ਮਰੀਨ ਭੇਜਣ ਦੀ ਧਮਕੀ ਦਿੱਤੀ ਹੈ ਅਤੇ ਟਰੰਪ ਨੇ ਪ੍ਰਦਰਸ਼ਨਕਾਰੀਆਂ ਨੂੰ ‘ਠੱਗ’ ਕਿਹਾ ਤੇ ਮੂੰਹ ’ਤੇ ਮਾਸਕ ਪਹਿਨ ਕੇ ਮੁਜ਼ਾਹਰਾ ਕਰਨ ਵਾਲਿਆਂ ਦੀ ਗ੍ਰਿਫਤਾਰੀ ਦੀ ਮੰਗ ਕੀਤੀ। ਟਰੰਪ ਦੀ ਸੱਜੀ ਬਾਂਹ, ਉਸ ਦੇ ਸਿਆਸੀ ਸਲਾਹਕਾਰ ਤੇ ਸਮੂਹਿਕ ਦੇਸ਼ ਨਿਕਾਲੇ ਦੇ ਪ੍ਰਾਜੈਕਟ ਦੇ ਮੁਖੀ ਸਟੀਫਨ ਮਿਲਰ ਨੇ ਪਰਵਾਸੀਆਂ ਦੇ ਪ੍ਰਦਰਸ਼ਨਾਂ ਨੂੰ ‘ਅਮਰੀਕਾ ਦੇ ਕਾਨੂੰਨਾਂ ਤੇ ਪ੍ਰਭੂਸੱਤਾ ਵਿਰੁੱਧ ਵਿਦਰੋਹ’ ਦਾ ਨਾਂ ਦਿੱਤਾ ਹੈ।

**ਮਨਦੀਪ**

ਟਰੰਪ ਪ੍ਰਸ਼ਾਸਨ ਪਰਵਾਸੀ ਵਿਰੋਧੀ ਨੀਤੀਆਂ/ਕਾਨੂੰਨਾਂ ਵਿੱਚ ਸਖ਼ਤਾਈ ਤੇ ਸੋਧਾਂ ਕਰ ਕੇ ਅਤੇ ਇਸ ਵਾਸਤੇ ਫੌਜ ਦੀ ਵਰਤੋਂ ਕਰ ਕੇ ਇਸ ਨੂੰ ਕੌਮੀ ਸੁਰੱਖਿਆ ਦਾ ਮੁੱਦਾ ਬਣਾ ਕੇ ਆਪਣੀਆਂ ਨੀਤੀਗਤ ਅਸਫਲਤਾਵਾਂ ਕੱਜ ਰਿਹਾ ਹੈ ਅਤੇ ਅਮਰੀਕਾ ਨੂੰ ਮੁੜ ਮਹਾਨ ਬਣਾਉਣ ਦੇ ਸਿਆਸੀ ਜੁਮਲੇ ਵਾਲੇ ਬਿਰਤਾਂਤ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਦੂਜਾ, ਟਰੰਪ ਦੀਆਂ ਟੈਰਿਫ ਤੇ ਕਾਰਪੋਰੇਟ ਜਮਾਤ ਦੇ ਪੂੰਜੀਪਤੀ ਪੱਖੀ ਨੀਤੀਆਂ ਕਾਰਨ ਅਮਰੀਕੀ ਸਮਾਜ ਵਿੱਚ ਅਮੀਰੀ-ਗਰੀਬੀ ਦਾ ਪਾੜਾ ਵਧ ਰਿਹਾ ਹੈ ਤੇ ਆਮ ਲੋਕਾਂ ਦੀਆਂ ਉਜਰਤਾਂ ਸੁੰਗੜ ਰਹੀਆਂ ਹਨ। ਅਮਰੀਕਾ ਵਿੱਚ ਰਿਹਾਇਸ਼ੀ ਘਰਾਂ, ਮਹਿੰਗਾਈ (ਖਾਸਕਰ ਰਹਿਣ-ਸਹਿਣ ਤੇ ਭੋਜਨ ਪਦਾਰਥਾਂ ’ਚ) ਅਤੇ ਸਿਹਤ ਸੰਭਾਲ ਵੱਡੀ ਸਮੱਸਿਆ ਹੈ। ਸ਼ੋਸ਼ਣਕਾਰੀ ਉਦਯੋਗਕ ਤੇ ਖੇਤੀਬਾੜੀ ਖੇਤਰਾਂ ਵਿੱਚ ਕੰਮ ਕਰਨ ਵਾਲੀ ਪਰਵਾਸੀ ਲੇਬਰ ਲਈ ਆਰਥਿਕ ਮੁਸ਼ਕਿਲਾਂ ਹੋਰ ਵੀ ਵੱਧ ਹਨ। ਗੈਰ-ਦਸਤਾਵੇਜ਼ੀ ਕਾਮਿਆਂ ਲਈ ਹਾਲਤ ਉਜਰਤੀ ਗੁਲਾਮਾਂ ਵਰਗੀ ਹੈ। ਉਦਯੋਗਕ ਤੇ ਖੇਤੀਬਾੜੀ ਖੇਤਰ ਵਿੱਚ ਗੈਰ-ਦਸਤਾਵੇਜ਼ੀ ਕਾਮੇ ਘੱਟ ਤਨਖਾਹ, ਮਾੜੀਆਂ ਕੰਮ ਹਾਲਤਾਂ ਤੇ ਦੁਰਵਿਹਾਰ ਦਾ ਸ਼ਿਕਾਰ ਹਨ। ਲਾਸ ਏਂਜਲਸ ਵਿੱਚ ਮੈਕਸਿਕੋ, ਮੱਧ ਅਮਰੀਕਾ ਤੇ ਬਾਕੀ ਦੇ ਲਾਤੀਨੀ ਮੁਲਕਾਂ ਸਮੇਤ ਸੰਸਾਰ ਭਰ ਵਿੱਚੋਂ 35 ਲੱਖ ਪਰਵਾਸੀ ਵਸਦੇ ਹਨ ਜਿਨ੍ਹਾਂ ਵਿੱਚੋਂ ਅੱਠ ਲੱਖ ਲੋਕ ਗੈਰ-ਦਸਤਾਵੇਜ਼ੀ ਹਨ; ਇਨ੍ਹਾਂ ਵਿੱਚ ਜ਼ਿਆਦਾਤਰ ਮੈਕਸੀਕਨ ਕਾਮੇ ਹਨ। ਟਰੰਪ ਆਪਣੀ ਆਮਦ ਤੋਂ ਪਹਿਲਾਂ ਹੀ ਚੋਣ ਮੁਹਿੰਮ ਵਿੱਚ ਪਰਵਾਸੀ ਵਿਰੋਧੀ ਨਸਲੀ ਬਿਆਨਬਾਜ਼ੀ ਕਰ ਕੇ ਉਨ੍ਹਾਂ ਦੇ ਦੇਸ਼ ਨਿਕਾਲੇ ਉੱਤੇ ਜ਼ੋਰ ਦਿੰਦਾ ਰਿਹਾ ਹੈ। ਅਮਰੀਕਾ ਵਿੱਚ ਮੁੱਖ ਤੌਰ ’ਤੇ ਗੈਰ-ਦਸਤਾਵੇਜ਼ੀ ਮੈਕਸੀਕਨ ਪਰਵਾਸੀ ਤੇ ਫ਼ਲਸਤੀਨ ਪੱਖੀ ਪਰਵਾਸੀ ਨਿਸ਼ਾਨੇ ’ਤੇ ਹਨ। ਇਸ ਲਈ ਟਰੰਪ ਨੈਸ਼ਨਲ ਗਾਰਡਾਂ ਨੂੰ ‘ਵਿਦਰੋਹੀ ਐਕਟ’ (Insurrection Act-1807) ਤਹਿਤ ਲਾਸ ਏਂਜਲਸ ਵਿੱਚ ਸਿੱਧੇ ਫੌਜੀ ਸ਼ਾਸਨ ਅਧੀਨ ਕਰਨ ਦੀ ਮਨਸ਼ਾ ਰੱਖ ਰਿਹਾ ਹੈ। ਅਪ੍ਰੇਸ਼ਨ ਟਰੰਪ ਜਾਂ ਅਪ੍ਰੇਸ਼ਨ ਗੇਟਕੀਪਰ ਤਹਿਤ ਸਰਕਾਰ ਦਾ ਟੀਚਾ ਇੱਕ ਸਾਲ ਵਿੱਚ ਦਸ ਲੱਖ ਗੈਰ-ਦਸਤਾਵੇਜ਼ੀ (ਸਰਕਾਰ ਮੁਤਾਬਕ ਗੈਰ-ਕਾਨੂੰਨੀ) ਪਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦਾ ਹੈ। ਇਸੇ ਤਹਿਤ ਰੋਜ਼ਾਨਾ 3000 ਗ੍ਰਿਫਤਾਰੀਆਂ ਕਰਨ ਦਾ ਖ਼ਦਸ਼ਾ ਹੈ।







ਅਮਰੀਕਾ ਵਿੱਚ ਅਸਹਿਮਤੀ ਦੀ ਹਰ ਆਵਾਜ਼ ਨੂੰ ਜਬਰੀ ਤੇ ਹਿੰਸਕ ਢੰਗ ਨਾਲ ਦਬਾਇਆ ਜਾ ਰਿਹਾ ਹੈ। ਫ਼ਲਸਤੀਨੀਆਂ ਦੀ ਨਸਲਕੁਸ਼ੀ ਵਿਰੋਧੀ ਵਿਦਿਆਰਥੀ ਸੰਘਰਸ਼ਾਂ ਨੂੰ ਯਹੂਦੀ ਵਿਰੋਧੀ ਤੇ ਗੈਰ-ਕਾਨੂੰਨੀ ਕਰਾਰ ਦਿੱਤਾ ਜਾ ਰਿਹਾ ਹੈ ਅਤੇ ਨਾਮਵਰ ਯੂਨੀਵਰਸਿਟੀਆਂ ਦੇ ਫੰਡਾਂ ’ਚ ਭਾਰੀ ਕਟੌਤੀ ਕਰ ਕੇ ਉਨ੍ਹਾਂ ਨੂੰ ਦਬਕਾਇਆ ਜਾ ਰਿਹਾ ਹੈ। ਟਰੰਪ ਦੀਆਂ ਟੈਰਿਫ ਨੀਤੀਆਂ ਨੂੰ ਚੁਣੌਤੀ ਪੇਸ਼ ਕਰਨ ਵਾਲੇ ਜੱਜਾਂ ਨੂੰ ‘ਕੱਟੜਪੰਥੀ ਖੱਬੇ ਪੱਖੀ ਪਾਗਲ’ ਕਿਹਾ ਜਾ ਰਿਹਾ ਹੈ। ਜੇ ਟਰੰਪ ਆਪਣੀ ਦਮਨਕਾਰੀ ਨੀਤੀ ਜਾਰੀ ਰੱਖਦਾ ਹੈ ਤਾਂ ਅਮਰੀਕਾ ਇਤਿਹਾਸ ਦੇ ਸਭ ਤੋਂ ਵੱਡੇ ਲੋਕਤੰਤਰ ਵਿਰੋਧੀ ਦੌਰ ਵਿੱਚ ਦਾਖਲ ਹੋ ਜਾਵੇਗਾ।

ਇਸ ਦੌਰਾਨ ਪਰਵਾਸੀ ਪੂਰੇ ਸਾਹਸ ਨਾਲ ਟਰੰਪ ਦੀਆਂ ਵਧੀਕੀਆਂ ਦਾ ਵਿਰੋਧ ਕਰ ਰਹੇ ਹਨ। ਟਰੰਪ ਪ੍ਰਸ਼ਾਸਨ ਸੰਕਟ ਦੀ ਅਸਲ ਜੜ੍ਹ ਨੂੰ ਸੰਬੋਧਿਤ ਹੋਣ ਦੀ ਬਜਾਏ ਗੈਰ-ਦਸਤਾਵੇਜ਼ੀ ਪਰਵਾਸੀਆਂ ਉੱਤੇ ਸਾਰੀਆਂ ਸਮਾਜਿਕ-ਆਰਥਿਕ ਸਮੱਸਿਆਵਾਂ ਦਾ ਦੋਸ਼ ਮੜ੍ਹ ਰਿਹਾ ਹੈ। ਘੱਟ ਤਨਖਾਹਾਂ, ਰੁਜ਼ਗਾਰ ਦੇ ਮੌਕਿਆਂ ਦਾ ਲਗਾਤਾਰ ਸੁੰਗੜਨਾ, ਵਧਦੀ ਮਹਿੰਗਾਈ ਅਤੇ ਮਾੜੀ ਸਿਹਤ ਸੰਭਾਲ ’ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ ਟਰੰਪ ਸਰਕਾਰ ਅਰਬਪਤੀਆਂ ਨੂੰ ਲਾਭ ਪਹੁੰਚਾਉਣ ਤੇ ਪਰਵਾਸੀਆਂ ਨੂੰ ਬਲੀ ਦੇ ਬੱਕਰੇ ਬਣਾ ਕੇ ਪੇਸ਼ ਕਰ ਰਹੀ ਹੈ। ਲਾਸ ਏਂਜਲਸ ਤੋਂ ਸ਼ੁਰੂ ਹੋ ਕੇ ਅਮਰੀਕਾ ਵਿੱਚ ਫੈਲੇ ਪ੍ਰਦਰਸ਼ਨਾਂ ਦੀ ਇਹ ਖਾਸੀਅਤ ਹੈ ਕਿ ਇਹ ਮਹਿਜ਼ ਗੈਰ-ਦਸਤਾਵੇਜ਼ੀ ਮੈਕਸੀਕਨ ਪਰਵਾਸੀਆਂ ਦੇ ਕਾਨੂੰਨੀ ਅਧਿਕਾਰਾਂ ਦੀ ਰੱਖਿਆ ਦੀ ਮੰਗ ਤੱਕ ਹੀ ਸੀਮਤ ਨਹੀਂ ਬਲਕਿ ਟਰੰਪ ਦੀ ਫਾਸ਼ੀਵਾਦੀ ਸੱਤਾਧਾਰੀ ਵਿਚਾਰਧਾਰਾ ਨੂੰ ਚੁਣੌਤੀ ਦੇ ਰਹੇ ਹਨ; ਇਹ ਅਮਰੀਕੀ ਸਮਾਜ ਦੇ ਬੁਨਿਆਦੀ ਤੇ ਸਿਆਸੀ ਸਵਾਲਾਂ ਨੂੰ ਕੇਂਦਰ ਵਿੱਚ ਲਿਆ ਰਹੇ ਹਨ ਤੇ ਤਬਦੀਲੀ ਦੀ ਮੰਗ ਕਰ ਰਹੇ ਹਨ।

ਟਰੰਪ ਦੇ ਫੌਜੀ ਤਾਕਤ ਦੀ ਵਰਤੋਂ ਨੂੰ ਆਮ ਬਣਾਉਣ ਦੇ ਯਤਨ ਪੋਸੇ ਕਾਮੀਟੈਟਸ ਐਕਟ-1878 ਦੀ ਸਿੱਧੀ ਉਲੰਘਣਾ ਹਨ ਜੋ ਘਰੇਲੂ ਕਾਨੂੰਨ ਲਾਗੂ ਕਰਨ ਲਈ ਫੌਜ ਦੀ ਵਰਤੋਂ ’ਤੇ ਪਾਬੰਦੀ ਲਗਾਉਂਦਾ ਹੈ। ਅਧਿਕਾਰੀਆਂ ਨੇ ਨਸਲਵਾਦੀ ਬਿਆਨਾਂ, ਝੂਠੇ ਤੇ ਭੜਕਾਊ ਬਿਰਤਾਂਤ ਨਾਲ ਲਾਸ ਏਂਜਲਸ ਅਤੇ ਹੋਰ ਸ਼ਹਿਰਾਂ ਵਿੱਚ ਪ੍ਰਦਰਸ਼ਨਾਂ ਨੂੰ ‘ਬਗਾਵਤ’ ਕਿਹਾ ਹੈ ਤੇ 1807 ਦੇ ਵਿਦਰੋਹ ਐਕਟ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਹੈ।

ਸੰਸਾਰ ਭਰ ਵਿੱਚ ਜੰਗਾਂ, ਕੁਦਰਤੀ ਆਫ਼ਤਾਂ ਅਤੇ ਆਰਥਿਕ-ਸਮਾਜਿਕ ਸੰਕਟ ਵਧਣ ਨਾਲ ਪਰਵਾਸ ਤੇ ਸ਼ਰਨਾਰਥੀ ਸੰਕਟ ਅਜੇ ਹੋਰ ਵਧਣਾ ਹੈ। ਮੱਧ ਪੂਰਬ, ਲਾਤੀਨੀ ਅਮਰੀਕਾ ਅਤੇ ਅਫਰੀਕਨ ਮੁਲਕ ਇਸ ਵਜੋਂ ਉਜਾੜੇ ਦੇ ਵੱਡੇ ਕੇਂਦਰ ਹੋਣਗੇ। ਵਧਦੀ ਵਿਸ਼ਵਵਿਆਪੀ ਇਮੀਗ੍ਰੇਸ਼ਨ ਅਮਰੀਕਾ ਸਮੇਤ ਸੰਸਾਰ ਦੇ ਵਿਕਸਿਤ ਮੁਲਕਾਂ ਦੇ ਸਿਆਸੀ ਖੇਤਰ ਵਿੱਚ ਕੇਂਦਰੀ ਭੂਮਿਕਾ ਨਿਭਾਏਗੀ। ਇਸ ਸਮੇਂ ਅਮਰੀਕੀ ਸਾਮਰਾਜ ਆਪਣੇ ਢਾਂਚਾਗਤ ਸੰਕਟ ਵਿੱਚ ਫਸਿਆ ਹੋਇਆ ਹੈ ਜਿਸ ਦੇ ਸਿੱਟੇ ਵਜੋਂ ਇਹ ਹੋਰ ਵੱਧ ਅਰਾਜਕ ਤੇ ਫਾਸ਼ੀ ਰੁਖ਼ ਅਪਣਾ ਰਿਹਾ ਹੈ। ਇਸ ਲਈ ਪਰਵਾਸੀ ਤੇ ਸਥਾਨਕ ਕਾਮਿਆਂ ਨੂੰ ਕਿਰਤ ਲੁੱਟ, ਦੇਸ਼ ਨਿਕਾਲੇ, ਚੰਗੀਆਂ ਕੰਮ ਹਾਲਤਾਂ, ਰੁਜ਼ਗਾਰ, ਕੰਮ ਘੰਟੇ ਤੇ ਕੰਮ ਦੇ ਹਫ਼ਤੇ ਘੱਟ ਕਰਨ ਦੀ ਮੰਗ ਕਰਦਿਆਂ ਪਰਵਾਸੀ ਕਾਮਿਆਂ ਅਤੇ ਅਮਰੀਕਾ ਵਿੱਚ ਜਨਮੇ ਕਾਮਿਆਂ ਵਿਚਕਾਰ ਏਕਤਾ ਤੇ ਸੰਘਰਸ਼ ਦੀ ਲਹਿਰ ਤੇ ਚੇਤਨਾ ਪੈਦਾ ਕਰਨ ਦੀ ਜ਼ਰੂਰਤ ਹੈ।

# ਖ਼ਾਲਸਾ ਪੰਥ ਦੀ ਸੁਤੰਤਰਤਾ ਤੇ ਚੜ੍ਹਦੀ ਕਲਾ ਦਾ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ

ਤਲਵਿੰਦਰ ਸਿੰਘ ਬੁੱਟਰ

ਸ੍ਰੀ ਅਕਾਲ ਤਖ਼ਤ ਸਾਹਿਬ ਖ਼ਾਲਸਾ ਪੰਥ ਦੀ ਸੁਤੰਤਰਤਾ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਗ਼ੈਰ-ਰਾਜੀ ਸਿੰਘਾਸਣ ਹੈ। ਸਿੱਖ ਕੌਮ ਕੋਲ ਜਿੱਥੇ ਰੂਹਾਨੀਅਤ ਪੱਖ ਤੋਂ ਅਗਵਾਈ ਲਈ ਸਰਬਸਾਂਝਾ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਰਬਸਾਂਝਾ ਕੇਂਦਰੀ ਧਰਮ ਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਮੌਜੂਦ ਹੈ, ਉੱਥੇ ਸਮੇਂ-ਸਮੇਂ ਰਾਜਨੀਤਕ ਅਗਵਾਈ ਲਈ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਪੰਜ ਤਖ਼ਤ ਸਾਹਿਬਾਨ ਵੀ ਹਨ। ਇਨ੍ਹਾਂ ਪੰਜਾਂ ਤਖ਼ਤਾਂ 'ਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਸਰਬਉੱਚ ਹੋਣ ਦੇ ਨਾਲ-ਨਾਲ ਸਿੱਖ ਮਾਨਸਿਕਤਾ ਦੀ ਪ੍ਰਭੂਸੱਤਾ ਦਾ ਕੇਂਦਰੀ ਧੁਰਾ ਵੀ ਹੈ।

ਇਸ ਤਖ਼ਤ ਦੀ ਸਿਰਜਣਾ ਦੇ ਹਾਲਾਤ, ਉਦੇਸ਼, ਸੰਕਲਪ ਤੇ ਸਿਧਾਂਤ ਸਿੱਖ ਸਮਾਜ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵਿਸ਼ੇਸ਼ ਮਹੱਤਤਾ ਦੇ ਧਾਰਨੀ ਬਣਾਉਂਦੇ ਹਨ। ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮੁਗ਼ਲ ਹਾਕਮ ਜਹਾਂਗੀਰ ਵਲੋਂ ਸ਼ਹੀਦ ਕਰਨ ਤੋਂ ਬਾਅਦ ਸਿੱਖ ਸਮਾਜ ਅੰਦਰ ਅਜੀਬ ਕਿਸਮ ਦੇ ਹਾਲਾਤ ਬਣ ਗਏ ਸਨ। ਸਿੱਖ ਧਰਮ ਦੀ ਭਗਤੀ ਲਹਿਰ ਨੂੰ ਰਾਜਸੀ ਪ੍ਰਭੂਸੱਤਾ ਦੇ ਪ੍ਰਭਾਵ ਤੋਂ ਮੁਕਤ ਰੱਖਣ ਅਤੇ ਸਿੱਖਾਂ ਅੰਦਰ ਜ਼ੁਲਮ ਨਾਲ ਟਾਕਰੇ ਲਈ ਨਵੀਂ ਕਿਸਮ ਦਾ ਜੋਸ਼ ਤੇ ਉਤਸ਼ਾਹ ਪੈਦਾ ਕਰਨ ਲਈ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦਾ ਸਿਧਾਂਤ ਦਿੱਤਾ, ਜਿਹੜਾ ਭਗਤੀ ਤੇ ਸ਼ਕਤੀ ਦਾ ਸੁਮੇਲ ਸੀ। ਰੂਹਾਨੀਅਤ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪ੍ਰਭੂਸੱਤਾ ਸੰਪੰਨ ਗ਼ੈਰ-ਰਾਜੀ ਪੰਥਕ ਰਾਜ ਸਿੰਘਾਸਣ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ। ਕਵੀ ਸੋਹਣ ਰਚਿਤ 'ਗੁਰਬਿਲਾਸ ਪਾਤਿਸ਼ਾਹੀ ਛੇਵੀਂ' ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਹਾੜ ਸੁਦੀ ਪੰਚਮੀ, ਸੰਮਤ 1763 ਬਿਕਰਮੀ ਮੁਤਾਬਿਕ ਜੂਨ 1606 ਈਸਵੀ ਨੂੰ ਹੋਈ। ਨੀਂਹ ਰੱਖਣ ਦੀ ਰਸਮ ਅਤੇ ਉਸਾਰੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਖ਼ੁਦ ਆਪਣੇ ਪਵਿੱਤਰ ਕਰ-ਕਮਲਾਂ ਨਾਲ ਕੀਤੀ। ਨਾਲ ਉਸਾਰੀ ਦਾ ਕਾਰਜ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਨੇ ਕੀਤਾ। ਗੁਰੂ ਜੀ ਨੇ ਇਸ ਤਖ਼ਤ ਦਾ ਪਹਿਲਾ ਜਥੇਦਾਰ-ਪ੍ਰਬੰਧਕ ਭਾਈ ਗੁਰਦਾਸ ਜੀ ਨੂੰ ਹੀ ਥਾਪਿਆ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੰਘਾਸਣ 'ਤੇ ਬਿਰਾਜਮਾਨ ਹੋ ਕੇ ਛੇਵੇਂ ਗੁਰੂ ਸਿੱਖਾਂ ਨੂੰ ਜ਼ੁਲਮ ਨਾਲ ਲੜਨ ਲਈ ਹਥਿਆਰਬੰਦ ਲੜਾਈ ਦੀ ਪ੍ਰੇਰਨਾ ਦਿੰਦੇ। ਛੇਵੇਂ ਪਾਤਿਸ਼ਾਹ ਨੇ ਇੱਥੋਂ ਹੀ ਸਿੱਖਾਂ ਲਈ ਪਹਿਲਾ ਹੁਕਮਨਾਮਾ ਜਾਰੀ ਕਰਕੇ ਮੁਗ਼ਲ ਹਕੂਮਤ ਦੀ ਲਗਾਈ ਪਾਬੰਦੀ ਦੇ ਉਲਟ ਸਿੱਖਾਂ ਨੂੰ ਵਧੀਆ ਸ਼ਸਤਰ ਅਤੇ ਘੋੜੇ ਆਦਿ ਰੱਖਣ ਅਤੇ ਭੇਟ ਕਰਨ ਦੇ ਹੁਕਮ ਕੀਤੇ।

ਜਲਦੀ ਹੀ ਸੈਂਕੜਿਆਂ ਦੀ ਗਿਣਤੀ ਵਿਚ ਹਥਿਆਰਬੰਦ ਘੋੜ ਸਵਾਰ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਇਕੱਤਰ ਹੋਣ ਲੱਗੇ। ਗੁਰੂ ਸਾਹਿਬ ਨੇ ਸੂਰਬੀਰ ਸਿੱਖਾਂ ਨੂੰ ਚਾਰ ਜਥਿਆਂ ਵਿਚ ਵੰਡ ਕੇ ਇਕ ਜਥੇਬੰਦਕ ਫ਼ੌਜ ਦਾ ਰੂਪ ਦੇ ਦਿੱਤਾ। ਇਨ੍ਹਾਂ ਚਾਰ ਜਥਿਆਂ ਦੇ ਮੁਖੀ ਭਾਈ ਬਿਧੀ ਚੰਦ, ਭਾਈ ਪਿਰਾਨਾ, ਭਾਈ ਜੇਠਾ ਅਤੇ ਪੈਂਦੇ ਖ਼ਾਂ ਨੂੰ ਥਾਪਿਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਿਰਾਜਮਾਨ ਹੁੰਦੇ ਅਤੇ ਸਾਹਮਣੇ ਵਿਹੜੇ ਵਿਚ ਦਰਬਾਰ ਸਜਦਾ। ਢਾਡੀ ਬੀਰ ਰਸ ਭਰਪੂਰ ਵਾਰਾਂ ਗਾਉਂਦੇ ਅਤੇ ਸਿੱਖਾਂ ਵਿਚ ਜੋਸ਼ ਅਤੇ ਬੀਰ ਰਸ ਭਰਦੇ।

ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ, 'ਹਰਿਮੰਦਰ ਸਾਹਿਬ ਦੇ ਸਾਹਮਣੇ ਇਹ ਤਖ਼ਤ ਇਸ ਲਈ ਬਣਾਇਆ ਗਿਆ ਕਿ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਕਰਦਾ ਜੀਵ, ਸਿਆਸਤ ਕਿਸੇ ਦੇ ਹਵਾਲੇ ਨਾ ਕਰੇ ਤੇ ਸਿਆਸਤ ਨੂੰ ਮਾੜਾ ਕਹਿ ਕੇ ਨਾ ਧਿਰਕਾਰੇ, ਸਗੋਂ ਇਸ ਨੂੰ ਨਿਗਾਹਬਾਨ ਸਮਝੇ। ਦੂਜੇ ਪਾਸੇ, ਤਖ਼ਤ ਦਾ ਮਾਲਕ ਬਣਾਇਆ ਗਿਆ ਕਿ ਧਰਮ ਦਾ ਸਤਿਕਾਰ ਕਾਇਮ ਰਹੇ।'

ਗੁਰੂ ਸਾਹਿਬਾਨ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਦਾ ਅੰਮ੍ਰਿਤ ਸਰੋਵਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਸਿੱਖਾਂ ਲਈ ਰੂਹਾਨੀ ਤੇ ਜੰਗੀ ਜਜ਼ਬੇ ਦਾ ਸਰੋਤ ਰਹੇ ਹਨ। ਦੀਵਾਲੀ ਤੇ ਵਿਸਾਖੀ ਮੌਕੇ ਇੱਥੇ ਸਰਬੱਤ ਖ਼ਾਲਸਾ ਸੱਦਿਆ ਜਾਂਦਾ ਅਤੇ ਸਮੁੱਚੀਆਂ ਪੰਥਕ ਜਥੇਬੰਦੀਆਂ ਵਲੋਂ ਗੰਭੀਰ ਪੰਥਕ ਮਸਲਿਆਂ ਦੇ ਸਰਬਸੰਮਤੀ ਨਾਲ ਹੱਲ ਤੋਂ ਇਲਾਵਾ ਸੰਕਟ-ਕਾਲੀਨ ਹਾਲਾਤ ਦਾ ਸਾਹਮਣਾ ਕਰਨ ਲਈ ਵਿਉਂਤਬੰਦੀਆਂ ਕੀਤੀਆਂ ਜਾਂਦੀਆਂ ਰਹੀਆਂ।

ਅਹਿਮਦ ਸ਼ਾਹ ਅਬਦਾਲੀ ਜਦੋਂ ਸਤੰਬਰ 1764 ਵਿਚ ਸੱਤਵੀਂ ਵਾਰ ਭਾਰਤ 'ਤੇ ਹਮਲਾਵਰ ਹੋ ਕੇ ਆਇਆ। ਇਸ ਦੌਰਾਨ ਉਸ ਨੇ ਸ੍ਰੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕਰਕੇ ਇਸ ਦੀ ਮੂਲ ਬੁਰਜੀ ਅਤੇ ਇਮਾਰਤ ਨੂੰ ਢਾਹ ਦਿੱਤਾ ਅਤੇ ਇਸ ਦੇ ਜਥੇਦਾਰ ਭਾਈ ਗੁਰਬਖ਼ਸ਼ ਸਿੰਘ ਸਾਥੀ ਸਿੰਘਾਂ ਸਮੇਤ ਸ਼ਹੀਦ ਹੋ ਗਏ। 10 ਅਪ੍ਰੈਲ 1765 ਨੂੰ ਸਿੱਖ ਪੰਥ ਨੇ ਸਰਬੱਤ ਖ਼ਾਲਸਾ ਵਿਚ ਗੁਰਮਤਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੁੜ ਉਸਾਰੀ ਕਰਨ ਦਾ ਫ਼ੈਸਲਾ ਕੀਤਾ। ਸਮੁੱਚੀ ਕਾਰ ਸੇਵਾ ਲਈ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਜੈ ਸਿੰਘ ਕਨੱਈਆ, ਤਾਰਾ ਸਿੰਘ ਘੈਬਾ ਅਤੇ ਚੜ੍ਹਤ ਸਿੰਘ ਸ਼ੁਕਰਚਕੀਆ 'ਤੇ ਆਧਾਰਿਤ ਇਕ ਜਥਾ ਨੀਯਤ ਕੀਤਾ ਗਿਆ। ਇਸ ਜਥੇ ਨੇ ਸੰਗਤ ਤੋਂ ਮਾਇਆ ਇਕੱਤਰ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਇਕ ਚਾਦਰ ਵਿਛਾਈ। ਸੰਗਤ ਨੇ ਇਸ ਚਾਦਰ ਨੂੰ ਪੈਸਿਆਂ ਨਾਲ ਭਰ ਦਿੱਤਾ। ਇਹ ਰਕਮ ਸ਼ਹਿਰ ਦੇ ਹੀ ਇਕ ਸਹਿਜਧਾਰੀ ਸਿੱਖ ਭਾਈ ਦੇਸ ਰਾਜ ਕੋਲ ਜਮ੍ਹਾਂ ਕਰਵਾ ਦਿੱਤੀ ਗਈ ਅਤੇ ਉਹ ਸਮੇਂ-ਸਮੇਂ ਸੇਵਾ ਵਿਚ ਪੈਸੇ ਮੁਹੱਈਆ ਕਰਵਾਉਂਦੇ ਰਹੇ। ਸੰਨ 1766 ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਬੁੰਗੇ ਦੀ ਸੇਵਾ ਮੁਕੰਮਲ ਹੋ ਗਈ। ਉੱਪਰਲੀਆਂ ਚਾਰ ਮੰਜ਼ਿਲਾਂ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਵੇਲੇ ਮੁਕੰਮਲ ਹੋਈਆਂ। ਸਭ ਤੋਂ ਉੱਪਰਲਾ ਬੰਗਲਾ ਅਤੇ ਸੁਨਹਿਰੀ ਗੁੰਬਦ ਦੀ ਉਸਾਰੀ ਸਰਦਾਰ ਹਰੀ ਸਿੰਘ ਨਲਵਾ ਨੇ ਕਰਵਾਈ। ਜੂਨ 1984 ਵਿਚ ਭਾਰਤੀ ਫ਼ੌਜ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕਰਕੇ ਇਸ ਦੀ ਉੱਪਰਲੀ ਇਮਾਰਤ ਨੂੰ ਢਾਹ ਦਿੱਤਾ। ਭਾਰਤ ਸਰਕਾਰ ਨੇ ਹਮਲੇ ਤੋਂ ਬਾਅਦ ਇਸ ਦੀ ਮੁੜ ਉਸਾਰੀ ਨਿਹੰਗ ਮੁਖੀ ਬਾਬਾ ਸੰਤਾ ਸਿੰਘ ਰਾਹੀਂ ਕਰਵਾ ਦਿੱਤੀ ਪਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ 1986 ਵਿਚ ਸਿੱਖ ਪੰਥ ਨੇ ਸਰਬੱਤ ਖ਼ਾਲਸਾ ਬੁਲਾ ਕੇ ਸਰਕਾਰ ਦੇ ਬਣਾਏ ਅਕਾਲ ਤਖ਼ਤ ਸਾਹਿਬ ਨੂੰ ਪ੍ਰਵਾਨ ਨਹੀਂ ਕੀਤਾ ਅਤੇ ਉਸ ਨੂੰ ਢਾਹ ਕੇ ਮੁੜ ਕਾਰ ਸੇਵਾ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾ ਦਿੱਤੀ। ਇਸ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਅਵਚੇਤਨ ਵਿਚ ਕਿਸੇ ਵੀ ਦੁਨਿਆਵੀ ਰਾਜ ਤਖ਼ਤ ਨਾਲੋਂ ਵੀ ਸ਼ਕਤੀਸ਼ਾਲੀ ਪ੍ਰਭੂਸੱਤਾ ਸੰਪੰਨ 'ਤਖ਼ਤ' ਵਜੋਂ ਮਾਨਤਾ ਰੱਖਦਾ ਹੈ। ਇਸ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਆਪਣੇ-ਆਪ ਵਿਚ ਸਿੱਖਾਂ ਦੀ ਇਕ ਸਰਬਉੱਚ ਸੰਸਥਾ ਹੈ।





# ਵਿਸ਼ਵ ਸਿੱਖ ਕੌਂਸਲ ਸਮੇਂ ਦੀ ਲੋੜ

ਕੁਲਦੀਪ ਸਿੰਘ ਧਨੌਲਾ

ਪਿਛਲੇ ਕੁਝ ਸਮੇਂ ਤੋਂ ਸਿੱਖਾਂ ਵਿਚ ਆਪਸੀ ਤਕਰਾਰ 'ਚ ਵਾਧਾ ਹੋ ਰਿਹਾ ਹੈ। ਸਿੱਖੀ ਰਵਾਇਤਾਂ ਅਨੁਸਾਰ ਰਲ਼-ਬੈਠ ਵਿਚਾਰ ਕਰਕੇ ਮਤਭੇਦਾਂ ਨੂੰ ਦੂਰ ਕਰਨ ਦੀ ਥਾਂ ਨਿਮਰਤਾ ਤੇ ਮਿੱਠੀ ਬਾਣੀ ਨੂੰ ਤਿਆਗ ਝਗੜੇ ਹੋ ਰਹੇ ਹਨ। ਗੁਰੂ ਗ੍ਰੰਥ ਸਾਹਿਬ ਵਲੋਂ ਬਖਸ਼ਿਸ਼ ਜੀਵਨ-ਜਾਚ ਨੂੰ ਪ੍ਰਚਾਰਨ ਦੀ ਥਾਂ ਆਪਸੀ ਮਤਭੇਦਾਂ ਵਿਚ ਵਾਧਾ ਹੋ ਰਿਹਾ ਹੈ। ਸਾਡੇ ਬਹੁਤੇ ਬੁੱਧਜੀਵੀ ਤੇ ਪ੍ਰਚਾਰਕ, ਜਿਨ੍ਹਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ, ਉਹ ਖ਼ੁਦ ਰਾਹ ਤੋਂ ਭਟਕ ਰਹੇ ਹਨ। ਬਹੁਤੇ ਬੁੱਧਜੀਵੀ ਪ੍ਰਚਾਰ ਦੀ ਥਾਂ ਇਹ ਖੋਜ ਕਰ ਰਹੇ ਹਨ ਕਿ ਗੁਰੂ ਨਾਨਕ ਦੇਵ ਜੀ ਦਾ ਦਾ ਪ੍ਰਕਾਸ਼ ਕੱਤਕ ਵਿਚ ਹੋਇਆ ਜਾਂ ਵਿਸਾਖ ਵਿਚ, ਉਨ੍ਹਾਂ ਨਾਲ ਬਾਲਾ ਸੀ ਜਾਂ ਨਹੀਂ, ਉਹ ਮੱਕੇ ਮਦੀਨੇ ਗਏ ਸਨ ਜਾਂ ਨਹੀਂ। ਦੂਜੇ ਪਾਸੇ ਪ੍ਰਚਾਰਕ ਆਪਣਾ ਪ੍ਰਚਾਰ ਕਰਾਮਾਤੀ ਸਾਖੀਆਂ ਤੱਕ ਸੀਮਤ ਕਰ ਰਹੇ ਹਨ। ਆਪਸੀ ਵਧ ਰਹੇ ਝਗੜਿਆਂ ਨੂੰ ਨਜਿੱਠਣ ਵੱਲ ਕਿਸੇ ਦਾ ਵੀ ਧਿਆਨ ਨਹੀਂ ਹੈ।

ਗੁਰੂ ਨਾਨਕ ਦੇਵ ਜੀ ਨੇ ਜ਼ੁਲਮ, ਜਬਰ ਤੇ ਮਨੁੱਖੀ ਨਾ-ਬਰਾਬਰੀ ਵਿਰੁੱਧ ਮੁਹਿੰਮ ਸ਼ੁਰੂ ਕੀਤੀ। ਇਸ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਇਨਕਲਾਬ ਦੀ ਸੰਪੂਰਨਤਾ ਗੁਰੂ ਜੀ ਦੇ ਦਸਵੇਂ ਜਾਮੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ। ਦਸਮੇਸ਼ ਪਿਤਾ ਨੇ ਖ਼ਾਲਸੇ ਦੀ ਸਿਰਜਣਾ ਕਰਕੇ ਸੰਸਾਰ 'ਚੋਂ ਮਨੁੱਖੀ ਵਿਤਕਰੇ ਮੇਟ ਸਭਨਾਂ ਨੂੰ ਬਰਾਬਰੀ ਦੀ ਬਖ਼ਸ਼ਿਸ਼ ਕੀਤੀ। ਉਨ੍ਹਾਂ ਸਿਰਫ਼ ਸਮਾਜਿਕ ਬਰਾਬਰੀ ਹੀ ਸਥਾਪਤ ਨਹੀਂ ਕੀਤੀ, ਸਗੋਂ ਅੰਮ੍ਰਿਤ ਦੀ ਦਾਤ ਨਾਲ ਨਿਮਾਣਿਆਂ ਨੂੰ ਮਾਣ, ਨਿਤਾਣਿਆਂ ਨੂੰ ਤਾਣ ਤੇ ਨਿਉਟਿਆਂ ਨੂੰ ਓਟ ਬਖ਼ਸ਼ੀ, ਜਿਨ੍ਹਾਂ ਨੇ ਸੱਚ ਤੇ ਹੱਕ ਦੀ ਲੜਾਈ ਲਈ ਆਪਣੇ-ਆਪ ਨੂੰ ਤਿਆਰ ਕੀਤਾ। ਕਿਰਤੀਆਂ ਨੇ ਜਦੋਂ ਹਥਿਆਰ ਚੁੱਕੇ ਤਾਂ ਉਸ ਵੇਲੇ ਦੀ ਸਭ ਤੋਂ ਵੱਡੀ ਜ਼ਾਲਮ ਹਕੂਮਤ ਦਾ ਤਖ਼ਤਾ ਪਲਟ ਕੇ ਰੱਖ ਦਿੱਤਾ। ਸਿੰਘ ਸਜੇ ਲੋਕ ਸੰਤ-ਸਿਪਾਹੀ ਦਾ ਰੂਪ ਬਣੇ, ਜਿਹੜੇ ਗ੍ਰਹਿਸਥੀ ਜੀਵਨ ਵਿਚ ਸੰਤਾਂ ਵਾਲਾ ਜੀਵਨ ਜਿਊਂਦੇ ਸਨ ਪਰ ਜ਼ੁਲਮ ਵਿਰੁੱਧ ਲੜਨ ਤੇ ਮਜ਼ਲੂਮਾਂ ਦੀ ਰਾਖੀ ਸਮੇਂ ਸਿਪਾਹੀ ਦਾ ਰੂਪ ਧਾਰ ਲੈਂਦੇ ਸਨ।

ਸਿੱਖ ਧਰਮ ਕਰਮ ਕਾਂਡਾਂ ਤੋਂ ਰਹਿਤ ਵਿਗਿਆਨਕ ਸੋਚ ਆਧਾਰਿਤ ਇਕ ਨਵਾਂ ਧਰਮ ਹੈ। ਇਸ ਵਿਚ ਸਫ਼ਲ ਤੇ ਸੁਖਾਵਾਂ ਜੀਵਨ ਜਿਊਣ ਦੀ ਅਜਿਹੀ ਜਾਚ ਦਿੱਤੀ ਗਈ ਹੈ, ਜਿਸ ਦੇ ਧਾਰਨੀ ਸਾਰੇ ਪ੍ਰਾਣੀ ਹੋ ਸਕਦੇ ਹਨ। ਇਸੇ ਧਰਮ ਵਿਚ ਸ਼ਬਦ ਨੂੰ ਗੁਰਗੱਦੀ ਦੀ ਬਖਸ਼ਿਸ਼ ਹੋਈ ਹੈ। ਗੁਰੂ ਸਾਹਿਬਾਨ ਨੇ 239 ਸਾਲਾਂ ਦੇ ਲੰਮੇ ਸਮੇਂ ਵਿਚ ਸਿੱਖ ਰਹਿਤ ਮਰਿਯਾਦਾ, ਸਿੱਖ ਦੇ ਜੀਵਨ ਅਤੇ ਸਿੱਖੀ ਅਸੂਲਾਂ ਨੂੰ ਪ੍ਰਪੱਕ ਕੀਤਾ। ਅਕਾਲ ਤਖ਼ਤ ਸਾਹਿਬ ਸਿੱਖਾਂ ਲਈ ਸਭ ਤੋਂ ਉੱਚਾ ਸਥਾਨ ਹੈ। ਇੱਥੋਂ ਜਾਰੀ ਹੋਏ ਹੁਕਮਨਾਮੇ ਤੋਂ ਬਾਗ਼ੀ ਹੋਣ ਦੀ ਕੋਈ ਵੀ ਸਿੱਖ ਜੁਰਅੱਤ ਨਹੀਂ ਕਰ ਸਕਦਾ। ਸਿੱਖੀ ਵਿਚ ਧਰਮ ਤੇ ਰਾਜਨੀਤੀ ਨੂੰ ਵੱਖਰਾ ਨਹੀਂ ਕੀਤਾ ਗਿਆ, ਕਿਉਂਕਿ ਰਾਜਨੀਤੀ ਵਿਚ ਕੁਰਾਹੇ ਪਏ ਵਿਅਕਤੀ ਨੂੰ ਧਰਮ ਹੀ ਰੋਕ ਸਕਦਾ ਹੈ। ਸਿੱਖ ਕੌਮ ਨੇ ਜਿੱਥੇ ਖ਼ਤਰੇ ਸਹੇੜਨ ਤੇ ਸ਼ਹੀਦੀਆਂ ਦੇਣ ਵਿਚ ਇਤਿਹਾਸ ਸਿਰਜਿਆ ਹੈ, ਉੱਥੇ ਹਲੀਮੀ, ਨਿਮਰਤਾ ਅਤੇ ਸੇਵਾ ਵਿਚ ਵੀ ਆਪਣੀ ਵੱਖਰੀ ਪਹਿਚਾਣ ਬਣਾਈ। ਸਿੱਖਾਂ ਕੋਲ ਜੁਗੋ ਜੁਗ ਅਟਲ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਗੁਰੂ ਸਾਹਿਬਾਨ ਹਨ, ਜਿੱਥੇ ਹਰ ਤਰ੍ਹਾਂ ਦੇ ਸ਼ੰਕੇ ਦੂਰ ਹੁੰਦੇ ਹਨ ਤੇ ਸੱਚੀ ਰਾਹ ਵੇਖੀ ਜਾ ਸਕਦੀ ਹੈ।

ਪਰ ਇਹ ਅਫ਼ਸੋਸ ਨਾਲ ਕਹਿਣ ਪੈਂਦਾ ਹੈ ਕਿ ਇੰਨੇ ਮਹਾਨ ਵਿਰਸੇ ਦੇ ਮਾਲਕ ਸਿੱਖ ਧਰਮ ਦੇ ਆਗੂਆਂ ਵਿਚ ਹਉਮੈ ਭਾਰੂ ਹੋ ਰਹੀ ਹੈ ਤੇ ਹਲੀਮੀ ਖ਼ਤਮ ਹੋ ਰਹੀ ਹੈ। ਸੱਚੇ ਤੇ ਸੁੱਚੇ ਕਿਰਦਾਰ ਵਾਲੇ ਆਗੂ ਅਲੋਪ ਹੋ ਰਹੇ ਹਨ। ਇਸੇ ਕਰਕੇ ਹੀ ਨਵੀਂ ਪੀੜ੍ਹੀ ਸਿੱਖੀ ਤੋਂ ਦੂਰ ਹੋ ਰਹੀ ਹੈ। ਬਾਣੀ ਅਤੇ ਬਾਣੇ ਤੋਂ ਦੂਰੀ ਸਿੱਖੀ ਸਰੂਪ ਲਈ ਘਾਤਕ ਹੈ। ਆਪਸੀ ਮਤਭੇਦਾਂ ਨੂੰ ਦੂਰ ਕਰਨਾ, ਕੁਰਾਹੇ ਪਏ ਹੋਇਆਂ ਨੂੰ ਰਾਹ ਵਿਖਾਉਣ ਵਾਲੀ ਸ਼੍ਰੋਮਣੀ ਸੰਸਥਾ ਦੀ ਅਣਹੋਂਦ ਮਹਿਸੂਸ ਹੋ ਰਹੀ ਹੈ। ਸਿੱਖਾਂ ਦੀ ਇਕ ਅਜਿਹੀ ਸ਼੍ਰੋਮਣੀ ਕੌਂਸਲ ਬਣੇ ਜਿਸ ਦੇ ਮੈਂਬਰ ਸਚਮੁੱਚ ਸੰਤ-ਸਿਪਾਹੀ ਹੋਣ ਅਤੇ ਉਹ ਸੱਚ ਦੇ ਪਹਿਰੇਦਾਰ ਬਣਨ। ਇਹ ਕੌਂਸਲ ਆਪਸੀ ਵਿਵਾਦਾਂ ਦਾ ਨਿਬੇੜਾ ਕਰੇ, ਤਾਂ ਜੋ ਆਪਸੀ ਲੜਾਈ ਜੱਗ ਜ਼ਾਹਰ ਨਾ ਹੋ ਸਕੇ। ਇਸ ਕੌਂਸਲ ਵਲੋਂ ਗੁਰੂ ਗ੍ਰੰਥ ਸਾਹਿਬ ਦਾ ਇਕ ਸਰਬ-ਪ੍ਰਵਾਨਿਤ ਟੀਕਾ ਕਰਵਾਇਆ ਜਾਵੇ। ਮੁੜ ਇਸੇ ਨੂੰ ਹੀ ਸਾਰੇ ਵਿਚਾਰ-ਵਟਾਂਦਰੇ ਦਾ ਆਧਾਰ ਮੰਨਿਆ ਜਾਵੇ। ਇਵੇਂ ਹੀ ਸਿੱਖ ਇਤਿਹਾਸ ਲਿਖਿਆ ਜਾਵੇ ਤੇ ਮੁੜ ਇਸ ਉਤੇ ਕਿੰਤੂ-ਪ੍ਰੰਤੂ ਕਰਨ ਦੀ ਕਿਸੇ ਨੂੰ ਵੀ ਆਗਿਆ ਨਾ ਹੋਵੇ। ਸਾਰੇ ਸਿੱਖ ਜਗਤ ਲਈ ਰਹਿਤ ਮਰਿਯਾਦਾ ਵੀ ਇਹੋ ਹੀ ਹੋਵੇ ਤੇ ਇਹ ਕੌਂਸਲ ਉਸ ਦੀ ਪਹਿਰੇਦਾਰ ਬਣੇ।

ਸਾਰੇ ਧਾਰਮਿਕ ਤੇ ਰਾਜਨੀਤਕ ਸਿੱਖ ਆਗੂਆਂ ਨੂੰ ਆਪਣੇ ਨਿੱਜੀ ਹਿੱਤਾਂ ਨੂੰ ਤਿਆਗ ਅਜਿਹੀ ਕੌਂਸਲ ਦੇ ਗਠਨ 'ਤੇ ਵਿਚਾਰ ਕਰਨੀ ਚਾਹੀਦੀ ਹੈ। ਉਸ ਦੀ ਸ਼ਾਨ ਸਿਰਫ਼ ਬਹਾਲ ਹੀ ਨਾ ਹੋਵੇ, ਸਗੋਂ ਸਾਰੇ ਸੰਸਾਰ ਲਈ ਇਹ ਰਾਹ ਦਸੇਰਾ ਵੀ ਬਣੇ। ਅਕਾਲ ਤਖ਼ਤ ਸਾਹਿਬ ਤੋਂ ਸਿੰਘ ਸਾਹਿਬਾਨ ਵਲੋਂ ਕੀਤੇ ਗਏ ਫ਼ੈਸਲਿਆਂ 'ਤੇ ਰਾਜਸੀ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ ਹੈ, ਕਿਉਂਕਿ ਜਥੇਦਾਰ ਸਾਹਿਬ ਦੀ ਨਿਯੁਕਤੀ ਰਾਜਸੀ ਆਗੂ ਹੀ ਕਰਦੇ ਹਨ। ਹੁਣ ਅਜਿਹੀ ਕੋਈ ਸ਼ਕਤੀ ਨਹੀਂ ਹੈ, ਜਿਹੜੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਨੂੰ ਸੁਲਝਾ ਸਕੇ ਅਤੇ ਜਿਸ ਦਾ ਫ਼ੈਸਲਾ ਸਾਰਾ ਸਿੱਖ ਜਗਤ ਪ੍ਰਵਾਨ ਕਰੇ।

ਇਸ ਕਰਕੇ ਹੁਣ ਇਕ ਸ਼੍ਰੋਮਣੀ ਸਿੱਖ ਕੌਂਸਲ ਦੀ ਲੋੜ ਹੈ, ਜਿਹੜੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਕਾਰਜ ਕਰੇ। ਇਸੇ ਕੌਂਸਲ ਵਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦੀ ਚੋਣ ਕੀਤੀ ਜਾਵੇ ਅਤੇ ਜਥੇਦਾਰ ਸਾਹਿਬ ਕੌਂਸਲ ਦੇ ਮੁਖੀ ਹੋਣ। ਉਨ੍ਹਾਂ ਦੀ ਚੋਣ ਇਕ ਮਿੱਥੇ ਸਮੇਂ ਲਈ ਹੋਵੇ ਅਤੇ ਇਸ ਸਮੇਂ ਦੌਰਾਨ ਉਨ੍ਹਾਂ ਨੂੰ ਹਟਾਉਣ ਦਾ ਹੱਕ ਕਿਸੇ ਕੋਲ ਨਾ ਹੋਵੇ। ਮੌਜੂਦਾ ਸਮੇਂ 'ਚ ਸਿੱਖ ਕੌਮ ਅਗਵਾਈ ਰਹਿਤ ਹੋ ਰਹੀ ਹੈ। ਸ਼੍ਰੋਮਣੀ ਕੌਂਸਲ ਵਲੋਂ ਕੀਤੇ ਗਏ ਫ਼ੈਸਲੇ ਹੀ ਕੌਮ ਦੀ ਅਗਵਾਈ ਕਰ ਸਕਦੇ ਹਨ। ਕੌਮ ਬੜੇ ਨਾਜ਼ੁਕ ਤੇ ਦੁਖਦਾਈ ਦੌਰ 'ਚੋਂ ਲੰਘ ਰਹੀ ਹੈ, ਉਸ ਨੇ ਆਪਣੇ ਹੱਕਾਂ ਦੀ ਰਾਖੀ ਕਿਵੇਂ ਕਰਨੀ ਹੈ, ਇਸ ਸੰਬੰਧੀ ਕੋਈ ਸਰਬ ਪ੍ਰਮਾਣਿਤ ਅਗਵਾਈ ਨਹੀਂ ਹੈ, ਜਿਸ ਕਰਕੇ ਅਨੇਕਾਂ ਕੁਰਬਾਨੀਆਂ ਤੇ ਸ਼ਹੀਦੀਆਂ ਦੇਣ ਪਿੱਛੋਂ ਵੀ ਲੋੜੀਂਦੀਆਂ ਪ੍ਰਾਪਤੀਆਂ ਪ੍ਰਾਪਤ ਨਹੀਂ ਹੋ ਰਹੀਆਂ ਹਨ।

ਇਸ ਕੌਂਸਲ ਵਿਚ ਸਿਰਫ਼ ਭਾਰਤ ਹੀ ਨਹੀਂ, ਸਗੋਂ ਵਿਸ਼ਵ ਭਰ 'ਚੋਂ ਸਿੱਖ ਪ੍ਰਤੀਨਿਧ ਮੈਂਬਰ ਹੋਣ। ਹੁਣ ਦੇ ਸਮੇਂ 'ਚ ਸਿੱਖ ਤੇ ਗੁਰੂ ਘਰ ਵਿਸ਼ਵ ਭਰ ਵਿਚ ਹੀ ਹਨ। ਇਸ ਕਰਕੇ ਵਿਦੇਸ਼ੀ ਸਿੱਖਾਂ ਨੂੰ ਵੀ ਇਸ ਕੌਂਸਲ 'ਚ ਨੁਮਾਇੰਦਗੀ ਦਿੱਤੀ ਜਾਣੀ ਚਾਹੀਦੀ ਹੈ।

ਹੁਣ ਸਿੱਖ ਲਗਭਗ ਵਿਸ਼ਵ ਦੇ ਹਰ ਦੇਸ਼ ਵਿਚ ਵਿਚ ਹਨ। ਨਵੀਂ ਥਾਂ ਪਹੁੰਚ ਪਹਿਲਾ ਕਾਰਜ ਗੁਰਦੁਆਰਾ ਸਾਹਿਬ ਦੀ ਸਥਾਪਨਾ ਹੁੰਦਾ ਹੈ। ਉਹ ਆਪਣੀਆਂ ਧਾਰਮਿਕ, ਰਾਜਨੀਤਕ ਤੇ ਸਮਾਜਿਕ ਉਲਝਣਾਂ ਲਈ ਕਿਸੇ ਕੇਂਦਰ ਵੱਲ ਵੇਖਦੇ ਹਨ। ਹੁਣ ਤੱਕ ਇਹ ਅਗਵਾਈ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਸੀ ਪਰ ਸ਼੍ਰੋਮਣੀ ਕਮੇਟੀ ਦਾ ਘੇਰਾ ਸੀਮਤ ਹੋਣ ਨਾਲ ਇਸ ਦਾ ਪ੍ਰਭਾਵ ਘਟ ਰਿਹਾ ਹੈ ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ 'ਤੇ ਕਿੰਤੂ ਹੋਣ ਲੱਗ ਪਿਆ ਹੈ। ਸਿੱਖਾਂ ਅਤੇ ਸੂਬੇ ਦੇ ਰਾਜਸੀ ਹਿਤਾਂ ਦੀ ਰਾਖੀ ਕਰਨ ਵਾਲੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਫੁੱਟ ਦਾ ਸ਼ਿਕਾਰ ਹੋ ਗਈ ਹੈ। ਸਿੱਖਾਂ ਤੇ ਪੰਜਾਬ ਦੇ ਹੱਕਾਂ ਦੀ ਰਾਖੀ ਬਾਰੇ ਸੋਚਣ ਵੱਲ ਧਿਆਨ ਦੇਣ ਦੀ ਥਾਂ ਇਕ-ਦੂਜੇ 'ਤੇ ਚਿੱਕੜ ਸੁੱਟਿਆ ਜਾ ਰਿਹਾ ਹੈ। ਅਨੇਕਾਂ ਕੁਰਬਾਨੀਆਂ ਦੇ ਕੇ ਹੋਂਦ ਵਿਚ ਆਈ ਇਕ ਸਦੀ ਪੁਰਾਣੀ ਪਾਰਟੀ ਆਪਣੀ ਹੋਂਦ ਬਚਾਉਣ ਦੇ ਸੰਕਟ ਨਾਲ ਜੂਝ ਰਹੀ ਹੈ। ਸਾਰੀਆਂ ਪ੍ਰਮੁੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਲੋਂ ਆਪਣੀ ਇਕ ਵਿਸ਼ਵ ਵਿਆਪੀ ਸੰਸਥਾ ਦਾ ਗਠਨ ਕਰਨਾ ਚਾਹੀਦਾ ਹੈ, ਤਾਂ ਜੋ ਸਿੱਖਾਂ ਦੀ ਸਿਰਫ਼ ਧਾਰਮਿਕ ਅਗਵਾਈ ਹੀ ਨਾ ਹੋ ਸਕੇ, ਸਗੋਂ ਉਨ੍ਹਾਂ ਦੀ ਰਾਜਨੀਤਕ ਰੱਖਿਆ ਵੀ ਹੋਵੇ।

ਇਸੇ ਕੌਂਸਲ ਦੇ ਨਿਰਦੇਸ਼ਾਂ ਅਨੁਸਾਰ ਸਿੱਖ ਬੱਚਿਆਂ ਵਿਸ਼ੇਸ਼ ਕਰਕੇ ਗਰੀਬ ਬੱਚਿਆਂ ਦੀ ਪੜ੍ਹਾਈ, ਉਨ੍ਹਾਂ ਨੂੰ ਹੁਨਰੀ ਬਣਾਉਣ ਅਤੇ ਮੁਕਾਬਲੇ ਦੇ ਇਮਤਿਹਾਨਾਂ ਲਈ ਤਿਆਰ ਕਰਨ ਦਾ ਵੀ ਪ੍ਰਬੰਧ ਕੀਤਾ ਜਾਵੇ। ਅਸੀਂ ਸਾਰੇ ਸੰਸਾਰ ਵਿਚ ਲੋੜਵੰਦਾਂ ਤੇ ਮੁਸੀਬਤ ਵਿਚ ਫਸੇ ਲੋਕਾਂ ਦੀ ਸਹਾਇਤਾ ਕਰਦੇ ਹਾਂ ਪਰ ਆਪਣੇ ਲੋੜਵੰਦਾਂ ਦੀ ਸਹਾਇਤਾ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਉਹ ਹੋਰਾਂ ਦੇ ਬਹਿਕਾਵੇ ਵਿਚ ਆ ਕੇ ਆਪਣਾ ਧਰਮ ਤਿਆਗ ਰਹੇ ਹਨ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਗੁਰੂ ਨਾਨਕ ਸਾਹਿਬ ਨੇ ਹੀ ਗਰੀਬ, ਬੇਸਹਾਰਾ, ਧਾਰਮਿਕ ਅਤੇ ਰਾਜਸੀ ਜ਼ੁਲਮ ਦੇ ਸ਼ਿਕਾਰ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਮੁਹਿੰਮ ਸ਼ੁਰੂ ਕੀਤੀ ਸੀ। ਸਿੱਖੀ ਵਿਚ ਭਾਰੂ ਹੋ ਰਹੇ ਵਿਖਾਵੇ ਦੀ ਥਾਂ ਲੋੜਵੰਦਾਂ ਦੀ ਬਾਂਹ ਫੜੀ ਜਾਵੇ, ਤਾਂ ਜੋ ਗੁਰੂ ਸਾਹਿਬਾਨ ਵਲੋਂ ਬਖ਼ਸ਼ਿਸ਼ ਜੀਵਨ ਜਾਚ ਨੂੰ ਵਿਸ਼ਵ ਵਿੱਚ ਪ੍ਰਚਾਰਿਆ ਜਾ ਸਕੇ। ਇਸ ਸਮੇਂ ਸੰਸਾਰ ਵਿਚ ਸ਼ਾਂਤੀ, ਬਰਾਬਰੀ ਅਤੇ ਇਨਸਾਫ਼ ਲਈ ਮੁਹਿੰਮ ਦੀ ਲੋੜ ਹੈ, ਜਿਸ ਦੀ ਅਗਵਾਈ ਗੁਰੂ ਗ੍ਰੰਥ ਸਾਹਿਬ ਹੀ ਕਰ ਸਕਦੇ ਹਨ।

# ਸਿੱਖ ਪੰਥ ਦਾ ਅਜੋਕਾ ਰਾਜਨੀਤਕ ਤੇ ਧਾਰਮਿਕ ਸੰਕਟ



ਪਿਛਲੇ ਦਿਨਾਂ ਵਿਚ ਸਿੱਖ ਪੰਥ ਦੇ ਰਾਜਨੀਤਕ ਤੇ ਧਾਰਮਿਕ ਸੰਗਠਨਾਂ ਦੇ ਇਰਦ-ਗਿਰਦ ਕੁਝ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਦਾ ਨੋਟਿਸ ਲੈਣਾ ਬਣਦਾ ਹੈ।

1. ਪ੍ਰਗਟ ਕੀਤੇ ਜਾ ਰਹੇ ਸ਼ੰਕਿਆਂ ਦੇ ਉਲਟ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਾਕਾ ਨੀਲਾ ਤਾਰਾ ਦੀ 41ਵੀਂ ਵਰ੍ਹੇਗੰਢ 'ਤੇ ਹੋਇਆ ਸ਼ਰਧਾਂਜਲੀ ਸਮਾਗਮ ਪੁਰਅਮਨ ਰਿਹਾ। ਇਸ ਸਮਾਗਮ ਦੇ ਪੁਰਅਮਨ ਰਹਿਣ 'ਤੇ ਦੇਸ਼-ਵਿਦੇਸ਼ ਵਿਚ ਬੈਠੀਆਂ ਸਿੱਖ ਸੰਗਤਾਂ ਅਤੇ ਸਮੁੱਚੇ ਤੌਰ 'ਤੇ ਪੰਜਾਬੀਆਂ ਵਲੋਂ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਦਾ ਇਸ ਸੰਬੰਧ ਵਿਚ ਵਿਸ਼ੇਸ਼ ਰੋਲ ਰਿਹਾ ਪਰ ਇਸ ਦੇ ਬਾਵਜੂਦ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਸੰਬੰਧੀ ਵਿਵਾਦ ਅਜੇ ਹੱਲ ਨਹੀਂ ਹੋਇਆ।

2. 8 ਜੂਨ ਨੂੰ ਸੰਗਰੂਰ ਵਿਖੇ ਬਜ਼ੁਰਗ ਅਕਾਲੀ ਆਗੂ ਸ. ਸੁਖਦੇਵ ਸਿੰਘ ਢੀਂਡਸਾ ਸੰਬੰਧੀ ਸ਼ਰਧਾਂਜਲੀ ਸਮਾਗਮ ਵਿਚ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਸੀਨੀਅਰ ਆਗੂ ਪਹੁੰਚੇ ਅਤੇ ਇਸ ਤੋਂ ਇਲਾਵਾ ਨੋਟ ਕਰਨ ਵਾਲੀ ਗੱਲ ਇਹ ਵੀ ਸੀ ਕਿ ਇਸ ਵਿਚ ਅਕਾਲੀ ਦਲ ਦੇ ਵੀ ਲਗਭਗ ਸਾਰੇ ਧੜਿਆਂ ਦੇ ਆਗੂ ਹਾਜ਼ਰ ਸਨ। ਇਸ ਸਮਾਗਮ ਦੀ ਖ਼ਾਸੀਅਤ ਇਹ ਰਹੀ ਕਿ ਇਸ ਵਿਚ ਅਕਾਲੀ ਦਲ ਦੀ ਏਕਤਾ ਦੀ ਗੱਲ ਬੜੇ ਜ਼ੋਰ-ਸ਼ੋਰ ਨਾਲ ਉਭਰੀ। ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੁਖਦੇਵ ਸਿੰਘ ਢੀਂਡਸਾ ਇਹ ਚਾਹੁੰਦੇ ਸਨ ਕਿ ਅਕਾਲੀ ਦਲ ਵਿਚ ਮੁੜ ਤੋਂ ਏਕਤਾ ਹੋਵੇ। ਹੈਰਾਨੀ ਵਾਲੀ ਗੱਲ ਇਹ ਵੀ ਸੀ ਕਿ ਅਕਾਲੀ ਏਕਤਾ ਦੀ ਸਭ ਤੋਂ ਵੱਧ ਜ਼ੋਰਦਾਰ ਵਕਾਲਤ ਭਾਰਤੀ ਜਨਤਾ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਵਲੋਂ ਕੀਤੀ ਗਈ। ਉਨ੍ਹਾਂ ਨੇ ਕਿਹਾ ਕਿ ਦੇਸ਼ ਅਤੇ ਪੰਜਾਬ ਦੇ ਹਿਤਾਂ ਲਈ ਜ਼ਰੂਰੀ ਹੈ ਕਿ ਅਕਾਲੀ ਦਲ ਦੇ ਵੱਖ-ਵੱਖ ਧੜਿਆਂ ਵਿਚ ਏਕਤਾ ਹੋਵੇ। ਭਾਵੇਂ ਕਿ 10 ਜੂਨ ਨੂੰ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਸੱਤਾ ਦੇ 11 ਸਾਲ ਪੂਰੇ ਹੋਣ ਦੇ ਅਵਸਰ 'ਤੇ ਉਨ੍ਹਾਂ ਮੀਡੀਆ ਨਾਲ ਗੱਲ ਕਰਦਿਆਂ ਇਹ ਵੀ ਕਹਿ ਦਿੱਤਾ ਕਿ ਉਹ ਪੰਜਾਬ ਵਿਚ ਸਾਰੀਆਂ 117 ਸੀਟਾਂ 'ਤੇ ਚੋਣਾਂ ਲੜਨ ਦੀ ਤਿਆਰੀ ਕਰ ਰਹੇ ਹਨ। ਅਕਾਲੀ ਦਲ ਨਾਲ ਸੰਬੰਧਾਂ ਦੇ ਬਾਰੇ ਵਿਚ ਪੁੱਛਣ 'ਤੇ ਉਨ੍ਹਾਂ ਨੇ ਕਿਹਾ ਕਿ ਅਕਾਲੀ ਦਲ ਦੇ ਪੱਲੇ ਕੀ ਹੈ? ਉਨ੍ਹਾਂ ਨੂੰ ਪਹਿਲਾਂ ਆਪ ਆਪਣੇ ਪੈਰਾਂ 'ਤੇ ਖੜ੍ਹਨਾ ਚਾਹੀਦਾ ਹੈ।

3. ਇਸੇ ਸਮੇਂ ਦੌਰਾਨ ਸਿੱਖ ਪੰਥ ਦੇ ਧਾਰਮਿਕ ਮਾਮਲਿਆਂ ਦੇ ਸੰਦਰਭ ਵਿਚ ਦਮਦਮੀ ਟਕਸਾਲ ਅਤੇ ਉਸ ਦੇ ਮੁਖੀ ਹਰਨਾਮ ਸਿੰਘ ਖ਼ਾਲਸਾ ਦੀ ਸਰਗਰਮੀ ਵੀ ਕਾਫੀ ਵਧੀ ਹੋਈ ਨਜ਼ਰ ਆਈ ਹੈ। ਉਨ੍ਹਾਂ ਨੇ ਅਕਾਲੀ ਦਲ ਬਾਦਲ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਲਗਾਤਾਰ ਇਹ ਦਬਾਅ ਬਣਾ ਕੇ ਰੱਖਿਆ ਹੋਇਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਕੇਸਗੜ੍ਹ ਸਾਹਿਬ ਦੇ ਪਹਿਲੇ ਜਥੇਦਾਰਾਂ ਦੀ ਮੁੜ ਬਹਾਲੀ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕੋਈ ਹੋਰ ਸਰਬ-ਪ੍ਰਵਾਨਤ ਜਥੇਦਾਰ ਲਗਾਉਣ ਬਾਰੇ ਛੇਤੀ ਫ਼ੈਸਲਾ ਲਿਆ ਜਾਵੇ। ਉਨ੍ਹਾਂ ਨੇ ਇਸ ਸੰਬੰਧੀ ਪਿੰਡ ਬਾਦਲ ਵਿਚ ਸੁਖਬੀਰ ਸਿੰਘ ਬਾਦਲ ਦੇ ਘਰ ਅੱਗੇ ਧਰਨਾ ਦੇਣ ਦਾ ਵੀ ਐਲਾਨ ਕੀਤਾ ਹੋਇਆ ਸੀ, ਜਿਸ ਨੂੰ ਮੁੱਖ ਰੱਖ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਨੂੰ ਮੁੜ ਚੌਕ ਮਹਿਤਾ ਜਾ ਕੇ ਇਸ ਮੁੱਦੇ 'ਤੇ ਉਨ੍ਹਾਂ ਨੂੰ ਭਰੋਸਾ ਦੇਣਾ ਪਿਆ ਕਿ ਛੇਤੀ ਹੀ ਇਸ ਮਸਲੇ ਦਾ ਹੱਲ ਕੱਢਿਆ ਜਾਵੇਗਾ। ਇਸ ਤੋਂ ਬਾਅਦ ਹੀ ਹਰਨਾਮ ਸਿੰਘ ਖ਼ਾਲਸਾ ਬਾਦਲ ਪਿੰਡ ਦਾ ਧਰਨਾ ਮੁਲਤਵੀ ਕਰਨ ਲਈ ਸਹਿਮਤ ਹੋਏ।

5. ਅਕਾਲੀ ਦਲ ਦਾ ਬਾਗੀ ਧੜਾ ਜੋ ਕਿ ਅਕਾਲ ਤਖ਼ਤ ਵਲੋਂ ਬਣਾਈ ਗਈ 5 ਮੈਂਬਰੀ ਭਰਤੀ ਕਮੇਟੀ ਦੀ ਅਗਵਾਈ ਵਿਚ ਆਪਣੀ ਨਵੀਂ ਭਰਤੀ ਲਈ ਮੁਹਿੰਮ ਚਲਾ ਰਿਹਾ ਹੈ। ਉਸ ਨੇ ਸੁਖਦੇਵ ਸਿੰਘ ਢੀਂਡਸਾ ਦੇ ਸ਼ਰਧਾਂਜਲੀ ਸਮਾਗਮ ਤੋਂ ਬਾਅਦ ਇਹ ਗੱਲ ਫਿਰ ਦੁਹਰਾਈ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਤੋਂ ਭਗੌੜੀ ਹੋਈ ਧਿਰ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇ ਕੇ ਜੇਕਰ ਉਨ੍ਹਾਂ ਵਲੋਂ ਕੀਤੀ ਗਈ ਭਰਤੀ ਵਿਚ ਸ਼ਾਮਿਲ ਹੁੰਦੀ ਹੈ ਤਾਂ ਹੀ ਅਕਾਲੀ ਦਲ ਵਿਚ ਏਕਤਾ ਹੋ ਸਕਦੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਛੇਤੀ ਹੀ ਭਰਤੀ ਮੁਕੰਮਲ ਕਰ ਕੇ ਨਵੇਂ ਸਿਰੇ ਤੋਂ ਅਕਾਲੀ ਦਲ ਦਾ ਪੁਨਰਗਠਨ ਕੀਤਾ ਜਾਏਗਾ।

ਪਿਛਲੇ ਕੁਝ ਦਿਨਾਂ ਵਿਚ ਵਾਪਰੇ ਇਨ੍ਹਾਂ ਸਾਰੇ ਘਟਨਾਕ੍ਰਮਾਂ ਦਾ ਵੇਰਵਾ ਇੱਥੇ ਇਸ ਲਈ ਦਿੱਤਾ ਗਿਆ ਹੈ ਕਿ ਪਾਠਕ ਜਾਣ ਸਕਣ ਕਿ ਸਿੱਖ ਪੰਥ ਦੇ ਪ੍ਰਮੁੱਖ ਧਾਰਮਿਕ ਅਤੇ ਰਾਜਨੀਤਕ ਸੰਗਠਨਾਂ ਵਿਚ ਪਿਛਲੇ ਲੰਮੇ ਸਮੇਂ ਤੋਂ ਚੱਲਿਆ ਆ ਰਿਹਾ ਸੰਕਟ ਅਜੇ ਵੀ ਬਰਕਰਾਰ ਹੈ। ਭਾਵੇਂ ਪੰਜਾਬ ਦੇ ਪੰਥਕ ਹਲਕੇ, ਪੰਥ ਦੇ ਧਾਰਮਿਕ ਅਤੇ ਰਾਜਨੀਤਕ ਸੰਗਠਨਾਂ ਵਿਚ ਏਕਤਾ ਚਾਹੁੰਦੇ ਹਨ, ਤਾਂ ਜੋ ਉਹ ਆਪਣੇ ਆਪਣੇ ਖੇਤਰਾਂ ਵਿਚ ਵਿਚਰਦੇ ਹੋਏ ਪੰਥ ਤੇ ਪੰਜਾਬ ਦੇ ਹਿਤਾਂ ਦੀ ਰਾਖੀ ਲਈ ਕੰਮ ਕਰ ਸਕਣ ਪਰ ਅਜਿਹਾ ਹੁੰਦਾ ਅਜੇ ਨਜ਼ਰ ਨਹੀਂ ਆ ਰਿਹਾ।

ਸਿੱਖ ਪੰਥ ਦੇ ਧਾਰਮਿਕ ਅਤੇ ਰਾਜਨੀਤਕ ਸੰਗਠਨਾਂ ਵਿਚ ਮਚੀ ਹੋਈ ਆਪੋ-ਧਾਪੀ ਅਤੇ ਖ਼ਾਸ ਕਰਕੇ ਵੱਖ-ਵੱਖ ਸੰਬੰਧਿਤ ਧਿਰਾਂ ਵਲੋਂ ਇਨ੍ਹਾਂ ਨੂੰ ਆਪਣੇ ਹਿਤਾਂ ਮੁਤਾਬਿਕ ਵਰਤਣ ਲਈ ਜੋ ਪਿਛਲੇ ਲੰਮੇ ਸਮੇਂ ਤੋਂ ਹੋੜ ਲੱਗੀ ਹੋਈ ਹੈ, ਉਸ ਦਾ ਹੀ ਇਹ ਸਿੱਟਾ ਨਿਕਲਿਆ ਹੈ ਕਿ ਪੰਥਕ ਸੰਗਠਨਾਂ ਦਾ ਲੋਕਾਂ ਵਿਚ ਪ੍ਰਭਾਵ ਘਟਿਆ ਹੈ। ਉਨ੍ਹਾਂ ਦੀ ਵਿਸ਼ਵਾਸਯੋਗਤਾ ਘਟੀ ਹੈ। ਇਸੇ ਕਾਰਨ

**ਸਤਨਾਮ ਸਿੰਘ ਮਾਣਕ**

ਜਦੋਂ ਕੇਂਦਰ ਵਿਚ ਸੱਤਾਧਾਰੀ ਪਾਰਟੀ ਭਾਜਪਾ ਜਾਂ ਪੰਜਾਬ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ ਜਾਂ ਦੂਜੀਆਂ ਵਿਰੋਧੀ ਪਾਰਟੀਆਂ ਦੇ ਆਗੂਆਂ ਵਲੋਂ ਆਪਣੇ ਸਿਆਸੀ ਹਿਤਾਂ ਨੂੰ ਮੁੱਖ ਰੱਖਦਿਆਂ ਸਿੱਖ ਪੰਥ ਦੀ ਰਾਜਨੀਤਕ ਅਤੇ ਧਾਰਮਿਕ ਲੀਡਰਸ਼ਿਪ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ ਤਾਂ ਪੰਥਕ ਸਫ਼ਾਂ ਅਤੇ ਇਥੋਂ ਤੱਕ ਕਿ ਪੰਜਾਬ ਦੇ ਆਮ ਲੋਕਾਂ ਵਿਚ ਵੀ ਉਸ ਤਰ੍ਹਾਂ ਦਾ ਪ੍ਰਤੀਕਰਮ ਦੇਖਣ ਨੂੰ ਨਹੀਂ ਮਿਲਦਾ, ਜਿਸ ਤਰ੍ਹਾਂ ਦਾ ਕੁਝ ਦਹਾਕੇ ਪਹਿਲਾਂ ਦੇਖਣ ਨੂੰ ਮਿਲਦਾ ਸੀ। ਕਿਸੇ ਸਮੇਂ ਪੰਜਾਬ ਵਿਚ ਹੀ ਨਹੀਂ, ਸਗੋਂ ਸਮੁੱਚੇ ਦੇਸ਼ ਵਿਚ ਕ੍ਰਮਵਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਰੁਤਬੇ ਵੱਡੇ ਮੰਨੇ ਜਾਂਦੇ ਸਨ। ਸਾਰੇ ਦੇਸ਼ ਵਿਚ ਉਨ੍ਹਾਂ ਨੂੰ ਵਿਸ਼ੇਸ਼ ਸਨਮਾਨ ਮਿਲਦਾ ਸੀ ਅਤੇ ਮੀਡੀਆ ਵਿਚ ਵੀ ਉਨ੍ਹਾਂ ਦੀ ਗੱਲ ਨੂੰ ਕਾਫੀ ਮਹੱਤਵ ਦਿੱਤਾ ਜਾਂਦਾ ਸੀ। ਪੰਥਕ ਸੰਗਠਨਾਂ ਅਤੇ ਪੰਥਕ ਆਗੂਆਂ ਦੇ ਰੁਤਬੇ ਤੇ ਅਕਸ ਨੂੰ ਵੱਡਾ ਖੋਰਾ ਕਿਉਂ ਲੱਗਾ ਹੈ ਅਤੇ ਇਨ੍ਹਾਂ ਦਾ ਮਾਣ-ਸਨਮਾਨ ਮੁੜ ਤੋਂ ਕਿਵੇਂ ਬਹਾਲ ਕੀਤਾ ਜਾ ਸਕਦਾ ਹੈ, ਇਸ ਸਮੇਂ ਰਾਜਨੀਤਕ ਅਤੇ ਧਾਰਮਿਕ ਦੋਹਾਂ ਖੇਤਰਾਂ ਵਿਚ ਸਿੱਖ ਪੰਥ ਦੇ ਸਾਹਮਣੇ ਇਹ ਵੱਡੀ ਚੁਣੌਤੀ ਹੈ।

ਇਸ ਸੰਬੰਧ ਵਿਚ ਸਾਡੀ ਇਹ ਸਪੱਸ਼ਟ ਰਾਇ ਹੈ ਕਿ ਸਿੱਖ ਪੰਥ ਦੇ ਵੱਖ-ਵੱਖ ਧੜਿਆਂ ਵਿਚ ਵਿਚਰਨ ਵਾਲੇ ਸੀਨੀਅਰ ਆਗੂਆਂ ਨੂੰ ਖੁੱਲ੍ਹੇ ਮਨ ਨਾਲ ਆਪਣੀ ਪੜਚੋਲ ਕਰਨੀ ਚਾਹੀਦੀ ਹੈ ਅਤੇ ਪੰਥ ਅਤੇ ਪੰਜਾਬ ਦੇ ਹਿੱਤਾਂ ਨੂੰ ਸਾਹਮਣੇ ਰੱਖਦਿਆਂ ਆਪਣੇ ਅਮਲਾਂ ਵਿਚ ਸੁਧਾਰ ਲਿਆਉਣਾ ਚਾਹੀਦਾ ਹੈ। ਭਾਵੇਂ 2 ਦਸੰਬਰ, 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪ੍ਰਮੁੱਖ ਅਕਾਲੀ ਆਗੂਆਂ ਨੇ ਪਿਛਲੀਆਂ ਗ਼ਲਤੀਆਂ ਨੂੰ ਸਵੀਕਾਰ ਕਰਦਿਆਂ ਲਗਾਈਆਂ ਗਈਆਂ ਧਾਰਮਿਕ ਸਜ਼ਾਵਾਂ (ਜਿਨ੍ਹਾਂ ਨੂੰ ਧਾਰਮਿਕ ਸ਼ਬਦਾਵਲੀ ਵਿਚ 'ਤਨਖਾਹਾਂ' ਵੀ ਕਿਹਾ ਜਾਂਦਾ ਹੈ) ਵੀ ਭੁਗਤੀਆਂ ਸਨ। ਪਰ ਇਸ ਤੋਂ ਬਾਅਦ ਵੀ ਬਹੁਤੇ ਪੰਥਕ ਆਗੂਆਂ ਦੀ ਕਹਿਣੀ ਤੇ ਕਥਨੀ ਵਿਚ ਬਹੁਤਾ ਵੱਡਾ ਫ਼ਰਕ ਨਹੀਂ ਦੇਖਿਆ ਗਿਆ। ਜਦੋਂ ਤੱਕ ਵੱਡੇ ਪੰਥਕ ਆਗੂ ਆਪਣੇ ਨਿੱਜੀ ਹਿਤਾਂ ਨੂੰ ਪਾਸੇ ਰੱਖ ਕੇ ਪੰਥ ਅਤੇ ਪੰਜਾਬ ਦੇ ਹਿਤਾਂ ਨੂੰ ਮੁੜ ਤੋਂ ਸਮਰਪਿਤ ਨਹੀਂ ਹੁੰਦੇ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਕਾਰਜਸ਼ੈਲੀ ਨੂੰ ਜਮਹੂਰੀ ਅਤੇ ਪਾਰਦਰਸ਼ੀ ਨਹੀਂ ਬਣਾਉਂਦੇ, ਉਦੋਂ ਤੱਕ ਨਾ ਹੀ ਪੰਥਕ ਏਕਤਾ ਸੰਭਵ ਹੈ ਅਤੇ ਨਾ ਹੀ ਪੰਜਾਬ ਦੇ ਲੋਕਾਂ ਦਾ ਉਨ੍ਹਾਂ ਨੂੰ ਮੁੜ ਤੋਂ ਵਿਸ਼ਵਾਸ ਪ੍ਰਾਪਤ ਹੋ ਸਕਦਾ ਹੈ।

ਜਿੱਥੋਂ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸੰਬੰਧ ਹੈ, ਇਸ ਨੂੰ ਆਪਣੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਵਿਚ ਵੱਡੀ ਤਬਦੀਲੀ ਲਿਆਉਣ ਦੀ ਲੋੜ ਹੈ। ਇਸ ਦਾ ਕੰਮ ਸਿਰਫ਼ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਕਰਨ ਜਾਂ ਵਿੱਦਿਅਕ ਅਦਾਰੇ ਚਲਾਉਣ ਤੱਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ। ਅਜੋਕੇ ਸਮੇਂ ਵਿਚ ਇਸ ਨੂੰ ਸਿੱਖ ਸਮਾਜ ਵਿਚ ਵਧ ਰਹੀਆਂ ਕੁਰੀਤੀਆਂ, ਜਿਨ੍ਹਾਂ ਵਿਚ ਧਰਮ ਪਰਿਵਰਤਨ, ਨਸ਼ਿਆਂ ਦਾ ਵਧ ਰਿਹਾ ਰੁਝਾਨ, ਵਿਆਹ-ਸ਼ਾਦੀਆਂ 'ਤੇ ਹੁੰਦੀ ਫਜ਼ੂਲ ਖ਼ਰਚੀ ਅਤੇ ਸਿੱਖੀ ਜੀਵਨ ਜਾਂਚ ਤੋਂ ਨਵੀਂ ਪੀੜ੍ਹੀ ਦੀ ਵਧ ਰਹੀ ਦੂਰੀ ਆਦਿ ਸ਼ਾਮਿਲ ਹਨ, ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਕ ਵਿਸ਼ੇਸ਼ ਇਜਲਾਸ ਬੁਲਾ ਕੇ ਸਿੱਖ ਪੰਥ ਨੂੰ ਦਰਪੇਸ਼ ਇਨ੍ਹਾਂ ਸਾਰੀਆਂ ਚੁਣੌਤੀਆਂ 'ਤੇ ਵਿਸਥਾਰ ਵਿਚ ਚਰਚਾ ਕਰਨੀ ਚਾਹੀਦੀ ਹੈ ਅਤੇ ਸਿੱਖ ਬੁੱਧੀਜੀਵੀਆਂ ਨਾਲ ਵੀ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ। ਉਪਰੰਤ ਪ੍ਰੋਗਰਾਮ ਬਣਾ ਕੇ ਉਕਤ ਬੁਰਾਈਆਂ ਸੰਬੰਧੀ ਜਾਗ੍ਰਿਤੀ ਪੈਦਾ ਕਰਨ ਲਈ ਵੱਡੀ ਪੱਧਰ 'ਤੇ ਪ੍ਰਚਾਰ ਮੁਹਿੰਮ ਆਰੰਭਣੀ ਚਾਹੀਦੀ ਹੈ। ਪਿਛਲੇ ਦਿਨੀਂ ਇਹ ਖ਼ਬਰ ਆਈ ਸੀ ਕਿ ਉੱਤਰ ਪ੍ਰਦੇਸ਼ ਦੇ ਨੇਪਾਲ ਦੀ ਸਰਹੱਦ ਨਾਲ ਲੱਗਦੇ ਪਿੰਡਾਂ ਦੇ ਲਗਭਗ 3 ਹਜ਼ਾਰ ਸਿੱਖਾਂ ਨੇ ਆਪਣਾ ਧਰਮ ਛੱਡ ਕੇ ਕਿਸੇ ਹੋਰ ਧਰਮ ਵਿਚ ਸ਼ਿਰਕਤ ਕਰ ਲਈ ਹੈ। ਇਹ ਰੁਝਾਨ ਸਿਰਫ਼ ਉੱਤਰ ਪ੍ਰਦੇਸ਼ ਤੱਕ ਹੀ ਸੀਮਤ ਨਹੀਂ ਹੈ, ਸਗੋਂ ਪੰਜਾਬ ਤੋਂ ਵੀ ਇਹ ਲਗਾਤਾਰ ਖ਼ਬਰਾਂ ਆ ਰਹੀਆਂ ਹਨ ਕਿ ਇਕ ਖ਼ਾਸ ਧਰਮ ਨਾਲ ਸੰਬੰਧਿਤ ਧਾਰਮਿਕ ਆਗੂਆਂ ਵਲੋਂ ਗਰੀਬ ਸਿੱਖ ਪਰਿਵਾਰਾਂ ਨੂੰ ਲੋਭ-ਲਾਲਚ ਦੇ ਕੇ ਜਾਂ ਅੰਧਵਿਸ਼ਵਾਸ ਵਿਚ ਫਸਾ ਕੇ ਉਨ੍ਹਾਂ ਦਾ ਧਰਮ ਪਰਿਵਰਤਨ ਕਰਾਇਆ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸਦਾ ਗੰਭੀਰਤਾ ਨਾਲ ਨੋਟਿਸ ਲੈਣਾ ਚਾਹੀਦਾ ਹੈ ਅਤੇ ਗ਼ਰੀਬ ਸਿੱਖ ਪਰਿਵਾਰਾਂ ਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਅਤੇ ਲੋੜੀਂਦੀਆਂ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਲਈ ਵੀ ਕੋਈ ਪ੍ਰਭਾਵੀ ਯੋਜਨਾਬੰਦੀ ਕਰਨੀ ਚਾਹੀਦੀ ਹੈ। ਉਨ੍ਹਾਂ ਵਿਚ ਸਿੱਖੀ ਦਾ ਪ੍ਰਚਾਰ-ਪ੍ਰਸਾਰ ਵੀ ਕੀਤਾ ਜਾਣਾ ਚਾਹੀਦਾ ਹੈ। ਸਿੱਖ ਪੰਥ ਦੇ ਕੀਰਤਨੀ ਜਥਿਆਂ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕਾਂ ਨੂੰ ਵਿਸ਼ੇਸ਼ ਤੌਰ 'ਤੇ ਦਿਹਾਤੀ ਖੇਤਰਾਂ 'ਤੇ ਖ਼ਾਸ ਕਰਕੇ ਗ਼ਰੀਬ ਪਰਿਵਾਰਾਂ ਤੱਕ ਪਹੁੰਚ ਕਰਨ ਲਈ ਧਿਆਨ ਦੇਣਾ ਚਾਹੀਦਾ ਹੈ। ਇਹ ਵੀ ਬੇਹੱਦ ਜ਼ਰੂਰੀ ਹੈ ਕਿ ਵੱਖ-ਵੱਖ ਤਖ਼ਤਾਂ ਦੇ ਜਥੇਦਾਰਾਂ ਦੀਆਂ ਨਿਯੁਕਤੀਆਂ, ਕਾਰਜ ਖੇਤਰ ਅਤੇ ਉਨ੍ਹਾਂ ਨੂੰ ਸੇਵਾਮੁਕਤ ਕਰਨ ਸੰਬੰਧੀ ਹੁਣ ਵਿਧੀ-ਵਿਧਾਨ ਜ਼ਰੂਰ ਬਣਾਇਆ ਜਾਵੇ। ਇਸ ਸੰਬੰਧੀ ਭਵਿੱਖ ਵਿਚ ਕਾਹਲੀ ਨਾਲ ਕੋਈ ਫ਼ੈਸਲੇ ਨਾ ਲਏ ਜਾਣ, ਜੋ ਪੰਥ ਵਿਚ ਹੋਰ ਵੀ ਵਿਵਾਦ ਪੈਦਾ ਕਰਨ ਵਾਲੇ ਹੋਣ।

ਸਮੁੱਚੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਜੇਕਰ ਸਿੱਖ ਪੰਥ ਦੀ ਰਾਜਨੀਤਕ ਅਤੇ ਧਾਰਮਿਕ ਲੀਡਰਸ਼ਿਪ ਮੁੜ ਤੋਂ ਆਪਣੇ ਆਪ ਨੂੰ ਸੱਚੇ ਦਿਲੋਂ ਸਿੱਖ ਸਿਧਾਂਤਾਂ ਨੂੰ ਸਮਰਪਿਤ ਹੁੰਦੀ ਹੈ ਅਤੇ ਪੂਰੀ ਸ਼ਿੱਦਤ ਨਾਲ ਆਪਣੇ ਖ਼ੁਦ ਦੇ ਅਮਲਾਂ ਨੂੰ ਉਨ੍ਹਾਂ ਮੁਤਾਬਿਕ ਢਾਲਦੀ ਹੈ ਤਾਂ ਹੀ ਉਹ ਪੰਜਾਬ ਅਤੇ ਦੇਸ਼ ਦੀ ਰਾਜਨੀਤੀ ਵਿਚ ਅਤੇ ਪੰਥ ਦੇ ਧਾਰਮਿਕ ਖੇਤਰ ਵਿਚ ਆਪਣਾ ਬਣਦਾ ਰੋਲ ਅਦਾ ਕਰਨ ਦੇ ਸਮਰੱਥ ਹੋ ਸਕੇਗੀ।

# ਦੁਰਲੱਭ ਖਣਿਜ ਮਿਸ਼ਨ



ਦੁਰਲੱਭ ਖਣਿਜ ਪਦਾਰਥਾਂ ਦੀਆਂ ਬਰਾਮਦਾਂ 'ਤੇ ਚੀਨ ਦੀਆਂ ਰੋਕਾਂ ਕਰ ਕੇ ਦੁਨੀਆ ਭਰ ਦੀਆਂ ਵਾਹਨ ਨਿਰਮਾਣ ਕੰਪਨੀਆਂ, ਰੱਖਿਆ ਅਤੇ ਖ਼ਪਤਕਾਰ ਇਲੈਕਟ੍ਰੌਨਿਕਸ ਸਪਲਾਈ ਚੇਨਾਂ ਵਿੱਚ ਤਰਥੱਲੀ ਮੱਚੀ ਹੋਈ ਹੈ ਜਿਸ ਦੇ ਮੱਦੇਨਜ਼ਰ ਵਣਜ ਤੇ ਸਨਅਤ ਮੰਤਰੀ ਪਿਊਸ਼ ਗੋਇਲ ਨੇ ਦੁਨੀਆ ਨੂੰ ਇਸ ਬਾਰੇ ਸਚੇਤ ਹੋਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਵੱਲੋਂ ਆਲਮੀ ਭਾਈਚਾਰੇ ਨੂੰ ਸਪਲਾਈ ਚੇਨਾਂ ਦੀ ਵਿਭਿੰਨਤਾ ਪੈਦਾ ਕਰਨ ਦੀ ਅਪੀਲ ਸਮੇਂ ਦੀ ਲੋੜ ਹੈ ਪਰ ਭਾਰਤ ਨੂੰ ਚੀਨੀ ਸਪਲਾਇਰਾਂ 'ਤੇ ਨਿਰਭਰਤਾ ਘਟਾਉਣ ਲਈ ਆਪਣੇ-ਆਪ ਨੂੰ ਭਰੋਸੇਮੰਦ ਭਾਈਵਾਲ ਵਜੋਂ ਪੇਸ਼ ਕਰਨ ਦਾ ਕਾਰਜ ਸੌਖਾ ਨਹੀਂ ਸਗੋਂ ਇਹ ਆਪਣੇ-ਆਪ ਵਿੱਚ ਵੱਡੀ ਚੁਣੌਤੀ ਹੈ। ਦੁਰਲੱਭ ਖਣਿਜ ਪਦਾਰਥਾਂ ਉੱਪਰ ਚੀਨ ਦਾ ਲਗਭਗ ਮੁਕੰਮਲ ਦਬਦਬਾ ਬਣ ਚੁੱਕਿਆ ਹੈ। ਇਨ੍ਹਾਂ ਦੀਆਂ 60 ਫ਼ੀਸਦੀ ਖਾਣਾਂ 'ਤੇ ਇਸ ਦਾ ਕੰਟਰੋਲ ਹੈ ਅਤੇ ਆਲਮੀ ਸਪਲਾਈ ਦੇ 91 ਫ਼ੀਸਦੀ ਹਿੱਸੇ ਦੀ ਰਿਫਾਈਨਿੰਗ ਚੀਨੀ ਕੰਪਨੀਆਂ ਕਰਦੀਆਂ ਹਨ। ਭਾਰਤ ਕੋਲ ਵੀ ਦੁਰਲੱਭ ਖਣਿਜਾਂ ਦੇ ਇੱਕ ਤਿਹਾਈ ਭੰਡਾਰ ਹਨ ਪਰ ਇਨ੍ਹਾਂ ਖਣਿਜਾਂ ਦਾ ਲਾਭ ਹਾਸਿਲ ਕਰਨ ਦੀ ਇਸ ਦੀ ਦਰ ਬਹੁਤ ਨੀਵੀਂ ਹੈ। ਕਿਸੇ ਸੁਰੱਖਿਅਤ ਅਤੇ ਸਥਿਰ ਸਪਲਾਈ ਚੇਨ ਤਿਆਰ ਕਰਨ ਲਈ ਭਾਰਤ ਨੂੰ ਆਪਣੀਆਂ ਤਿਆਰੀਆਂ ਸ਼ਾਨਦਾਰ ਢੰਗ ਨਾਲ ਸਾਹਮਣੇ ਲਿਆਉਣ ਦੀ ਲੋੜ ਹੈ। ਪੇਈਚਿੰਗ ਵੱਲੋਂ ਆਪਣਾ ਭੂ-ਰਾਜਸੀ ਅਸਰ-ਰਸੂਖ ਵਧਾਉਣ ਲਈ ਖਣਿਜ ਪਦਾਰਥਾਂ ਦੇ ਭੰਡਾਰਾਂ 'ਤੇ ਆਪਣੇ ਦਬਦਬੇ ਦਾ ਇਸਤੇਮਾਲ ਕੀਤਾ ਜਾਂਦਾ ਹੈ। ਕਿਸੇ ਵੀ ਤਰ੍ਹਾਂ ਦੀ ਪਾਬੰਦੀਸ਼ੁਦਾ ਨੀਤੀ ਸਪਲਾਈ ਲੜੀ ਵਿੱਚ ਅੜਿੱਕਾ ਪਾ ਸਕਦੀ ਹੈ, ਜਿਸ ਤਰ੍ਹਾਂ ਦੀ ਸਥਿਤੀ ਦਾ ਸਾਹਮਣਾ ਇਸ ਵੇਲੇ ਭਾਰਤ ਦੇ ਇਲੈਕਟ੍ਰਿਕ ਵਾਹਨ ਖੇਤਰ ਨੂੰ ਕਰਨਾ ਪੈ ਰਿਹਾ ਹੈ। ਚੀਨ ਦੀ ਇਜਾਰੇਦਾਰੀ ਨੂੰ ਖ਼ਤਮ ਕਰਨਾ ਹੀ ਲਮੇਰੇ ਭਵਿੱਖ ਵਿੱਚ ਸਹਾਈ ਹੋਵੇਗਾ, ਪਰ ਆਤਮ-ਨਿਰਭਰ ਬਣਨ ਦੇ ਨੇੜੇ ਵੀ ਕਿਵੇਂ ਢੁਕਿਆ ਜਾਵੇ, ਇਸ ਲਈ ਵਚਨਬੱਧ ਸਰਕਾਰੀ-ਪ੍ਰਾਈਵੇਟ ਭਾਈਵਾਲੀ ਦੀ ਲੋੜ ਪਏਗੀ। ਭਾਰਤ ਕੋਲ ਜਿਸ ਤਰ੍ਹਾਂ ਦੀ ਇੰਜਨੀਅਰਿੰਗ ਪ੍ਰਤਿਭਾ ਹੈ, ਦੇਸ਼ ਇਸ ਚੁਣੌਤੀ ਨੂੰ ਮੌਕੇ ਵਿੱਚ ਬਦਲਣ ਦੀ ਬਿਲਕੁਲ ਸਹੀ ਸਥਿਤੀ ਵਿੱਚ ਹੈ। ਸਵਾਲ ਇਹ ਹੈ ਕਿ ਕੀ ਸਰਕਾਰ ਅਤੇ ਭਾਰਤੀ ਉਦਯੋਗ ਜਗਤ ਇਕਸੁਰ ਹੈ? ਰਾਸ਼ਟਰੀ ਅਹਿਮ ਖਣਿਜ ਮਿਸ਼ਨ ਕ੍ਰਾਂਤੀਕਾਰੀ ਸਾਬਿਤ ਹੋ ਸਕਦਾ ਹੈ, ਬਸ਼ਰਤੇ ਇਸ ਨੂੰ ਉਹ ਸਾਰੀ ਮਦਦ ਮਿਲੇ ਜਿਹੜੀ ਜ਼ਰੂਰੀ ਹੈ, ਚਾਹੇ ਉਹ ਵਿੱਤੀ ਹੋਵੇ, ਤਕਨੀਕੀ ਜਾਂ ਫਿਰ ਰਣਨੀਤਕ ਭਾਈਵਾਲੀ ਨਾਲ ਸਬੰਧਿਤ ਹੋਵੇ।

ਚੀਨ ਦਾ ਅਮਰੀਕੀ ਕੰਪਨੀਆਂ ਨੂੰ ਚੁੰਬਕ ਤੇ ਦੁਰਲੱਭ ਜ਼ਮੀਨੀ ਧਾਤਾਂ ਦੇਣ ਲਈ ਸਹਿਮਤ ਹੋਣਾ ਦੋ ਵੱਡੇ ਅਰਥਚਾਰਿਆਂ ਵਿਚਾਲੇ ਤਾਜ਼ਾ ਸੌਦੇਬਾਜ਼ੀ ਦਾ ਕੇਂਦਰੀ ਮੁੱਦਾ ਬਣਿਆ ਹੋਇਆ ਹੈ। ਇਹ ਮੁੱਦਾ ਇਹ ਤੱਥ ਉਭਾਰਦਾ ਹੈ ਕਿ ਭਾਰਤ ਕੋਲ ਹੁਣ ਦੁਰਲੱਭ ਜ਼ਮੀਨੀ ਧਾਤਾਂ ਦੇ ਆਲਮੀ ਮੁਕਾਬਲੇ ਵਿੱਚ ਡਟ ਕੇ ਨਿੱਤਰਨ ਦਾ ਵੇਲਾ ਹੈ।

# ਨਿਆਸਰਿਆਂ ਦਾ ਆਸਰਾ ਭਗਤ ਪੂਰਨ ਸਿੰਘ



ਦਲਜੀਤ ਰਾਏ ਕਾਲੀਆ

ਭਗਤ ਪੂਰਨ ਸਿੰਘ ਦਾ ਸਮੁੱਚਾ ਜੀਵਨ ਨਿਆਸਰਿਆਂ, ਅਪਾਹਜਾਂ, ਰੋਗੀਆਂ, ਗਰੀਬਾਂ ਅਤੇ ਦੀਨ-ਦੁਖੀਆਂ ਨੂੰ ਸਮਰਪਿਤ ਸੀ। ਭਗਤ ਪੂਰਨ ਸਿੰਘ ਨਿਸ਼ਕਾਮ ਸਮਾਜ ਸੇਵੀ, ਵਾਤਾਵਰਨ ਪ੍ਰੇਮੀ ਹੋਣ ਤੋਂ ਇਲਾਵਾ ਉੱਘੇ ਲੇਖਕ ਵੀ ਸਨ। ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਅਣਗਿਣਤ ਟਰੈਕਟ, ਪੁਸਤਕਾਂ, ਇਸ਼ਤਿਹਾਰ ਛਾਪ ਕੇ ਉਹ ਸਮਾਜ ਵਿੱਚ ਮੁਫਤ ਵੰਡਦੇ ਸਨ। ਇਨ੍ਹਾਂ ਦੇ ਵਿਸ਼ੇ ਵਧਦੀ ਆਬਾਦੀ, ਨਸ਼ੇ, ਰੁੱਖਾਂ ਦੀ ਅੰਨ੍ਹੇਵਾਹ ਕਟਾਈ, ਵਾਤਾਵਰਨ ਪ੍ਰਦੂਸ਼ਣ, ਸਿਗਰਟਨੋਸ਼ੀ ਅਤੇ ਸਮਾਜ ਵਿੱਚ ਪਸਰੀਆਂ ਅਨੇਕਾਂ ਹੋਰ ਵਿਸੰਗਤੀਆਂ ਤੋਂ ਪਾਠਕ ਵਰਗ ਨੂੰ ਸੁਚੇਤ ਕਰਨਾ ਅਤੇ ਲੋਕਾਂ ਨੂੰ ਗੁਰਮਤਿ ਦੇ ਮਾਰਗ ਤੋਂ ਜਾਣੂ ਕਰਵਾਉਣਾ ਹੁੰਦਾ ਸੀ। ਪਿੰਗਲਵਾੜਾ ਦੇ ਬਾਨੀ ਭਗਤ ਪੂਰਨ ਸਿੰਘ ਦਾ ਜਨਮ 4 ਜੂਨ, 1904 ਨੂੰ ਪਿੰਡ ਰਾਜੇਵਾਲ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਸ਼ਿੱਬੂ ਮੱਲ ਅਤੇ ਮਾਤਾ ਦਾ ਨਾਂ ਮਹਿਤਾਬ ਕੌਰ ਸੀ। ਸ਼ੁਰੂ ਵਿੱਚ ਘਰਦਿਆਂ ਨੇ ਉਨ੍ਹਾਂ ਦਾ ਨਾਂ ਰਾਮ ਜੀ ਦਾਸ ਰੱਖਿਆ, ਪਰ ਜਗਤ ਵਿੱਚ ਉਹ ਭਗਤ ਪੂਰਨ ਸਿੰਘ ਵਜੋਂ ਪ੍ਰਸਿੱਧ ਹੋਏ। ਭਗਤ ਜੀ ਦੀ ਮਾਤਾ ਨੇ ਉਨ੍ਹਾਂ ਨੂੰ ਗੁਰੂਆਂ, ਪੀਰਾਂ ਅਤੇ ਅਵਤਾਰਾਂ ਦੀਆਂ ਪ੍ਰੇਰਨਾਮਈ ਕਹਾਣੀਆਂ ਸੁਣਾ-ਸੁਣਾ ਕੇ ਸਮਾਜ ਸੇਵਾ ਦੀ ਅਜਿਹੀ ਚੇਟਕ ਲਾਈ ਕਿ ਭਗਤ ਜੀ ਨੇ ਮੁੜ ਪਿੱਛੇ ਮੁੜ ਕੇ ਨਹੀਂ ਵੇਖਿਆ। ਭਗਤ ਪੂਰਨ ਸਿੰਘ ਨੇ ਇੱਕ ਰਾਤ ਗੁਰਦੁਆਰਾ ਰੇਰੂ ਸਾਹਿਬ ਦੇ ਗੁਰਦੁਆਰੇ ਵਿੱਚ ਕੱਟੀ। ਇਸ ਰਾਤ ਨੇ ਭਗਤ ਪੂਰਨ ਸਿੰਘ ਦੀ ਕਾਇਆ ਕਲਪ ਕਰ ਦਿੱਤੀ। ਗੱਲ ਸੋਨੇ 'ਤੇ ਸੁਹਾਗੇ ਵਾਲੀ ਬਣੀ। ਉਨ੍ਹਾਂ ਇਸ ਰਾਤ ਗੁਰਦੁਆਰੇ 'ਚੋਂ ਲੰਗਰ-ਪ੍ਰਸ਼ਾਦਾ ਛਕਿਆ ਅਤੇ ਸਵੇਰੇ ਮਨੋਹਰ ਕੀਰਤਨ ਸੁਣਿਆ। ਭਗਤ ਜੀ ਗੁਰਦੁਆਰਾ ਸਾਹਿਬ ਦੀ ਵਿਵਸਥਾ ਅਤੇ ਗੁਰਬਾਣੀ ਤੋਂ ਬਹੁਤ ਪ੍ਰਭਾਵਿਤ ਹੋਏ।

ਦਸਵੀਂ ਦਾ ਇਮਤਿਹਾਨ ਦੇਣ ਪਿੱਛੋਂ ਭਗਤ ਪੂਰਨ ਸਿੰਘ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਰਹਿਣ ਲੱਗ ਪਏ। ਇੱਥੇ ਰਹਿ ਕੇ ਗੁਰੂ ਘਰ ਦੀ ਅਥਾਹ ਸੇਵਾ ਕਰਨ ਲੱਗੇ। ਇੱਥੇ ਰਹਿਣ ਸਮੇਂ ਸ਼ਹਿਰ ਦੀਆਂ ਲਾਇਬ੍ਰੇਰੀਆਂ 'ਚ ਜਾ ਕੇ ਉਹ ਮਾਸਿਕ ਪੱਤਰ, ਅਖਬਾਰਾਂ ਅਤੇ ਪੁਸਤਕਾਂ ਪੜ੍ਹਦੇ ਰਹਿੰਦੇ, ਜਿਸ ਨਾਲ ਉਨ੍ਹਾਂ ਦੀ ਜਾਣਕਾਰੀ ਵਿੱਚ ਅਥਾਹ ਵਾਧਾ ਹੋਇਆ। 1927 ਵਿੱਚ ਮਹਾਤਮਾ ਗਾਂਧੀ ਵੱਲੋਂ ਕੱਢੇ ਜਾਂਦੇ 'ਯੰਗ ਇੰਡੀਆ' ਰਾਹੀਂ ਭਗਤ ਪੂਰਨ ਸਿੰਘ ਨੂੰ ਘਰੇਲੂ ਦਸਤਕਾਰੀ ਅਤੇ ਦੇਸ਼ ਦੀ ਆਰਥਿਕਤਾ ਦੀ ਹੋ ਰਹੀ ਤਬਾਹੀ ਦਾ ਗਿਆਨ ਹਾਸਲ ਹੋਇਆ। ਉਹ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਨੇ ਖੱਡੀ ਦਾ ਤਿਆਰ ਖੱਦਰ ਪਹਿਨਣਾ ਸ਼ੁਰੂ ਕਰ ਦਿੱਤਾ।

1934 ਵਿੱਚ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਡੇਹਰਾ ਸਾਹਿਬ ਵਿਖੇ ਕੋਈ ਚਾਰ ਕੁ ਸਾਲ ਦਾ ਅਪਾਹਜ ਬੱਚਾ ਛੱਡ ਗਿਆ। ਭਗਤ ਜੀ ਨੇ ਇਸ ਬੱਚੇ ਨੂੰ ਸੰਭਾਲ ਕੇ ਬੜੇ ਪਿਆਰ ਨਾਲ ਉਸ ਦੀ ਪਾਲਣਾ-ਪੋਸ਼ਣਾ ਕੀਤੀ ਅਤੇ ਉਸ ਦਾ ਨਾਂ ਪਿਆਰਾ ਸਿੰਘ ਰੱਖਿਆ। ਭਗਤ ਪੂਰਨ ਸਿੰਘ ਉਸ ਬੱਚੇ ਨੂੰ ਪਿੱਠ 'ਤੇ ਚੁੱਕੀ ਫਿਰਦੇ ਰਹੇ ਅਤੇ ਇਸੇ ਤਰ੍ਹਾਂ 18 ਅਗਸਤ 1947 ਨੂੰ ਪਿਆਰਾ ਸਿੰਘ ਨੂੰ ਨਾਲ ਲੈ ਕੇ ਉਹ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿੱਚ ਪੁੱਜ ਗਏ। ਸ਼ਰਨਾਰਥੀ ਕੈਂਪ ਖਤਮ ਹੋਣ 'ਤੇ ਭਗਤ ਪੂਰਨ ਸਿੰਘ ਨੇ ਕੁਝ ਸਮਾਂ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ 'ਤੇ ਗੁਜ਼ਾਰਿਆ। ਬਾਅਦ ਵਿੱਚ ਉਹ ਗੁਰੂ ਤੇਗ ਬਹਾਦਰ ਹਸਪਤਾਲ ਵਾਲੀ ਥਾਂ ਦੇ ਬਾਹਰਵਾਰ ਇੱਕ ਬੋਹੜ ਥੱਲੇ ਝੁਗੀਆਂ ਪਾ ਕੇ ਰਾਤ-ਦਿਨ ਕੱਟਦੇ ਰਹੇ। ਇਸ ਸਮੇਂ ਤੱਕ ਉਨ੍ਹਾਂ ਦੀ ਨਿਗਰਾਨੀ ਹੇਠ 25 -30 ਮਰੀਜ਼ ਇਕੱਠੇ ਹੋ ਚੁੱਕੇ ਸਨ, ਜਿਨ੍ਹਾਂ ਦੀ ਉਹ ਸੇਵਾ-ਸੰਭਾਲ ਕਰਦੇ।

ਭਗਤ ਪੂਰਨ ਸਿੰਘ ਜੀ ਨੇ 6 ਮਾਰਚ, 1957 ਨੂੰ ਆਲ ਇੰਡੀਆ ਪਿੰਗਲਵਾੜਾ ਸੁਸਾਇਟੀ ਰਜਿਸਟਰਡ ਕਰਵਾਈ। ਭਗਤ ਪੂਰਨ ਸਿੰਘ ਨੇ 1958 ਵਿੱਚ ਤਹਿਸੀਲਪੁਰਾ ਜੀਟੀ ਰੋਡ ਅੰਮ੍ਰਿਤਸਰ (ਨੇੜੇ ਬੱਸ ਸਟੈਂਡ) 'ਤੇ ਪਿੰਗਲਵਾੜਾ ਸ਼ੁਰੂ ਕੀਤਾ, ਜੋ ਕਿ ਹੁਣ ਇੱਕ ਵਿਸ਼ਾਲ ਸੰਸਥਾ ਦਾ ਰੂਪ ਧਾਰਨ ਕਰ ਚੁੱਕਿਆ ਹੈ। ਇਸ ਦੀਆਂ ਪੰਜਾਬ ਵਿੱਚ ਕਈ ਬਰਾਂਚਾਂ ਬਣੀਆਂ ਹੋਈਆਂ ਹਨ। ਭਗਤ ਜੀ ਨੇ ਇਸ ਸੰਸਥਾ ਵਿੱਚ ਨਿਤਾਣੇ ਅਤੇ ਨਿਆਸਰੇ ਰੋਗੀਆਂ ਨੂੰ ਦਾਖਲ ਕੀਤਾ। ਭਗਤ ਜੀ ਨੂੰ ਸਿੱਖ ਪੰਥ ਦੇ ਗੁਰਦੁਆਰਿਆਂ ਦੀਆਂ ਰੱਬੀ ਬਰਕਤਾਂ 'ਤੇ ਅਥਾਹ ਵਿਸ਼ਵਾਸ ਸੀ। ਭਗਤ ਜੀ ਹਰ ਵੇਲੇ ਅਕਾਲ ਪੁਰਖ ਦੇ ਸ਼ੁਕਰਾਨੇ ਵਿੱਚ ਰਹਿੰਦੇ ਸਨ ਅਤੇ ਸਮਝਦੇ ਸਨ ਕਿ ਗੁਰੂ ਮਹਾਰਾਜ ਦੀ ਅਥਾਹ ਕਿਰਪਾ ਬਗੈਰ ਉਹ ਪਿੰਗਲਵਾੜੇ ਜਿਹੀ ਮਹਾਨ ਸੰਸਥਾ ਦੀ ਸ਼ੁਰੂਆਤ ਕਰਕੇ ਇਸ ਨੂੰ ਚਲਾਉਣ ਤੋਂ ਅਸਮਰਥ ਰਹਿੰਦੇ। ਉਨ੍ਹਾਂ ਦਾ ਜੀਵਨ ਆਦਰਸ਼ ਭਗਤ ਕਬੀਰ ਜੀ ਦਾ ਇਹ ਸਲੋਕ ਸੀ:

**ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ॥**
**ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ॥**
**(ਅੰਗ 1367, ਗੁਰੂ ਗ੍ਰੰਥ ਸਾਹਿਬ ਜੀ)**

ਭਗਤ ਜੀ ਦੀ ਸਮਾਜ ਸੇਵਾ ਨੂੰ ਮੁੱਖ ਰੱਖਦਿਆਂ ਹੋਇਆਂ ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ 1981 ਵਿੱਚ 'ਪਦਮਸ੍ਰੀ' ਦੇ ਸਨਮਾਨ ਨਾਲ ਨਿਵਾਜਿਆ ਗਿਆ। ਉਨ੍ਹਾਂ ਨੂੰ 1991 ਵਿੱਚ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਲੁਧਿਆਣਾ ਵੱਲੋਂ ਭਾਈ ਘਨ੍ਹੱਈਆ ਐਵਾਰਡ, ਬੀਡੀ ਮੁਕੰਦ ਫਾਊਂਡੇਸ਼ਨ ਵੱਲੋਂ 1991 ਵਿੱਚ ਲੋਕ ਰਤਨ ਐਵਾਰਡ ਅਤੇ 1991-92 ਵਿੱਚ ਭਾਰਤ ਸਰਕਾਰ ਵੱਲੋਂ ਕੌਮੀ ਸਦਭਾਵਨਾ ਐਵਾਰਡ ਦਿੱਤਾ ਗਿਆ। ਭਗਤ ਪੂਰਨ ਸਿੰਘ ਨੂੰ ਉਨ੍ਹਾਂ ਦੇ ਪਰਉਪਕਾਰੀ ਕਾਰਜਾਂ ਸਦਕਾ ਕਈ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੇ ਸਨਮਾਨਿਤ ਕੀਤਾ। 1984 ਵਿੱਚ ਵਾਪਰੇ ਸਾਕਾ ਨੀਲਾ ਤਾਰਾ ਦੇ ਵਿਰੋਧ ਵਿੱਚ ਉਨ੍ਹਾਂ ਨੇ ਰੋਸ ਪ੍ਰਗਟ ਕਰਦਿਆਂ ਪਦਮਸ੍ਰੀ ਐਵਾਰਡ ਵਾਪਸ ਕਰ ਦਿੱਤਾ ਸੀ। ਭਗਤ ਪੂਰਨ ਸਿੰਘ 5 ਅਗਸਤ 1992 ਨੂੰ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ। ਭਗਤ ਜੀ ਦੀ ਅੰਤਿਮ ਅਰਦਾਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਸੀ ਕਿ ਕਮੇਟੀ ਵੱਲੋਂ ਪਿੰਗਲਵਾੜੇ ਨੂੰ 25000 ਰੁਪਏ ਮਾਸਿਕ ਸਹਾਇਤਾ ਦਿੱਤੀ ਜਾਇਆ ਕਰੇਗੀ। ਸ਼੍ਰੋਮਣੀ ਕਮੇਟੀ ਵੱਲੋਂ ਭਗਤ ਪੂਰਨ ਸਿੰਘ ਜੀ ਦੀ ਯਾਦ ਵਿੱਚ 'ਸ਼ ?ਰੋਮਣੀ ਸੇਵਾ ਸਨਮਾਨ' ਵੀ ਸ਼ੁਰੂ ਕੀਤਾ ਗਿਆ। 'ਪੰਜਾਬ ਹੈਰੀਟੇਜ ਆਰਗੇਨਾਈਜੇਸ਼ਨ ਆਫ ਸ਼ਿਕਾਗੋ' ਨੇ ਵੀ 'ਭਗਤ ਪੂਰਨ ਸਿੰਘ ਸੇਵਾ ਪੁਰਸਕਾਰ' ਸ਼ੁਰੂ ਕੀਤਾ ਹੈ। ਭਾਰਤ ਸਰਕਾਰ ਵੱਲੋਂ 10 ਦਸੰਬਰ, 2004 ਨੂੰ ਭਗਤ ਪੂਰਨ ਸਿੰਘ ਦੀ ਯਾਦ ਵਿੱਚ ਇੱਕ ਡਾਕ ਟਿਕਟ ਵੀ ਜਾਰੀ ਕੀਤਾ ਗਿਆ ਸੀ।

ਮਨੁੱਖਤਾ ਦੇ ਮਸੀਹਾ ਭਗਤ ਪੂਰਨ ਸਿੰਘ ਜੀ ਭਾਵੇਂ ਸਰੀਰਕ ਤੌਰ 'ਤੇ ਅੱਜ ਸਾਡੇ ਵਿੱਚ ਮੌਜੂਦ ਨਹੀਂ ਹਨ, ਪਰ ਉਨ੍ਹਾਂ ਵੱਲੋਂ ਕੀਤੇ ਕਾਰਜਾਂ ਸਦਕਾ ਉਹ ਹਮੇਸ਼ਾ ਹੀ ਜੀਵਤ ਰਹਿਣਗੇ। ਭਗਤ ਪੂਰਨ ਸਿੰਘ ਵੱਲੋਂ ਸ਼ੁਰੂ ਕੀਤਾ ਗਿਆ ਪਿੰਗਲਵਾੜਾ ਸਮਾਜ ਵਿੱਚ ਆਪਣਿਆਂ ਵੱਲੋਂ ਹੀ ਦੁਰਕਾਰੇ ਗਏ ਸੈਂਕੜੇ ਲੋਕਾਂ ਲਈ ਪਨਾਹ ਦੀ ਜਗ ?ਹਾ ਹੈ ਅਤੇ ਦੀਨ-ਦੁਖੀ ਤੇ ਨਿਆਸਰਿਆਂ ਲਈ ਆਸ ਦੀ ਕਿਰਨ। ਪਿੰਗਲਵਾੜੇ ਦਾ ਮਹੀਨਾਵਾਰੀ ਖਰਚਾ ਲੱਖਾਂ ਰੁਪਏ ਹੈ, ਜਿਸ ਨੂੰ ਪਿੰਗਲਵਾੜਾ ਦੇ ਸੇਵਾਦਾਰ ਦਾਨ ਰਾਹੀਂ ਇਕੱਠਾ ਕਰਦੇ ਹਨ। ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਇਸ ਲੋਕ ਭਲਾਈ ਦੇ ਕਾਰਜ ਵਿੱਚ ਕੁਝ ਨਾ ਕੁਝ ਆਪਣਾ ਯੋਗਦਾਨ ਪਾਈਏ। ਇਹੀ ਭਗਤ ਪੂਰਨ ਸਿੰਘ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# 'ਟੁੱਟਣ ਲੱਗੀ ਪਤੀ-ਪਤਨੀ ਦੇ ਰਿਸ਼ਤਿਆਂ ਦੀ ਡੋਰ' ਕਰਵਾਉਣ ਲੱਗੇ ਇਕ-ਦੂਸਰੇ ਦੀਆਂ ਹੱਤਿਆਵਾਂ!





ਮਰਿਆਦਾ ਪੂਰਨ ਜ਼ਿੰਦਗੀ ਬਿਤਾਉਣ ਦਾ ਸਾਰੀ ਦੁਨੀਆ ਨੂੰ ਸੰਦੇਸ਼ ਦੇਣ ਵਾਲੇ ਭਾਰਤ 'ਚ ਹੁਣ ਕੁਝ ਲੋਕ ਰਿਸ਼ਤਿਆਂ ਦਾ ਸਨਮਾਨ ਕਰਨ ਦੀ ਨੀਤੀ ਨੂੰ ਭੁਲਦੇ ਜਾ ਰਹੇ ਹਨ। ਇਥੋਂ ਤਕ ਕਿ ਸੱਤ ਜਨਮਾਂ ਦਾ ਸਾਥ ਨਿਭਾਉਣ ਦੀਆਂ ਕਸਮਾਂ ਖਾ ਕੇ ਵਿਆਹ ਬੰਧਨ 'ਚ ਬੱਝਣ ਵਾਲੇ ਜੋੜੇ ਇਕ-ਦੂਸਰੇ ਦੀ ਜਾਨ ਦੇ ਪਿਆਸੇ ਹੋਣ ਲੱਗੇ ਹਨ ਜਿਸ ਦੀਆਂ ਸਿਰਫ ਪਿਛਲੇ ਲੱਗਭਗ 2 ਮਹੀਨਿਆਂ ਦੀਆਂ ਉਦਾਹਰਣਾਂ ਹੇਠਾਂ ਦਰਜ ਹਨ :

- 17 ਅਪ੍ਰੈਲ ਨੂੰ ਮੇਰਠ (ਉੱਤਰ ਪ੍ਰਦੇਸ਼) 'ਚ ਇਕ ਔਰਤ ਨੇ ਪ੍ਰੇਮੀ ਦੇ ਨਾਲ ਰਲ ਕੇ ਆਪਣੇ ਪਤੀ ਨੂੰ ਮਾਰ ਦਿੱਤਾ। ਹੱਤਿਆ ਨੂੰ ਛੁਪਾਉਣ ਦੇ ਲਈ ਉਨ੍ਹਾਂ ਨੇ ਮ੍ਰਿਤਕ ਕੋਲ ਇਕ ਸੱਪ ਰੱਖ ਦਿੱਤਾ ਤਾਂਕਿ ਇਹ ਜਾਪੇ ਉਸ ਦੀ ਮੌਤ ਸੱਪ ਦੇ ਡੱਸਣ ਨਾਲ ਹੋਈ ਹੈ ਪਰ ਪੋਸਟਮਾਰਟਮ ਰਿਪੋਰਟ 'ਚ ਖੁਲਾਸਾ ਹੋਇਆ ਕਿ ਔਰਤ ਦੇ ਪਤੀ ਦੀ ਮੌਤ ਗਲਾ ਘੁੱਟਣ ਨਾਲ ਹੋਈ ਸੀ।
- 17 ਮਈ ਨੂੰ 'ਬਲੀਆ' (ਉੱਤਰ ਪ੍ਰਦੇਸ਼) 'ਚ 'ਮਾਇਆ' ਨਾਂ ਦੀ ਔਰਤ ਨੇ ਆਪਣੇ ਪ੍ਰੇਮੀ ਨਾਲ ਮਿਲ ਕੇ ਆਪਣੇ ਪਤੀ ਦੀ ਹੱਤਿਆ ਕਰਨ ਤੋਂ ਬਾਅਦ ਉਸ ਦੀ ਲਾਸ਼ ਦੇ 6 ਟੁਕੜੇ ਕਰ ਕੇ ਉਨ੍ਹਾਂ ਨੂੰ ਨਦੀ 'ਚ ਰੋੜ੍ਹ ਦਿੱਤਾ ਅਤੇ ਫਿਰ ਖੁਦ ਹੀ ਆਪਣੇ ਪਤੀ ਦੀ ਗੁੰਮਸ਼ੁਦਗੀ ਦੀ ਰਿਪੋਰਟ ਲਿਖਵਾਉਣ ਪੁਲਸ ਦੇ ਕੋਲ ਪਹੁੰਚ ਗਈ ਪਰ ਪੁਲਸ ਵਲੋਂ ਸਖਤੀ ਨਾਲ ਪੁੱਛ-ਗਿੱਛ ਕਰਨ 'ਤੇ ਉਸ ਨੇ ਸੱਚ ਉਗਲ ਦਿੱਤਾ।
- 17 ਮਈ ਨੂੰ ਹੀ 'ਸ਼੍ਰਾਵਸਤੀ' (ਉੱਤਰ ਪ੍ਰਦੇਸ਼) 'ਚ 'ਸੈਫੂਦੀਨ' ਨਾਂ ਦੇ ਵਿਅਕਤੀ ਨੂੰ ਆਪਣੀ ਪਤਨੀ 'ਸਬੀਨਾ' ਦੀ ਹੱਤਿਆ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ। ਉਹ 'ਸਬੀਨਾ' ਨੂੰ ਲਖਨਊ ਲਿਜਾਉਣ ਲਈ ਘਰੋਂ ਨਿਕਲਿਆ ਪਰ ਰਸਤੇ 'ਚ ਮੌਕਾ ਪਾ ਕੇ ਉਸ ਨੇ ਉਸ ਦੇ ਕਈ ਟੁਕੜੇ ਕਰ ਦਿੱਤੇ।
- 6 ਜੂਨ ਨੂੰ 'ਬੈਂਗਲੁਰੂ' (ਕਰਨਾਟਕ) 'ਚ 'ਯਸ਼ਸ' ਨਾਂ ਦੇ ਇਕ ਨੌਜਵਾਨ ਨੇ ਆਪਣੀ ਪ੍ਰੇਮਿਕਾ 'ਹਰਿਨੀ' ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ। ਪੁਲਸ ਦੇ ਅਨੁਸਾਰ 'ਹਰਿਨੀ' ਉਸ ਦੇ ਨਾਲ ਆਪਣੇ ਸਬੰਧ ਖਤਮ ਕਰਨਾ ਚਾਹੁੰਦੀ ਸੀ ਜਿਸ ਤੋਂ ਨਾਰਾਜ਼ ਹੋ ਕੇ 'ਯਸ਼ਸ' ਨੇ ਇਹ ਕਦਮ ਚੁੱਕਿਆ।
- 7 ਜੂਨ ਨੂੰ 'ਨਾਲੰਦਾ' (ਬਿਹਾਰ) ਦੇ 'ਚਕਮਦਾਰ' ਪਿੰਡ 'ਚ 'ਛੋਟੂ' ਨਾਂ ਦੇ ਇਕ ਵਿਅਕਤੀ ਨੇ ਘਰੇਲੂ ਝਗੜੇ ਕਾਰਨ ਆਪਣੀ ਪਤਨੀ 'ਤੇ ਸਿਲਬੱਟੇ ਨਾਲ ਹਮਲਾ ਕਰ ਕੇ ਮਾਰ ਦਿੱਤਾ ਅਤੇ ਫਿਰ ਖੁਦ ਵੀ ਫਾਹਾ ਲਗਾ ਕੇ ਆਪਣੀ ਜਾਨ ਦੇ ਦਿੱਤੀ।
- 7 ਜੂਨ ਨੂੰ ਹੀ 'ਸਿਰਸਾ' (ਹਰਿਆਣਾ) ਦੇ ਪਿੰਡ 'ਰਾਮਪੁਰਾ ਢਿੱਲੋਂ' ਵਿਚ 'ਰੋਹਤਾਸ' ਨਾਂ ਦੇ ਵਿਅਕਤੀ ਨੇ ਕੱਸੀ ਨਾਲ ਗਲਾ ਵੱਢ ਕੇ ਆਪਣੀ ਪਤਨੀ 'ਮਾਇਆ ਦੇਵੀ' ਦੀ ਹੱਤਿਆ ਕਰ ਦਿੱਤੀ ਅਤੇ ਉਸ ਤੋਂ ਬਾਅਦ ਪੁਲਸ ਨੂੰ ਫੋਨ ਕਰ ਕੇ ਕਿਹਾ ਕਿ "ਮੈਂ ਆਪਣੀ ਪਤਨੀ ਨੂੰ ਮਾਰ ਦਿੱਤਾ ਹੈ, ਆ ਕੇ ਦੇਖ ਲਓ। ਲਾਸ਼ ਘਰ 'ਚ ਪਈ ਹੈ।"
- 9 ਜੂਨ ਨੂੰ 'ਮਧੇਪੁਰਾ' (ਉੱਤਰ ਪ੍ਰਦੇਸ਼) ਦੇ 'ਚਿਕਨੋਟਵਾ' ਪਿੰਡ 'ਚ 'ਸੰਜੇ' ਨਾਂ ਦੇ ਇਕ ਵਿਅਕਤੀ ਨੇ ਆਪਣੀ ਭਾਬੀ ਦੇ ਨਾਲ ਪ੍ਰੇਮ ਸਬੰਧਾਂ ਦੇ ਕਾਰਨ ਆਪਣੀ ਪਤਨੀ 'ਰੂਪਮ' ਦੀ ਹੱਤਿਆ ਕਰਨ ਤੋਂ ਬਾਅਦ ਉਸ ਨੂੰ ਅੱਗ ਲਾ ਕੇ ਸਾੜ ਦਿੱਤਾ।
- 9 ਜੂਨ ਨੂੰ ਹੀ 'ਬਿਲਾਸਪੁਰ' (ਛੱਤੀਸਗੜ੍ਹ) 'ਬੇਹਤਰਾਈ' ਪਿੰਡ 'ਚ 'ਗੌਰੀ ਸ਼ੰਕਰ ਸਾਹੂ' ਅਤੇ ਉਸ ਦੀ ਪਤਨੀ 'ਰਤਨਾ ਸਾਹੂ' ਦੇ ਦਰਮਿਆਨ ਕਿਸੇ ਗੱਲ ਨੂੰ ਲੈ ਕੇ ਝਗੜਾ ਹੋਣ 'ਤੇ 'ਗੌਰੀ ਸ਼ੰਕਰ' ਨੇ ਗੁੱਸੇ 'ਚ ਆ ਕੇ ਆਪਣੀ ਪਤਨੀ 'ਰਤਨਾ ਸਾਹੂ' ਦੇ ਸਿਰ ਅਤੇ ਚਿਹਰੇ 'ਤੇ ਤਵੇ ਨਾਲ ਕਈ ਵਾਰ ਕਰ ਦਿੱਤੇ ਜਿਸ ਨਾਲ ਉਸ ਦੀ ਮੌਤ ਹੋ ਗਈ।
- 9 ਜੂਨ ਨੂੰ ਹੀ 'ਬੈਂਗਲੁਰੂ' (ਕਰਨਾਟਕ) ਦੇ 'ਅਨੇਕਲ' ਇਲਾਕੇ 'ਚ 'ਸ਼ੰਕਰ' ਨਾਂ ਦੇ ਇਕ ਵਿਅਕਤੀ ਨੇ ਘਰੇਲੂ ਝਗੜੇ ਕਾਰਨ ਆਪਣੀ ਪਤਨੀ 'ਮਾਨਸਾ' ਦਾ ਸਿਰ ਵੱਢਣ ਤੋਂ ਬਾਅਦ ਖੁਦ ਹੀ ਪੁਲਸ ਥਾਣੇ ਜਾ ਕੇ ਆਤਮਸਰਪਣ ਕਰ ਦਿੱਤਾ।
- 9 ਜੂਨ ਨੂੰ ਹੀ 'ਸਿਰਸਾ' (ਹਰਿਆਣਾ) 'ਚ 'ਮੱਖਣ ਸ਼ਰਮਾ' ਅਤੇ ਉਸ ਦੀ ਪਤਨੀ 'ਆਰਤੀ' ਦੇ ਦਰਮਿਆਨ ਕਿਸੇ ਗੱਲ 'ਤੇ ਵਿਵਾਦ ਹੋ ਜਾਣ ਕਾਰਨ 'ਮੱਖਣ ਸ਼ਰਮਾ' ਨੇ 'ਆਰਤੀ' ਦੇ ਸਿਰ 'ਤੇ ਹਥੌੜਾ ਮਾਰ ਕੇ ਉਸ ਦੀ ਜਾਨ ਲੈ ਲਈ ਅਤੇ ਫਿਰ ਖੁਦ ਹੀ ਥਾਣੇ 'ਚ ਜਾ ਕੇ ਸਰੰਡਰ ਕਰ ਦਿੱਤਾ। ਪੁਲਸ ਦੇ ਅਨੁਸਾਰ ਮੱਖਣ ਆਪਣੀ ਪਤਨੀ ਦੇ ਚਰਿੱਤਰ 'ਤੇ ਸ਼ੱਕ ਕਰਦਾ ਸੀ।
- 10 ਜੂਨ ਨੂੰ 'ਇੰਦੌਰ' (ਮੱਧ ਪ੍ਰਦੇਸ਼) ਦੇ ਕਾਰੋਬਾਰੀ 'ਰਾਜਾ ਰਘੂਵੰਸ਼ੀ' ਦੀ ਮੇਘਾਲਿਆ 'ਚ ਹੱਤਿਆ ਦੇ ਦੋਸ਼ 'ਚ 'ਰਾਜਾ ਰਘੂਵੰਸ਼ੀ' ਦੀ ਪਤਨੀ 'ਸੋਨਮ ਰਘੂਵੰਸ਼ੀ' ਅਤੇ 3 ਭਾੜੇ ਦੇ ਹਤਿਆਰਿਆ ਨੂੰ ਗ੍ਰਿਫਤਾਰ ਕੀਤਾ ਗਿਆ।
- 10 ਜੂਨ ਨੂੰ ਹੀ 'ਧਮਤਰੀ' (ਛੱਤੀਸਗੜ੍ਹ) ਦੇ 'ਕੋਟਪਾਰਾ' ਇਲਾਕੇ 'ਚ ਆਪਣੀ ਪਤਨੀ 'ਮੀਨਾਕਸ਼ੀ ਪਟੇਲ' ਦੇ ਚਰਿੱਤਰ 'ਤੇ ਸ਼ੱਕ ਦੇ ਕਾਰਨ ਉਸ ਦੇ ਪਤੀ 'ਧਨੇਸ਼ਵਰ ਪਟੇਲ' ਨੇ ਗਲਾ ਵੱਢ ਕੇ ਉਸ ਦੀ ਹੱਤਿਆ ਕਰ ਦਿੱਤੀ।

ਆਪਣੇ ਪ੍ਰਾਚੀਨ ਸੱਭਿਆਚਾਰ 'ਤੇ ਮਾਣ ਕਰਨ ਵਾਲੇ ਸਾਡੇ ਦੇਸ਼ 'ਚ ਲੋਕਾਂ ਦੇ ਨੈਤਿਕ ਪਤਨ ਦੇ ਇਹ ਤਾਂ ਉਹ ਮਾਮਲੇ ਹਨ ਜੋ ਸਾਹਮਣੇ ਆਏ ਹਨ। ਇਨ੍ਹਾਂ ਦੇ ਇਲਾਵਾ ਵੀ ਪਤਾ ਨਹੀਂ ਕਿੰਨੇ ਅਜਿਹੇ ਮਾਮਲੇ ਹੋਏ ਹੋਣਗੇ ਜੋ ਰੋਸ਼ਨੀ 'ਚ ਨਹੀਂ ਆ ਸਕੇ। ਇਸ ਤਰ੍ਹਾਂ ਦੀਆਂ ਘਟਨਾਵਾਂ ਜਿਥੇ ਘੋਰ ਨਿੰਦਣਯੋਗ ਹਨ, ਉਥੇ ਹੀ ਅਜਿਹਾ ਕਰਨ ਵਾਲਿਆਂ ਨੂੰ ਤੇਜ਼ੀ ਨਾਲ ਕਾਨੂੰਨੀ ਕਾਰਵਾਈ ਕਰ ਕੇ ਸਖਤ ਤੋਂ ਸਖਤ ਸਜ਼ਾ ਦੇਣ ਦੀ ਲੋੜ ਹੈ।

# ਗਰੀਬੀ ਅਤੇ ਅਮੀਰੀ ਦਾ ਵਧ ਰਿਹਾ ਪਾੜਾ



ਪਿਛਲੇ ਦਿਨੀਂ ਇੱਕ ਰਿਪੋਰਟ ਜਾਰੀ ਹੋਈ ਕਿ ਭਾਰਤ ਜਾਪਾਨ ਨੂੰ ਪਛਾੜ ਕੇ ਦੁਨੀਆ ਦਾ ਚੌਥਾ ਸਭ ਤੋਂ ਵੱਡਾ ਅਰਥਚਾਰਾ ਬਣ ਗਿਆ ਹੈ। ਮੋਦੀ ਸਰਕਾਰ ਅਤੇ ਮੁੱਖ ਧਾਰਾਈ ਗੋਦੀ ਮੀਡੀਆ ਨੇ ਇਸ ਨੂੰ ਵੱਡੀ ਪ੍ਰਾਪਤੀ ਵਜੋਂ ਪ੍ਰਚਾਰਿਆ। ਉਂਝ, ਰਿਪੋਰਟ ਨੇ ਇਹ ਅੰਕੜਾ ਵੀ ਜਾਰੀ ਕੀਤਾ ਕਿ ਜਾਪਾਨ ਦੀ ਪ੍ਰਤੀ ਵਿਅਕਤੀ ਆਮਦਨ 33900 ਅਮਰੀਕੀ ਡਾਲਰ ਅਤੇ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ 2880 ਅਮਰੀਕੀ ਡਾਲਰ ਹੈ (ਦਸਵੇਂ ਹਿੱਸੇ ਤੋਂ ਵੀ ਘੱਟ)। ਇਹੀ ਇੱਕ ਤੱਥ ਮੋਦੀ ਹਕੂਮਤ ਦੇ ਫੋਕੇ ਦਾਅਵਿਆਂ ਦੀ ਪੋਲ ਖੋਲ੍ਹ ਦਿੰਦਾ ਹੈ। ਇੱਕ ਪੱਖ ਇਹ ਵੀ ਸਾਹਮਣੇ ਆ ਰਿਹਾ ਹੈ ਕਿ ਭਾਰਤ ਚੌਥਾ ਵੱਡਾ ਅਰਥਚਾਰਾ ਨਹੀਂ ਬਣਿਆ, ਬਣਨ ਵੱਲ ਵਧ ਰਿਹਾ ਹੈ। ਉਂਝ, ਹਕੀਕਤ ਕੀ ਹੈ, ਇਸ ਬਾਰੇ ਚਰਚਾ ਜ਼ਰੂਰੀ ਹੈ।

ਹਾਲ ਹੀ ਵਿੱਚ ਬਲੂਮਬਰਗ ਇੰਡੈਕਸ ਨੇ ਅਰਬਪਤੀਆਂ ਦੀ ਸੂਚੀ ਨਵਿਆਈ ਹੈ। ਇਸ ਸੂਚੀ ਤੋਂ ਬਾਅਦ ਦੁਨੀਆ ਦੇ ਅਰਬਪਤੀਆਂ ਦੀ ਨੀਂਦ ਉੱਡ ਗਈ ਹੈ। ਇਸ ਦਾ ਇੱਕ ਕਾਰਨ ਮੁਕੇਸ਼ ਅੰਬਾਨੀ ਅਤੇ ਗੌਤਮ ਅਡਾਨੀ ਬਾਰੇ ਅੰਕੜੇ ਹਨ। ਖਾਸ ਗੱਲ ਇਹ ਹੈ ਕਿ ਦੁਨੀਆ ਦੇ 500 ਅਰਬਪਤੀਆਂ ਵਿੱਚੋਂ ਮੁਕੇਸ਼ ਅੰਬਾਨੀ ਅਤੇ ਗੌਤਮ ਅਡਾਨੀ ਹੀ ਅਜਿਹੇ ਅਰਬਪਤੀ ਹਨ ਜਿਨ੍ਹਾਂ ਦੀ ਕੁੱਲ ਜਾਇਦਾਦ ਵਿੱਚ 1 ਬਿਲੀਅਨ ਡਾਲਰ ਤੋਂ ਵੱਧ ਦਾ ਵਾਧਾ ਹੋਇਆ ਹੈ। ਇੱਕ ਹੋਰ ਬਲੂਮਬਰਗ ਬਿਲੀਨੇਅਰਜ਼ ਇੰਡੈਕਸ ਅਨੁਸਾਰ, ਮੁਕੇਸ਼ ਅੰਬਾਨੀ ਦੀ ਕੁੱਲ ਜਾਇਦਾਦ ਵਿੱਚ 2 ਬਿਲੀਅਨ ਡਾਲਰ ਤੋਂ ਵੱਧ ਅਤੇ ਗੌਤਮ ਅਡਾਨੀ ਦੀ ਕੁੱਲ ਜਾਇਦਾਦ ਵਿੱਚ 1 ਬਿਲੀਅਨ ਡਾਲਰ ਤੋਂ ਵੱਧ ਦਾ ਵਾਧਾ ਹੋਇਆ ਹੈ। ਇਨ੍ਹਾਂ ਦੋਵਾਂ ਤੋਂ ਬਾਅਦ ਇੰਡੋਨੇਸ਼ੀਆ, ਜਾਪਾਨ ਅਤੇ ਮੈਕਸਿਕੋ ਦੇ ਅਰਬਪਤੀਆਂ ਦੀ ਗਿਣਤੀ ਦੇਖੀ ਜਾਂਦੀ ਹੈ।

ਇਸ ਅਮਲ ਦੀ ਅਸਲੀਅਤ ਜਾਨਣ ਲਈ ਦੋਵਾਂ ਰਿਪੋਰਟਾਂ ਦਾ ਪਿਛੋਕੜ ਜਾਨਣ ਦੀ ਲੋੜ ਹੈ। 1961 ਤੋਂ 2023 ਤੱਕ, ਉੱਪਰਲੇ 1% ਲੋਕਾਂ ਦੀ ਦੌਲਤ ਦਾ ਹਿੱਸਾ ਤਿੰਨ ਗੁਣਾ ਵਧਿਆ: 13% ਤੋਂ 39%। 1961 ਤੋਂ 1981 ਤੱਕ ਦੇਸ਼ ਦੀ ਕੁੱਲ ਦੌਲਤ ਦਾ 11% ਹੇਠਲੇ 50% ਲੋਕਾਂ ਕੋਲ ਸੀ ਜੋ 1991 ਵਿੱਚ ਘਟ ਕੇ 8.8% ਅਤੇ 2002 ਤੱਕ 6.9% ਰਹਿ ਗਿਆ। ਇਹ ਅੰਕੜਾ 6% ਤੋਂ 7% ਦੇ ਵਿਚਕਾਰ ਹੈ। 2022-23 ਤੱਕ ਸਿਖਰਲੇ 1% ਆਮਦਨ ਅਤੇ ਦੌਲਤ ਦੇ ਹਿੱਸੇ (22.6% ਅਤੇ 40.1%) ਆਪਣੇ ਸਭ ਤੋਂ ਉੱਚੇ ਇਤਿਹਾਸਕ ਪੱਧਰ ’ਤੇ ਹਨ ਅਤੇ ਭਾਰਤ ਦਾ ਸਿਖਰਲੇ 1% ਆਮਦਨ ਦਾ ਹਿੱਸਾ ਦੁਨੀਆ ਵਿੱਚ ਸਭ ਤੋਂ ਵੱਧ ਹੈ; ਦੱਖਣੀ ਅਫਰੀਕਾ, ਬ੍ਰਾਜ਼ੀਲ ਅਤੇ ਅਮਰੀਕਾ ਤੋਂ ਵੀ ਵੱਧ। ਜੇ ਅਸੀਂ ਚੋਟੀ ਦੇ 10 ਧਨਾਢਾਂ ਦੀ ਗੱਲ ਕਰੀਏ ਤਾਂ 5 ਅਰਬਪਤੀ ਭਾਰਤ ਦੇ ਹਨ ਜਿਨ੍ਹਾਂ ਵਿੱਚ ਸ਼ਿਵ ਨਾਦਰ, ਸ਼ਾਹਪੁਰ ਮਿਸਤਰੀ ਅਤੇ ਰਵੀ ਜੈਪੁਰੀਆ ਦੇ ਨਾਮ ਸ਼ਾਮਿਲ ਹਨ।

ਜੇ ਅਸੀਂ ਮੁਕੇਸ਼ ਅੰਬਾਨੀ ਦੀ ਕੁੱਲ ਜਾਇਦਾਦ ਦੀ ਗੱਲ ਕਰੀਏ ਤਾਂ ਇਹ 104 ਬਿਲੀਅਨ ਡਾਲਰ ਤੱਕ ਪਹੁੰਚ ਗਈ ਹੈ। 23 ਮਈ ਨੂੰ ਉਸ ਦੀ ਕੁੱਲ ਜਾਇਦਾਦ ਵਿੱਚ 2.35 ਬਿਲੀਅਨ ਡਾਲਰ ਦਾ ਵਾਧਾ ਹੋਇਆ। ਹੁਣ ਮੌਜੂਦਾ ਸਾਲ ਵਿੱਚ ਮੁਕੇਸ਼ ਅੰਬਾਨੀ ਦੀ ਕੁੱਲ ਜਾਇਦਾਦ ਵਿੱਚ 13 ਬਿਲੀਅਨ ਡਾਲਰ ਦਾ ਵਾਧਾ ਹੋਇਆ ਹੈ। ਇਸ ਸਮੇਂ ਮੁਕੇਸ਼ ਅੰਬਾਨੀ ਦੁਨੀਆ ਦੇ 17ਵੇਂ ਸਭ ਤੋਂ ਅਮੀਰ ਕਾਰੋਬਾਰੀ ਅਤੇ ਏਸ਼ੀਆ ਦੇ ਸਭ ਤੋਂ ਅਮੀਰ ਕਾਰੋਬਾਰੀ ਬਣ ਗਏ ਹਨ। ਦੂਜੇ ਪਾਸੇ, 23 ਮਈ ਨੂੰ ਗੌਤਮ ਅਡਾਨੀ ਦੀ ਕੁੱਲ ਜਾਇਦਾਦ ਵਿੱਚ 1.72 ਬਿਲੀਅਨ ਡਾਲਰ ਦਾ ਵਾਧਾ ਹੋਇਆ। ਬਲੂਮਬਰਗ ਬਿਲੀਨੇਅਰਜ਼ ਇੰਡੈਕਸ ਗੌਤਮ ਅਡਾਨੀ ਦੀ ਕੁੱਲ ਜਾਇਦਾਦ 82.3 ਬਿਲੀਅਨ ਡਾਲਰ ਤੱਕ ਪਹੁੰਚ ਗਈ ਹੈ। ਮੌਜੂਦਾ ਸਾਲ ਵਿੱਚ ਗੌਤਮ ਅਡਾਨੀ ਦੀ ਕੁੱਲ ਜਾਇਦਾਦ ਵਿੱਚ 3.64 ਬਿਲੀਅਨ ਡਾਲਰ ਦਾ ਵਾਧਾ ਹੋਇਆ ਹੈ। ਹੁਣ ਗੌਤਮ ਅਡਾਨੀ ਦੁਨੀਆ ਦੇ 20ਵੇਂ ਸਭ ਤੋਂ ਅਮੀਰ ਕਾਰੋਬਾਰੀ ਬਣ ਗਏ ਹਨ। ਇਨ੍ਹਾਂ ਅਰਬਪਤੀਆਂ ਦੀ ਗਿਣਤੀ 2014-24 ਮੋਦੀ ਦੇ ਕਾਰਜਕਾਲ ਦੌਰਾਨ ਛੜੱਪੇ ਮਾਰ ਕੇ ਵਧੀ ਅਤੇ ਵਧ ਰਹੀ ਹੈ। ਇਨ੍ਹਾਂ ਕਾਰਪੋਰੇਟ ਘਰਾਣਿਆਂ ਦੀ ਜਾਇਦਾਦ ਦਾ ਅਜਿਹਾ ਵਾਧਾ ਹੋਣ ਦਾ ਸਭ ਤੋਂ ਵੱਡਾ ਕਾਰਨ 1990-91 ਤੋਂ ਸੰਸਾਰ ਪੱਧਰ ’ਤੇ ਲਾਗੂ ਕੀਤੀ ਜਾ ਰਹੀ ਆਰਥਿਕ ਸੁਧਾਰਾਂ ਦੀ ਪ੍ਰਕਿਰਿਆ ਹੈ ਜਿਸ ਰਾਹੀਂ ਮਜ਼ਦੂਰ ਜਮਾਤ ਵੱਲੋਂ ਕੁਰਬਾਨੀਆਂ ਦੇ ਕੇ ਅਤੇ ਜਾਨ ਹੂਲਵੇਂ ਸੰਘਰਸ਼ਾਂ ਰਾਹੀਂ ਹਾਸਲ ਕੀਤੇ ਕਿਰਤ ਕਾਨੂੰਨਾਂ ਨੂੰ ਛਾਂਗਿਆ ਗਿਆ ਹੈ। ਭਾਰਤ ਵਿੱਚ 44 ਕਿਰਤ ਕਾਨੂੰਨਾਂ ਦਾ ਭੋਗ ਪਾ ਕੇ ਇਨ੍ਹਾਂ ਨੂੰ 4 ਕਿਰਤ ਕੋਡਾਂ ਵਿੱਚ ਤਬਦੀਲ ਕਰ ਦਿੱਤਾ ਹੈ ਜਿਸ ਨਾਲ ਕਿਰਤੀਆਂ ਦੀ ਲੁੱਟ ਤਿੱਖੀ ਕਰਨ ਦਾ ਰਾਹ

**ਨਰਾਇਣ ਦੱਤ**

ਪੱਧਰਾ ਹੋ ਗਿਆ ਹੈ।

ਦੂਜਾ ਪੱਖ ਹੈ ਕਿ ਕਾਰਪੋਰੇਟ ਘਰਾਣਿਆਂ ਨੂੰ ਟੈਕਸਾਂ ਵਿੱਚ ਕਰੋੜਾਂ ਰੁਪਏ ਦੀਆਂ ਛੋਟਾਂ ਅਤੇ ਉਨ੍ਹਾਂ ਦੇ ਕਰੋੜਾਂ ਰੁਪਏ ਦੇ ਕਰਜੇ ? ਵੱਟੇ ਖਾਤੇ ਪਾਉਣਾ ਹੈ। ਇਹ ਮਸਲਾ ਇੱਕ ਹੀ ਉਦਾਹਰਨ ਨਾਲ ਸਮਝਣਾ ਸੌਖਾ ਰਹੇਗਾ। ਅਨਿਲ ਅੰਬਾਨੀ ਦੀ ਰਿਲਾਇੰਸ ਕਮਿਊਨੀਕੇਸ਼ਨਜ਼ (ਆਰਕਾਮ) ’ਤੇ 49,000 ਕਰੋੜ ਰੁਪਏ ਦਾ ਕਰਜ਼ਾ ਸੀ ਜਿਸ ਨੂੰ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ (ਐੱਨਸੀਐੱਲਟੀ) ਦੁਆਰਾ 47,251 ਕਰੋੜ ਰੁਪਏ ਸਵੀਕਾਰ ਕੀਤਾ ਗਿਆ ਸੀ। ਆਰਕਾਮ ਲਈ ਰੈਜ਼ੋਲੂਸ਼ਨ ਪਲਾਨ ਨੂੰ 455 ਕਰੋੜ ਰੁਪਏ ਦੇ ਨਿਬੇੜੇ ’ਤੇ ਮਨਜ਼ੂਰੀ ਦਿੱਤੀ ਗਈ ਸੀ ਜੋ ਕੁੱਲ ਕਰਜ਼ੇ ਦਾ ਬਹੁਤ ਛੋਟਾ ਹਿੱਸਾ (0.92%) ਹੈ।

ਇਸੇ ਸਮੇਂ ਦੌਰਾਨ ਦੁਨੀਆ ਦੇ ਚੋਟੀ ਦੇ ਅਰਬਪਤੀਆਂ ਦੀ ਕੁੱਲ ਜਾਇਦਾਦ ਦੀ ਗੱਲ ਕਰੀਏ ਤਾਂ ਐਲਨ ਮਸਕ ਦੀ ਦੌਲਤ ਵਿੱਚ 1.14 ਬਿਲੀਅਨ ਡਾਲਰ ਦੀ ਗਿਰਾਵਟ ਆਈ ਹੈ ਜਿਸ ਤੋਂ ਬਾਅਦ ਉਸ ਦੀ ਕੁੱਲ ਦੌਲਤ 374 ਬਿਲੀਅਨ ਡਾਲਰ ਹੋ ਗਈ ਹੈ। ਇਸ ਦੇ ਨਾਲ ਹੀ ਜੈਫ ਬੇਜੋਸ ਦੀ ਕੁੱਲ ਜਾਇਦਾਦ ਵਿੱਚ 1.95 ਬਿਲੀਅਨ ਡਾਲਰ, ਮਾਰਕ ਜ਼ੁਕਰਬਰਗ ਦੀ ਕੁੱਲ ਜਾਇਦਾਦ ਵਿੱਚ 3.29 ਬਿਲੀਅਨ ਡਾਲਰ ਅਤੇ ਲੈਰੀ ਐਲੀਸਨ ਦੀ ਦੌਲਤ ਵਿੱਚ 1.35 ਬਿਲੀਅਨ ਡਾਲਰ ਦੀ ਗਿਰਾਵਟ ਆਈ ਹੈ। ਸਟੀਵ ਬਾਲਮਰ, ਲੈਰੀ ਪੇਜ, ਸਰਗੇਈ ਬ੍ਰਿਨ ਦੀ ਕੁੱਲ ਜਾਇਦਾਦ ਵਿੱਚ ਵੀ 1 ਬਿਲੀਅਨ ਡਾਲਰ ਦੀ ਗਿਰਾਵਟ ਆਈ ਹੈ।

ਤਰੱਕੀ ਨੂੰ ਸਮਾਜਿਕ, ਆਰਥਿਕ, ਵਾਤਾਵਰਨਕ, ਸੱਭਿਆਚਾਰਕ ਪੱਖਾਂ ਦੇ ਪੈਮਾਨਿਆਂ ਤੋਂ ਨਾਪਿਆ ਜਾਂਦਾ ਹੈ। ਗੋਦੀ ਮੀਡੀਆ ਅਤੇ ਹਕੂਮਤੀ ਗਲਿਆਰਿਆਂ ਦਾ ਨਿੱਘ ਮਾਣਦੇ ਬੁੱਧੀਜੀਵੀ ਸਮਾਜ ਦੀ ਅਸਲ ਤਸਵੀਰ ਪੇਸ਼ ਨਹੀਂ ਕਰਦੇ। ਇਸੇ ਕਰ ਕੇ ਮੁੱਖ ਧਾਰਾ ਮੀਡੀਆ ਇਨ੍ਹਾਂ ਤੱਥਾਂ ਨੂੰ ਉਜਾਗਰ ਨਹੀਂ ਕਰੇਗਾ। ਇਸ ਲਈ ਕੁਝ ਤਲਖ ਹਕੀਕਤਾਂ ਜਾਨਣਾ ਬਹੁਤ ਜ਼ਰੂਰੀ ਹੈ। 2014 ਵਿੱਚ ਭਾਰਤ ਸਿਰ ਕਰਜ਼ਾ 49 ਲੱਖ ਰੁਪਏ ਕਰੋੜ ਸੀ ਜੋ 2024 ਤੱਕ ਅਮਰ ਵੇਲ ਵਾਂਗ ਵਧ ਕੇ 220 ਲੱਖ ਕਰੋੜ ਰੁਪਏ ਹੋ ਗਿਆ। 2024 ਦੇ ਗਲੋਬਲ ਹੰਗਰ ਇੰਡੈਕਸ (ਭੁੱਖਮਰੀ) ਵਿੱਚ ਭਾਰਤ 127 ਦੇਸ਼ਾਂ ਵਿੱਚੋਂ 105ਵੇਂ ਸਥਾਨ ’ਤੇ ਹੈ। 13.7% ਆਬਾਦੀ ਕੁਪੋਸ਼ਣ ਦਾ ਸ਼ਿਕਾਰ ਹੈ। 35.5% ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਸਹੀ ਵਿਕਾਸ ਨਹੀਂ ਹੋ ਰਿਹਾ। ਬੱਚੇ ਨੂੰ ਜਨਮ ਦੇਣ ਸਮੇਂ 66 ਔਰਤਾਂ ਹਰ ਰੋਜ਼ ਮੌਤ ਦੇ ਮੂੰਹ ਜਾ ਪੈਂਦੀਆਂ ਹਨ। ਹਰ ਸਾਲ 24000 ਔਰਤਾਂ ਦੀ ਬੱਚੇ ਨੂੰ ਜਨਮ ਦੇਣ ਸਮੇਂ ਮੌਤ ਹੋ ਜਾਂਦੀ ਹੈ। ਭਾਰਤ ਵਿੱਚ ਵਿਸ਼ਵ ਪੱਧਰ ’ਤੇ ਮਾਵਾਂ ਦੀਆਂ ਮੌਤਾਂ ਦਾ 17% ਅਤੇ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀਆਂ ਮੌਤਾਂ ਦਾ 21% ਹਿੱਸਾ ਹੈ। ਕੁਪੋਸ਼ਣ ਦੇ ਮਾਮਲੇ ਵਿੱਚ ਭਾਰਤ 80 ਮੁਲਕਾਂ ਵਿੱਚੋਂ 67ਵੇਂ ਨੰਬਰ ’ਤੇ ਹੈ।

ਭਾਰਤ ਵਿੱਚ ਹਰ ਸਾਲ ਭੁੱਖ ਕਾਰਨ 25 ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਸਿਹਤ ਸੁਰੱਖਿਆ ਪੱਖੋਂ 2021 ਦੇ ਅੰਕੜਿਆਂ ਅਨੁਸਾਰ, 195 ਮੁਲਕਾਂ ਵਿੱਚੋਂ ਭਾਰਤ 85ਵੇਂ ਸਥਾਨ ’ਤੇ ਹੈ। 81 ਕਰੋੜ ਲੋਕ ਮਿਹਨਤ ਕਰ ਕੇ ਢਿੱਡ ਨਾ ਭਰ ਸਕਣ ਕਾਰਨ ਮੁਫ਼ਤ ਰਾਸ਼ਨ ’ਤੇ ਨਿਰਭਰ ਹਨ। ਵਿਸ਼ਵ ਖ਼ੁਸ਼ੀ ਰਿਪੋਰਟ-2024 ਵਿੱਚ ਭਾਰਤ 143 ਦੇਸ਼ਾਂ ਵਿੱਚੋਂ 126ਵੇਂ ਸਥਾਨ ’ਤੇ ਸੀ। 2022 ਵਿੱਚ ਭਾਰਤ ਵਿੱਚ 11290 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖ਼ੁਦਕਸ਼ੀਆਂ ਕੀਤੀਆਂ। ਇਹ ਅੰਕੜਾ 56 ਸਾਲ ਦੇ ਅਰਸੇ ਦੌਰਾਨ ਸਭ ਤੋਂ ਵੱਧ ਹੈ। 2022 ਵਿੱਚ ਹੀ 13044 ਨੌਜਵਾਨਾਂ ਨੇ ਖ਼ੁਦਕਸ਼ੀ ਕੀਤੀ। ਨੌਜਵਾਨਾਂ ਵਿੱਚ ਖ਼ੁਦਕੁਸ਼ੀ ਦੀ ਦਰ 4% ਸਲਾਨਾ ਦੇ ਹਿਸਾਬ ਨਾਲ ਵਧ ਰਹੀ ਹੈ। ਭਾਰਤ ਵਿੱਚ ਬੇਰੁਜ਼ਗਾਰ 8% ਦੀ ਦਰ ਨੂੰ ਜਾ ਪਹੁੰਚੀ ਹੈ। ਭਾਰਤ ਵਿੱਚ 2022 ਵਿੱਚ 4,50,000 ਸੜਕ ਦੁਰਘਟਨਾਵਾਂ ਵਿੱਚ 1,50,000 ਲੋਕ ਮੌਤ ਦੇ ਮੂੰਹ ਜਾ ਪਏ। 2020 ਵਿੱਚ 10.1 ਕਰੋੜ ਲੋਕ ਡਾਇਬਟੀਜ਼ ਦਾ ਸ਼ਿਕਾਰ ਹੋਏ, 36651 ਮੌਤਾਂ ਹੋਈਆਂ। ਭਾਰਤ ਵਿੱਚ ਦਿਲ ਦਾ ਦੌਰਾ ਪੈਣ ਨਾਲ 47 ਲੱਖ 70 ਹਜ਼ਾਰ ਮੌਤਾਂ ਹੋਈਆਂ। ਭਾਰਤ ਔਰਤਾਂ ਦੀ ਸੁਰੱਖਿਆ ਅਤੇ ਸ਼ਾਂਤੀ ਦੇ ਮਾਮਲੇ ਵਿੱਚ 177 ਮੁਲਕਾਂ ਵਿੱਚ 128ਵੇਂ ਸਥਾਨ ’ਤੇ ਹੈ। 2022 ਵਿੱਚ ਔਰਤਾਂ ਨਾਲ ਵਧੀਕੀਆਂ ਦੇ 4,28,273 ਮੁਕੱਦਮੇ ਦਰਜ ਹੋਏ। ਇਹ 26.35% ਦਾ ਵਾਧਾ ਹੈ। 2022 ਵਿੱਚ 6795 ਔਰਤਾਂ ਦਾਜ ਦੀ ਬਲੀ ਚੜ੍ਹ ਗਈਆਂ। 2022 ਵਿੱਚ ਲੋਕ ਸਭਾ ਵਿੱਚ ਗ੍ਰਹਿ ਰਾਜ ਮੰਤਰੀ ਨਿੱਤਿਆ ਨੰਦ ਨੇ ਇੱਕ ਸਵਾਲ ਦੇ ਜਵਾਬ ਵਿੱਚ ਦੱਸਿਆ ਕਿ 2020-22 ਦੌਰਾਨ ਪੁਲੀਸ ਹਿਰਾਸਤ ਵਿੱਚ 4484 ਮੌਤਾਂ ਹੋਈਆਂ। ਭਾਰਤ ਵਿੱਚ ‘ਆਜ਼ਾਦੀ’ ਦੇ 78 ਸਾਲ ਬੀਤ ਜਾਣ ਬਾਅਦ ਵੀ 23.68% ਆਬਾਦੀ ਅਨਪੜ੍ਹ ਅਤੇ 29.6% ਔਰਤਾਂ ਅਨਪੜ੍ਹ ਹਨ। ਐੱਨਸੀਆਰਬੀ ਦੇ 2022 ਦੇ ਅੰਕੜਿਆਂ ਅਨੁਸਾਰ, ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲਿਆਂ ਨਾਲ ਵਧੀਕੀਆਂ ਦੇ 17000 ਮੁਕੱਦਮੇ ਦਰਜ ਹੋਏ।

ਇਹ ਅੰਕੜੇ ਪ੍ਰਤੱਖ ਪ੍ਰਮਾਣ ਹਨ ਕਿ ਕਿਵੇਂ ਭਾਰਤ ਵਿੱਚ ਪੈਦਾ ਹੋ ਰਹੀ ਕੁੱਲ ਦੌਲਤ ਦਾ ਵੱਡਾ ਹਿੱਸਾ ਛੋਟਾ ਜਿਹਾ ਉੱਪਰਲਾ ਤਬਕਾ ਛਕ ਜਾਂਦਾ ਹੈ ਤੇ ਆਮ ਲੋਕਾਂ ਹਿੱਸੇ ਚੂਰ-ਭੂਰ ਹੀ ਪੈਂਦੀ ਹੈ। ਇਹ ਕਿਸੇ ਇੱਕ ਪਾਰਟੀ ਦੀ ਸਰਕਾਰ ਦੀ ਗੱਲ ਨਹੀਂ ਸਗੋਂ ਸਵਾਲ ਪੂਰੇ ਢਾਂਚੇ ਉੱਤੇ ਹੈ, ਸਰਮਾਏਦਾਰਾ ਪ੍ਰਬੰਧ ਉੱਤੇ ਹੈ। ਸਭ ਸਰਕਾਰਾਂ ਦਾ ਕੁੱਲ ਜਮ ?ਹਾਂ-ਜੋੜ ਇਹੀ ਹੈ ਕਿ ਹੁਣ ਤੱਕ ਦਾ ਸਰਮਾਏਦਾਰਾ ਵਿਕਾਸ ਆਮ ਲੋਕਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਨਹੀਂ ਕਰ ਸਕਿਆ; ਇਹ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਇਆ ਹੈ।

ਕੇਂਦਰੀ ਹਕੂਮਤ ਲੋਕਾਂ ਨੂੰ ਰਾਸ਼ਟਰਵਾਦ ਦੇ ਪਰਦੇ ਹੇਠ ਫਿਰਕੂ ਜੰਗ ਦੀ ਭੱਠੀ ਵਿੱਚ ਝੋਕਣ ਲਈ ਆਪਣਾ ਨਫ਼ਰਤੀ ਏਜੰਡਾ ਤੇਜ਼ੀ ਨਾਲ ਅੱਗੇ ਵਧਾ ਰਹੀ ਹੈ। ਧਾਰਮਿਕ ਘੱਟ ਗਿਣਤੀਆਂ ਵਿੱਚੋਂ ਵੱਡੀ ਧਾਰਮਿਕ ਘੱਟ ਗਿਣਤੀ ਮੁਸਲਮਾਨਾਂ ਨੂੰ ਨਿਸ਼ਾਨੇ ’ਤੇ ਲਿਆ ਗਿਆ ਹੈ। ਦੂਜਾ ਹਮਲਾ ਬੁੱਧੀਜੀਵੀਆਂ, ਸਮਾਜਿਕ ਕਾਰਕੁਨਾਂ, ਵਕੀਲਾਂ, ਖੋਜਾਰਥੀਆਂ, ਲੇਖਕਾਂ, ਰੰਗਕਰਮੀਆਂ, ਪੱਤਰਕਾਰਾਂ, ਖਾਸਕਰ ਯੂਟਿਊਬਰਾਂ ਉੱਪਰ ਵਿੱਢਿਆ ਹੋਇਆ ਹੈ। ਹਜੂਮੀ ਹਿੰਸਾ ਅਤੇ ਟਰੋਲ ਆਰਮੀ ਰਾਹੀਂ ਇੱਕ ਹੋਰ ਹਮਲਾ ਤੇਜ਼ ਕੀਤਾ ਹੋਇਆ ਹੈ। ਇਸ ਦਾ ਸਿੱਟਾ ਇਹ ਹੈ ਕਿ 2014 ਤੋਂ 2022 ਤੱਕ, ਗੈਰ-ਕਾਨੂੰਨੀ ਗਤੀਵਿਧੀਆਂ ਰੋਕਥਾਮ ਕਾਨੂੰਨ (ਯੂਏਪੀਏ) ਤਹਿਤ ਕੁੱਲ 8,719 ਮਾਮਲੇ ਦਰਜ ਕੀਤੇ ਗਏ ਹਨ। ਗੱਲ ਕੀ, ਲੁੱਟ ਨੂੰ ਹੋਰ ਤੇਜ਼ ਕਰਨ ਲਈ ਜਬਰ ਦਾ ਸਹਾਰਾ ਲਿਆ ਜਾ ਰਿਹਾ ਹੈ।

ਇਹ ਕੇਂਦਰੀ ਹਕੂਮਤ ਵੱਲੋਂ ਪ੍ਰਚਾਰੇ ਜਾ ਰਹੇ ‘ਸਭ ਕਾ ਸਾਥ, ਸਭ ਕਾ ਵਿਸ਼ਵਾਸ, ਸਭ ਕਾ ਵਿਕਾਸ’ ਦੀ ਅਸਲ ਤਸਵੀਰ ਹੈ। ਸਰਮਾਏਦਾਰੀ ਪ੍ਰਬੰਧ ’ਚ ਨਾ-ਬਰਾਬਰੀ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਮੱਧਵਰਗ ਤੇ ਛੋਟੇ ਮਾਲਕਾਂ ਦਾ ਮਜ਼ਦੂਰਾਂ ’ਚ ਤਬਦੀਲ ਹੋਣਾ ਅਤੇ ਪੈਸੇ ਦਾ ਕੁਝ ਲੋਕਾਂ ਦੇ ਹੱਥਾਂ ’ਚ ਕੇਂਦਰਤ ਹੋਣਾ ਸਰਮਾਏਦਾਰੀ ਦਾ ਲਾਜ਼ਮੀ ਲੱਛਣ ਹੈ। ਧਰੁਵੀਕਰਨ ਦੀ ਇਹ ਪ੍ਰਕਿਰਿਆ ਭਿਅੰਕਰ ਨਾ-ਬਰਾਬਰੀ ਨੂੰ ਜਨਮ ਦਿੰਦੀ ਹੈ। ਇਸ ਲਈ ਹੁਣ ਨਾ-ਬਰਾਬਰੀ ਵਾਲੇ ਪ੍ਰਬੰਧ ਦਾ ਭੋਗ ਪਾ ਕੇ ਨਵਾਂ ਬਰਾਬਰੀ ਵਾਲਾ ਲੋਕ ਪੱਖੀ ਪ੍ਰਬੰਧ ਸਿਰਜਣ ਦੀ ਲੋੜ ਹੈ। ਇਹਦੇ ਲਈ ਲਾਜ਼ਮੀ ਹੈ ਕਿ ਕਿਰਤੀਆਂ ਨੂੰ ਆਪਣੀ ਜਥੇਬੰਦਕ ਤਾਕਤ ਉੱਤੇ ਟੇਕ ਰੱਖਣੀ ਪਵੇਗੀ।





# ਕੀ ਜਾਣਾ ਮੈਂ ਕੌਣ

ਦੁਨੀਆ ਘੁੱਗ ਵੱਸਦੀ ਹੈ। ਅੰਤਾਂ ਦੀ ਭੀੜ ਹੈ, ਪਰ ਮਨੁੱਖ ਇਕੱਲਾ ਹੈਗੁੰਮ-ਸੁੰਮਡੌਰ-ਭੌਰ! ਉਸ ਦੇ ਆਲੇ ਦੁਆਲੇ ਬਿਜਲੀਆਂ ਲਿਸ਼ਕਦੀਆਂ ਹਨ। ਫਿਰ ਅਚਾਨਕ ਘੁੱਪ ਹਨੇਰਾ ਛਾ ਜਾਂਦਾ ਹੈ। ਉਹ ਭੈਅ-ਭੀਤ ਹੋ ਉੱਠਦਾ ਹੈ। ਅੰਬਰੋਂ ਟੁੱਟਦਾ ਤਾਰਾ ਉਸ ਨੂੰ ਆਪਣਾ ਹੀ ਵਜੂਦ ਭਾਸਦਾ ਹੈ। ਸ਼ੀਸ਼ੇ ਸਾਹਵੇਂ ਖਲੋਅ ਟਿਕਟਿਕੀ ਬੰਨ੍ਹ ਆਪਣਾ ਚਿਹਰਾ ਦੇਖਦੈ। ਖ਼ੁਦ ਦੀ ਪਛਾਣ ਨਹੀਂ ਆਉਂਦੀ। ਰੂਹ ਅੰਦਰਲੇ ਅਸਤਿਤਵ ਦੀ ਸ਼ਨਾਖ਼ਤ ਹੀ ਨਹੀਂ ਕਰ ਪਾਉਂਦਾ। ਸੋਚਾਂ ਵਿੱਚ ਖੁੱਭ ਜਾਂਦੈਕੌਣ ਹਾਂ ਮੈਂ ?'

**ਗੁਰਬਾਣੀ ਦਾ ਮੁਕੱਦਸ ਫੁਰਮਾਨ:** ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਮਨੁੱਖ ਦੀ ਭੁੱਲੀ-ਵਿੱਸਰੀ ਅੰਤਰ-ਆਤਮਾ ਨੂੰ ਜੀਵਨ-ਜਾਚ ਦੀ ਜੁਗਤ ਸਮਝਾਉਂਦਾ ਹੈ, ਆਪਣੀ ਬੁਨਿਆਦ ਨੂੰ ਪਛਾਣਨ ਦੀ ਤਾਕੀਦ ਕਰਦਾ ਹੈ। ਮੁਰਸ਼ਦ ਸ਼ਾਹ ਅਨਾਇਤ ਨੇ ਵੀ ਆਪਣੇ ਲਾਡਲੇ ਸ਼ਾਗਿਰਦ ਨਾਲ ਇੱਕ ਭੇਤ ਸਾਂਝਾ ਕੀਤਾ ਸੀ: ਬੁੱਲ੍ਹਿਆ, ਰੱਬ ਦਾ ਕੀ ਪਾਉਣਾ, ਇੱਧਰੋਂ ਪੁੱਟਣਾ ਉੱਧਰ ਲਾਉਣਾ। ਇਹ ਡੂੰਘੇ ਅਰਥਾਂ ਵਾਲਾ ਪ੍ਰਵਚਨ ਸੀ-ਅਭੇਦ ਹੋਣ ਲਈ ਕੁਦਰਤ ਨਾਲ, ਪਰਵਰਦਗਾਰ ਨਾਲ, ਮਨੁੱਖਤਾ ਨਾਲ! 'ਮੈਂ' ਖ਼ਤਮ ਹੋ ਗਈ, ਸਮਝੋ 'ਮੈਂ' ਦੀ ਸੋਝੀ ਝੋਲੀ ਪੈ ਗਈ। ਫਿਰ ਨਾ ਚੜ੍ਹੇ ਦਾ ਚਾਅ, ਨਾ ਲਹੇ ਦਾ ਗ਼ਮ। ਸਵੈ ਦੀ ਹੋਂਦ ਦੀ ਅਹਿਮੀਅਤ ਨਹੀਂ ਰਹਿੰਦੀ। ਚਹੁੰ-ਕੂੰਟੀਂ 'ਅੱਵਲ ਆਖ਼ਰ ਆਪ ਨੂੰ ਜਾਣਾ' ਦੀ ਰੋਸ਼ਨੀ ਫੈਲ ਜਾਂਦੀ ਹੈ।

ਸਮੁੱਚੇ ਧਾਰਮਿਕ ਗ੍ਰੰਥਾਂ ਨੇ ਇਨਸਾਨ ਨੂੰ ਸ੍ਰਿਸ਼ਟੀ ਦੀ ਸਰਵਸ੍ਰੇਸ਼ਠ ਰਚਨਾ ਹੋਣ ਦਾ ਪ੍ਰਮਾਣ ਪੱਤਰ ਬਖ਼ਸ਼ਿਆ ਹੋਇਐ। ਧਰਤਅਕਾਸ਼ਪਤਾਲ-ਸਭ ਉਸ ਦੀ ਜਕੜ ਵਿੱਚ ਹਨ। ਉਸ ਨੇ ਦੁਨੀਆ ਆਪਣੀ ਮੁੱਠੀ ਵਿੱਚ ਕਰ ਰੱਖੀ ਹੈ। ਚੰਨ 'ਤੇ ਝੰਡੇ ਗੱਡ ਦਿੱਤੇ ਹਨ। ਸਾਗਰਾਂ ਵਿੱਚ ਸੁਰੰਗਾਂ ਖੋਦ ਰੱਖੀਆਂ ਹਨ। ਪਲਾਂ ਛਿਣਾਂ ਵਿੱਚ ਪੂਰੇ ਬ੍ਰਹਿਮੰਡ ਦਾ ਥਾਹ ਪਾਉਣ ਦਾ ਹੁਨਰ ਹੈ, ਪਰ ਸਦੀਆਂ ਤੋਂ ਆਪਣੇ ਅੰਤਰੀਵ ਦੀ ਖ਼ਬਰ ਹੀ ਨਹੀਂ। ਉੱਥੇ ਪੂਰੀ ਘੜਮੱਸ ਹੈ। ਦਿਨ ਰਾਤ ਬੇਚੈਨ ਰਹਿਣ ਦਾ ਸੁਰਾਗ ਹੱਥ ਨਹੀਂ ਲੱਗ ਰਿਹਾ। ਆਪਣੇ ਨਾਲ ਸੰਵਾਦ ਰਚਾਉਣ ਦੀ ਨੌਬਤ ਹੀ ਨਹੀਂ ਆਈ। ਕੁਦਰਤ ਦੇ ਬਣਾਏ ਇਸ ਉਮਦਾ ਕਲਬੂਤ ਦਾ ਭੇਤ ਹੀ ਨਹੀਂ ਬੁੱਝ ਸਕਿਆ। ਦੀਵੇ ਥੱਲੇ ਹਨੇਰਾ ਹੀ ਹਨੇਰਾ ਦਿਖਾਈ ਦਿੰਦੈ। ਰੋਸ਼ਨੀ ਦਾ ਸਾਹਮਣਾ ਕਰਨ ਤੋਂ ਮੁਨਕਰ ਹੈ। ਸ਼ਾਇਰ ਹਰਦਮ ਮਾਨ ਇਸ ਕੁੜੱਤਣ ਦੇ ਰੂਬਰੂ ਕਰਵਾਉਂਦੈ;

**ਭਾਵੇਂ ਦੁਨੀਆ ਬੰਦ ਹੈ ਅੱਜਕੱਲ੍ਹ**
**ਹਰ ਬੰਦੇ ਦੀ ਮੁੱਠੀ ਵਿੱਚ/ਸੱਚ ਤਾਂ ਇਹ ਹੈ**
**ਬੰਦਾ ਖ਼ੁਦ ਤੋਂ/ਲੱਖਾਂ ਕੋਹਾਂ ਦੂਰ ਦਿਸੇ।**

ਆਖਿਰ ਮਨੁੱਖ ਨਿਹੱਥਾ ਤੇ ਨਿਤਾਣਾ ਕਿਉਂ ਹੈ ? ਕਿਸ ਚੀਜ਼ ਦੀ ਕਮੀ ਹੈ, ਉਸ ਕੋਲ ਕਿਹੜਾ ਰਣ-ਖੇਤਰ ਸਰ ਕਰਨਾ ਬਾਕੀ ਹੈ ? ਕੁਦਰਤ ਦੇ ਹਰ ਗੁੱਝੇ ਰਹੱਸ ਨੂੰ ਸਮਝਣ ਵਾਲਾ ਜੀਵ, ਆਪੇ ਦੀ ਸਮਝ ਤੋਂ ਅੰਞਾਣ ਕਿਵੇਂ ਹੋ ਗਿਆ ? ਤਸਵੀਰ ਬਹੁ-ਪਰਤੀ ਹੈ। ਹਾਸੇ ਗੁੰਮ ਹਨ, ਪੈਰ ਨੱਚਣਾ ਭੁੱਲ ਗਏ ਹਨ, ਸੰਗੀਤ ਰੂਹ ਨੂੰ ਛੂੰਹਦਾ ਨਹੀਂ, ਸਤਰੰਗੀ ਪੀਂਘ ਦੇਖ ਮਨ ਵਿੱਚ ਵਲਵਲੇ ਨਹੀਂ ਉੱਠਦੇ। ਮ੍ਰਿਗ-ਤ੍ਰਿਸ਼ਨਾ ਨੇ ਸੰਦੇਹ ਵਧਾ ਦਿੱਤੇ ਨੇ। ਜੜਾਂ ਨਾਲੋਂ ਟੁੱਟਣ ਦੀ ਭਟਕਣਾ ਨੇ ਮਨੁੱਖ ਨੂੰ ਕਿਸੇ ਪਾਸੇ ਜੋਗਾ ਨਹੀਂ ਛੱਡਿਆ। ਉਹ ਤ੍ਰਿਸ਼ੰਕੂ ਬਣਿਆ ਅੰਧਕਾਰ ਵਿੱਚ ਲਟਕ ਰਿਹੈ।

ਸੱਚਾਈ ਇਹ ਹੈ ਕਿ ਪ੍ਰਕਿਰਤੀ ਦੀ ਸਾਜੀ ਇਸ ਅਦਭੁੱਤ ਕਲਾਕ੍ਰਿਤ ਨੇ ਆਪਣੇ ਸਿਰਜਣਹਾਰ ਨੂੰ ਹੀ ਮਧੋਲ ਸੁੱਟਿਐ। ਦੁਨੀਆ ਦੇ ਸਭ ਜੀਵਾਂ ਤੋਂ ਉੱਤਮ ਅਤੇ ਵਿਲੱਖਣ ਬੁੱਧੀ ਇਨਸਾਨ ਕੋਲ ਹੈ। ਸਿਤਮ ਜ਼ਰੀਫੀ ਇਹ ਹੈ ਕਿ ਇਸੇ ਸੋਝੀ ਨੇ ਇਸ ਨੂੰ ਇੱਕ ਅਜਿਹੇ ਚੱਕਰਵਿਊ ਵਿੱਚ ਫਸਾ ਦਿੱਤਾ ਹੈ, ਜਿੱਥੋਂ ਇਸ ਨੂੰ ਬਾਹਰ ਨਿਕਲਣ ਦਾ ਰਸਤਾ ਨਜ਼ਰ ਨਹੀਂ ਆਉਂਦਾ। ਸ੍ਰਿਸ਼ਟੀ ਨੇ ਮਨੁੱਖ ਨੂੰ ਜ਼ਿੰਦਗੀ ਹੰਢਾਉਣ ਲਈ ਬੇਸ਼ਕੀਮਤੀ ਨਿਆਮਤਾਂ ਨਾਲ ਨਿਵਾਜਿਆ-ਧਰਤ ਸੁਹਾਵੀ, ਨਿਰਮਲ ਨੀਰ, ਸਵੱਛ ਪੌਣ! ਉਸ ਨੇ ਸਭ ਪਲੀਤ ਕਰ ਛੱਡੇ। ਹਰੇ ਕਚੂਰ ਵਣ-ਤ੍ਰਿਣ ਨੂੰ ਕੰਕਰੀਟ ਦੇ ਜੰਗਲ ਵਿੱਚ ਬਦਲ ਕੇ ਆਪਣੀ ਹੀ ਸ਼ਾਹ-ਰਗ 'ਤੇ ਅੰਗੂਠਾ ਰੱਖ ਦਿੱਤਾ। ਜਿੱਥੇ ਹਵਾਵਾਂ ਗੀਤ ਗਾਉਂਦੀਆਂ ਸਨ, ਫ਼ਸਲਾਂ ਝੂਮਦੀਆਂ ਸਨ, ਪੰਛੀਆਂ ਦੇ ਤਰਾਨੇ ਸੁਣਨ ਨੂੰ ਮਿਲਦੇ ਸਨ, ਉਹ ਤਹਿਸ-ਨਹਿਸ ਕਰ ਦਿੱਤਾ। ਧਰਤੀ ਦੀ ਹਿੱਕ ਲੂਹੀ। ਰਸਾਇਣਾਂ ਨਾਲ ਉਸ ਦਾ ਹਿਰਦਾ ਅਪਵਿੱਤਰ ਹੀ ਨਹੀਂ ਕੀਤਾ, ਆਪਣਾ ਅੰਦਰ ਵੀ ਜ਼ਹਿਰ ਨਾਲ ਭਰ ਲਿਆ।

ਪਾਣੀਆਂ ਨੂੰ ਗੰਧਲਾ ਕਰ ਦਿੱਤਾ, ਉਸ ਦਾ ਰਸਤਾ ਰੋਕਿਆ। ਨਤੀਜਾ ਸੁਨਾਮੀਆਂ ਦੇ ਰੂਪ ਵਿੱਚ ਸਾਹਮਣੇ ਆ ਖਲੋਤਾ। ਸਮੇਂ ਸਮੇਂ 'ਤੇ ਜਦੋਂ ਕੁਦਰਤ ਕਹਿਰਵਾਨ ਹੁੰਦੀ ਐ ਤਾਂ ਕਿਤੇ ਢੋਈ ਨਹੀਂ ਮਿਲਦੀ। ਤਰੱਕੀਆਂ ਧਰੀਆਂ ਧਰਾਈਆਂ ਰਹਿ ਜਾਂਦੀਆਂ ਨੇ। ਅੰਬਰ ਮੂਹਰੇ ਧੂੰਏਂ ਦੀ ਚਾਦਰ ਤਾਣ ਦਿੱਤੀ। ਨਜ਼ਰ ਨੀਲੇ ਤੋਂ ਕਾਲਾ ਦੇਖਣ ਦੀ ਆਦੀ ਹੋ ਗਈ। ਕਾਰਪੋਰੇਟੀ ਲੁੱਟ ਨੇ ਜਲ, ਜੰਗਲ, ਜ਼ਮੀਨ ਕਿਸੇ ਦਾ ਲਿਹਾਜ਼ ਨਹੀਂ ਕੀਤਾ। ਹਜ਼ਾਰਾਂ ਪਰਿੰਦੇ ਕੂਕ ਰਹੇ ਹਨ। ਜੀਵ-ਜੰਤੂ ਬੁਲਡੋਜ਼ਰਾਂ ਸਾਹਮਣੇ ਸਹਿਮੇ ਖੜ੍ਹੇ ਹਨ। ਬਨਸਪਤੀ ਦੁਹਾਈ ਦੇ ਰਹੀ ਹੈ। ਮਨੁੱਖ ਦੇ ਅੰਦਰ ਹਲਚਲ ਨਹੀਂ, ਕੋਈ ਘਬਰਾਹਟ ਨਹੀਂ। ਆਪੇ ਨੂੰ ਸਮਝਣ ਦੀ ਸੋਚ ਤਾਕ 'ਤੇ ਰੱਖੀ ਹੋਈ ਹੈ।

ਧਰਤੀ 'ਤੇ ਆਦਮ ਤੇ ਹੱਵਾ ਦੀ ਆਮਦ ਹੋਈ। ਜੰਗਲ ਦੇ ਬਾਸ਼ਿੰਦੇ ਗੂੜ੍ਹੇ ਦੋਸਤ ਬਣੇ। ਜਿਉਂ ਜਿਉਂ ਮਨੁੱਖ ਦਾ ਵਿਵੇਕ ਵਿਕਸਿਤ ਹੁੰਦਾ ਗਿਆ, ਜੀਵ-ਜੰਤੂ, ਪੌਣ-ਪਾਣੀ ਉਸ ਤੋਂ ਦੂਰ ਹੁੰਦੇ ਗਏ। ਸੰਗੀਆਂ ਨੂੰ ਢਾਹ ਲਾਉਣੀ, ਉਨ੍ਹਾਂ ਨੂੰ ਕਾਬੂ ਹੇਠ ਕਰਨਾ ਹੀ ਇੱਕੋ ਇੱਕ ਉਦੇਸ਼ ਬਣ ਗਿਆ। ਜ਼ਮੀਨ 'ਤੇ ਲਕੀਰਾਂ ਖਿੱਚ ਦਿੱਤੀਆਂ, ਪਾਣੀ ਵੰਡ ਲਏ, ਅਸਮਾਨਾਂ ਦੀ ਤਕਸੀਮ ਕਰ ਲਈ। ਮਨੁੱਖ ਤਾਂ ਆਖ਼ਰ ਮਨੁੱਖ ਠਹਿਰਿਆ। ਪੱਥਰਾਂ ਨੂੰ ਰਗੜ ਕੇ ਅੱਗ ਜਲਾਉਣ ਦੀ ਸੂਝ ਕਾਹਦੀ ਆਈ, ਚੰਗਿਆੜੀਆਂ ਨਾਲ ਖੇਡਣ ਦੇ ਰਾਹ ਪੈ ਗਿਆ। ਚਿਣਗ ਨੇ ਦੁਨੀਆ ਦੇ ਅਮਨ-ਚੈਨ ਨੂੰ ਹੀ ਆਪਣੀ ਲਪੇਟ ਵਿੱਚ ਨਹੀਂ ਲਿਆ, ਸਗੋਂ ਮਨੁੱਖ ਦੇ ਅੰਦਰ ਵੀ ਭਾਂਬੜ ਬਣ ਕੇ ਮੱਚੀ। ਅੱਜ ਵਿਸ਼ਵ ਅੱਗ ਦੀਆਂ ਲਪਟਾਂ ਅਧੀਨ ਹੈ- ਗਾਜ਼ਾ ਪੱਟੀ ਹੋਵੇ ਜਾਂ ਯੂਕਰੇਨ! ਮਾਰੂ ਹਥਿਆਰਾਂ ਨੇ ਮਨੁੱਖਤਾ ਦਾ ਹੀ ਉਜਾੜਾ ਕਰ ਦਿੱਤਾ। ਇਨਸਾਨੀਅਤ ਦਾ ਘਾਣ ਹੋ ਰਿਹੈ, ਪਰ ਸ਼ੈਤਾਨੀ ਰੂਹਾਂ ਦੇ ਬੁੱਲ੍ਹਾਂ 'ਤੇ ਹਾਸੇ ਨੇ। ਅੰਦਰਲੇ ਨੇ ਲਾਹਨਤ ਹੀ ਨਹੀਂ ਪਾਈ, ਕਿਉਂਕਿ ਜੜ ਵਿਹੂਣ ਹੋ ਚੁੱਕੇ ਹਾਂ।

ਦੁਨੀਆ ਮਸਨੂਈ ਬੌਧਿਕਤਾ ਦੇ ਦੌਰ ਵਿੱਚੋਂ ਗੁਜ਼ਰ ਰਹੀ ਹੈ। ਰੋਬੋਟ, ਮਨੁੱਖ ਤੋਂ ਉਸ ਦਾ ਪਛਾਣ ਪੱਤਰ ਮੰਗ ਰਹੇ ਨੇ, ਕਿਉਂਕਿ ਇਨਸਾਨ ਨੇ 'ਰੱਬ' ਵੀ ਆਪਣੇ ਸਿਰਜ ਲਏ ਹਨ। ਸਭ ਧਰਮਾਂ ਦਾ ਮੂਲ-ਇੱਕ ਜੋਤ-ਚੁਫ਼ੇਰੇ ਰੋਸ਼ਨੀ ਵੰਡਦੀ ਹੈ, 'ਸਭੇ ਸਾਝੀਵਾਲ ਸਦਾਇਨ' ਦਾ ਸੰਦੇਸ਼ ਦਿੰਦੀ ਹੈ। ਪਰ ਮਨੁੱਖ ਨੇ ਸਿਰਫ਼ 'ਆਪਣੇ' ਧਰਮ ਨੂੰ ਸੁਪਰੀਮ ਸਿੱਧ ਕਰਨ ਦੀ ਜ਼ਿੱਦ ਫੜੀ ਹੋਈ ਹੈ। ਧਾਰਮਿਕ ਭਾਵਨਾਵਾਂ ਦੀ ਆੜ ਹੇਠ ਜਿੰਨੇ ਕੁਕਰਮ ਉਹ ਕਰ ਰਿਹੈ, ਮਨੁੱਖਤਾ ਤਾਂ ਕਦੋਂ ਦੀ ਬਲੀ ਚੜ੍ਹ ਚੁੱਕੀ ਹੈ। ਨਾਸਤਿਕ ਦੇਸ਼, ਆਉਣ ਵਾਲੀ ਸਦੀ ਦੀਆਂ ਤਸਵੀਰਾਂ ਪੇਸ਼ ਕਰ ਰਹੇ ਹਨ ਅਤੇ 'ਧਰਮੀ' ਮੁਲਕ ਅਤੀਤ ਦੀਆਂ ਮਿੱਥਾਂ ਵਿੱਚ ਮਾਣ ਕਰਦੇ ਆਪਣੀਆਂ ਪਿੱਠਾਂ ਥਪਥਪਾ ਰਹੇ ਹਨ।

ਇਨਸਾਨ ਦੀ ਫ਼ਿਤਰਤ ਰਹੀ ਹੈ ਕਿ ਬੇਜ਼ੁਬਾਨਾਂ ਨੂੰ ਕਾਬੂ ਕਰਨ ਮਗਰੋਂ ਉਹ ਆਪਣੀ ਨਸਲ ਨੂੰ

ਜਗਜੀਤ ਸਿੰਘ ਲੋਹਟਬੱਦੀ

ਨੇਸਤੋ-ਨਬੂਦ ਕਰਨ ਦੇ ਰਾਹ ਚੱਲ ਪਿਆ। ਵਿਰੋਧੀ ਵਿਚਾਰਾਂ, ਵਿਰੋਧੀ ਧਰਮਾਂ ਅਤੇ ਅਸਹਿਮਤੀ ਵਾਲੀਆਂ ਆਵਾਜ਼ਾਂ ਨੂੰ ਕੁਚਲਣ ਤੋਂ ਅੱਗੇ ਵਧ ਉਹ ਆਪਣੇ ਕੁੜਮ-ਕਬੀਲੇ ਤੱਕ ਪਹੁੰਚ ਗਿਆ। ਰਿਸ਼ਤੇ ਤਿੜਕ ਰਹੇ ਨੇ। ਖ਼ੂਨ ਦਾ ਰੰਗ ਬਦਲ ਗਿਆ। ਇੱਕੋ ਪੇਟੋਂ ਜੰਮੇ ਸ਼ਰੀਕ ਬਣੇ ਬੈਠੇ ਨੇ। 'ਮੈਂ' ਦਾ ਅਸਰ ਪਰਿਵਾਰ ਦੇ ਧੁਰ ਅੰਦਰ ਤੱਕ ਘਰ ਕਰ ਗਿਐ। ਭੈਣ-ਭਰਾ ਅਦਾਲਤੀ ਵਿਹੜਿਆਂ ਵਿੱਚ ਲੀਕਾਂ ਖਿੱਚੀ ਖੜ੍ਹੇ ਹਨ। ਬਜ਼ੁਰਗ ਮਾਪੇ ਹੁਣ ਪੁਰਾਣੇ ਜ਼ਮਾਨੇ ਦੇ ਘਸੇ-ਪਿਟੇ ਵਰਕੇ ਹਨ, ਹਮ-ਉਮਰ ਚੌਧਰ ਨੂੰ ਵੰਗਾਰਦੇ ਜਾਪਦੇ ਹਨ, ਨਿੱਕਿਆਂ ਦੀ ਸਮਝ ਵਿੱਚ ਅਜੇ ਅੰਞਾਣਪੁਣਾ ਝਲਕਦਾ ਹੈ।

ਰਿਸ਼ਤਿਆਂ ਦੀਆਂ ਗੁੰਝਲਾਂ ਸੁਲਝਾਉਂਦੇ, ਤਾਣੀਆਂ ਹੋਰ ਉਲਝ ਗਈਆਂ ਹਨ। ਮਨ ਭੁਲਾਈ ਬੈਠਾ ਹੈ ਕਿ ਰੂਹਦਾਰਾਂ ਨਾਲ ਸ਼ਿਕਾਇਤਾਂ ਨਹੀਂ, ਸਾਂਝਾਂ ਹੁੰਦੀਆਂ ਨੇ। ਸੱਤ ਸਮੁੰਦਰੋਂ ਪਾਰ ਮੂਲੋਂ ਨਵੇਂ ਰਿਸ਼ਤਿਆਂ ਦਾ ਜਲੌਅ ਆਪਣੇ ਵੱਲ ਖਿੱਚਦਾ ਹੈ। ਪੁਰਾਣੇ ਗੁੰਮ ਹੁੰਦੇ ਜਾਂਦੇ ਹਨ, ਉਨ੍ਹਾਂ ਦੀ ਚਮਕ ਫਿੱਕੀ ਪੈਣ ਲੱਗਦੀ ਹੈ। ਪੈਂਡਿਆਂ ਦਾ ਕਦੇ ਅੰਤ ਨਹੀਂ ਹੁੰਦਾ। ਕਿੱਥੋਂ ਤੁਰੇ ਸੀ ? ਗੁਆਚ ਗਿਆ; ਕਿੱਥੇ ਪਹੁੰਚਣੈ ? ਨਜ਼ਰੋਂ ਓਹਲੇ ਐ। ਰੋਸ਼ਨੀਆਂ ਦੀ ਚਕਾਚੌਂਧ ਵਿੱਚ ਵੀ ਅੰਧਕਾਰ ਹੀ ਅੰਧਕਾਰ ਹੈ। ਇਰਦ-ਗਿਰਦ ਹਜ਼ਾਰਾਂ ਰੂਹਾਂ ਉੱਪਰ ਨਜ਼ਰ ਘੁੰਮਦੀ ਹੈ, ਪਰ ਹੱਥ ਫੜਨ ਵਾਲੀ ਇੱਕ ਵੀ ਨਹੀਂ ਦਿਸਦੀ। ਸ਼ਾਇਰ ਡਾ. ਜਗਤਾਰ, ਬੰਦੇ ਦੀ ਇਸ ਭਟਕਣਾ ਦੀ ਹੋਣੀ ਬਿਆਨ ਕਰਦੈ;

ਜੜਾਂ ਨਾਲੋਂ ਜੁਦਾ ਹੋ ਕੇ/ਮੈਂ ਮੌਸਮ ਹੋ ਨਹੀਂ ਸਕਿਆ
'ਸਿਧਾਰਥ' ਤੱਕ ਰਿਹਾ ਸੀਮਤ/ਮੈਂ ਗੌਤਮ ਹੋ ਨਹੀਂ ਸਕਿਆ

ਸਿਆਣੇ ਕਹਿੰਦੇ ਨੇ ਮਨੁੱਖ ਆਪਣੇ ਦੁੱਖਾਂ ਕਾਰਨ ਓਨਾਂ ਦੁਖੀ ਨਹੀਂ, ਜਿੰਨਾ ਦੂਜਿਆਂ ਦੇ ਸੁੱਖ ਦੇਖ ਕੇ ਹੈ। ਗੁਆਂਢੀਆਂ ਨੇ ਵੱਡੀ ਕੋਠੀ ਬਣਾ ਲਈ, ਮਹਿੰਗੀ ਕਾਰ ਖ਼ਰੀਦ ਲਈ, ਬੱਚੇ ਬਾਹਰਲੇ ਮੁਲਕੀਂ ਭੇਜ ਦਿੱਤੇ, ਉਨ੍ਹਾਂ ਦੀ ਸਰਕਾਰੇ ਦਰਬਾਰੇ ਵੱਧ ਪਹੁੰਚ ਐ! ਅਮਰੀਕੀ ਲੇਖਕ ਅਰਨੈਸਟ ਹੈਮਿੰਗਵੇ ਲਿਖਦੈ: "ਸਭ ਤੋਂ ਦੁਖਦਾਈ ਪਹਿਲੂ ਕਿਸੇ ਨੂੰ ਜ਼ਿਆਦਾ ਮਹੱਤਵ ਦੇਣ ਸਮੇਂ ਤੁਹਾਡੇ ਆਪਣੇ ਆਪ ਨੂੰ ਖੋ ਦੇਣਾ ਹੁੰਦਾ। ਤੁਸੀਂ ਭੁੱਲ ਜਾਂਦੇ ਹੋ ਕਿ ਤੁਸੀਂ ਵੀ 'ਖ਼ਾਸ' ਹੋ।"ਮਨੁੱਖ ਨੂੰ ਦੂਜੇ ਦੀ ਹਰ ਚੀਜ਼ ਵਿੱਚ ਵੱਡਾਪਣ ਦਿਖਾਈ ਦਿੰਦਾ ਅਤੇ ਉਹ ਆਪੇ ਨੂੰ ਭੁੱਲ ਉਸ ਦੀ ਕਾਪੀ ਕਰਨੀ ਲੋਚਦਾ। ਇਨਸਾਨ ਕੋਲ ਬੇਥਵ੍ਹੇ ਵਿਚਾਰਾਂ ਦਾ ਜਮਾਵੜਾ ਹੈ। ਆਪਣੇ ਅੰਦਰ ਝਾਤ ਮਾਰਨ ਲਈ ਇਨ੍ਹਾਂ ਤੋਂ ਛੁਟਕਾਰਾ ਪਾਉਣ ਦਾ ਕੋਈ ਰਸਤਾ ਦਿਖਾਈ ਨਹੀਂ ਦਿੰਦਾ। ਜਿੰਨਾ ਚਿਰ ਇਹ ਮਨ ਵਿੱਚੋਂ ਮਨਫ਼ੀ ਨਹੀਂ ਹੁੰਦੇ, ਤਾਜ਼ੀ ਹਵਾ ਕਿੱਥੋਂ ਆਵੇਗੀ ? ਜਪਾਨ ਵਿੱਚ ਬੁੱਧ-ਮੱਤ ਦੀ ਲਹਿਰ 'ਜ਼ੇਨ' ਦਾ ਪ੍ਰਵਾਹ ਲਗਾਤਾਰਤਾ ਵਿੱਚ ਹੈ। ਉਸ ਅਨੁਸਾਰ 'ਸੱਚ' ਨੂੰ ਵੇਖਣ ਲਈ ਬੋਝਲ ਵਿਚਾਰਾਂ ਤੋਂ ਮੁਕਤੀ ਜ਼ਰੂਰੀ ਹੈ, ਪਰ ਇਨਸਾਨ ਤਾਂ ਆਪਣੇ ਅਕੀਦੇ ਵਿੱਚ ਬੱਝਾ ਹੋਇਆ ਵੀ ਇਨ੍ਹਾਂ ਧਾਰਨਾਵਾਂ ਤੋਂ ਖ਼ਲਾਸੀ ਨਹੀਂ ਪਾ ਰਿਹਾ।

ਮਨੁੱਖ ਨੂੰ ਆਪਣੇ ਅੰਦਰ ਦੀ ਖੋਜ ਕਰਨ ਲਈ ਜ਼ਰੂਰੀ ਹੈ ਕਿ ਤਬਾਹਕੁੰਨ ਲੜਾਈਆਂ, ਝਗੜਿਆਂ ਝੇੜਿਆਂ, ਧਾਰਮਿਕ ਬਖੇੜਿਆਂ ਅਤੇ ਕੁਦਰਤ ਦੇ ਉਜਾੜਿਆਂ ਤੋਂ ਨਿਰਲੇਪ ਰਹੇ। ਸਿਆਣਿਆਂ ਦਾ ਮੱਤ ਹੈ ਕਿ ਜੂਠੇ ਭਾਂਡੇ ਨੂੰ ਬਾਹਰੋਂ ਘੱਟ ਅਤੇ ਅੰਦਰੋਂ ਵੱਧ ਮਾਂਜਣਾ ਪੈਂਦਾ। ਮਹਾਤਮਾ ਬੁੱਧ ਦਾ ਕਥਨ ਹੈ: "ਹਉਮੈਂ ਦੀ ਲੜਾਈ ਵਿੱਚ ਜਿੱਤ ਹਮੇਸ਼ਾਂ ਹਾਰਨ ਵਾਲੇ ਦੀ ਹੁੰਦੀ ਹੈ।

ਸਮਾਂ ਬਹੁਤ ਤੇਜ਼ੀ ਨਾਲ ਗੁਜ਼ਰ ਰਿਹਾ ਹੈ। ਜਦੋਂ ਸਮਝ ਆਉਣ ਲੱਗਦੀ ਹੈ ਤਾਂ ਵਿੱਛੜਣ ਦਾ ਵੇਲਾ ਹੋ ਜਾਂਦੈ। ਇਉਂ ਲੱਗਦਾ, ਜਿਹੜੀਆਂ ਨਿਗੂਣੀਆਂ ਚੀਜ਼ਾਂ ਦੇ ਪਿੱਛੇ ਭੱਜਦਿਆਂ ਜ਼ਿੰਦਗੀ ਦਾ ਮਜ਼ਾ ਲੈਣੋਂ ਉੱਕ ਗਏ, ਉਨ੍ਹਾਂ ਦੀ ਕੋਈ ਔਕਾਤ ਹੀ ਨਹੀਂ ਸੀ। ਦੂਸਰਿਆਂ ਵਿੱਚ ਨੁਕਸ ਕੱਢਦੇ ਉਮਰ ਗੁਜ਼ਾਰ ਲਈ। ਆਪਣੇ ਅੰਦਰ ਝਾਤੀ ਮਾਰੀ ਹੁੰਦੀ ਤਾਂ ਫ਼ਰਿਸ਼ਤੇ ਬਣ ਗਏ ਹੁੰਦੇ। ਜ਼ਿੰਦਗੀ ਆਸ਼ਾਵਾਦੀ ਬਣਾਉਣ ਦੀ ਜਾਚ, ਮਨੁੱਖ ਨੂੰ ਆਪਣੇ ਅੰਦਰ ਨਾਲ ਜੋੜਨ ਵਿੱਚ ਸਹਾਈ ਹੋਵੇਗੀ। ਕਹਿੰਦੇ ਨੇ ਜਦੋਂ ਬਰਸਾਤ ਹੋਵੇ ਤਾਂ ਸਤਰੰਗੀ ਪੀਂਘ ਵੱਲ ਤੱਕਿਆ ਕਰੋ। ਹਨੇਰਾ ਹੋਵੇ ਤਾਂ ਤਾਰਿਆਂ ਦੀ ਹੋਂਦ ਦਾ ਅਹਿਸਾਸ ਕਰਨਾ ਚਾਹੀਦਾ ਹੈ। ਮਾੜਾ ਬੋਲਣ ਵਾਲੇ ਲਈ ਦੁਆ ਕਰੋ ਕਿ ਰਹਿਬਰ ਉਸ ਨੂੰ ਲੋਕਾਂ ਦੀਆਂ ਲਾਹਨਤਾਂ ਤੋਂ ਬਚਣ ਦੀ ਸੁਮੱਤ ਬਖ਼ਸ਼ੇ। ਰਿਸ਼ਤਿਆਂ ਦੀ ਪਾਕੀਜ਼ਗੀ ਪ੍ਰਤੀ ਆਸਵੰਦ ਰਹੋ। ਕੋਈ ਤੁਹਾਨੂੰ 'ਆਪਣਾ' ਸਮਝ ਮਨ ਹੌਲਾ ਕਰਨਾ ਚਾਹੁੰਦਾ ਹੈ ਤਾਂ ਸੁਣ ਲਵੋ। ਸਕੂਨ ਦੋਵਾਂ ਨੂੰ ਮਿਲੇਗਾ।

ਘੁੰਮਣ-ਘੇਰੀਆਂ ਵਿੱਚੋਂ ਨਿਕਲ ਜਦੋਂ ਮੈਂ ਵਿੱਚੋਂ 'ਮੈਂ' ਮੁੱਕ ਗਈ ਤਾਂ ਵਜੂਦ ਚੌਵੀ ਕੈਰੇਟ ਸ਼ੁੱਧ ਹੋ ਜਾਂਦੈ। ਇਲਾਹੀ ਬਾਣੀ ਦਾ ਸੰਗੀਤ ਕੰਨੀਂ ਪੈਂਦੈ। ਪੌਣਾਂ ਗੀਤ ਗਾਉਂਦੀਆਂ ਜਾਪਦੀਆਂ ਨੇ। ਜਲ, ਸ਼ਰਬਤ ਜਿਹੀ ਮਿਠਾਸ ਨਾਲ ਤਾਜ਼ਗੀ ਬਖ਼ਸ਼ਦੈ। ਫਿਰ ਪੈਰ ਘੁੰਗਰੂ ਬੰਨ੍ਹ ਨੱਚਦੇ ਨੇਸਾਈਂ ਦੇ ਇਸ਼ਕ ਵਿੱਚ 'ਥਈਆ ਥਈਆ' ਦੀ ਆਵਾਜ਼ ਆਉਂਦੀ ਐ ਆਖ਼ਰਕਾਰ 'ਬੁੱਲ੍ਹੇ' ਦੀ ਹਸਤੀ ਮਿਟ ਜਾਂਦੀ ਐ ਅਤੇ 'ਭੁੱਲ੍ਹਾ' ਸਾਹਮਣੇ ਆ ਖਲੋਂਦਾ!

## ਗਰਮੀ ਦੀਆਂ ਛੁੱਟੀਆਂ ਤੇ ਰਚਨਾਤਮਕ ਗਤੀਵਿਧੀਆਂ

ਗਰਮੀ ਦੀਆਂ ਛੁੱਟੀਆਂ ਬੱਚਿਆਂ ਲਈ ਬਹੁਤ ਸੁਹਾਵਣਾ ਸਮਾਂ ਹੁੰਦਾ ਹੈ। ਇਹ ਸਮਾਂ ਉਨ੍ਹਾਂ ਨੂੰ ਰੋਜ਼ ਸਕੂਲ ਜਾਣ ਦੀ ਰੁਟੀਨ ਤੋਂ ਛੁਟਕਾਰਾ ਦਿਵਾਉਂਦਾ ਹੈ; ਆਰਾਮ ਕਰਨ ਅਤੇ ਨਵੀਆਂ ਚੀਜ਼ਾਂ ਸਿੱਖਣ ਦਾ ਮੌਕਾ ਦਿੰਦਾ ਹੈ। ਇਨ੍ਹਾਂ ਛੁੱਟੀਆਂ ਵਿੱਚ ਕਈ ਲੋਕ ਵੱਖ-ਵੱਖ ਥਾਵਾਂ 'ਤੇ ਘੁੰਮਣ ਜਾਂਦੇ ਹਨ, ਆਪਣੇ ਰਿਸ਼ਤੇਦਾਰਾਂ ਨੂੰ ਮਿਲਦੇ ਹਨ ਜਦੋਂਕਿ ਕਈ ਘਰਾਂ ਵਿੱਚ ਹੀ ਰਹਿਣਾ ਪਸੰਦ ਕਰਦੇ ਹਨ। ਘਰ ਵਿੱਚ ਰਹਿਣ ਨਾਲ ਜ਼ਿਆਦਾਤਰ ਬੱਚੇ ਮੋਬਾਈਲ ਜਾਂ ਟੀਵੀ 'ਤੇ ਸਮਾਂ ਬਿਤਾਉਂਦੇ ਹਨ। ਇਸ ਲਈ ਬੱਚਿਆਂ ਨੂੰ ਇਸ ਸਮੇਂ ਰਚਨਾਤਮਕ ਗਤੀਵਿਧੀਆਂ ਜਾਂ ਕਾਰਜਾਂ ਵਿੱਚ ਸ਼ਾਮਲ ਕਰਨਾ ਬਹੁਤ ਜ਼ਰੂਰੀ ਹੈ। ਇਨ੍ਹਾਂ ਗਤੀਵਿਧੀਆਂ ਦਾ ਬੱਚਿਆਂ ਦੇ ਵਿਕਾਸ 'ਤੇ ਬਹੁਤ ਚੰਗਾ ਪ੍ਰਭਾਵ ਪੈਂਦਾ ਹੈ। ਇਹ ਬੱਚਿਆਂ ਦੇ ਰਚਨਾਤਮਕ ਵਿਕਾਸ ਵਿੱਚ ਸਹਾਈ ਹੋਣ ਦੇ ਨਾਲ-ਨਾਲ ਉਨ੍ਹਾਂ ਵਿੱਚ ਕਿਸੇ ਵੀ ਸਮੱਸਿਆ ਦਾ ਸਾਹਮਣਾ ਕਰਨ ਦਾ ਵਿਸ਼ਵਾਸ ਪੈਦਾ ਕਰਦੀਆਂ ਹਨ। ਇਸ ਦੇ ਨਾਲ ਬੱਚਿਆਂ ਦੇ ਸਮਾਂ ਪ੍ਰਬੰਧਨ ਅਤੇ ਗੱਲਬਾਤ ਕਰਨ ਦੇ ਹੁਨਰ ਨੂੰ ਵੀ ਨਿਖਾਰਦੀਆਂ ਹਨ। ਗਰਮੀ ਦੀਆਂ ਛੁੱਟੀਆਂ ਵਿੱਚ ਬੱਚਿਆਂ ਨੂੰ ਕਈ ਤਰ੍ਹਾਂ ਦੀਆਂ ਰਚਨਾਤਮਕ ਗਤੀਵਿਧੀਆਂ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ;

**ਪੇਂਟਿੰਗ ਅਤੇ ਕਰਾਫਟ ਕਰਨਾ:** ਬੱਚਿਆਂ ਦੇ ਪੇਂਟਿੰਗ ਅਤੇ ਕਰਾਫਟ ਦੇ ਹੁਨਰ ਨੂੰ ਗਰਮੀ ਦੀਆਂ ਛੁੱਟੀਆਂ ਵਿੱਚ ਨਿਖਾਰਿਆ ਜਾ ਸਕਦਾ ਹੈ। ਇਸ ਦੇ ਨਾਲ-ਨਾਲ ਉਨ੍ਹਾਂ ਨੂੰ ਸਿਲਾਈ, ਕਢਾਈ, ਬਟਨ ਲਗਾਉਣਾ, ਤਰਪਾਈ ਕਰਨਾ ਆਦਿ ਦੀ ਸਿਖਲਾਈ ਦਿੱਤੀ ਜਾ ਸਕਦੀ ਹੈ। ਬੱਚੇ ਸਾਦੀ ਸਿਲਾਈ, ਕੱਪੜੇ ਦੇ ਟੁਕੜਿਆਂ ਤੋਂ ਮੇਜ਼ ਪੋਸ਼ ਤਿਆਰ ਕਰਨਾ, ਪੁਰਾਣੀਆਂ ਵਸਤੂਆਂ ਨੂੰ ਨਵਾਂ ਰੂਪ ਦੇ ਕੇ ਕੰਮ ਦੀਆਂ ਘਰੇਲੂ ਸਜਾਵਟੀ ਵਸਤਾਂ ਬਣਾਉਣਾ ਆਦਿ ਸਿੱਖ ਸਕਦੇ ਹਨ।

**ਬਲਾਕ ਬਣਾਉਣਾ ਅਤੇ ਬੁਝਾਰਤਾਂ ਹੱਲ ਕਰਨਾ:** ਬੱਚਿਆਂ ਨੂੰ ਬਲਾਕ ਬਣਾਉਣਾ ਅਤੇ ਬੁਝਾਰਤਾਂ ਹੱਲ ਕਰਨ ਵਰਗੀਆਂ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਨਾਲ ਉਨ੍ਹਾਂ ਦੀ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਸਮੱਸਿਆਂ ਦੇ ਹੱਲ ਕੱਢਣ ਦੀ ਯੋਗਤਾ



ਵਿੱਚ ਵਾਧਾ ਹੁੰਦਾ ਹੈ।

**ਖਾਣਾ ਬਣਾਉਣਾ ਅਤੇ ਬੇਕਿੰਗ ਕਰਨਾ:** ਬੱਚਿਆਂ ਨੂੰ ਰਸੋਈ ਵਿੱਚ ਖਾਣਾ ਬਣਾਉਣ ਅਤੇ ਬੇਕਿੰਗ ਕਰਨ ਵਰਗੇ ਹੁਨਰ ਸਿਖਾਓ। ਬੱਚੇ ਸੁਰੱਖਿਅਤ ਅਤੇ ਪੌਸ਼ਟਿਕ ਖਾਣੇ ਦੀ ਮਹੱਤਤਾ ਬਾਰੇ ਸਿੱਖ ਕੇ ਆਪਣੇ ਲਈ ਵਧੀਆ ਭੋਜਨ ਦੀ ਚੋਣ ਕਰਨ ਦੇ ਯੋਗ ਹੋ ਸਕਦੇ ਹਨ। ਬੱਚੇ ਸੌਖੀਆਂ ਬਣਨ ਵਾਲੀਆਂ ਖਾਣ ਦੀਆਂ ਚੀਜ਼ਾਂ ਜਿਵੇ ਸੈਂਡਵਿਚ, ਸਲਾਦ, ਕੂਕੀਜ਼, ਕੱਪ-ਕੇਕ ਆਦਿ ਬਣਾਉਣਾ ਆਸਾਨੀ ਨਾਲ ਸਿਖ ਸਕਦੇ ਹਨ।

**ਘਰ ਦੀ ਸਫ਼ਾਈ:** ਬੱਚਿਆਂ ਨੂੰ ਘਰ ਦੀ ਸਫ਼ਾਈ ਵਿੱਚ

ਡਾ. ਮਨੀਸ਼ਾ ਭਾਟੀਆ

ਯੋਗਦਾਨ ਪਾਉਣ ਲਈ ਪ੍ਰੇਰਿਤ ਕਰੋ। ਉਨ੍ਹਾਂ ਨੂੰ ਸਰਲ ਕੰਮ ਜਿਵੇਂ ਆਪਣੀਆਂ ਵਸਤੂਆਂ ਆਪਣੀ ਜਗ੍ਹਾ 'ਤੇ ਰੱਖਣਾ, ਝਾੜ ਪੂੰਝ ਕਰਨਾ ਜੀਵਨ ਦੇ ਬੁਨਿਆਦੀ ਹੁਨਰ ਹਨ, ਜਿਹੜੇ ਬੱਚਿਆਂ ਨੂੰ ਗਰਮੀ ਦੀਆਂ ਛੁੱਟੀਆਂ ਵਿੱਚ ਸਿਖਾਏ ਜਾ ਸਕਦੇ ਹਨ। ਇਸ ਦੇ ਨਾਲ ਹੀ ਬੱਚਿਆਂ ਨੂੰ ਸਫ਼ਾਈ ਦੀ ਮਹੱਤਤਾ ਅਤੇ ਸਫ਼ਾਈ ਲਈ ਪ੍ਰਯੋਗ ਹੋਣ ਵਾਲੇ ਪਦਾਰਥਾਂ ਦੀ ਸੁਚੱਜੀ ਵਰਤੋਂ ਕਰਨੀ ਵੀ ਸਿਖਾਈ ਜਾ ਸਕਦੀ ਹੈ।

**ਕਿਤਾਬਾਂ ਪੜ੍ਹਨ ਦੀ ਆਦਤ:** ਚੰਗੀਆਂ ਕਿਤਾਬਾਂ ਪੜ੍ਹਨ ਨਾਲ ਅਤੇ ਉਸ ਬਾਰੇ ਕੁਝ ਸਤਰਾਂ ਲਿਖਣ ਨਾਲ ਬੱਚੇ ਆਪਣੇ ਵਿਚਾਰਾਂ ਅਤੇ ਭਾਵਨਾਵਾਂ ਦਾ ਪ੍ਰਭਾਵਸ਼ਾਲੀ ਪ੍ਰਗਟਾਵਾ ਕਰਨਾ ਸਿੱਖਦੇ ਹਨ। ਇਸ ਹੁਨਰ ਨੂੰ ਹੋਰ ਨਿਖਾਰਨ ਲਈ ਛੁੱਟੀਆਂ ਵਿੱਚ ਬੱਚਿਆਂ ਨੂੰ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਪੱਤਰ ਲਿਖਣ ਲਈ ਵੀ ਪ੍ਰੇਰਿਆ ਜਾ ਸਕਦਾ ਹੈ।

**ਸਮੂਹ ਅਤੇ ਟੀਮ ਵਿੱਚ ਖੇਡਣਾ:** ਛੁੱਟੀਆਂ ਵਿੱਚ ਬੱਚਿਆਂ ਨੂੰ ਟੀਮ ਅਤੇ ਸਮੂਹ ਵਿੱਚ ਖੇਡਣ ਲਈ ਉਤਸ਼ਾਹਿਤ ਕਰਨ ਨਾਲ ਉਨ੍ਹਾਂ ਵਿੱਚ ਸਹਿਯੋਗ ਅਤੇ ਸਮਝੌਤਾ ਕਰਨ ਵਰਗੇ ਗੁਣ ਵਿਕਸਤ ਹੋਣਗੇ।

**ਸਾਂਝੀਆਂ ਗਤੀਵਿਧੀਆਂ:** ਪਿੰਡ ਦੇ ਸਾਂਝੇ ਸਥਾਨ ਨੂੰ ਸਾਫ਼ ਕਰਨ ਵਿੱਚ ਅਤੇ ਉੱਥੇ ਬੂਟੇ ਲਗਾਉਣ ਵਿੱਚ ਬੱਚਿਆਂ ਨੂੰ ਸ਼ਾਮਲ ਕਰਨ ਨਾਲ ਉਨ੍ਹਾਂ ਨੂੰ ਸਾਂਝੇ ਸਥਾਨ ਦੇ ਰੱਖ ਰਖਾਅ ਅਤੇ ਦੇਖਭਾਲ ਦੀ ਜ਼ਿੰਮੇਵਾਰੀ ਦਾ ਅਹਿਸਾਸ ਹੋਵੇਗਾ।

**ਸੱਭਿਆਚਾਰਕ ਗਤੀਵਿਧੀਆਂ:** ਬੱਚਿਆਂ ਨੂੰ ਆਪਣੇ ਸੱਭਿਆਚਾਰ ਨਾਲ ਜੋੜ ਕੇ ਰੱਖਣ ਲਈ ਉਨ੍ਹਾਂ ਨੂੰ ਸੱਭਿਆਚਾਰਕ ਗਤੀਵਿਧੀਆਂ ਜਿਵੇਂ ਕਿ ਰਵਾਇਤੀ ਕਲਾ, ਸ਼ਿਲਪਕਲਾ ਆਦਿ ਬਾਰੇ ਦੱਸੋ ਅਤੇ ਇਨ੍ਹਾਂ ਸੱਭਿਆਚਾਰਕ ਗਤੀਵਿਧੀਆਂ ਵਿੱਚ ਉਨ੍ਹਾਂ ਨੂੰ ਸ਼ਾਮਲ ਕਰੋ।

**ਕੱਪੜਿਆਂ ਦੀ ਸਾਂਭ-ਸੰਭਾਲ:** ਬੱਚਿਆਂ ਨੂੰ ਕੱਪੜਿਆਂ ਤੋਂ ਦਾਗ ਉਤਾਰਨ, ਕੱਪੜਿਆਂ ਨੂੰ ਤਹਿ ਲਾ ਕੇ ਅਲਮਾਰੀ ਵਿੱਚ ਲਗਾਉਣਾ ਸਿਖਾਓ।

**ਬਜਟ ਅਤੇ ਪੈਸੇ ਦਾ ਪ੍ਰਬੰਧਨ:** ਬੱਚਿਆਂ ਨੂੰ ਆਪਣੇ ਨਾਲ ਬਾਜ਼ਾਰ ਲੈ ਕੇ ਜਾਓ; ਸਾਮਾਨ 'ਤੇ ਲੱਗੇ ਲੇਬਲ ਨੂੰ ਪੜ੍ਹਨਾ, ਚੀਜ਼ਾਂ ਦੇ ਮੁੱਲ ਦੀ ਤੁਲਨਾ ਅਤੇ ਆਪਣੇ ਬਜਟ ਵਿੱਚ ਰਹਿ ਕੇ ਬੇਲੋੜੇ ਖ਼ਰਚੇ ਰੋਕਣ ਵਰਗੇ ਗੁਰ ਸਿਖਾਓ।

**ਸੁਰੱਖਿਅਤ ਰਹਿਣਾ:** ਛੁੱਟੀਆਂ ਵਿੱਚ ਬੱਚਿਆਂ ਨੂੰ ਸੁਰੱਖਿਅਤ ਰਹਿਣ ਅਤੇ ਸੱਟ ਲਗਣ 'ਤੇ ਮੁੱਢਲੇ ਉਪਚਾਰ ਬਾਰੇ ਬੁਨਿਆਦੀ ਜਾਣਕਾਰੀ ਦਿੱਤੀ ਜਾ ਸਕਦੀ ਹੈ।

ਬੱਚਿਆਂ ਨੂੰ ਇਨ੍ਹਾਂ ਗਤੀਵਿਧੀਆਂ ਵਿੱਚ ਸ਼ਾਮਲ ਕਰਕੇ ਨਾ ਕੇਵਲ ਅਸੀਂ ਉਨ੍ਹਾਂ ਨੂੰ ਟੀਵੀ ਅਤੇ ਮੋਬਾਈਲ ਦੀ ਸਕਰੀਨ ਤੋਂ ਦੂਰ ਰੱਖਣ ਵਿੱਚ ਕਾਮਯਾਬ ਹੋਵਾਂਗੇ, ਸਗੋਂ ਉਨ੍ਹਾਂ ਨੂੰ ਗਰਮੀ ਦੀਆਂ ਛੁੱਟੀਆਂ ਵਿੱਚ ਬੁਨਿਆਦੀ ਹੁਨਰ ਸਿਖਾਉਣ ਵਿੱਚ ਵੀ ਮਦਦ ਕਰਾਂਗੇ। ਗਰਮੀ ਦੀਆਂ ਛੁੱਟੀਆਂ ਬੱਚਿਆਂ ਦੇ ਹੁਨਰ ਨਿਖਾਰਨ ਦੇ ਨਾਲ-ਨਾਲ ਉਨ੍ਹਾਂ ਦੇ ਬੌਧਿਕ, ਭਾਵਨਾਤਮਕ ਅਤੇ ਸਮਾਜਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਦਾ ਮੌਕਾ ਹੋ ਸਕਦੀਆਂ ਹਨ।

# ਅਭੁੱਲ ਯਾਦ ਬਣੀ : ਦੁਬਈ ਡੈਜ਼ਰਟ ਸਫਾਰੀ




ਅੱਜ ਚਮਕ ਦਮਕ ਵਾਲੇ ਸ਼ਹਿਰ ਤੋਂ ਦੂਰ ਰੇਗਿਸਤਾਨ ਦਾ ਵੱਖਰਾ ਅਨੁਭਵ ਲੈਣ ਲਈ ਸੁੰਦਰ ਅਤੇ ਸ਼ਾਂਤੀਪੂਰਨ ਦੁਬਈ ਡੈਜ਼ਰਟ ਸਫਾਰੀ ਕੰਜ਼ਰਵੇਸ਼ਨ ਰਿਜ਼ਰਵ, ਦੀ ਇੱਕ ਰੋਮਾਂਚਕ ਟਿੱਬੇ ਦੀ ਡ੍ਰਾਈਵ ਦਾ ਆਨੰਦ ਲਿਆ। ਸ਼ਹਿਰ ਦੀ ਗੂੰਜ ਤੋਂ ਦੂਰ ਕਦੇ ਨਾ ਭੁੱਲਣ ਵਾਲਾ ਅਨੁਭਵ ਮਹਿਸੂਸ ਹੋਇਆ। ਰੇਗਿਸਤਾਨੀ ਇਲਾਕੇ 'ਚ ਸੂਰਜ ਡੁੱਬਣ ਦਾ ਦ੍ਰਿਸ਼ ਉੱਥੇ ਹਰ ਵਿਅਕਤੀ ਨੂੰ ਇੱਕ ਯਾਦ ਦੇ ਜਾਂਦਾ ਹੈ।

ਦੁਬਈ ਡੈਜ਼ਰਟ ਸਫਾਰੀ ਅੰਤਰਰਾਸ਼ਟਰੀ ਟੂਰਿਸਟਾਂ ਲਈ ਇੱਕ ਮੁੱਖ ਆਕਰਸ਼ਣ ਹੈ। ਇੱਥੇ ਆਉਣ ਵਾਲੇ ਲੱਖਾਂ ਲੋਕ ਦੁਬਈ ਸੱਭਿਆਚਾਰਕ ਅਤੇ ਰਵਾਇਤੀ ਪੱਖ ਦਾ ਅਨੁਭਵ ਕਰਦੇ ਹਨ। ਸਭ ਤੋਂ ਵਧੀਆ ਡੈਜ਼ਰਟ ਸਫਾਰੀ ਦੁਬਈ ਸੁੰਦਰ ਅਰਬੀ ਰੇਗਿਸਤਾਨਾਂ 'ਚ ਆਪਣੀਆਂ ਜੜਾਂ ਲੱਭਦੀ ਹੈ, ਜਿੱਥੇ ਸਿਰਫ ਇੱਕ ਸਦੀ ਪਹਿਲਾਂ ਲੋਕ ਤੰਬੂਆਂ 'ਚ ਰਹਿੰਦੇ ਸਨ। ਅਤੇ ਊਠਾਂ 'ਤੇ ਸਫਰ ਕਰਦੇ ਸਨ। ਉਸ ਸਮੇਂ ਕੋਈ ਟੀਵੀ ਵਗੈਰਾ ਨਹੀਂ ਸਨ। ਉਹ ਡਾਂਸ ਪ੍ਰਦਰਸ਼ਨ ਅਤੇ ਖੇਡ ਸਮਾਗਮਾਂ ਨਾਲ ਆਪਣਾ ਮਨੋਰੰਜਨ ਕਰਦੇ ਸੀ। ਸਾਂਨਕ ਲੋਕ ਆਪਣੀਆਂ ਜੜਾਂ ਨੂੰ ਨਹੀਂ ਭੁੱਲੇ ਹਨ ਅਤੇ ਟੂਰਿਸਟਾਂ ਨੂੰ ਇੱਕ ਚੰਗੀ ਤਰ੍ਹਾਂ ਸੰਗਠਿਤ ਡੈਜ਼ਰਟ ਯਾਨਿ ਮਰੂਥਲ ਸਫਾਰੀ ਟੂਰ 'ਤੇ ਅਨੁਭਵ ਕਰਨ ਲਈ ਇਨ੍ਹਾਂ ਸਾਰੀਆਂ ਪ੍ਰੰਪਰਾਵਾਂ ਨੂੰ ਜ਼ਿੰਦਾ ਰੱਖਿਆ ਹੈ।

ਅੱਜ ਦੁਬਈ ਦੇ ਨਾਂ ਨਾਲ ਜਾਣਿਆ ਜਾਂਦਾ ਖੇਤਰ ਇੱਕ ਸਮੇਂ ਇੱਕ ਵਿਸ਼ਾਲ ਰੇਗਿਸਤਾਨ ਸੀ। ਜੋ ਮੀਲਾਂ ਤੱਕ ਫੈਲਿਆ ਹੋਇਆ ਸੀ। ਖਾਨਾਬਦੋ ਸ਼ਲੋਕ ਇੱਥੇ ਕੈਂਪਾਂ 'ਚ ਰਹਿੰਦੇ ਸਨ ਅਤੇ ਲੋੜ ਪੈਣ 'ਤੇ ਨੇੜਲੇ ਇਲਾਕਿਆਂ 'ਚ ਊਠਾਂ ਉੱਤੇ ਸਫਰ ਕਰਦੇ ਸਨ। ਇਹ 20ਵੀਂ ਸਦੀ ਤੱਕ ਜੀਵਨ ਦਾ ਤਰੀਕਾ ਸੀ। ਜਦੋਂ ਇਸ ਖੇਤਰ 'ਚ ਤੇਲ ਦੀ ਖੋਜ ਕੀਤੀ ਗਈ, ਨਤੀਜੇ ਵੱਜੋਂ ਖੇਤਰ ਬਦਲ ਗਿਆ ਅਤੇ ਅੱਜ ਇਹ ਵਿਸ਼ਵ ਦਾ ਪ੍ਰਮੁੱਖ ਆਰਥਿਕ ਖੇਤਰ ਬਣ ਗਿਆ ਹੈ। ਹਾਲਾਂ ਕਿ ਲੋਕਲ ਲੋਕ ਅਜੇ ਵੀ ਆਪਣੀਆਂ ਬੇਦੋਇਨ ਪ੍ਰੰਪਰਾਵਾਂ ਅਤੇ ਵਿਰਾਸਤ ਨੂੰ ਸੁਰੱਖਿਅਤ ਰੱਖਣ 'ਚ ਦਿਲਚਸਪੀ ਰੱਖਦੇ ਹਨ। ਇਹ ਸੋਚ ਨੇ 80 ਦੇ ਦਹਾਕੇ ਦੇ ਅਖੀਰ 'ਚ ਡੈਜ਼ਰਟ ਸਫਾਰੀ ਸਾਹਸ ਦੀ ਸਥਾਪਨਾ ਕੀਤੀ। ਟੈਨੋਲੋਜੀ ਹੋਣ ਦੇ ਨਾਲ-ਨਾਲ ਸਾਲਾਂ ਦੌਰਾਨ ਇਸ 'ਚ ਬੜੇ ਸਾਰੇ ਬਦਲਾਅ ਹੋਏ ਹਨ। ਉਦਾਹਰਨ ਦੇ ਲਈ, ਡੂਨ ਵੇਸ਼ਿੰਗ ਰਾਈਡਜ, ਕਵਾਡ ਬਾਈਕਿੰਗ, ਹੌਟ ਏਅਰ ਬੈਲੂਨ ਰਾਈਡਜ ਵਰਗੀਆਂ ਗਤੀਵਿਧੀਆਂ ਨੂੰ ਹਾਲ ਹੀ 'ਚ ਜੋੜਿਆ ਗਿਆ

## ਟੋਰਾਂਟੋ ਤੋਂ ਦੁਬਈ ਟੂਰ



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਹੈ। ਰੇਗਿਸਤਾਨ ਸਫਾਰੀ ਕੈਂਪ ਦੀਆਂ ਸਹੂਲਤਾਂ ਨੂੰ ਪਖਾਨੇ ਅਤੇ ਏਅਰ ਕੰਡੀਸ਼ਨ ਜੋੜ ਕੇ ਅਪਗ੍ਰੇਡ ਕੀਤਾ ਗਿਆ ਹੈ। ਅਜਿਹੇ ਵਿਕਾਸ ਨੇ ਸਫਾਰੀ ਟੂਰ ਦੀ ਪ੍ਰਸਿੱਧੀ 'ਚ ਵਾਧਾ ਕੀਤਾ ਹੈ। ਪਿਛਲੇ ਸਾਲਾਂ 'ਚ ਡੈਜ਼ਰਟ ਸਫਾਰੀ ਯਾਤਰਾ ਅਤੇ ਏਟੀਵੀ ਟੂਰ ਨੂੰ ਦੁਬਈ 'ਚ ਸਭ ਤੋਂ ਮਸ਼ਹੂਰ ਗਤੀਵਿਧੀਆਂ 'ਚ ਨੰਬਰ 2 ਸਥਾਨ 'ਤੇ ਦਰਜ ਕੀਤਾ ਗਿਆ ਹੈ। ਰੇਗਿਸਤਾਨ ਦੇ ਹਰ ਇੰਚ ਖੇਤਰ ਨੂੰ ਜਾਣਣ ਵਾਲੇ ਮਾਹਿਰ ਗਾਈਡ ਤੁਹਾਡੇ ਅਨੁਭਵ ਨੂੰ ਯਾਦਗਾਰ ਬਣਾ ਦਿੰਦੇ ਹਨ।

ਊਠ ਅਰਬ ਸੱਭਿਆਚਾਰ ਦਾ ਇੱਕ ਅਨਿਖੜਵਾਂ ਅੰਗ ਰਹੇ ਹਨ ਅਤੇ ਅਸਲ 'ਚ ਅਤੀਤ 'ਚ ਅਵਾਜਾਈ ਦਾ ਮੁੱਖ ਸਾਧਨ ਸਨ। ਇਨ੍ਹਾਂ ਦੀ ਵਰਤੋਂ ਵਪਾਰ ਕਰਨ, ਯਾਤਰਾ ਕਰਨ ਅਤੇ ਮਾਲ ਨੂੰ ਇੱਕ ਥਾਂ ਤੋਂ ਦੂਜੀ ਤੱਕ ਪਹੁੰਚਾਉਣ ਲਈ ਕੀਤੀ ਜਾਂਦੀ ਸੀ। ਸਥਾਨਕ ਲੋਕਾਂ ਨੇ ਊਠਾਂ ਦੀ ਨਸਲ ਅਤੇ ਸੰਭਾਲ ਲਈ ਊਠਾਂ ਦੇ ਫਾਰਮ ਬਣਾਏ ਹੋਏ ਹਨ। ਦੁਬਈ ਡੈਜ਼ਰਟ ਸਫਾਰੀ ਟੂਰ ਦੌਰਾਨ ਤੁਸੀਂ ਊਠ ਫਾਰਮਾਂ 'ਤੇ ਜਾ ਕੇ ਸਫਾਰੀ ਦਾ ਆਨੰਦ ਵੀ ਲੈ ਸਕਦੇ ਹੋ।

ਤਨੂਰਾ ਵਾਂਗ, ਇੱਕ ਮਰਦ ਡਾਂਸਰ ਦੁਆਰਾ ਲੋਕਧਾਰਾ ਡਾਂਸ, ਸੂਫੀਆ 'ਚ ਇਸਦੀ ਸ਼ੁਰੂਆਤ ਦੇ ਨਤੀਜੇ ਵੱਜੋਂ, ਇਹ ਦੁਬਈ ਦੇ ਸੱਭ ਤੋਂ ਪ੍ਰਸਿੱਧ ਆਕਰਸ਼ਨਾਂ 'ਚੋਂ ਇੱਕ ਬਣ ਗਿਆ ਹੈ। ਡਾਂਸਰ ਇੱਕ ਵਜ਼ਨਦਾਰ ਸਕਰਟ ਪਹਿਨਦੇ ਹਨ, ਜਿਸਨੂੰ ਤਨੂਰਾ ਕਿਹਾ ਜਾਂਦਾ ਹੈ। ਪੂਰੇ ਡਾਂਸ ਦੌਰਾਨ ਕਲਾਕਾਰ ਘੁੰਮਦਾ ਰਹਿੰਦਾ ਹੈ। ਇਸ ਤੋਂ ਬਾਅਦ ਧੀਮੇ ਤਾਲ ਵਾਲੇ ਸੰਗੀਤ ਦੇ ਟੁੱਕੜੇ 'ਤੇ ਯੰਗ ਵੂਮੇਨ ਦੁਆਰਾ ਉਸੇ ਸ਼ੈਲੀ 'ਚ ਬੇਲੀ ਡਾਂਸ ਕੀਤਾ ਜਾਂਦਾ ਹੈ। ਆਖਿਰ 'ਚ ਇੱਕ ਫਾਇਰ ਸ਼ੋਅ ਹੁੰਦਾ ਹੈ। ਜੋ ਨਿਸ਼ਚਿਤ ਤੌਰ 'ਤੇ ਇੱਕ ਦਲੇਰਾਨਾ ਗਤੀਵਿਧੀ ਹੈ। ਕਿਉਂਕਿ ਪ੍ਰਦਰਸ਼ਨਕਾਰ ਸ਼ਾਨਦਾਰ ਡਿਸਪਲੇ ਬਣਾਉਣ 'ਚ ਵੱਖ-ਵੱਖ ਪ੍ਰੋਪਸ, ਜਿਵੇਂ ਕਿ ਪੋਈ, ਸਟਾਫ ਜਾਂ ਫਾਇਰ ਫੇਨ ਦੀ ਵਰਤੋਂ ਕਰਦੇ ਹਨ। ਉਹ ਅੱਗ ਬੁਝਾਉਣ ਵਾਲੇ ਵੀ ਕਰਦੇ ਹਨ ਜਦੋਂ ਉਹ ਇੱਕ ਖੁੱਲੀ ਲਾਟ ਉੱਤੇ ਬਾਲਣ ਦੀ ਇੱਕ ਵੱਧੀਆ ਧੁੰਦ ਨੂੰ ਬਾਹਰ ਕੱਢ ਕੇ ਅੱਗ 'ਚ ਹੇਰਾਫੇਰੀ ਵੀ ਕਰਦੇ ਹਨ।

ਮਨੋਰੰਜਨ ਅਤੇ ਬੁਫੇ ਤੋਂ ਇਲਾਵਾ, ਕੈਂਪ ਸਾਈਟ 'ਤੇ ਕੁੱਝ ਪਰਿਵਾਰਕ ਅਨੁਕੂਲ ਗਤੀਵਿਧੀਆਂ ਵੀ ਪੇਸ਼ ਕੀਤੀਆਂ ਜਾਂਦੀਆਂ ਹਨ। ਇਹਨਾਂ 'ਚ ਹੇਨਾਂ ਪੇਟਿੰਗ, ਸੈਸ਼ਨ ਸ਼ਾਮਲ ਹਨ ਜਿੱਥੇ ਇੱਕ ਮਾਹਿਰ ਡਿਜ਼ਾਈਨਰ ਤੁਹਾਡੇ ਸਰੀਰ 'ਤੇ ਸੁੰਦਰ 'ਤੇ ਆਕਰਸ਼ਕ ਡਿਜ਼ਾਇਨ ਤਿਆਰ ਕਰਦਾ ਹੈ। ਹੇਨ ਦੀਆਂ ਪੇਂਟਿੰਗਾਂ ਪ੍ਰਾਚੀਨ ਮਿਸਰ ਦੀਆਂ ਹਨ ਅਤੇ ਇਹ ਡਿਜ਼ਾਇਨ ਵਿਅਕਤੀਆਂ ਅਤੇ ਜੋੜਿਆਂ ਲਈ ਚੰਗੀ, ਉਪਜਾਊ ਸ਼ਕਤੀ ਬੱਧੀ ਅਤੇ ਸੁਰੱਖਿਆ ਲਈ ਸਨ।

**ਖਾਸ ਗੱਲਾਂ:**

- ਬਾਰਬੀਕਿਊ ਬੂਫੇ 'ਚ ਲੇਂਬ ਚੈਪਸ, ਕਬਾਬ ਗਰਿੱਲਡ ਚਿਕਨ ਹਮਸ ਦੇ ਨਾਲ ਪਰੋਸਿਆ ਜਾਂਦਾ ਹੈ ਅਤੇ ਗਰਮ ਸਾਸ ਜੋ ਯਕੀਨੀ ਤੌਰ 'ਤੇ ਸੁਆਦ ਵਧਾ ਦਿੰਦੀ ਹੈ। ਇੱਥੇ ਸਟਾਰਟਰ 'ਚ ਸਲਾਦ, ਤਬੂਲੇਹ, ਫੈਟੂਸ਼ ਅਤੇ ਅਰਬੀ ਰੋਟੀ ਦਾ ਅਨੰਦ ਵੀ ਲਿਆ ਜਾਂਦਾ ਹੈ।
- ਡੈਜ਼ਰਟ ਸਫਾਰੀ ਡ੍ਰਾਈਵ ਦੌਰਾਨ ਰਸਤੇ 'ਚ ਕਈ ਜਾਦੂਈ ਕੈਂਪਸਾਈਟ ਆਉਂਦੇ ਹਨ। ਜਿੱਥੇ ਰਵਾਇਤੀ ਲਾਈਵ ਸ਼ੋਅ ਦਿਖਾਏ ਜਾਂਦੇ ਹਨ।
- ਬਾਜ਼ ਯੂਏਈ ਦਾ ਇੱਕ ਸੱਭਿਆਚਾਰਕ ਪ੍ਰਤੀਕ ਹੈ ਅਤੇ ਅਤੀਤ 'ਚ ਲੋਕ ਇਨ੍ਹਾਂ ਪੰਛੀਆਂ ਦੀ ਵਰਤੋਂ ਇਨ੍ਹਾਂ ਧਰਤੀਆਂ 'ਤੇ ਯਾਤਰਾ ਕਰਦੇ ਸਮੇਂ ਸ਼ਿਕਾਰ ਕਰਨ ਲਈ ਕਰਦੇ ਸਨ। ਭਾਵੇਂ ਅੱਜ ਕਲ ਸ਼ਾਇਦ ਹੀ ਕੋਈ ਸ਼ਿਕਾਰ ਕਰਦਾ ਹੋਵੇ, ਪਰ ਸਥਾਨਕ ਲੋਕਾਂ ਨੇ ਜੇ ਹੋ ਸਕੇ ਤਾਂ ਆਪਣੀ ਪ੍ਰੰਪਰਾ ਨੂੰ ਜ਼ਿੰਦਾ ਰੱਖਿਆ ਹੈ। ਚਾਹਵਾਨ ਬਾਜ਼ ਨਾਲ ਫੋਟੋ ਕੱਲਿਕ ਕਰਕੇ ਯਾਦਗਾਰ ਬਣਾ ਲੈਂਦੇ ਹਨ।

**ਨੋਟ:** ਛੋਟੇ ਬੱਚੇ, ਬਜ਼ੁਰਗ, ਗਰਭਵਤੀ ਔਰਤਾਂ, ਕਮਜੋਰ ਦਿਲ ਵਾਲੇ, ਪਿੱਠ ਦਰਦ ਤੋਂ ਪ੍ਰੇਸ਼ਾਨ ਲੋਕ ਡੈਜ਼ਰਟ ਸਫਾਰੀ ਕਰਨ ਤੋਂ ਪਹਿਲਾਂ ਜਰੂਰ ਸੋਚਣ, ਸਮੱਸਿਆ ਵੀ ਹੋ ਸਕਦੀ ਹੈ।







# ਸਾਫ਼ ਪਾਣੀ ਜ਼ਰੂਰੀ ਹੈ ਸਿਹਤ ਲਈ



ਵਿਸ਼ਵ ਸਿਹਤ ਸੰਸਥਾ ਦੀ 2011 ਦੀ ਰਿਪੋਰਟ ਅਨੁਸਾਰ ਭਾਰਤ ਵਿਚ 38 ਕਰੋੜ ਲੋਕ ਦੂਸ਼ਿਤ ਪਾਣੀ ਨਾਲ ਸੰਬੰਧਿਤ ਰੋਗਾਂ ਤੋਂ ਪੀੜਤ ਹਨ ਅਤੇ ਪਾਣੀ ਤੋਂ ਹੋਣ ਵਾਲੀ ਆਮ ਬਿਮਾਰੀ ਦਸਤ ਕਾਰਨ ਲਗਭਗ 15 ਲੱਖ ਬੱਚੇ ਆਪਣਾ ਪੰਜਵਾਂ ਜਨਮ ਦਿਨ ਨਹੀਂ ਮਨਾ ਪਾਉਂਦੇ। ਇਸ ਤਰ੍ਹਾਂ ਦੂਸ਼ਿਤ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਣਾ ਬਹੁਤ ਜ਼ਰੂਰੀ ਹੈ।

**ਪਾਣੀ ਦੇ ਦੂਸ਼ਿਤ ਹੋਣ ਦੇ ਕਾਰਨ**

* ਉਦਯੋਗਾਂ ਅਤੇ ਘਰਾਂ ਤੋਂ ਨਿਕਲਣ ਵਾਲਾ ਗੰਦਾ ਪਾਣੀ।* ਬ੍ਰਹਿਮੰਡੀ ਤਪਸ਼ ਭਾਵ ਗਲੋਬਲ ਵਾਰਮਿੰਗ। * ਖੇਤਾਂ ਵਿਚ ਵਰਤ ਹੋਣ ਵਾਲੀ ਰਸਾਇਣਕ ਖਾਦ ਅਤੇ ਪਸ਼ੂਆਂ ਦੀ ਖਾਦ ਤੋਂ। * ਕਾਰਡ-ਬੋਰਡ, ਅਖ਼ਬਾਰ, ਅਲਮੂਨੀਅਮ, ਪਲਾਸਟਿਕ ਬੈਗ, ਸ਼ੀਸ਼ਾ ਨਦੀਆਂ ਵਿਚ ਸੁੱਟਣ ਨਾਲ। ਕੀ ਤੁਹਾਨੂੰ ਪਤਾ ਹੈ ਕਿ ਤੁਸੀਂ ਜੋ ਕੂੜਾ ਪਾਣੀ ਵਿਚ ਸੁੱਟ ਦਿੰਦੇ ਹੋ, ਇਸ ਨੂੰ ਖ਼ਤਮ ਹੋਣ ਵਿਚ ਕਿੰਨਾ ਸਮਾਂ ਲਗਦਾ ਹੈ?

**ਸਾਮਾਨ ਖ਼ਤਮ ਹੋਣ ਵਿਚ ਲੱਗਣ ਵਾਲਾ ਸਮਾਂ** : ਕਾਰਡ-ਬੋਰਡ ਨੂੰ ਦੋ ਹਫ਼ਤੇ, ਅਖਬਾਰ ਨੂੰ 6 ਹਫ਼ਤੇ, ਅਲਮੂਨੀਅਮ ਨੂੰ 200 ਸਾਲ, ਪਲਾਸਟਿਕ ਪੈਕਜਿੰਗ ਨੂੰ 400 ਸਾਲ। **ਸ਼ੀਸ਼ਾ** : ਕਿੰਨੇ ਸਮੇਂ ਵਿਚ ਨਸ਼ਟ ਹੁੰਦਾ ਹੈ, ਹਾਲੇ ਤੱਕ ਇਸ ਦਾ ਪਤਾ ਨਹੀਂ ਲੱਗ ਸਕਿਆ ਹੈ। ਹੁਣ ਤੁਸੀਂ ਖ਼ੁਦ ਹੀ ਸੋਚੋ ਜੇਕਰ ਪਾਣੀ ਵਿਚ ਇਨ੍ਹਾਂ ਸਭ ਪਦਾਰਥਾਂ ਦੀ ਮਾਤਰਾ ਵਧਦੀ ਜਾਵੇਗੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੀਣ ਵਾਲਾ ਪਾਣੀ ਸਾਡੇ ਕੋਲ ਨਹੀਂ ਬਚੇਗਾ। ਇਸ ਲਈ ਪਾਣੀ ਨੂੰ ਗੰਦਾ ਹੋਣ ਤੋਂ ਬਚਾਉਣਾ ਹੋਵੇਗਾ। ਇਹ ਤਾਂ ਹੀ ਹੋ ਸਕਦਾ ਹੈ, ਜਦੋਂ ਹਰ ਕੋਈ ਆਪਣੀ ਜ਼ਿੰਮੇਵਾਰੀ ਸਮਝੇ ਅਤੇ ਨਦੀਆਂ ਅਤੇ ਤਾਲਾਬਾਂ ਵਿਚ ਇਹ ਚੀਜ਼ਾਂ ਨਾ ਸੁੱਟਣ।

ਜੇਕਰ ਤੁਸੀਂ ਵੀ ਪਾਣੀ ਨੂੰ ਸਾਫ਼ ਰੱਖਣ ਅਤੇ ਬਚਾਉਣ ਵਿਚ ਮਦਦ ਕਰਨਾ ਚਾਹੁੰਦੇ ਹੋ ਤਾਂ ਬਹੁਤ ਸਾਰੀਆਂ ਛੋਟੀਆਂ-ਛੋਟੀਆਂ ਗੱਲਾਂ ਹਨ, ਜਿਨ੍ਹਾਂ ਦਾ ਧਿਆਨ ਰੱਖ ਕੇ ਤੁਸੀਂ ਪਾਣੀ ਨੂੰ ਬਚਾਇਆ ਜਾ ਸਕਦਾ ਹੈ।

ਜਦੋਂ ਪਾਣੀ ਦੀ ਜ਼ਰੂਰਤ ਨਾ ਹੋਵੇ ਤਾਂ ਪਾਣੀ ਦੀ ਟੂਟੀ ਬੰਦ ਕਰ ਦਿਓ ਅਤੇ ਜੇਕਰ ਟੂਟੀ ਤੋਂ ਪਾਣੀ ਟਪਕਦਾ ਹੈ ਤਾਂ ਉਸ ਨੂੰ ਸਮੇਂ ਸਿਰ ਠੀਕ ਕਰਾਓ।

**ਬਿਮਾਰੀਆਂ ਅਤੇ ਉਨ੍ਹਾਂ ਦੇ ਲੱਛਣ** :

**ਦਸਤ** : ਦਸਤ ਦੇ ਸਭ ਤੋਂ ਆਮ ਲੱਛਣ ਹਨ ਪਾਣੀ ਦੀ ਤਰ੍ਹਾਂ ਪੋਟੀ ਆਉਣਾ। ਸਿਰ ਦਰਦ ਅਤੇ ਬੁਖਾਰ ਹੋਣਾ। ਉਲਟੀਆਂ ਵੀ ਲਗ ਸਕਦੀਆਂ ਹਨ। ਜਦੋਂ ਏਨਾ ਕੁਝ ਹੋਵੇਗਾ ਤਾਂ ਕਮਜ਼ੋਰੀ ਆਉਣੀ ਤਾਂ ਲਾਜ਼ਮੀ ਹੀ ਹੈ।

**ਹੈਜ਼ਾ** : ਹੈਜ਼ਾ ਹੋਣ 'ਤੇ ਚੌਲਾਂ ਦੇ ਪਾਣੀ ਵਾਂਗ ਦਸਤ ਹੋਣਗੇ। ਅੰਤੜੀਆਂ ਵਿਚ ਦਰਦ ਹੋਵੇਗਾ। ਪੇਟ ਵਿਚ ਅਕੜਨ ਹੋਵੇਗੀ। ਉਲਟੀ ਵੀ ਲਗ ਸਕਦੀ ਹੈ।

**ਟਾਈਫਾਈਡ** : ਇਸ ਦੇ ਲੱਛਣ ਵੀ ਦਸਤ ਅਤੇ ਹੈਜ਼ੇ ਨਾਲ ਕੁਝ ਮਿਲਦੇ-ਜੁਲਦੇ ਜਿਹੇ ਹੀ ਹਨ। ਹਲਕਾ ਬੁਖਾਰ ਹੋਣਾ, ਟਾਈਫਾਈਡ ਦਾ ਪਹਿਲਾ ਲੱਛਣ ਹੈ। ਅੰਤੜੀ ਵਿਚ ਦਰਦ, ਅਕੜਨ, ਸਿਰ ਦਰਦ, ਕਬਜ਼ ਜਾਂ ਦਸਤ ਹੋ ਸਕਦੇ ਹਨ। ਬੈਕਟੀਰੀਅਲ ਪੇਚਿਸ਼ ਜਾਂ ਖ਼ੂਨੀ ਦਸਤ। ਬੁਖਾਰ, ਅੰਤੜੀ ਵਿਚ ਦਰਦ ਹੋ ਸਕਦਾ ਹੈ।

**ਨਿਰਜਲੀਕਰਨ** : ਪਾਣੀ ਦੀ ਕਮੀ ਨਾਲ ਹੋਣ ਵਾਲੀਆਂ ਬਿਮਾਰੀਆਂ ਨੂੰ ਕਹਿੰਦੇ ਹਨ 'ਨਿਰਜਲੀਕਰਨ', ਜਿਸ ਦੇ ਲੱਛਣ ਹੇਠ ਲਿਖੇ ਅਨੁਸਾਰ ਹਨ। ਕਮਜ਼ੋਰੀ ਕਾਰਨ ਅੱਖਾਂ ਧੱਸ ਜਾਂਦੀਆਂ ਹਨ। ਅੱਖਾਂ ਸੁੱਕੀਆਂ-ਸੁੱਕੀਆਂ ਨਜ਼ਰ ਆਉਣਗੀਆਂ। ਬੁੱਲ੍ਹ ਸੁੱਕ ਜਾਂਦੇ ਹਨ। ਮੂੰਹ ਖ਼ੁਸ਼ਕ ਹੋ ਜਾਂਦਾ ਹੈ। ਪਿਸ਼ਾਬ ਆਉਣਾ ਘੱਟ ਜਾਂ ਬਿਲਕੁਲ ਬੰਦ ਹੋ ਜਾਂਦਾ ਹੈ। ਇਕਦਮ ਪੀਲਾ ਪਿਸ਼ਾਬ ਆਉਂਦਾ ਹੈ। ਅਚਾਨਕ ਵਜ਼ਨ ਘਟਣ ਲਗ ਜਾਂਦਾ ਹੈ। ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਣ ਲਈ ਜ਼ਰੂਰੀ ਹੈ ਕਿ ਪਾਣੀ ਹਮੇਸ਼ਾ ਸਾਫ਼ ਕਰਕੇ ਹੀ ਪੀਤਾ ਜਾਵੇ। ਪਾਣੀ ਨੂੰ ਜਦੋਂ ਵੀ ਪੀਓ ਉਬਾਲ ਕੇ ਅਤੇ ਛਾਣ ਕੇ ਹੀ ਪੀਓ। ਪਾਣੀ ਵਿਚ ਕਲੋਰੀਨ ਦੀ ਗੋਲੀ ਪਾ ਕੇ ਵੀ ਪਾਣੀ ਨੂੰ ਸਾਫ਼ ਕੀਤਾ ਜਾ ਸਕਦਾ ਹੈ। ਅੱਜਕਲ੍ਹ ਪਾਣੀ ਸੋਨੇ-ਚਾਂਦੀ ਤੋਂ ਵੀ ਜ਼ਿਆਦਾ ਕੀਮਤੀ ਹੋ ਗਿਆ ਹੈ। ਪਾਣੀ ਦੀ ਬੂੰਦ-ਬੂੰਦ ਦਾ ਮਹੱਤਵ ਸਮਝੋ ਅਤੇ ਪਾਣੀ ਦੀ ਸੰਜਮ ਨਾਲ ਵਰਤੋਂ ਕਰੋ ਪਰ ਉਸ ਨੂੰ ਅਜਾਈਂ ਨਾ ਜਾਣ ਦਿਓ।

# ਫੁੱਲ ਵੇ ਗੁਲਾਬ ਦਿਆ



**ਬਲਜਿੰਦਰ ਮਾਨ**

ਫੁੱਲਾਂ ਦੀ ਦੁਨੀਆ ਵਿੱਚ ਗੁਲਾਬ ਦੇ ਫੁੱਲ ਦਾ ਅਨੋਖਾ ਸਥਾਨ ਹੈ। ਇਸ ਨੂੰ ਫੁੱਲਾਂ ਦਾ ਬਾਦਸ਼ਾਹ ਵੀ ਮੰਨਿਆ ਗਿਆ ਹੈ। ਇਸ ਦੀਆਂ ਖ਼ੂਬੀਆਂ ਬਾਕੀਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਹਨ। ਇਹ ਪਿਆਰ, ਖ਼ੁਸ਼ੀ ਤੇ ਆਨੰਦ ਦਾ ਪ੍ਰਤੀਕ ਹੈ। ਸ਼ਾਇਦ ਇਸੇ ਕਰਕੇ ਚਾਚਾ ਨਹਿਰੂ ਦੇ ਕੋਟ ਦਾ ਇਹ ਫੁੱਲ ਹਮੇਸ਼ਾਂ ਸ਼ਿੰਗਾਰ ਰਿਹਾ ਹੈ। ਪਹਿਲੇ ਪਹਿਲ ਗੁਲਾਬ ਦਾ ਪੌਦਾ ਵੀ ਇੱਕ ਜੰਗਲੀ ਪੌਦਾ ਹੀ ਸੀ। ਪੰਜ ਪੱਤੀਆਂ ਵਾਲਾ ਇਹ ਸਾਧਾਰਨ ਜਿਹਾ ਫੁੱਲ ਅਤੇ ਪੌਦਾ ਸੀ, ਪਰ ਬਾਅਦ ਵਿੱਚ ਇਸ ਦੀਆਂ ਕਿਸਮਾਂ ਅਤੇ ਸੁੰਦਰਤਾ ਵਿੱਚ ਵੰਨ-ਸੁਵੰਨਤਾ ਆਉਣ ਲੱਗੀ। ਇਸ ਦੀ ਖ਼ੁਸ਼ਬੂ ਅਤੇ ਸੁੰਦਰਤਾ ਕਰਕੇ ਪੌਰਾਣਿਕ ਕਥਾਵਾਂ ਅਤੇ ਕਵਿਤਾਵਾਂ ਵਿੱਚ ਇਸ ਦਾ ਵਿਸ਼ੇਸ਼ ਜ਼ਿਕਰ ਮਿਲਦਾ ਹੈ। ਕਿੱਸਿਆਂ, ਕਹਾਣੀਆਂ, ਹੁਨਰ, ਕਲਾ ਅਤੇ ਚਿੱਤਰਾਂ ਵਿੱਚ ਇਸ ਦੇ ਰੰਗਾਂ ਦੀ ਮਹਿਕ ਬਿਖਰੀ ਮਿਲਦੀ ਹੈ। ਲੋਕ ਗੀਤਾਂ ਵਿੱਚ ਵੀ ਇਸ ਦਾ ਵਿਸ਼ੇਸ਼ ਜ਼ਿਕਰ ਮਿਲਦਾ ਹੈ;

**ਫੁੱਲਾਂ 'ਚ ਫੁੱਲ ਗੁਲਾਬ ਨੀਂ ਸਹੀਓ**
**ਦੇਸ਼ਾਂ 'ਚੋਂ ਦੇਸ਼ ਪੰਜਾਬ ਨੀਂ ਸਈਓ।**

ਵਿਗਿਆਨੀਆਂ ਦੀ ਦਹਾਕਿਆਂ ਦੀ ਮਿਹਨਤ ਸਦਕਾ ਅੱਜ ਅਨੇਕਾਂ ਰੰਗਾਂ ਦੇ ਗੁਲਾਬ ਪੈਦਾ ਕੀਤੇ ਜਾ ਰਹੇ ਹਨ। ਬੇਬੀ ਗੁਲਾਬ ਕੁਝ ਸੈਂਟੀਮੀਟਰਾਂ ਦੇ ਹੀ ਹੁੰਦੇ ਹਨ ਜਦੋਂਕਿ ਇਨ੍ਹਾਂ ਦੇ ਅੱਜਕੱਲ੍ਹ ਰੁੱਖ ਵੀ ਤਿਆਰ ਕਰ ਲਏ ਗਏ ਹਨ। ਗੁਲਾਬ ਦੀਆਂ ਬੇਲਾਂ ਦਾ ਆਪਣਾ ਹੀ ਮਹੱਤਵ ਹੈ। ਪੈਰਿਸ ਵਿੱਚ ਗੁਲਾਬ ਦਾ ਮਸ਼ਹੂਰ ਬਾਗ਼ ਹੈ ਜਦਕਿ ਯੂਰਪ ਵਿੱਚ ਗੁਲਾਬ ਦੀਆਂ ਅਨੇਕਾਂ ਖ਼ੂਬਸੂਰਤ ਕਿਸਮਾਂ ਮਿਲਦੀਆਂ ਹਨ। ਇੰਗਲੈਂਡ ਵਿੱਚ ਕਿਨ ਮੈਰੀ ਰੋਜ਼ ਗਾਰਡਨ ਬਹੁਤ ਮਸ਼ਹੂਰ ਹੈ। ਅਮਰੀਕਾ ਵਿੱਚ ਹਾਰਟ ਫੋਰਡ ਅਤੇ ਹਾਰਸੇ ਥਾਵਾਂ ਦੇ ਰੋਜ਼ ਗਾਰਡਨ ਬਹੁਤ ਮਸ਼ਹੂਰ ਹਨ। ਭਾਰਤ ਵਿੱਚ ਪ੍ਰਸਿੱਧੀ ਖੱਟਣ ਵਾਲਾ ਚੰਡੀਗੜ੍ਹ ਦਾ ਰੋਜ਼ ਗਾਰਡਨ ਹੈ। ਭਾਰਤ ਵਿੱਚ ਵਸਦੇ ਪੁਰਾਣੇ ਰਾਜਿਆਂ ਨੇ ਆਪਣੇ ਮਹਿਲਾਂ ਵਿੱਚ ਅਨੇਕਾਂ ਕਿਸਮ ਦੀਆਂ ਗੁਲਾਬ ਦੀਆਂ ਕਿਆਰੀਆਂ ਲਗਾਈਆਂ ਹੁੰਦੀਆਂ ਸਨ। ਪੰਜਾਬੀ ਯੂਨੀਵਰਸਿਟੀ ਵਿੱਚ ਗੁਲਾਬ ਦੀਆਂ ਦਰਜਨਾਂ ਕਿਸਮਾਂ ਮਿਲਦੀਆਂ ਹਨ।

ਵਾਤਾਵਰਨ ਵਿੱਚ ਆ ਰਹੀਆਂ ਤਬਦੀਲੀਆਂ ਕਾਰਨ ਭਾਰਤ ਵਿੱਚ ਫੁੱਲਾਂ ਅਤੇ ਤੇਲ ਬੀਜਾਂ ਦੀ ਖੇਤੀ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਗੁਲਾਬ ਦੇ ਫੁੱਲਾਂ ਦੀਆਂ ਪੱਤੀਆਂ ਜਿੱਥੇ ਸਜਾਵਟ ਲਈ ਵਰਤੀਆਂ ਜਾਂਦੀਆਂ ਹਨ, ਉੱਥੇ ਉਹ ਅਨੇਕਾਂ ਪ੍ਰਕਾਰ ਦੀਆਂ ਦਵਾਈਆਂ ਅਤੇ ਅਤਰ ਫਲੇਲਾਂ ਵਿੱਚ ਵੀ ਪ੍ਰਯੋਗ ਹੁੰਦੀਆਂ ਹਨ। ਪ੍ਰਸਿੱਧ ਖੋਜੀ ਸ੍ਰੀ ਭੱਟਾਚਾਰੀਆ ਅਨੁਸਾਰ ਗੁਲਾਬ ਦਾ ਪੁਰਾਤਨ ਨਾਮ 'ਤਰੁਵੀ ਪੁਸ਼ਪ' ਹੈ। ਮੁਗ਼ਲ ਬਾਦਸ਼ਾਹ ਸ਼ੁਰੂ ਤੋਂ ਹੀ ਗੁਲਾਬ ਦੇ ਪ੍ਰਸ਼ੰਸਕ ਰਹੇ ਹਨ। ਗੁਲਾਬ ਦਾ ਅਤਰ ਕੱਢਣ ਦਾ ਕਾਰਜ ਸਭ ਤੋਂ ਪਹਿਲਾਂ ਰਾਣੀ ਨੂਰ ਜਹਾਂ ਨੇ ਕੀਤਾ। ਇਸ ਤੋਂ ਸਿੱਧ ਹੁੰਦਾ ਹੈ ਕਿ ਇਸ ਦੀ ਪੈਦਾਇਸ਼ ਮੁਗ਼ਲ ਕਾਲ ਵੇਲੇ ਸ਼ੁਰੂ ਹੋ ਚੁੱਕੀ ਸੀ। ਭਾਰਤ ਵਿੱਚ ਬਹੁਤੀਆਂ ਕਿਸਮਾਂ ਯੂਰਪ ਅਤੇ ਅਮਰੀਕਾ ਤੋਂ ਲਿਆਂਦੀਆਂ ਗਈਆਂ ਹਨ। ਭਾਰਤੀ ਵਾਤਾਵਰਨ ਪ੍ਰਤੀਕੂਲ ਹੋਣ ਕਰਕੇ ਗੁਲਾਬਾਂ ਦਾ ਰੂਪ ਇਸ ਧਰਤੀ 'ਤੇ ਬਹੁਤਾ ਨਹੀਂ ਨਿੱਖਰਦਾ। ਯੂਨਾਨ ਤੇ ਰੋਮਨ ਲੋਕ ਕਥਾਵਾਂ ਵਿੱਚ ਗੁਲਾਬ ਨੂੰ ਸੁੰਦਰਤਾ ਤੇ ਪਿਆਰ ਦੀ ਦੇਵੀ ਕਿਹਾ ਗਿਆ ਹੈ। ਮਿਸਰ ਵਿੱਚ ਗੁਲਾਬ ਦੇ ਫੁੱਲਾਂ ਨੂੰ ਪਵਿੱਤਰ ਸਮਝ ਕੇ ਪੂਜਾ ਲਈ ਵਰਤਿਆ ਜਾਂਦਾ ਹੈ। ਇਰਾਕ ਵਿੱਚ ਗੁਲਾਬ ਧਾਰਮਿਕ ਚਿੰਨ੍ਹ ਵਜੋਂ ਵਰਤਿਆ ਜਾਂਦਾ ਹੈ। ਪ੍ਰਸਿੱਧ ਅੰਗਰੇਜ਼ੀ ਸ਼ਾਇਰਾਂ ਨੇ ਵੀ ਗੁਲਾਬ ਬਾਰੇ ਕਵਿਤਾਵਾਂ ਲਿਖੀਆਂ ਹਨ। ਫਾਰਸੀ ਗ਼ਜ਼ਲ ਵਿੱਚ ਗੁਲਾਬ ਨੂੰ ਮਸ਼ੂਕ ਦੇ ਮੁੱਖੜੇ ਤੇ ਉਸ ਦੀ ਲਾਲੀ ਨਾਲ ਉਪਮਾ ਦਿੱਤੀ ਗਈ ਹੈ।

ਗੁਲਾਬ ਦੇ ਫੁੱਲ ਵਿੱਚ ਰੂਹ ਨੂੰ ਆਨੰਦ ਦੇਣ ਵਾਲੀ ਸੁਗੰਧ ਹੁੰਦੀ ਹੈ। ਫੁੱਲ ਦਾ ਇਲਾਕਾ ਬਦਲਣ ਨਾਲ ਸੁਗੰਧ ਘੱਟ ਵੱਧ ਹੋ ਜਾਂਦੀ ਹੈ। ਜਦੋਂ ਫੁੱਲਾਂ ਵਿਚਲਾ ਤੇਲ ਬੁਖਾਰਤ ਬਣ ਕੇ ਉੱਡਦਾ ਹੈ ਤਾਂ ਹੀ ਫੁੱਲਾਂ ਵਿੱਚੋਂ ਖ਼ੁਸ਼ਬੂ ਆ ਸਕਦੀ ਹੈ। ਤੇਲਾਂ ਦਾ ਬੁਖਾਰਤ ਬਣ ਕੇ ਉੱਡਣਾ, ਰੋਸ਼ਨੀ, ਤਾਪਮਾਨ, ਨਮੀ ਆਦਿ 'ਤੇ ਨਿਰਭਰ ਕਰਦਾ ਹੈ। ਠੰਢ ਵਿੱਚ ਘੱਟ ਅਤੇ ਗਰਮੀ ਤੇ ਨਮੀ ਆਦਿ ਦੇ ਮੌਸਮ ਵਿੱਚ ਸੁਗੰਧ ਤੇਜ਼ ਬਣਦੀ ਹੈ। ਵਿਗਿਆਨੀ ਆਪਣੀ ਮਰਜ਼ੀ ਮੁਤਾਬਿਕ ਖ਼ੁਸ਼ਬੂਦਾਰ ਕਿਸਮ ਤਿਆਰ ਨਹੀਂ ਕਰ ਸਕਦੇ। ਭਾਰਤ ਵਿੱਚ ਕਹਿਮਜ਼ਨ ਗਲੋਰੀ ਵੇਵਨ, ਕਰਾਈਸਲਰ ਇੰਪੀਰੀਅਲ, ਹੇਡਲੇ, ਲਾ-ਫਰਾਂਸ ਅਤੇ ਮਜੈਂਟਾ ਆਦਿ ਖ਼ੂਸ਼ਬੂਦਾਰ ਕਿਸਮਾਂ ਮਿਲਦੀਆਂ ਹਨ।

ਗੁਲਾਬ ਦੇ ਅਤਰ ਦਾ ਜ਼ਿਕਰ ਪੁਰਾਣੇ ਵੇਦਾਂ ਵਿੱਚ ਮਿਲਦਾ ਹੈ। ਮਹਾਰਾਣੀ ਐਲਿਜ਼ਬੈੱਥ ਬਹੁਤ ਸਮੇਂ ਤੱਕ ਭਾਰਤੀ ਅਤਰ ਵਰਤਦੀ ਰਹੀ। ਉੱਤਰ ਪ੍ਰਦੇਸ਼ ਵਿੱਚ ਕਨੌਜ, ਜੌਨਪੁਰ ਤੇ ਗਾਜੀਪੁਰ ਅਤਰ ਕੱਢਣ ਦੀਆਂ ਮਸ਼ਹੂਰ ਥਾਵਾਂ ਹਨ। ਨਵੀਆਂ ਤਕਨੀਕਾਂ ਨਾਲ ਭਾਰਤ ਵਿੱਚ ਅਤਰ ਕੱਢਣ ਵਾਸਤੇ ਰੋਜ਼ਾ ਡੈਸੇਮੀਨਾ, ਰੋਜ਼ਾ ਸੈਟੀਫੋਲੀਆ ਅਤੇ ਰੋਜ਼ਾ ਐਲਬਾ ਆਦਿ ਕਿਸਮਾਂ ਚੰਗੀਆਂ ਮੰਨੀਆਂ ਗਈਆਂ ਹਨ। ਬੰਗਲੌਰ (ਮਸੂਰ), ਪੂਨਾ (ਮਹਾਰਾਸ਼ਟਰ) ਤੇ ਦਿਊਗੜ੍ਹ (ਬਿਹਾਰ) ਆਦਿ ਇਲਾਕੇ ਗੁਲਾਬ ਉਗਾਉਣ ਲਈ ਮਸ਼ਹੂਰ ਹਨ। ਅਲੀਗੜ੍ਹ ਜ਼ਿਲ੍ਹੇ ਵਿੱਚ ਤਕਰੀਬਨ ਹਜ਼ਾਰਾਂ ਏਕੜ ਜ਼ਮੀਨ ਗੁਲਾਬ ਲਈ ਰੱਖੀ ਗਈ ਹੈ ਜਿਸ ਵਿੱਚ ਕਈ ਹਜ਼ਾਰ ਕੁਇੰਟਲ ਪੈਦਾਵਾਰ ਹੁੰਦੀ ਹੈ। ਅੰਮ੍ਰਿਤਸਰ ਇਲਾਕੇ ਵਿੱਚ ਵੀ ਗੁਲਾਬ ਦੀ ਪੈਦਾਵਾਰ ਕੀਤੀ ਜਾਂਦੀ ਹੈ ਜੋ ਗੁਲਕੰਦ ਬਣਾਉਣ ਲਈ ਵਰਤਿਆ ਜਾਂਦਾ ਹੈ। ਬਰਤਾਨੀਆ ਦੇ ਖੋਜੀ ਮੈਕੇਨਸ ਤੇ ਵਿਡਾਉਸ਼ਨ ਨੇ ਦੱਸਿਆ ਕਿ 100 ਗ੍ਰਾਮ ਗੁਲਾਬ ਦੇ ਸਤ ਵਿੱਚੋਂ 150 ਮਿਲੀਗ੍ਰਾਮ ਵਿਟਾਮਿਨ 'ਸੀ' ਮਿਲਦਾ ਹੈ ਜਦੋਂ ਕਿ ਇੰਨੀ ਮਿਕਦਾਰ ਦੇ ਸੰਤਰਿਆਂ ਵਿੱਚੋਂ ਕੇਵਲ 20 ਮਿਲੀਗ੍ਰਾਮ ਵਿਟਾਮਿਨ 'ਸੀ' ਮਿਲਦਾ ਹੈ।

ਮਸ਼ਹੂਰ ਖੋਜੀ ਰੈਹਡਰ ਅਨੁਸਾਰ ਗੁਲਾਬ ਦੀਆਂ ਲਗਭਗ 120 ਜਾਤੀਆਂ ਹਨ। ਇਨ੍ਹਾਂ ਵਿੱਚੋਂ ਕੁਝ ਜੰਗਲੀ ਅਤੇ ਬਾਕੀ ਉਗਾਈਆਂ ਜਾਣ ਵਾਲੀਆਂ ਹਨ। ਜੰਗਲੀ ਗੁਲਾਬ ਭਾਰਤ ਵਿੱਚ ਜ਼ਿਆਦਾਤਰ ਹਿਮਾਲਿਆ 'ਤੇ ਮਿਲਦਾ ਹੈ। ਉਗਾਏ ਜਾਣ ਵਾਲੇ ਗੁਲਾਬ ਦੀਆਂ ਅੱਠ ਜੱਦੀ ਜਾਤੀਆਂ ਹਨ। ਇਨ੍ਹਾਂ ਵਿੱਚ ਰੋਜ਼ਾ ਕਾਇਨੇਨਸਿਸ, ਆਰ ਫੋਇਟਤਾ, ਆਰ ਡੈਮੇਸੀਨਾ, ਆਰ ਮਲਟੀਫ ਨੌਰਡ, ਆਰ ਸਲਾਇਕਾ, ਆਰ ਗਾਗੇਨਸ਼ੀਆ, ਆਰ ਮੁਸ਼ਚੈਂਟਰ ਤੇ ਆਰ ਵਿਚੋਰੀਆਨਾ ਆਦਿ ਨਾਂ ਨਾਲ ਕੀਤਾ ਗਿਆ ਹੈ। ਅੱਜਕੱਲ੍ਹ ਖੋਜੀਆਂ ਨੇ ਇਨ੍ਹਾਂ ਤੋਂ ਕਰਾਸਿੰਗ ਕਰ ਕੇ ਪ੍ਰਜਣਨ ਅਤੇ ਹੋਰ ਆਧੁਨਿਕ ਤਕਨੀਕਾਂ ਰਾਹੀਂ ਬਹੁਤ ਸਾਰੀਆਂ ਕਿਸਮਾਂ ਤਿਆਰ ਕਰ ਲਈਆਂ ਹਨ।

ਗਮਲਿਆਂ ਵਿੱਚ ਗੁਲਾਬ ਦੀਆਂ ਅਜਿਹੀਆਂ ਕਿਸਮਾਂ ਲਾਉਣੀਆਂ ਚਾਹੀਦੀਆਂ ਹਨ ਜਿਹੜੀਆਂ ਬਹੁਤੀਆਂ ਲੰਬੀਆਂ ਨਾ ਹੋਣ, ਟਾਹਣੀਆਂ ਘੱਟ ਹੋਣ, ਚਾਰੇ ਪਾਸੇ ਇੱਕੋ ਜਿਹੀਆਂ ਹੋਣ ਅਤੇ ਪੌਦੇ ਨੂੰ ਫੁੱਲ ਜ਼ਿਆਦਾ ਲੱਗਣ। ਪ੍ਰਮਾਣਿਕ ਗੁਲਾਬਾਂ ਨੂੰ ਅਮਰੀਕਾ ਵਿੱਚ ਗੁਲਾਬਾਂ ਦੇ ਦਰੱਖਤ ਵੀ ਕਿਹਾ ਜਾਂਦਾ ਹੈ। ਜੀ.ਏ. ਸਟੀਵਨਸ ਨੇ ਆਪਣੀ ਕਿਤਾਬ ਵਿੱਚ ਭਾਰਤ ਵਿੱਚ ਮਿਲਣ ਵਾਲੀਆਂ ਗੁਲਾਬ ਦੀਆਂ ਬੇਲਾਂ ਦੀਆਂ ਅੱਠ ਸੌ ਤੋਂ ਵੱਧ ਕਿਸਮਾਂ ਦੱਸੀਆਂ ਹਨ। ਇਨ੍ਹਾਂ ਬੇਲਾਂ ਨੂੰ ਰੈਬਲਰ ਅਤੇ ਕਲਾਈਵਰ ਦੋ ਕਿਸਮਾਂ ਵਿੱਚ ਵੰਡਿਆ ਗਿਆ ਹੈ। ਰੈਬਲਰ ਵਰਗ ਵਿੱਚ ਫੁੱਲ ਗੁੱਛਿਆਂ ਵਿੱਚ ਲੱਗਦੇ ਹਨ। ਪੱਤੇ ਫਿੱਕੇ ਪੀਲੇ ਹਰੇ ਰੰਗ ਦੇ ਤੇ ਇੱਕ ਪੱਤੇ ਵਿੱਚ 7 ਤੋਂ 9 ਤੱਕ ਪੱਤੀਆਂ ਹੁੰਦੀਆਂ ਹਨ। ਅੱਜ ਤੱਕ ਲੋਕਾਂ ਵਿੱਚ ਗੁਲਾਬ ਦੀਆਂ 70 ਦੇ ਕਰੀਬ ਕਿਸਮਾਂ ਹੀ ਹਰਮਨ ਪਿਆਰੀਆਂ ਹੋਈਆਂ ਹਨ। ਇਨ੍ਹਾਂ ਗੁਲਾਬਾਂ ਨੂੰ ਬੈਕਟੀਰੀਆ, ਵਾਇਰਸ ਅਤੇ ਉੱਲੀਆਂ ਕਰ ਕੇ ਕਈ ਬਿਮਾਰੀਆਂ ਵੀ ਲੱਗ ਜਾਂਦੀਆਂ ਹਨ। ਬਿਮਾਰੀਆਂ 'ਤੇ ਕਾਬੂ ਪਾਉਣ ਲਈ ਡੀ.ਡੀ.ਟੀ. ਅਤੇ ਬੀ.ਈ.ਸੀ. ਦੇ ਛਿੜਕਾਅ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਕਿ ਹਰ ਪਾਸੇ ਗੁਲਾਬ ਵਰਗੀ ਟਹਿਕ ਅਤੇ ਮਹਿਕ ਦਾ ਪਸਾਰਾ ਰਹੇ। ਘਰਾਂ ਦਾ ਉੱਤਮ ਸ਼ਿੰਗਾਰ, ਅਤਰ ਦਾ ਮੁੱਖ ਸੋਮਾ, ਪ੍ਰੇਮੀਆਂ ਦੀ ਜਿੰਦ ਜਾਨ ਗੁਲਾਬ ਸਾਡੀਆਂ ਸਭ ਮਹਿਫ਼ਲਾਂ ਦਾ ਅਟੁੱਟ ਅੰਗ ਹੈ। ਇਸੇ ਕਰਕੇ ਗੁਲਾਬ ਦੇ ਫੁੱਲ ਨੂੰ ਹਰ ਮੌਕੇ ਮਹੱਤਵ ਮਿਲਦਾ ਹੈ। ਇਸ ਦੀ ਮਹਿਕ ਅਤੇ ਟਹਿਕ ਸਭ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ ਹੈ। ਆਓ, ਆਪਾਂ ਵੀ ਸਾਰੇ ਰਲ ਮਿਲ ਕੇ ਸਦਾ ਫੁੱਲਾਂ ਵਾਂਗ ਮਹਿਕੀਏ ਅਤੇ ਟਹਿਕੀਏ।






# ਮੱਥੇ ’ਤੇ ਚਮਕਣ ਵਾਲ ਮੇਰੇ ਬੰਨੜੇ ਦੇ

ਜਸਵਿੰਦਰ ਸਿੰਘ ਰੁਪਾਲ
9814715796



ਵਿਆਹ ਦੇ ਕਾਰਜ ਸਮੇਂ ਜਿਹੜਾ ਲੜਕਾ ਵਿਆਹ ਕਰਵਾਉਣ ਜਾ ਰਿਹਾ ਹੁੰਦਾ ਹੈ, ਉਹ ਸਾਰੇ ਸਮਾਗਮ ਦਾ ਕੇਂਦਰੀ ਪਾਤਰ ਹੁੰਦਾ ਹੈ ਅਤੇ ਇਸ ਲਈ ਹਾਰ ਸ਼ਿੰਗਾਰ ਅਤੇ ਸੋਹਣੀ ਦਿੱਖ ਸਭ ਤੋਂ ਵੱਧ ਉਸੇ ਦੀ ਹੀ ਲੋੜੀਂਦੀ ਹੁੰਦੀ ਹੈ। ਜਿੱਥੇ ਖ਼ੂਬਸੂਰਤ ਕੱਪੜੇ ਉਸ ਦੇ ਰੂਪ ਨੂੰ ਚਾਰ ਚੰਨ ਲਗਾਉਂਦੇ ਹਨ, ਉੱਥੇ ਸਿਹਰਾ ਵੀ ਇੱਕ ਵੱਖਰੀ ਪਹਿਚਾਣ ਅਤੇ ਮਹੱਤਵ ਰੱਖਦਾ ਹੈ। ਲਾੜੇ ਦੇ ਚਿਹਰੇ ਨੂੰ ਢਕਣ ਵਾਲੇ ਜ਼ਰੀਦਾਰ ਨਕਾਬ ਜਾਂ ਪਰਦੇ ਨੂੰ ਸਿਹਰਾ ਕਿਹਾ ਜਾਂਦਾ ਹੈ।

ਗੱਤੇ ਨੂੰ ਤਾਜ ਦੀ ਸ਼ਕਲ ਵਿੱਚ ਕੱਟ ਕੇ ਉਸ ’ਤੇ ਸਿੱਪੀਆਂ, ਸਿਤਾਰੇ ਮੋਤੀ ਆਦਿ ਲਗਾ ਕੇ ਸਿਹਰੇ ਦਾ ਉੱਪਰਲਾ ਹਿੱਸਾ ਤਿਆਰ ਕੀਤਾ ਜਾਂਦਾ ਹੈ, ਜੋ ਮੱਥੇ ਦੇ ਉੱਪਰ ਦੋਵੇਂ ਪਾਸੇ ਪੁੜਪੁੜੀਆਂ ਤੱਕ ਜਾਂਦਾ ਹੈ। ਇਸ ਦੇ ਦੋਵੇਂ ਪਾਸੇ ਡੋਰ ਬੰਨ੍ਹੀ ਜਾਂਦੀ ਹੈ ਜੋ ਸਿਰ ਦੇ ਪਿਛਲੇ ਪਾਸੇ ਬੰਨ੍ਹੀ ਜਾਂਦੀ ਹੈ ਤਾਂ ਕਿ ਸਿਹਰਾ ਸਿਰ ’ਤੇ ਟਿਕਿਆ ਰਹਿ ਸਕੇ। ਸਿਹਰੇ ਦੀਆਂ ਲੜੀਆਂ ਲਾੜੇ ਦੇ ਚਿਹਰੇ ਤੋਂ ਲਟਕਦੀਆਂ ਹੋਈਆਂ ਉਸ ਦਾ ਚਿਹਰਾ ਢਕ ਲੈਂਦੀਆਂ ਹਨ। ਪੁਰਾਣੇ ਸਮੇਂ ਲਾੜੇ ਦੀਆਂ ਭੈਣਾਂ ਆਪ ਹੱਥੀਂ ਸਿਹਰਾ ਤਿਆਰ ਕਰਦੀਆਂ ਸਨ। ਅੱਜਕੱਲ੍ਹ ਬਾਜ਼ਾਰ ਨੇ ਹਰ ਚੀਜ਼ ਬਣਾ ਕੇ ਪੇਸ਼ ਕਰ ਦਿੱਤੀ ਹੈ। ਭੈਣਾਂ ਨੇ ਆਪ ਹੀ ਸਿਹਰੇ ਨੂੰ ਲਾੜੇ ਦੇ ਸਿਰ ਬੰਨ੍ਹਣਾ ਹੁੰਦਾ ਹੈ। ਸਿਹਰੇ ਦੇ ਤਾਜ ਵਾਲੇ ਹਿੱਸੇ ਨੂੰ ਲਾੜੇ ਦੀ ਦਸਤਾਰ ਨਾਲ ਪਿੰਨ ਜਾਂ ਬਕਸੂਏ ਨਾਲ ਬੰਨ੍ ?ਆ ਜਾਂਦਾ ਹੈ। ਬੰਨ੍ਹਣਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਕਿਸੇ ਕਾਰਨ ਵੀ ਸਿਹਰੇ ਦਾ ਉਤਰ ਜਾਣਾ ਬਦਸ਼ਗਨੀ ਮੰਨਿਆ ਜਾਂਦਾ ਹੈ। ਇਸ ਨੂੰ ਆਮ ਤੌਰ ’ਤੇ ਲਾਵਾਂ ਤੋਂ ਬਾਅਦ ਲੜਕੀ ਦਾ ਬਾਪ ਉਤਾਰਦਾ ਹੈ। ਵਿਆਹ ਸਮੇਂ ਲਾੜੇ ਦੇ ਸਿਰ ’ਤੇ ਬੰਨ੍ ?ਆ ਸਿਹਰਾ, ਉਸ ਦੇ ਲੱਗੀ ਹੋਈ ਕਲਗੀ, ਹੱਥ ਫੜੀ ਕਿਰਪਾਨ ਉਸ ਨੂੰ ਬਾਕੀ ਬਰਾਤ ਨਾਲੋਂ ਵੱਖਰਾ ਕਰਦੇ ਹਨ ਅਤੇ ਇਹ ਉਸ ਦੀ ਉਸ ਦਿਨ ਦੀ ਪਹਿਚਾਣ ਦਾ ਕੰਮ ਕਰਦੇ ਹਨ।

ਹਰ ਖ਼ੂਬਸੂਰਤ ਚੀਜ਼ ਨੂੰ ਇਕਦਮ ਸਾਹਮਣੇ ਨਹੀਂ ਲਿਆਈਦਾ, ਇਹ ਲੋਕ-ਮਾਨਸਿਕਤਾ ਵਿੱਚ ਵੱਸਿਆ ਹੋਇਆ ਹੈ। ਕੁਝ ਤਾਂ ਇਸ ਲਈ ਵੀ ਸਿਹਰੇ ਦਾ ਮਹੱਤਵ ਹੈ, ਕੁਝ ਲਾੜੇ ਦੇ ਸੋਹਣੇ ਰੂਪ ਨੂੰ ਨਜ਼ਰ ਲੱਗਣ ਤੋਂ ਬਚਾਉਣਾ ਵੀ ਇੱਕ ਮਕਸਦ ਹੁੰਦਾ ਹੈ। ਜਦੋਂ ਲਾੜੀ ਘੁੰਢ ਵਿੱਚ ਹੋਵੇ ਤੇ ਉਸ ਨੂੰ ਦੇਖਣ ਦੀ ਉਤਸੁਕਤਾ ਵਧਦੀ ਹੈ, ਤਾਂ ਲਾੜਾ ਪਿੱਛੇ ਕਿਉਂ ਰਹੇ। ਸ਼ਾਇਦ ਇਹ ਘੁੰਢ ਦਾ ਹੀ ਪੂਰਕ ਹੈ। ਜਿਸ ਪਰਿਵਾਰ ਵਿੱਚ ਲੜਕਾ ਨਹੀਂ ਸੀ ਹੋਇਆ ਹੁੰਦਾ, ਉੱਥੇ ਪਰਿਵਾਰ ਦੀ ਲੜਕੀ ਅਰਦਾਸਾਂ ਕਰਦੀ ਹੈ ਕਿ ਰੱਬ ਉਸ ਨੂੰ ਇੱਕ ਵੀਰ ਦੇਵੇ ਤਾਂ ਕਿ ਉਸ ਦੇ ਵਿਆਹ ਸਮੇਂ ਉਸ ਲਈ ਸਿਹਰਾ ਗੁੰਦ ਕੇ ਲਿਆ ਸਕੇ;

**ਬੱਲੇ ਬੱਲੇ, ਬਈ ਇੱਕ ਵੀਰ ਦਈਂ ਵੇ ਰੱਬਾ**
**ਸਿਹਰਾ ਗੁੰਦ ਕੇ ਤੜਾਗੀ ਪਾਵਾਂ।**

ਕਦੇ ਕਦੇ ਸਿਹਰਾ ਗੁੰਦਣ ਦਾ ਇਹ ਕੰਮ ਮਾਲਣ ਕਰ ਦਿੰਦੀ ਸੀ। ਉਸ ਨੂੰ ਬਦਲੇ ਵਿੱਚ ਸ਼ਗਨ ਉਸ ਦੀ ਮਿਹਨਤ ਵਜੋਂ ਅਤੇ ਵਧਾਈ ਦੇਣ ਵਜੋਂ ਦੇ ਦਿੱਤਾ ਜਾਂਦਾ ਸੀ;

**ਵੇ ਲਾਹੌਰੋਂ ਮਾਲਣ ਆਈ ਵੀਰਾ**
**ਤੇਰਾ ਸਿਹਰਾ ਗੁੰਦ ਲਿਆਈ ਵੀਰਾ।**
**ਤੇਰੇ ਸਿਹਰੇ ਦਾ ਕੀ ਮੁੱਲ ਵੀਰਾ**
**ਇੱਕ ਲੱਖ ਤੇ ਦੇ ਡੇਢ ਹਜ਼ਾਰ ਬੀਬੀ।**

ਬਰਾਤ ਚੜ੍ਹਨ ਤੋਂ ਪਹਿਲਾਂ ਲਾੜੇ ਦੀ ਨ੍ਹਾਈ ਧੋਈ ਪਿੱਛੋਂ ਬਾਕਾਇਦਾ ਸਿਹਰਾ ਬੰਨ੍ਹਣ ਦੀ ਰਸਮ ਕੀਤੀ ਜਾਂਦੀ ਹੈ। ਇਸ ਸਮੇਂ ਭੈਣਾਂ ਵੱਲੋਂ ਅਤੇ ਹੋਰ ਸੁਆਣੀਆਂ ਵੱਲੋਂ ਸਿਹਰੇ ਨਾਲ ਸਬੰਧਿਤ ਗੀਤ ਗਾਏ ਜਾਂਦੇ ਹਨ। ਇਨ੍ਹਾਂ ਗੀਤਾਂ ਵਿੱਚ ਮੁੱਖ ਰੂਪ ਵਿੱਚ ਲਾੜੇ ਦੀ ਪ੍ਰਸੰਸਾ, ਉਸ ਦੇ ਸੋਹਣੇ ਸਰੂਪ ਦਾ ਜ਼ਿਕਰ, ਉਸ ਨੂੰ ਢੇਰ ਸਾਰੀਆਂ ਅਸੀਸਾਂ, ਖ਼ੁਸ਼ੀਆਂ ਦਾ ਪ੍ਰਗਟਾਵਾ, ਸਿਹਰੇ ਦੀ ਪ੍ਰਸੰਸਾ ਹੁੰਦੀ ਹੈ। ਸਿਹਰਾ ਬੰਨ੍ਹ ਕੇ ਲਾੜਾ ਇੱਕ ਰਾਜੇ ਵਾਂਗ ਹੀ ਲੱਗਦਾ ਹੈ। ਇਸ ਇੱਕ ਦਿਨ ਦੇ ਰਾਜੇ ਦੀ ਵਡਿਆਈ ਅਤੇ ਉਸ ਦੇ ਸਿਹਰੇ ਦੀ ਤਾਜਪੋਸ਼ੀ ਆਦਿ ਸਭ ਗੀਤਾਂ ਰਾਹੀਂ ਪ੍ਰਗਟ ਹੁੰਦੀ ਹੈ। ਭੈਣਾਂ ਦੀ ਖ਼ੁਸ਼ੀ ਅਤੇ ਚਾਅ ਡੁੱਲ੍ਹ ਡੁੱਲ੍ਹ ਪੈਂਦੇ ਹਨ। ਵੱਖ ਵੱਖ ਰਿਸ਼ਤਿਆਂ ਦਾ ਨਾਂ ਲੈ ਲੈ ਕੇ ਉਸ ਦੇ ਸ਼ਗਨ ਮਨਾਉਣੇ ਅਤੇ ਚਾਅ ਪ੍ਰਗਟਾਉਣਾ ਇਨ੍ਹਾਂ ਗੀਤਾਂ ਰਾਹੀਂ ਹੁੰਦਾ ਹੈ। ਸਿਹਰੇ ਨੂੰ ਗੁੰਦਣ ਤੋਂ ਲੈ ਕੇ ਬੰਨ੍ਹਣ ਤੱਕ ਦੀ ਕਿਰਿਆ ਗੀਤਾਂ ਵਿੱਚ ਬਿਆਨ ਕੀਤੀ ਜਾਂਦੀ ਹੈ। ਸਿਹਰੇ ਵਿੱਚ ਲੱਗੇ ਫੁੱਲ ਅਤੇ ਕਲੀਆਂ ਦਾ ਜ਼ਿਕਰ ਹੁੰਦਾ ਹੈ। ਲਾੜੇ ਵੀਰ ਨੂੰ ਰਾਮਚੰਦਰ ਵਰਗੇ ਰਾਜੇ ਨਾਲ ਤੁਲਨਾ ਦਿੱਤੀ ਜਾਂਦੀ ਹੈ। ਇਸ ਸਿਹਰੇ ਦੀ ਕੀਮਤ ਲੱਖਾਂ ਕਰੋੜਾਂ ਵਿੱਚ ਹੈ ਕਿਉਂਕਿ ਇਸ ਪਿੱਛੇ ਭਾਵਨਾਵਾਂ ਬਹੁਤ ਡੂੰਘੀਆਂ ਜੁੜੀਆਂ ਹੋਈਆਂ ਹਨ;

**ਬਾਬੇ ਬਾਗ਼ ਲੁਆਇਆ**
**ਮਾਲਣ ਚੁਗ ਲਿਆ ਰੇ ਕਲੀਆਂ।**
**ਤੂੰ ਗੁੰਦ ਤੂੰ ਗੁੰਦ ਮਾਲਣੇ**
**ਮੇਰੇ ਰਾਮ ਚੰਦਰ ਜੀ ਦਾ ਸਿਹਰਾ।**
**ਨੀਂ 50-60 ਲੜੀਆਂ**

ਹੁਣ ਬਾਬੇ ਦੀ ਥਾਂ ਨਾਨੇ, ਮਾਮੇ ਆਦਿ ਸ਼ਬਦ ਲਗਾ ਕੇ ਓਹੀ ਗੀਤ ਗਾਇਆ ਜਾਂਦਾ ਹੈ। ਲੋਕ ਗੀਤਾਂ ਦੀ ਇਹ ਖ਼ਾਸੀਅਤ ਹੁੰਦੀ ਹੈ ਕਿ ਉਸ ਵਿੱਚ ਦੁਹਰਾਅ ਇਸ ਤਰ੍ਹਾਂ ਹੁੰਦਾ ਹੈ ਕਿ ਮਹਿਸੂਸ ਨਹੀਂ ਹੁੰਦਾ। ਹੇਠਾਂ ਇੱਕ ਅਜਿਹਾ ਹੀ ਗੀਤ ਹੈ ਜਿਸ ਵਿੱਚ ਥੋੜ੍ਹੇ ਜਿਹੇ ਬਦਲਾਅ ਨਾਲ ਨਵੀਆਂ ਰਿਸ਼ਤੇਦਾਰੀਆਂ ਅਤੇ ਉਨ੍ਹਾਂ ਦੇ ਕੰਮਾਂ ਦਾ ਜ਼ਿਕਰ ਕਰ ਕੇ ਗੀਤ ਨੂੰ ਵੀ ਲੰਮਾ ਕੀਤਾ ਹੈ ਅਤੇ ਸਬੰਧੀ ਵੀ ਵਡਿਆਏ ਹਨ;

**ਚੁਗ ਲਿਆਇਓ ਚੰਬਾ ਤੇ ਗੁਲਾਬ ਜੀ**
**ਚੁਗ ਲਿਆਇਓ। ਜੀ ਚੁਗ ਲਿਆਇਓ।**
**ਜੀ ਗੁੰਦ ਲਿਆਇਓ ਸਿਰਾਂ ਦੇ ਜੀ ਸਿਹਰੇ**
**ਇਹਦੀ ਨਾਰ ਚੰਬੇ ਦੀ ਜੀ ਤਾਰ**
**ਜੀ ਗੁੰਦ ਲਿਆਇਓ।**
**ਵੀਰਾ ਕੀ ਕੁਝ ਪੜ੍ਹਦੀਆਂ ਸਾਲੀਆਂ**
**ਵੀਰਾ, ਕੀ ਕੁਝ ਪੜ੍ਹੇ ਤੇਰੀ ਨਾਰ**
**ਜੀ ਚੁਗ ਲਿਆਇਓ।**

ਸਿਹਰਾ ਬੰਨ੍ਹਣਾ ਕੁਝ ਤਕਨੀਕੀ ਮੁਹਾਰਤ ਵੀ ਮੰਗਦਾ ਹੈ। ਖ਼ ?ਆਲ ਰੱਖਣਾ ਹੁੰਦਾ ਹੈ ਕਿ ਹਰ ਪਾਸਿਓਂ ਠੀਕ ਆਵੇ ਅਤੇ ਬੰਨ੍ਹਣ ਸਮੇਂ ਪੱਗ ਵੀ ਕਿਸੇ ਤਰ੍ਹਾਂ ਢਿੱਲੀ ਨਾ ਹੋ ਜਾਵੇ। ਸਿਹਰਾ ਬੰਨ੍ਹਦੇ ਹੋਏ ਭੈਣਾਂ ਦੀ ਬਾਕੀਆਂ ਵੱਲ ਪਿੱਠ ਹੋ ਜਾਣੀ ਸੁਭਾਵਿਕ ਸੀ। ਅੱਜਕੱਲ੍ਹ ਮੂਵੀ ਵਾਲੇ ਦਾ ਵੀ ਖ਼ਿਆਲ ਰੱਖਣਾ ਪੈਂਦਾ ਹੈ ਅਤੇ ਆਪਣੇ ਮੁਸਕਰਾਉਂਦੇ ਹੋਏ ਚਿਹਰੇ ਵੀ ਦਿਖਾਉਣੇ ਹੁੰਦੇ ਹਨ। ਸਿਹਰਾ ਬਨ੍ਹਾਉਂਦੇ ਸਮੇਂ ਲਾੜੇ ਨੂੰ ਵੀ ਕਾਫ਼ੀ ਧੀਰਜ ਰੱਖਣਾ ਪੈਂਦਾ ਹੈ। ਬਾਕੀ ਰਿਸ਼ਤੇਦਾਰ ਸਿਹਰੇ ਵਿੱਚ ਸਜੇ ਲਾੜੇ ਨੂੰ ਦੇਖਣ ਲਈ ਉਡੀਕ ਰਹੇ ਹੁੰਦੇ ਹਨ;

**ਸਿਹਰਾ ਪਹਿਨਦੇ ਬੰਨੇ ਨੂੰ ਗਰਮੀ ਆਈ।**
**ਏਨੀ ਗਰਮੀ ਆਈ ਪੱਖਾ ਝੱਲੇ ਨਾਈ।**
**ਪਾਸ ਖਲੋਤੇ ਭਾਈ ਵਾਰਨੇ ਕਰਦੀ ਤਾਈ।**
**ਇਹਦਿਆਂ ਹਾਰਾਂ ਨੂੰ ਹਾਰ ਸ਼ਿੰਗਾਰਾਂ ਨੂੰ**
**ਵੀਰਾ ਵੇ ਤੇਰੇ ਦੇਖਣੇ ਨੂੰ ਲੱਖਾਂ ਖੜ੍ਹੇ।**
**ਲੱਖਾਂ ਖੜ੍ਹੇ ਵੇ ਕਰੋੜਾਂ ਖੜ੍ਹੇ।**

ਜਿਵੇਂ ਇੱਕ ਕਲਾਕਾਰ ਆਪਣੀ ਕਲਾਕ੍ਰਿਤ ਬਣਾ ਕੇ ਦੂਰ ਖੜ੍ਹ ਕੇ ਦੇਖਦਾ ਹੈ ਅਤੇ ਸੋਹਣੀ ਬਣੀ ਹੋਣ ’ਤੇ ਇੱਕ ਸੰਤੁਸ਼ਟੀ ਅਤੇ ਪ੍ਰਸੰਨਤਾ ਮਹਿਸੂਸ ਕਰਦਾ ਹੈ। ਕੁਝ ਇਸੇ ਤਰ੍ਹਾਂ ਦਾ ਭਾਵ ਭੈਣਾਂ ਦੇ ਮਨ ਵਿੱਚ ਹੁੰਦਾ ਹੈ ਜਦੋਂ ਉਹ ਸਿਹਰਾ ਬੰਨ੍ਹ ਕੇ ਆਪਣੇ ਵੀਰ ਨੂੰ ਇਸ ਦਿੱਖ ਵਿੱਚ ਦੇਖਦੀਆਂ ਹਨ। ਉਹ ਇਸ ਮੁੱਖੜੇ ਦੀ ਅਤੇ ਸਿਹਰੇ ਦੀ ਪ੍ਰਸੰਸਾ ਕਰਨੋਂ ਨਹੀਂ ਰਹਿ ਸਕਦੀਆਂ। ਹੁਣ ਮੂੰਹ ਵਿੱਚ ਸ਼ਗਨ ਵੀ ਪਾਉਣਾ ਹੁੰਦਾ ਹੈ, ਤਾਂ ਲੜੀਆਂ ਨੂੰ ਪਾਸੇ ਕਰਨਾ ਪੈਂਦਾ ਹੈ;

**ਮੱਥੇ ’ਤੇ ਚਮਕਣ ਵਾਲ**
**ਮੇਰੇ ਬੰਨੜੇ ਦੇ।**
**ਚੁੱਕ ਲੈ ਵੇ ਵੀਰਾ ਸਿਹਰੇ**
**ਦੀਆਂ ਲੜੀਆਂ**
**ਚੰਨ ਜਿਹਾ ਮੁੱਖੜਾ**
**ਦਿਖਾ।**
**ਦਾਦੀ ਤੇਰੀ ਸ਼ਗਨ**
**ਮਨਾਵੇ**
**ਦਾਦੇ ਦੇ ਮਨ ਚਾਅ।**

ਇਸ ਗੀਤ ਵਿੱਚ ਵੀ ਦਾਦੀ-ਦਾਦੇ ਦੀ ਥਾਂ ਤੇ ਨਾਨੀ-ਨਾਨਾ, ਮਾਮੀ-ਮਾਮਾ, ਚਾਚੀ-ਚਾਚਾ ਆਦਿ ਵੱਖ ਵੱਖ ਰਿਸ਼ਤਿਆਂ ਦੇ ਨਾਮ ਲਗਾ ਕੇ ਓਹੀ ਗੀਤ ਗਾਇਆ ਜਾਂਦਾ ਹੈ ਅਤੇ ਇਹ ਸਬੰਧੀ ਆਪੋ ਆਪਣੀ ਵਾਰੀ ’ਤੇ ਸ਼ਗਨ ਕਰਦੇ ਰਹਿੰਦੇ ਹਨ ਅਤੇ ਗੀਤਾਂ ਦੀ ਧੁਨ ਗੂੰਜਦੀ ਰਹਿੰਦੀ ਹੈ। ਜਦੋਂ ਸਿਹਰਾ ਲੱਦਿਆ ਲਾੜਾ ਬਰਾਤ ਲੈ ਕੇ ਸਹੁਰੇ ਘਰ ਪੁੱਜਦਾ ਹੈ ਤਾਂ ਉੱਥੇ ਉਸ ਦੀ ਉਡੀਕ ਕਰਦੀਆਂ ਉਸ ਦੀਆਂ ਸਾਲੀਆਂ ਅਤੇ ਹੋਰ ਰਿਸ਼ਤੇਦਾਰ ਲਾੜੇ ਦਾ ਮੁੱਖ ਦੇਖਣ ਲਈ ਉਤਾਵਲੇ ਹੁੰਦੇ ਹਨ। ਉਨ੍ਹਾਂ ਵਿੱਚੋਂ ਬਹੁਤਿਆਂ ਨੇ ਤਾਂ ਲਾੜੇ ਨੂੰ ਪਹਿਲੀ ਵਾਰ ਹੀ ਦੇਖਣਾ ਹੁੰਦਾ ਸੀ। ਇਸ ਲਈ ਉਸ ਵੇਲੇ ਦੇ ਗੀਤਾਂ ਵਿੱਚ ਲਾੜੇ ਨੂੰ ਮੁੱਖ ਤੋਂ ਸਿਹਰੇ ਨੂੰ ਪਾਸੇ ਕਰਨ ਅਤੇ ਮੁੱਖੜਾ ਦਿਖਾਉਣ ਲਈ ਵੀ ਕਿਹਾ ਜਾਂਦਾ ਸੀ। ਸਾਲੀਆਂ ਦੀ ਉਤਸੁਕਤਾ ਬਾਕੀਆਂ ਨਾਲੋਂ ਵੱਧ ਹੁੰਦੀ ਹੈ ਕਿਉਂਕਿ ਉਨ੍ਹਾਂ ਨੇ ਮਜ਼ਾਕ ਵੀ ਕਰਨੇ ਹੁੰਦੇ ਨੇ। ਕੁਝ ਨੇ ਆਪਣੇ ਆਪਣੇ ਸੁਪਨਿਆਂ ਦੇ ਰਾਜਕੁਮਾਰ ਦੇ ਚਿਹਰੇ ਦੀ ਤੁਲਨਾ ਵੀ ਇਸ ਚਿਹਰੇ ਨਾਲ ਕਰਨੀ ਹੁੰਦੀ ਸੀ;

**ਸਿਹਰਾ ਤਾਂ ਬੰਨ੍ਹ ਕੇ ਆਇਆ ਜੀ ਸੱਜਣਾ**
**ਵੇ ਮੁੱਖੜਾ ਦਿਖਾ ਕੇ ਜਾ।**
**ਵੇ ਲਾੜਿਆ! ਮੁੱਖ ਨਾ ਇੰਝ ਵੇ ਛੁਪਾ।**

ਸਿੱਖ ਧਰਮ ਵਿੱਚ ਸਿਹਰਾ ਬੰਨ੍ਹਣ ਅਤੇ ਕਲਗੀ ਲਗਾਉਣ ਦੀ ਮਨਾਹੀ ਹੈ। ਸਿੱਖ ਰਹਿਤ ਮਰਿਆਦਾ ਵਿੱਚ ਵੀ ਇਨ੍ਹਾਂ ਦੋਹਾਂ ਤੋਂ ਸਪੱਸ਼ਟ ਤੌਰ ’ਤੇ ਮਨ੍ਹਾ ਕੀਤਾ ਗਿਆ ਹੈ। ਬਹੁਤ ਸਾਰੇ ਗੁਰਦੁਆਰਿਆਂ ਵਿੱਚ ਦਰਬਾਰ ਸਾਹਿਬ ਵਿੱਚ ਦਾਖਲ ਹੋਣ ਤੋਂ ਪਹਿਲਾਂ ਹੀ ਸਿਹਰਾ ਅਤੇ ਕਲਗੀ ਉਤਾਰਨ ਲਈ ਕਹਿ ਦਿੱਤਾ ਜਾਂਦਾ ਹੈ। ਕਈ ਥਾਂ ਲਾਵਾਂ ਦੇ ਪਾਠ ਆਰੰਭ ਕਰਨ ਤੋਂ ਪਹਿਲਾਂ ਇਹ ਉਤਾਰ ਦਿੱਤੇ ਜਾਂਦੇ ਹਨ, ਪਰ ਆਮ ਇਹ ਦੇਖਿਆ ਹੈ ਕਿ ਰਸਮਾਂ ਰੀਤਾਂ ਦੀ ਪਕੜ ਧਾਰਮਿਕ ਸਿਧਾਂਤਾਂ ਤੋਂ ਵਧੇਰੇ ਹੁੰਦੀ ਹੈ। ਮੂਵੀ ਦੇ ਇਸ ਯੁੱਗ ਵਿੱਚ ਤਾਂ ਆਪਾ ਦਿਖਾਉਣ ਅਤੇ ਗਤੀਵਿਧੀਆਂ ਨੂੰ ਫਿਲਮਾਉਣਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ। ਇਸ ਲਈ ਕੁਝ ਰੋਕਾਂ ਹੋਣ ਦੇ ਬਾਵਜੂਦ ਇਹ ਰਸਮ ਅਜੇ ਤੱਕ ਕਾਇਮ ਹੈ। ਪਹਿਲਾਂ ਸਿਹਰਾ ਪੜ੍ਹਿਆ ਵੀ ਜਾਂਦਾ ਸੀ, ਜਿਹੜਾ ਸਿਹਰਾ ਬੰਨ੍ਹਣ ਸਮੇਂ ਹੀ ਇੱਕ ਕਵਿਤਾ ਦੇ ਰੂਪ ਵਿੱਚ ਹੁੰਦਾ ਸੀ ਜਿਸ ਵਿੱਚ ਵਿਆਹ ਦੀ ਖ਼ੁਸ਼ੀ, ਗ੍ਰਹਿਸਥੀ ਦੀਆਂ ਜ਼ਿੰਮੇਵਾਰੀਆਂ ਅਤੇ ਵੱਖ ਵੱਖ ਸਬੰਧੀਆਂ ਦੇ ਚਾਅ ਕਾਵਿ ਰੂਪ ਵਿੱਚ ਪ੍ਰਗਟਾਏ ਜਾਂਦੇ ਸਨ। ਅਜੋਕੇ ਸਮੇਂ ਇਹ ਲਗਭਗ ਪੂਰਨ ਤੌਰ ’ਤੇ ਹੀ ਖ਼ਤਮ ਹੋ ਚੁੱਕਿਆ ਹੈ।



R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

## ਉੱਜੜਿਆ ਸ਼ਹਿਰ ਹਾਂ ਮੈਂ ....




ਇੱਕ ਉੱਜੜਿਆ ਹੋਇਆ ਸ਼ਹਿਰ ਹਾਂ ਮੈਂ
ਦੂਸਰਿਆਂ ਨੂੰ ਰੁਸ਼ਨਾ ਕੇ
ਆਪਣੇ ਲਈ ਬਣਿਆ ਮੋਨ ਕਹਿਰ ਹਾਂ ਮੈਂ।
ਕਿਸੇ ਨੂੰ ਕੀ ਪਤਾ
ਕੀ - ਕੁਝ ਗੁਆਇਆ ਮੈਂ ?
ਦੂਸਰਿਆਂ ਨੂੰ ਵਸਾਉਣ ਲਈ
ਆਪਣੇ-ਆਪ ਨੂੰ ਕਿੰਨਾ ਰੁਆਇਆ ਮੈਂ ?
ਮੇਰੇ ਉਜੜਨ 'ਤੇ
ਕਈਆਂ ਦੇ ਚਿਹਰੇ 'ਤੇ ਰੌਣਕ ਆਈ,
ਪਰ ਮੈਂ ਤੇ ਮੇਰੇ ਉੱਜੜ ਗਏ
ਸਾਡੀ ਬਚੀ ਨਹੀਂ ਪਰਛਾਈ,
ਸਾਡੀ ਬਚੀ ਨਹੀਂ ਪਰਛਾਈ।
ਮੇਰੀ ਧਰਤ, ਮੇਰੇ ਖੇਤ
ਮੇਰੇ ਮੰਜਰ, ਮੇਰੀ ਰੇਤ,
ਸਭ ਸਮਾਅ ਗਏ
ਪਰ ਦੂਜਿਆਂ ਨੂੰ ਹਸਾ ਗਏ।
ਹੱਸਦੇ-ਵਸਦੇ ਵਿਹੜੇ ਤੇ
ਮੇਰੇ ਸਕੂਲ-ਕਾਲਜ, ਬਾਵੜੀਆਂ,
ਰਾਜ ਮਹਿਲ ਤੇ ਮੰਦਿਰ,
ਬੱਸ! ਸਭ ਸਮਾਅ ਗਏ
ਹਾਂ! ਸਮਾਅ ਗਏ ਪਾਣੀ ਅੰਦਰ।
ਮੇਰੀ ਸੰਸਕ੍ਰਿਤੀ, ਮੇਰੇ ਬਾਗ ਕਿੱਧਰ ਗਏ ?
ਇਹੀ ਵਿਲਾਪਦਾ ਮੈਂ ਰਾਗ।
ਇੱਕ ਨਵੇਂ ਆਗਾਜ਼ ਦੀ ਹੋਈ ਸ਼ੁਰੂਆਤ
ਜੋ ਦੂਰ ਕਰ ਗਈ,
ਆਪਣਿਆਂ ਤੋਂ ਆਪਣਿਆਂ ਦੀ ਹੀ ਮੁਲਾਕਾਤ।
ਦੂਸਰਿਆਂ ਨੂੰ ਰੁਸ਼ਨਾ ਕੇ
ਆਪਣਾ ਸਭ ਕੁਝ ਗੁਆ ਕੇ,
ਵਸਿਆ ਹੈ ਹਿਮਾਚਲ ਪ੍ਰਦੇਸ਼ ਦਾ ਸ਼ਹਿਰ ਬਿਲਾਸਪੁਰ
ਆਪਣੇ ਗਮਾਂ ਨੂੰ ਅੱਜ ਭੁਲਾ ਕੇ,
ਆਪਣੇ ਗਮਾਂ ਨੂੰ ਅੱਜ ਭੁਲਾ ਕੇ।
'ਚੱਲ ਮੇਰੀ ਜਿੰਦੜੀਏ
ਇੱਕ ਨਵੀ ਦੁਨੀਆ ਵਸਾਣੀ,
ਡੁੱਬੋ ਗਿਆ ਘਰ-ਵਾਰ
ਆ ਗਿਆ ਪਾਣੀ
ਆ ਗਿਆ ਪਾਣੀ।'
ਬੱਸ! ਇਹੀ ਹੈ
ਇਹੀ ਹੈ
ਇਹੀ ਹੈ! ਹਿਮਾਚਲ ਪ੍ਰਦੇਸ਼ ਦੇ ਸ਼ਹਿਰ
ਬਿਲਾਸਪੁਰ ਦੀ ਕਹਾਣੀ,
ਸ਼ਹਿਰ ਬਿਲਾਸਪੁਰ ਦੀ ਕਹਾਣੀ
ਦੁੱਖਾਂ ਭਰੀ ਕਹਾਣੀ
ਜੋ ਹੈ ਬਹੁਤ ਪੁਰਾਣੀ,
ਸੁਣ ਕੇ 'ਧਰਮਾਣੀ' ਮੇਰੀਆਂ ਅੱਖਾਂ ਵਿੱਚ
ਆ ਗਿਆ ਪਾਣੀ
ਸੱਚੀਂ! ਆ ਗਿਆ ਪਾਣੀ ,
'ਧਰਮਾਣੀ' ਅੱਖਾਂ 'ਚ ਆ ਗਿਆ ਪਾਣੀ।



ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ
9478561356

## ਗੀਤ

ਮੈਥੋਂ ਹੱਸਿਆ ਨਈਂ ਜਾਂਦਾ, ਮੈਥੋਂ ਰੋਇਆ ਵੀ ਨਈਂ ਜਾਂਦਾ।
ਦੁੱਖ ਦੱਸਿਆ ਨਈਂ ਜਾਂਦਾ, ਤੇ ਲਕੋਇਆ ਵੀ ਨਈਂ ਜਾਂਦਾ।

ਮੇਰੀ ਜਾਨ ਨੇ ਸਹੇੜੇ, ਦੁੱਖ ਦੱਸਾਂ ਕੇਹੜਾ ਕੇਹੜੇ
ਖਾ ਲਏ ਗਮਾਂ ਨੇ ਦਿਲਾਂ ਦੇ, ਸਾਰੇ ਖੁਸ਼ੀਆਂ ਤੇ ਖੇੜ।
ਦਾਸ ਦਿਲ 'ਚੋਂ ਮੁੱਹਬਤਾਂ ਦਾ, ਧੋਇਆ ਵੀ ਨਈਂ ਜਾਂਦਾ।
ਦੁੱਖ ਦੱਸਿਆ ਨਈਂ ਜਾਂਦਾ ਤੇ ਲਕੋਇਆ ਵੀ ਨਈਂ ਜਾਂਦਾ।

ਇਹ ਦੁਨੀਆ ਬੇਦਰਦ, ਚਲਾਏ ਵਿਚੋਂ ਵਿਚੀਂ ਕਰਦ।
ਕੋਈ ਤਰਸ ਨਾ ਖਾਏ, ਖ਼ੂਨ ਹੋ ਗਿਆ ਏ ਸਰਦ।
ਹਰ ਕੋਈ ਮੌਜ਼ੂ ਉਡਾਂਦਾ ਅਤੇ ਬੜਾ ਤੜਪਾਂਦਾ।
ਦੁੱਖ ਦੱਸਿਆ ਨਈਂ ਜਾਂਦਾ, ਤੇ ਲਕੋਇਆ ਵੀ ਨਈਂ ਜਾਂਦਾ।

ਦੁੱਖ ਦੇਂਦੀਆਂ ਬਲਾਵਾਂ, ਦੱਸੋ ਕਿੰਦਾਂ ਮੈਂ ਹਟਾਵਾਂ।
ਬਾਰ ਬਾਰ ਆ ਕੇ ਮੈਨੂੰ, ਹਨ ਦੇਂਦੀਆਂ ਸਜ਼ਾਵਾਂ।
ਬੂਹਾ ਖੋਲ੍ਹਿਆ ਨਈਂ ਜਾਂਦਾ, ਦਿਲ ਦਾ ਢੋਇਆ ਵੀ ਨਈਂ ਜਾਂਦਾ।
ਦੁੱਖ ਦੱਸਿਆ ਨਈਂ ਜਾਂਦਾ, ਤੇ ਲਕੋਇਆ ਵੀ ਨਈਂ ਜਾਂਦਾ।

ਆਪਣੇ ਬਣ ਗਏ ਸ਼ਰੀਕ, ਅਤੇ ਹੋ ਗਏ ਨੇ ਰਫ਼ੀਕ
ਸਾਥ ਕੋਈ ਨਹੀਂ ਦੇਂਦਾ, ਨਾ ਹੀ ਔਂਦੇ ਨਜ਼ਦੀਕ।
ਹਾਲ ਕਿਸ ਨੂੰ ਸੁਣਾਵਾਂ, ਕੋਈ ਸੁਣਨਾ ਨਈਂ ਚਾਹਦਾ।
ਦੁੱਖ ਦੱਸਿਆ ਨਈਂ ਜਾਂਦਾ, ਤੇ ਲਕੋਇਆ ਵੀ ਨਈਂ ਜਾਂਦਾ।

ਤੂੰ ਜਾ ਬੈਠਾ ਪਰਦੇਸ, ਨਾ ਕੋਈ ਔਣ ਦਾ ਅੰਦੇਸ਼
ਸੁੰਨਾ ਘਰ ਨਾਹੀ ਭਾਏ ਨਾ ਕੋਈ ਆਏ ਸੰਦੇਸ਼
ਤੇਰੇ ਬਿਨਾ ਸੁੰਨਾ ਘਰ, ਮੈਨੂੰ ਵੱਢ-ਵੱਢ ਖਾਂਦਾ।
ਦੁੱਖ ਦੱਸਿਆ ਨਈਂ ਜਾਂਦਾ, ਤੇ ਲਕੋਇਆ ਵੀ ਨਈਂ ਜਾਂਦਾ।

'ਹਜ਼ੂਰ' ਘਰ ਵਿਚ ਬੈਠੀ, ਮਾਰਾਂ ਕੰਧਾਂ ਉਤੇ ਲੀਕਾਂ,
ਤੇਰੇ ਆਉਣ ਦੇ ਸੁਨੇਹੇ, ਦੀ ਆ ਕਰਦੀ ਉਡੀਕਾਂ।
ਤੈਨੂੰ ਮਿਲਣੇ ਦੀ ਚਾਹ 'ਚ, ਹੁਣ ਖਲੋਇਆ ਵੀ ਨਈਂ ਜਾਂਦਾ
ਦੁੱਖ ਦੱਸਿਆ ਨਈਂ ਜਾਂਦਾ, ਤੇ ਲਕੋਇਆ ਵੀ ਨਈਂ ਜਾਂਦਾ।



ਰਿਟਾਇਰਡ ਪ੍ਰਿੰ. ਹਜ਼ੂਰਾ ਸਿੰਘ ਹਜ਼ੂਰ
ਫੋਨ : 925-660-5777

## ਗੁਰਦੁਆਰਾ ਲਿਖਣਸਰ ਸਾਹਿਬ, ਦਮਦਮਾ ਸਾਹਿਬ

ਚੌਥਾ ਤਖ਼ਤ ਹੈ ਸਿੱਖ ਧਰਮ ਦਾ,
ਦਮਦਮਾ ਸਾਹਿਬ ਕਹਿੰਦੇ।
ਸਭ ਧਰਮਾਂ-ਵਰਣਾਂ ਦੇ ਲੋਕੀਂ,
ਮਿਲਜੁਲ ਏਥੇ ਰਹਿੰਦੇ।
ਜੋੜਮੇਲਾ ਵਿਸਾਖੀ ਦਾ
ਇਸ ਥਾਂ ਲੱਗਦਾ ਹੈ ਭਾਰੀ,
ਰੱਬ ਦੀ ਕਿਰਪਾ ਹੋਵੇ ਉਨ੍ਹਾਂ ਤੇ,
ਜੋ ਸਿਮਰਨ ਵਿੱਚ ਬਹਿੰਦੇ।

ਦਸਮ ਪਿਤਾ ਨੇ ਗੁਰੂ ਗ੍ਰੰਥ ਦੀ,
ਬੀੜ ਤਿਆਰ ਕਰਾਈ।
ਮੁੱਢ ਤੋਂ ਅੰਤ ਤੱਕ ਉਨ੍ਹਾਂ ਨੇ,
ਕਥਾ ਸੀ ਆਪ ਸੁਣਾਈ।
ਲਿਖਣਸਰ ਦੇ ਜਲ ਵਿੱਚ
ਸਿਆਹੀ-ਕਲਮਾਂ ਰੋੜ੍ਹ ਵਹਾਈਆਂ,
ਸ਼ਰਧਾ ਤੇ ਵਿਸ਼ਵਾਸ ਕਰੇ ਜੋ,
ਉਹਨੂੰ ਮਿਲੇ ਵਡਾਈ।

ਹਰ ਆਯੂ ਦੇ ਲੋਕੀਂ ਏਥੇ,
ਆ ਕੇ ਪੈਂਤੀ ਲਿਖਦੇ।
ਬੱਚੇ-ਬੁੱਢੇ ਤੇ ਨਰ-ਨਾਰੀ,
ਸਾਰੇ ਗੁਰਮੁਖੀ ਸਿਖਦੇ।
ਕੁਝ ਰੇਤੇ ਤੇ ਕਈ ਸਲੇਟ ਤੇ
ਕਰਦੇ ਸੁੰਦਰ ਲਿਖਾਈ,
ਵੱਡੇ ਛੋਟੇ ਦਾ ਫ਼ਰਕ ਨਾ ਕੋਈ,
ਰੱਬ ਦਾ ਰੂਪ ਨੇ ਦਿਖਦੇ।



- ਪ੍ਰੋ. ਨਵ ਸੰਗੀਤ ਸਿੰਘ
9417692015

## ਡਰਾਉਣਾ ਚੁਫੇਰਾ !

ਐਕਸੀਡੈਂਟਾਂ ਦੀਆਂ ਖ਼ਬਰਾਂ ਨੇ ਰੋਜ ਦੇਖੋ
ਚੜ੍ਹਨੋਂ ਸੜਕ 'ਤੇ ਖ਼ਲਕਤ ਡਰਾਇ ਦਿੱਤੀ।
ਫੈਲ ਗਈ ਖੁਦਕੁਸ਼ੀਆਂ ਦੀ 'ਵਬਾ' ਮਾੜੀ
ਸਬਰ ਸ਼ੁਕਰ ਦੀ ਫਿਤਰਤ ਭੁਲਾਇ ਦਿੱਤੀ।
'ਗੈਂਗਵਾਦ' ਤੇ ਨਸ਼ਿਆਂ ਦੀ 'ਮਹਾਂਮਾਰੀ'
ਨਵੀਂ ਪੀੜ੍ਹੀ ਹੀ ਬਹੁਤ ਭਟਕਾਇ ਦਿੱਤੀ।
ਕਤਲੋਗਾਰਤ ਵੀ ਆਏ ਦਿਨ ਵਧੀ ਜਾਵੇ
ਆਮ ਲੋਕਾਂ 'ਚ ਦਹਿਸ਼ਤ ਵਧਾਇ ਦਿੱਤੀ।
ਓਧਰ 'ਡਰੋਨ ਮਿਜ਼ਾਈਲਾਂ' ਨੇ ਅੱਤ ਚੁੱਕੀ
ਸਾਰੀ ਦੁਨੀਆਂ ਨੂੰ ਝੁਣਝੁਣੀ ਲਾਇ ਦਿੱਤੀ।
ਜਿਹੜਾ ਅਹਿਮਦਾਬਾਦ ਜਹਾਜ ਡਿਗਿਆ
ਉਸ ਤਕਨਾਲੋਜੀ ਸੋਚਾਂ ਵਿਚ ਪਾਇ ਦਿੱਤੀ!



-ਤਰਲੋਚਨ ਸਿੰਘ ਦੁਪਾਲਪੁਰ
78146-92724

## ਰੁੱਖ ਲਗਾਓ, ਰੁੱਖ ਬਚਾਓ

ਰੁੱਖ ਲਗਾਓ, ਰੁੱਖ ਬਚਾਓ ਦੋਸਤੋ,
ਧਰਤੀ ਦੀ ਤਪਸ਼ ਘਟਾਓ ਦੋਸਤੋ।
ਰੁੱਖ ਠੰਢੀਆਂ ਛਾਵਾਂ ਨੇ ਦਿੰਦੇ,
ਪੰਛੀਆਂ ਦਾ ਇਹ ਘਰ ਨੇ ਹੁੰਦੇ।
ਆਪ ਕਾਰਬਨ ਡਾਈਆਕਸਾਈਡ ਲੈਂਦੇ,
ਪਰ ਸਾਨੂੰ ਆਕਸੀਜਨ ਨੇ ਦਿੰਦੇ।
ਸਾਡੇ ਕੰਮ ਜਿਸ ਨੂੰ ਗੰਦੀ ਕਰਦੇ,
ਉਸ ਹਵਾ ਨੂੰ ਇਹ ਸਾਫ ਨੇ ਕਰਦੇ।
ਇਹ ਤੇਜ਼ ਹਵਾਵਾਂ ਦੀ ਗਤੀ ਘਟਾਉਂਦੇ,
ਉਪਜਾਊ ਮਿੱਟੀ ਰੁੜ੍ਹਨ ਤੋਂ ਬਚਾਉਂਦੇ।
ਇਹ ਧਰਤੀ ਅੰਦਰ ਪਾਣੀ ਨੂੰ ਸੋਖਦੇ,
ਇਹ ਪਾਣੀ ਦਾ ਪੱਧਰ ਉੱਚਾ ਕਰਦੇ।
ਇਹ ਧਰਤੀ ਤੇ ਵਰਖਾ ਲਿਆਉਂਦੇ,
ਸਾਡੀਆਂ ਫਸਲਾਂ ਨੂੰ ਪਾਣੀ ਲਾਉਂਦੇ।
ਇਹ ਦਵਾਈਆਂ ਦਾ ਭੰਡਾਰ ਨੇ,
ਏਦਾਂ ਇਹ ਸਾਡੇ ਸੱਚੇ ਯਾਰ ਨੇ।
ਇਨ੍ਹਾਂ ਨੂੰ ਕੱਟਣ ਦੇ ਨਾ ਲੱਭੋ ਬਹਾਨੇ,
ਸਗੋਂ ਇਨ੍ਹਾਂ ਨਾਲ ਪਾਓ ਪੱਕੇ ਯਰਾਨੇ।

ਮਹਿੰਦਰ ਸਿੰਘ ਮਾਨ
9915803554

## ਦ਼ਗਾਬਾਜ਼

ਤੁਰੇ ਸੀ ਬੜੇ ਅਰਮਾਨ ਨਾਲ, ਸੱਜਣ ਦਾ ਹੱਥ ਫੜਕੇ,
ਟੁੱਟ ਗਿਆ ਗੁਮਾਨ ਉਦੋਂ, ਕਿਸੇ ਹੋਰ ਸੰਗ ਜਾ ਰਲੇ।

ਬੜਾ ਗਿਲਾ ਕੀਤਾ ਦਿਲ ਨੇ, ਕਿ ਇਹ ਕੀ ਹੋ ਗਿਆ,
ਜਾਨ ਤਾਂ ਨਿੱਕਲੀ ਉਦੋਂ, ਦੇਖੇ ਰਕੀਬ ਮਿਲਦੇ ਗਲੇ ।

ਪਾ ਕੇ ਉੱਚਾ ਚੁਬਾਰਾ, ਸਿਤਮ ਇੱਕ ਹੋਰ ਢਾਹ ਗਏ
ਬਹਿੰਦੇ ਹੁਣ ਨਿੱਤ ਸਾਹਵੇਂ, ਰੁਕਦੇ ਨਹੀਂ ਸਿਲਸਿਲੇ।

ਪਰਖਿਆ ਕਿਉਂ ਨ ਪਹਿਲਾਂ, ਪਛਤਾਵਾ ਰਹਿ ਗਿਆ,
ਬੇਵਕੂਫ਼ੀ ਦੇ ਖਿਆਲ ਹੁਣ, ਬਣ ਕੇ ਉੱਠਦੇ ਵਲਵਲੇ।

ਇੰਤਕਾਮ ਦਾ ਮਜ਼ਾ, ਚਖਾਉਣ ਦਾ ਆਉਂਦਾ ਖਿਆਲ,
ਖੁਦ ਦਗਾਬਾਜ਼ ਨਾ ਕਹਾਵਾਂ, ਆਣ ਰੁਕਦੇ ਜ਼ਲਜ਼ਲੇ।

-ਸੇਵਾ ਸਿੰਘ 'ਨੂਰਪੁਰੀ'

## ਗ਼ਜ਼ਲ

ਸਮੇਂ ਨੇ ਵਾਰ-ਵਾਰ ਹਿੱਸਿਆਂ ਵਿੱਚ ਵੰਡਿਆ ਮੈਨੂੰ,
ਅਨੇਕਾਂ ਠੋਕਰਾਂ, ਮੁਸੀਬਤਾਂ ਰਲ ਚੰਡਿਆ ਮੈਨੂੰ।
ਮੈਂ ਜਿਨ੍ਹਾਂ ਦੇ ਲਈ ਜਾਨ ਵੀ ਸੀ ਦਾਅ ਉੱਤੇ ਲਾਈ,
ਉਨ੍ਹਾਂ ਹੀ ਦੋਸਤਾਂ ਕੂਚੇ ਗਲੀ ਵਿੱਚ ਭੰਡਿਆ ਮੈਨੂੰ।
ਮੇਰੀ ਪਰਵਾਜ਼ ਸਦਾ ਅੰਬਰਾਂ ਤੱਕ ਪੁੱਜਦੀ ਰਹੀ,
ਤੂਫ਼ਾਨਾਂ ਨੇ ਬਿਨਾਂ ਸ਼ੱਕ ਲੱਖ ਵਾਰੀ ਛੰਡਿਆ ਮੈਨੂੰ।
ਜਿਨ੍ਹਾਂ ਨੂੰ ਕਦੇ ਮੈਂ ਸਮਝਿਆ ਸੀ ਦੋਸਤੀ ਲਾਇਕ,
ਉਨ੍ਹਾਂ ਨੇ ਪਰਖਿਆ, ਵਰਤਿਆ ਤੇ ਛੰਡਿਆ ਮੈਨੂੰ।
ਪਿਆਰ ਵਿੱਚ ਮੈਂ ਹਰ ਵਾਰ ਟੁੱਟ ਕੇ ਬਿਖਰਿਆ ਹਾਂ,
ਇਹ ਤੇਰੀ ਬੇਰੁਖ਼ੀ ਨੇ ਆ ਦੁਬਾਰਾ ਗੰਢਿਆ ਮੈਨੂੰ।
ਨ ਜਾਣੇ ਮੌਸਮਾਂ ਦੇ ਨਾਲ ਮੇਰੀ ਕਿਉਂ ਨਹੀਂ ਬਣਦੀ,
ਸਦਾ ਬੇਮੌਸਮੀ ਬਾਰਿਸ਼ ਨੇ ਆਣ ਕਰੰਡਿਆ ਮੈਨੂੰ।

-ਰੋਜ਼ੀ ਸਿੰਘ

## ਗ਼ਜ਼ਲ

ਯਾਰੋ! ਤੱਤੀ ਹਵਾ, ਫੁੱਲਾਂ ਨੂੰ ਮੁਰਝਾ ਦੇਵੇ।
ਨਾਲੇ ਆਲ੍ਹਣਿਆਂ 'ਚ ਬੋਟਾਂ ਨੂੰ ਤੜਫਾ ਦੇਵੇ।

ਹਵਾ ਸਦਾ ਅਣਥਖ, ਰੁਕਦੀ ਨਾ ਕਦੇ,
ਉੱਡਦੀ ਉੱਡਦੀ ਇਹ ਆਲਮ ਸਾਹ ਦੇਵੇ।

ਦੁਨੀਆਂ 'ਤੇ ਹਵਾ ਬੜੀ ਨਿੱਡਰ ਹੈ,
ਪਲ 'ਚ ਅੱਗ ਦੇ ਭਾਂਬੜ ਮਚਾ ਦੇਵੇ।

ਸਿਆਲ ਨੂੰ ਬਰਫ਼ੀਲੀ ਹਵਾ ਤੰਗ ਕਰਦੀ,
ਨਾਲੇ ਪੰਛੀਆਂ ਤਾਈਂ ਬਿਪਤਾ ਪਾ ਦੇਵੇ।

ਕਦੇ ਕਦੇ ਏਨੀ ਤੇਜ਼ ਵਗਦੀ ਕਿ,
ਟਿੱਕਿਓਂ ਟਿੱਬੇ ਵੀ ਉੱਡਾ ਦੇਵੇ।

ਪੌਣ ਪੁਰੇ ਦੀ ਗਰਮੀ 'ਚ ਖਾਸ ਹੁੰਦੀ,
ਸੀਨੇ ਨਾਲ ਟਕਰਾਕੇ, ਰੂਹ ਨਸ਼ਿਆ ਦੇਵੇ।

ਹਵਾ ਬਗੈਰ ਪਲ ਨਾ ਲੰਘਣੇ 'ਕਮਲ'
ਚਾਹੇ ਝੱਖੜ ਦੇ ਰੂਪ 'ਚ, ਸਤਾ ਦੇਵੇ।



ਕਮਲ ਬੰਗਾ ਸੈਕਰਾਮੈਂਟੋ
916-897-8570

## ਗ਼ਜ਼ਲ

ਇਕ ਮਿਆਨ 'ਚ ਦੋ ਤਲਵਾਰਾਂ ਰਹਿ ਵੀ ਸਕਦੀਆਂ ਨੇ।
ਅੱਖਾਂ ਦੇ ਵਿਚ ਦੋ ਤਸਵੀਰਾਂ ਲਹਿ ਵੀ ਸਕਦੀਆਂ ਨੇ।

ਉਚੀਆਂ-ਉਚੀਆਂ ਕੋਠੀਆਂ ਦੀ ਤੂੰ ਬੇਸ਼ਕ ਕਰ ਲੈ ਗੱਲ,
ਤੂਫ਼ਾਨਾਂ ਭੂਚਾਲਾਂ ਦੇ ਵਿਚ ਢਹਿ ਵੀ ਸਕਦੀਆਂ ਨੇ।

ਇਸ਼ਕ-ਹੁਸਨ ਵਿਚ ਅਕਸਰ ਏਦਾਂ ਹੋ ਹੀ ਜਾਂਦਾ ਹੈ,
ਬਿਜਲੀ ਨਾਲ ਬਿਜਲੀ ਦੀਆਂ ਤਾਰਾਂ ਖਹਿ ਵੀ ਸਕਦੀਆਂ ਨੇ।

ਤੇਰੀਆਂ ਯਾਦਾਂ ਵਾਲਾ ਇੱਕ ਭੁਲੇਖਾ ਪੈ ਜਾਵੇ,
ਤੇਜ਼ ਹਵਾਵਾਂ ਕੰਨਾਂ ਵਿਚ ਕੁਝ ਕਹਿ ਵੀ ਸਕਦੀਆਂ ਨੇ।

ਛੇਕ ਜਦੋਂ ਹੋ ਜਾਏ ਤਾਂ ਫਿਰ ਕਿਸ ਦਾ ਚਲਦਾ ਵੱਸ,
ਪਾਣੀ ਦੇ ਵਿਚ ਚਲਦੀਆਂ ਬੇੜੀਆਂ ਬਹਿ ਵੀ ਸਕਦੀਆਂ ਨੇ।

ਖ਼ੁਸ਼ਬੂ ਦਾ ਸਨਮਾਨ ਜਿੰਨ੍ਹਾਂ ਨੂੰ ਮੁੜ ਤੋਂ ਹਾਸਿਲ ਹੈ,
ਪਤਝੜ ਵਿੱਚ ਤਸ਼ੱਦਦ ਰੁੱਤਾਂ ਸਹਿ ਵੀ ਸਕਦੀਆਂ ਨੇ।

ਬੱਦਲਾਂ ਦੀ ਜੇ ਮਿਹਰਬਾਨੀ ਦੀ ਖ਼ੈਰਾਤ ਮਿਲੇ,
ਸੁੱਕੀਆਂ ਨਦੀਆਂ ਫੇਰ ਅਚਾਨਕ ਵਹਿ ਵੀ ਸਕਦੀਆਂ ਨੇ।

ਸਿਦਕ ਮਨੋਰਥ ਵਾਲੀ ਬਾਲਮ ਆਖ਼ਿਰ ਹੁੰਦੀ ਜਿੱਤ,
ਜੀਵਨ ਵਿਚ ਲੱਖਾਂ ਇੱਛਾਵਾਂ ਰਹਿ ਵੀ ਸਕਦੀਆਂ ਨੇ।

ਬਲਵਿੰਦਰ ਬਾਲਮ ਗੁਰਦਾਸਪੁਰ
98156-25409

## ਲਹੂ ਵਿੱਚ ਰੰਗੇ ਸੈਕਿੰਡ

ਹਾਦਸਾਗ੍ਰਸਤ ਹੈ ਇਕ ਜਹਾਜ ਹੋਇਆ,
ਕੰਬ ਗਈ ਸਭ ਦੀ ਰੂਹ, 'ਪੱਤੋ'।

ਅਜੇ ਉੱਡੇ ਨੂੰ ਕੁਝ ਸੀ ਮਿੰਟ ਹੋਏ,
ਲੰਘਿਆ ਨਹੀਂ ਸੀ ਅਜੇ ਜੂਹ, 'ਪੱਤੋ'।

ਕੀ ਖਰਾਬੀ ਸੀ ਸਮਝੋਂ ਬਾਹਰ ਹੋਈ,
ਮੱਚ ਗਿਆ ਕਰ ਧੂਹ ਧੂਹ, 'ਪੱਤੋ'।

ਕਿੰਨੇ ਘਰਾਂ ਵਿੱਚ ਸੱਥਰ ਵਿਛਾ ਦਿੱਤੇ,
ਲੋਕੀਂ ਕਰ ਉੱਠੇ ਬੂਹ ਬੂਹ, 'ਪੱਤੋ'।

ਮੌਤੋਂ ਅਣਜਾਣ ਸੀ ਵਿੱਚ ਸਵਾਰ ਜਿਹੜੇ,
ਉੱਡੇ ਆਕਾਸ਼, ਡਿੱਗੇ ਵਿੱਚ ਖੂਹ, 'ਪੱਤੋ'।

ਸਾਰੀ ਲੁਕਾਈ ਨੂੰ ਬੜਾ ਅਫਸੋਸ ਹੋਇਆ,
ਦਿੱਤੇ ਕਾਲਜੇ ਸਭ ਦੇ ਲੂਹ, 'ਪੱਤੋ'।

ਰੱਬ ਕਰੇ ਅਣਹੋਣੀ ਨਾ ਵਾਪਰੇ ਮੁੜ,
ਅਣਿਆਈ ਮੌਤ ਦੇ ਪਵੇ ਨਾ ਮੂੰਹ, 'ਪੱਤੋ'।



ਹਰਪ੍ਰੀਤ ਪੱਤੋ
94658-21417

# ਬੱਚਿਆਂ ਨੂੰ ਸਕੂਲੇ ਭੇਜਣ ਦੀ ਬਜਾਏ ਬਾਲ ਮਜ਼ਦੂਰੀ ਕਰਵਾਈ ਜਾਂਦੀ ਹੈ

## .ਗਰੀਬ ਬੱਚੇ ਸਭ ਤੋਂ ਜ਼ਿਆਦਾ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ



ਬਾਰਾਂ ਜੂਨ ਦਾ ਦਿਨ ਹਰ ਸਾਲ ਪੂਰੇ ਸੰਸਾਰ ਵਿਚ ਬਾਲ ਮਜ਼ਦੂਰੀ ਦੇ ਵਿਰੋਧ ਵਿਚ ਮਨਾਇਆ ਜਾਂਦਾ ਹੈ। ਬਾਲ ਮਜ਼ਦੂਰੀ ਵਿਰੁੱਧ ਜਾਗਰੂਕਤਾ ਫੈਲਾਉਣ ਅਤੇ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਇਸ ਕੰਮ ’ਚੋਂ ਕੱਢ ਕੇ ਉਨ੍ਹਾਂ ਨੂੰ ਸਿੱਖਿਆ ਦਿਵਾਉਣ ਦੇ ਉਦੇਸ਼ ਨਾਲ ਇਸ ਦਿਨ ਦੀ ਸ਼ੁਰੂਆਤ ਸਾਲ 2002 ਵਿਚ ‘ਦਿ ਇੰਟਰਨੈਸ਼ਨਲ ਲੇਬਰ ਆਰਗੇਨਾਈਜੇਸ਼ਨ’ ਵੱਲੋਂ ਕੀਤੀ ਗਈ ਸੀ। ਪੂਰੇ ਸੰਸਾਰ ਵਿਚ ਇਸ ਦਿਨ ਨੂੰ ਮਨਾਏ ਜਾਣ ਦਾ ਮੁੱਖ ਮਕਸਦ ਬਾਲ ਮਜ਼ਦੂਰਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨਾ ਹੈ।

ਅੱਜ ਭਾਰਤ ਵਿਚ ਬਾਲ ਮਜ਼ਦੂਰੀ ਬਹੁਤ ਵੱਡੀ ਸਮੱਸਿਆ ਹੈ। ਸਰਕਾਰਾਂ ਵੱਲੋਂ ਸਮੇਂ-ਸਮੇਂ ’ਤੇ ਇਸ ਲਾਹਨਤ ਨੂੰ ਰੋਕਣ ਲਈ ਕਾਨੂੰਨ ਬਣਾਏ ਜਾਂਦੇ ਰਹੇ ਹਨ ਤੇ ਇਸ ਬੁਰਾਈ ਨੂੰ ਰੋਕਣ ਲਈ ਵੱਡੇ ਉਪਰਾਲੇ ਕੀਤੇ ਜਾਣ ਦੇ ਦਾਅਵੇ ਵੀ ਹੁੰਦੇ ਹਨ ਪਰ ਅੱਜ ਢਾਬਿਆਂ, ਉਦਯੋਗਿਕ ਇਕਾਈਆਂ ਅਤੇ ਹੋਰ ਅਨੇਕ ਥਾਵਾਂ ’ਤੇ ਮਜ਼ਦੂਰੀ ਕਰਦੇ ਬਾਲ ਇਨ੍ਹਾਂ ਸਰਕਾਰੀ ਦਾਅਵਿਆਂ ਦੀ ਹਵਾ ਕੱਢਦੇ ਨਜ਼ਰ ਆਉਦੇ ਹਨ। ਦੇਸ਼ ਵਿਚ ਬਾਲ ਮਜ਼ਦੂਰੀ ਦਾ ਅੰਕੜਾ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ। ਮੌਜੂਦਾ ਸਮੇਂ ਵਿਚ .ਗਰੀਬ ਬੱਚੇ ਸਭ ਤੋਂ ਜ਼ਿਆਦਾ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਨੂੰ ਸਕੂਲੇ ਭੇਜਣ ਦੀ ਬਜਾਏ ਬਾਲ ਮਜ਼ਦੂਰੀ ਕਰਵਾਈ ਜਾਂਦੀ ਹੈ। ਜ਼ਿਆਦਾਤਰ ਬੱਚੇ ਆਪਣੇ ਘਰਾਂ ਦੀ ਆਰਥਿਕ ਹਾਲਤ ਅਤਿ ਦੀ ਕਮਜ਼ੋਰ ਹੋਣ ਕਾਰਨ ਜਾਂ ਮਾਪਿਆਂ ਦੇ ਸਮਾਜਿਕ ਬੁਰਾਈਆਂ ਦਾ ਸ਼ਿਕਾਰ ਹੋਣ ਕਾਰਨ ਮਜ਼ਦੂਰੀ ਕਰਨ ਲਈ ਮਜਬੂਰ ਹੁੰਦੇ ਹਨ। ਬਾਲ ਮਜ਼ਦੂਰੀ ਬੱਚਿਆਂ ਦੇ ਮਾਨਸਿਕ, ਸਰੀਰਕ, ਆਤਮਿਕ, ਬੌਧਿਕ ਅਤੇ ਸਮਾਜਿਕ ਹਿੱਤਾਂ ਨੂੰ ਪ੍ਰਭਾਵਿਤ ਕਰਦੀ ਹੈ।

ਜੋ ਬੱਚੇ ਬਾਲ ਮਜ਼ਦੂਰੀ ਕਰਦੇ ਹਨ ਉਹ ਮਾਨਸਿਕ ਪੱਖੋਂ ਬਿਮਾਰ ਰਹਿੰਦੇ ਹਨ ਅਤੇ ਬਾਲ ਮਜ਼ਦੂਰੀ ਉਨ੍ਹਾਂ ਦੇ ਸਰੀਰਕ ਅਤੇ ਬੌਧਿਕ ਵਿਕਾਸ ਵਿਚ ਵੱਡੀ ਰੁਕਾਵਟ ਬਣਦੀ ਹੈ। ਬਾਲ ਮਜ਼ਦੂਰੀ ਬੱਚਿਆਂ ਨੂੰ ਉਨ੍ਹਾਂ ਦੇ ਮੌਲਿਕ ਅਧਿਕਾਰਾਂ ਤੋਂ ਵਾਂਝੇ ਕਰਦੀ ਹੈ ਜੋ ਸੰਵਿਧਾਨ ਦੇ ਵਿਰੁੱਧ ਹੈ ਅਤੇ ਮਾਨਵੀ ਅਧਿਕਾਰਾਂ ਦੀ ਉਲੰਘਣਾ ਵੀ ਹੈ। ਭਾਰਤ ਵਿਚ 1986 ਵਿਚ ਬਾਲ ਮਜ਼ਦੂਰੀ ਵਿਰੁੱਧ ਇਕ ਐਕਟ ਪਾਸ ਕੀਤਾ ਗਿਆ ਸੀ।



**ਵਿਜੈ ਗਰਗ ਸਾਬਕਾ**
**ਪੀ.ਈ..ਐਸ. - 1**
**ਸੇਵਾਮੁਕਤ ਪ੍ਰਿੰਸਪਲ**

ਇਸ ਐਕਟ ਅਨੁਸਾਰ ਉਦਯੋਗਾਂ ਵਿਚ ਬੱਚਿਆਂ ਤੋਂ ਕੰਮ ਕਰਵਾਉਣ ਦੀ ਮਨਾਹੀ ਹੈ। ਇਸ ਮੁਤਾਬਕ 14 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵੀ ਬੱਚੇ ਨੂੰ ਕਿਸੇ ਫੈਕਟਰੀ ਆਦਿ ਵਿਚ ਕੰਮ ’ਤੇ ਨਹੀਂ ਰੱਖਿਆ ਜਾ ਸਕਦਾ। ਪੰਦਰਾਂ ਤੋਂ 18 ਸਾਲ ਤੱਕ ਦੇ ਬੱਚਿਆਂ ਨੂੰ ਕਿਸੇ ਫੈਕਟਰੀ ਵਿਚ ਉਦੋਂ ਰੱਖਿਆ ਜਾ ਸਕਦਾ ਹੈ ਜਦੋਂ ਉਨ੍ਹਾਂ ਕੋਲ ਕਿਸੇ ਮਾਨਤਾ ਪ੍ਰਾਪਤ ਡਾਕਟਰ ਦਾ ਫਿਟਨੈੱਸ ਪ੍ਰਮਾਣ ਪੱਤਰ ਹੋਵੇ।

ਇਸ ਕਾਨੂੰਨ ਵਿਚ 14 ਤੋਂ 18 ਸਾਲ ਤੱਕ ਦੇ ਬੱਚਿਆਂ ਲਈ ਹਰ ਦਿਨ ਸਾਢੇ ਚਾਰ ਘੰਟੇ ਕੰਮ ਕਰਨਾ ਤੈਅ ਕੀਤਾ ਗਿਆ ਹੈ ਅਤੇ ਰਾਤ ਸਮੇਂ ਉਨ੍ਹਾਂ ਦੇ ਕੰਮ ਕਰਨ ’ਤੇ ਰੋਕ ਲਗਾਈ ਗਈ ਹੈ ਪਰ ਅਫ਼ਸੋਸ ਕਿ ਇੰਨੇ ਸਖ਼ਤ ਕਾਨੂੰਨ ਹੋਣ ਤੋਂ ਬਾਅਦ ਵੀ ਬੱਚਿਆਂ ਕੋਲੋਂ ਹੋਟਲਾਂ, ਕਾਰਖਾਨਿਆਂ, ਦੁਕਾਨਾਂ ਆਦਿ ਵਿਚ ਦਿਨ-ਰਾਤ ਕੰਮ ਕਰਵਾ ਕੇ ਜਿੱਥੇ ਕਾਨੂੰਨ ਦੀ ਉਲੰਘਣਾ ਕੀਤੀ ਜਾਂਦੀ ਹੈ ਉੱਥੇ ਹੀ ਮਾਸੂਮ ਬੱਚਿਆਂ ਦਾ ਬਚਪਨ ਵੀ ਪ੍ਰਭਾਵਿਤ ਕੀਤਾ ਜਾ ਰਿਹਾ ਹੈ। ਇਕ ਅੰਕੜੇ ਅਨੁਸਾਰ ਅੱਜ ਸੰਸਾਰ ਵਿਚ ਜਿੰਨੇ ਵੀ ਬਾਲ ਮਜ਼ਦੂਰ ਹਨ, ਉਨ੍ਹਾਂ ਵਿੱਚੋਂ ਸਭ ਤੋਂ ਜ਼ਿਆਦਾ ਭਾਰਤ ਵਿਚ ਹਨ। ਭਾਰਤ ਦੇ 50 ਫ਼ੀਸਦੀ ਬੱਚੇ ਆਪਣੇ ਬਚਪਨ ਦੇ ਅਧਿਕਾਰਾਂ ਤੋਂ ਵਾਂਝੇ ਹਨ।

ਉਨ੍ਹਾਂ ਕੋਲ ਸਿੱਖਿਆ ਦੀ ਜੋਤ ਨਹੀਂ ਪਹੁੰਚ ਰਹੀ ਅਤੇ ਨਾ ਹੀ ਉਨ੍ਹਾਂ ਦਾ ਉੱਚਿਤ ਪਾਲਣ-ਪੋਸ਼ਣ ਹੋ ਰਿਹਾ ਹੈ। ਬਾਲ ਮਜ਼ਦੂਰੀ ਵਿਰੁੱਧ ਕੰਮ ਕਰ ਰਹੇ ਸੰਗਠਨ ‘ਬਚਪਨ ਬਚਾਓ ਅੰਦੋਲਨ’ ਦੀ ਰਿਪੋਰਟ ਦੱਸਦੀ ਹੈ ਕਿ ਭਾਰਤ ’ਚ ਲਗਪਗ ਸੱਤ ਤੋਂ ਅੱਠ ਕਰੋੜ ਬੱਚੇ ਲਾਜ਼ਮੀ ਸਿੱਖਿਆ ਤੋਂ ਵਾਂਝੇ ਹਨ। ਇਹ ਬੱਚੇ .ਗਰੀਬੀ ਦੇ ਕਾਰਨ ਸਕੂਲ ਨਹੀਂ ਜਾ ਪਾਉਂਦੇ ਅਤੇ ਇਨ੍ਹਾਂ ਵਿੱਚੋਂ ਬਹੁਤੇ ਬੱਚੇ ਬਾਅਦ ਵਿਚ ਬਾਲ ਮਜ਼ਦੂਰੀ ਕਰਨ ਲਈ ਮਜਬੂਰ ਹੁੰਦੇ ਹਨ।

ਸਰਕਾਰੀ ਅੰਕੜਿਆਂ ਅਨੁਸਾਰ ਮੌਜੂਦਾ ਸਮੇਂ ਦੌਰਾਨ ਭਾਰਤ ਵਿਚ 2 ਕਰੋੜ ਬਾਲ ਮਜ਼ਦੂਰ ਹਨ ਪਰ ਅਸਲ ਵਿਚ ਇਹ ਅੰਕੜਾ ਕਾਫ਼ੀ ਜ਼ਿਆਦਾ ਹੈ। ਵੇਖਿਆ ਜਾਵੇ ਤਾਂ ਬੱਚੇ ਔਖਾ ਕੰਮ .ਗਰੀਬੀ ਕਾਰਨ ਕਰਦੇ ਹਨ। ਇਸ ਤੋਂ ਇਲਾਵਾ ਵਧਦੀ ਜਨਸੰਖਿਆ, ਲੋੜੀਂਦੀਆਂ ਬੁਨਿਆਦੀ ਸਹੂਲਤਾਂ ਨਾ ਹੋਣ ਕਾਰਨ, ਸਿੱਖਿਆ ਦੀ ਅਣਹੋਂਦ ਤੇ ਮੌਜੂਦਾ ਕਾਨੂੰਨਾਂ ਦੀ ਠੀਕ ਤਰੀਕੇ ਨਾਲ ਪਾਲਣਾ ਨਾ ਹੋਣਾ ਵੀ ਵਧਦੀ ਬਾਲ ਮਜ਼ਦੂਰੀ ਲਈ ਜ਼ਿੰਮੇਵਾਰ ਹਨ।

ਭਾਰਤ ’ਚ ਕਈ ਥਾਵਾਂ ’ਤੇ ਆਰਥਿਕ ਤੰਗੀ ਕਾਰਨ ਮਾਪੇ ਥੋੜ੍ਹੇ ਪੈਸਿਆਂ ਬਦਲੇ ਹੀ ਆਪਣੇ ਬੱਚਿਆਂ ਨੂੰ ਅਜਿਹੇ ਠੇਕੇਦਾਰਾਂ ਦੇ ਹੱਥ ਵੇਚ ਦਿੰਦੇ ਹਨ ਜੋ ਆਪਣੀ ਸੁਵਿਧਾ ਅਨੁਸਾਰ ਉਨ੍ਹਾਂ ਨੂੰ ਹੋਟਲਾਂ, ਕੋਠੀਆਂ ਤੇ ਹੋਰ ਕਾਰਖਾਨਿਆਂ ਆਦਿ ’ਚ ਕੰਮ ’ਤੇ ਲਗਾ ਦਿੰਦੇ ਹਨ ਜਿੱਥੇ ਇਹ ਬਾਲ ਮਜ਼ਦੂਰ ਅਕਸਰ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਹਨ। ਦੇਸ਼ ਵਿੱਚੋਂ ਬਾਲ ਮਜ਼ਦੂਰੀ ਦੇ ਇਸ ਕੋਹੜ ਨੂੰ ਖ਼ਤਮ ਕਰਨ ਲਈ ਅਜਿਹੇ ਬੱਚਿਆਂ ਦੇ ਪਰਿਵਾਰਾਂ ਨੂੰ .ਗਰੀਬੀ ਦੇ ਚੱਕਰ ’ਚੋਂ ਬਾਹਰ ਕੱਢਣਾ ਤੇ ਉਨ੍ਹਾਂ ਲਈ ਸਿੱਖਿਆ ਦੇ ਢੁੱਕਵੇ ਉਪਰਾਲੇ ਕਰਨੇ ਅਤਿ ਜ਼ਰੂਰੀ ਹਨ।

# ਸ.ਖ਼ਤ .ਫ਼ੈਸਲਿਆਂ ਨਾਲ ਸੁਧਰੇਗੀ ਕੈਨੇਡਾ ਦੀ ਹਾਲਤ




**ਪ੍ਰਿੰਸੀਪਲ ਵਿਜੈ ਕੁਮਾਰ**

ਕੈਨੇਡਾ ਇੱਕ ਲੋਕਤੰਤਰੀ ਦੇਸ਼ ਹੈ। ਦੁਨੀਆ ਦੇ ਦੂਜੇ ਲੋਕਤੰਤਰੀ ਦੇਸ਼ਾਂ ਵਾਂਗ ਲੋਕਾਂ ਦੀਆਂ ਵੋਟਾਂ ਹਾਸਲ ਕਰਨ ਲਈ ਇੱਥੋਂ ਦੀਆਂ ਸਿਆਸੀ ਪਾਰਟੀਆਂ ਦੇਸ਼ ਹਿੱਤਾਂ ਨੂੰ ਲਾਂਭੇ ਰੱਖ ਕੇ ਸੱਤਾ ਹਾਸਿਲ ਕਰਨ ਨੂੰ ਪਹਿਲ ਦੇ ਰਹੀਆਂ ਹਨ। ਜਸਟਿਨ ਟਰੂਡੋ ਦੀ ਅਗਵਾਈ ਵਿੱਚ ਚੱਲਣ ਵਾਲੀ ਪਿਛਲੀ ਸਰਕਾਰ ਨੇ ਮੁੜ ਸੱਤਾ ਹਾਸਿਲ ਕਰਨ ਲਈ ਮੁਲਕ ਦੇ ਹਿੱਤਾਂ ਨੂੰ ਛਿੱਕੇ ਟੰਗ ਕੇ ਅਜਿਹੇ .ਗਲਤ .ਫ਼ੈਸਲੇ ਲਏ ਜਿਨ੍ਹਾਂ ਨੇ ਮੁਲਕ ਅੱਗੇ ਗੰਭੀਰ ਸਮੱਸਿਆਵਾਂ ਖੜ੍ਹੀਆਂ ਕਰ ਦਿੱਤੀਆਂ।

ਅੱਜ ਕੈਨੇਡਾ ਵੱਡੇ ਸੰਕਟ ਦੇ ਦੌਰ ’ਚੋਂ ਨਿਕਲ ਰਿਹਾ ਹੈ। ਆਉਣ ਵਾਲਾ ਸਮਾਂ ਹੋਰ ਵੀ ਭਿਆਨਕ ਹੋਣ ਦਾ ਖਦਸ਼ਾ ਹੈ। ਅਤਿਵਾਦ, ਬੇਰੁਜ਼ਗਾਰੀ, ਮਹਿੰਗਾਈ, ਕਾਨੂੰਨ ਵਿਵਸਥਾ ਦੀ ਮੰਦਹਾਲੀ, ਟੈਕਸਾਂ ਦਾ ਵਧ ਰਿਹਾ ਬੋਝ, ਘਰਾਂ ਦੀ ਸਮੱਸਿਆ, ਲੋਕਾਂ ਦੀ ਜਾਨ ਮਾਲ ਨੂੰ ਵਧਦਾ ਜਾ ਰਿਹਾ ਖ਼ਤਰਾ ਇਸ ਮੁਲਕ ਦੀ ਮਾੜੀ ਹਾਲਤ ਦਾ ਪ੍ਰਮਾਣ ਹੈ। ਮਹਿੰਗਾਈ ਪਿਛਲੇ ਚਾਲੀ ਸਾਲ ਦਾ ਰਿਕਾਰਡ ਤੋੜ ਚੁੱਕੀ ਹੈ। ਲੋਕਾ ਨੂੰ ਨੌਕਰੀਆਂ ਤੋਂ ਕੱਢਿਆ ਜਾ ਰਿਹਾ ਹੈ। ਖੁੱਲ੍ਹੇਆਮ ਨਸ਼ੇ ਦਾ ਕਾਰੋਬਾਰ ਹੋ ਰਿਹਾ ਹੈ। ਅਪਰਾਧ ਦਰ ’ਚ ਵਾਧਾ ਹੁੰਦਾ ਜਾ ਰਿਹਾ ਹੈ। 70% ਲੋਕਾਂ ਲਈ ਘਰ ਖ਼ਰੀਦਣਾ ਤੇ ਕਿਰਾਏ ਉੱਤੇ ਲੈਣਾ ਔਖਾ ਹੋ ਗਿਆ ਹੈ। ਪਿਛਲੇ ਦਸ ਸਾਲਾਂ ਵਿੱਚ ਬੇਘਰੇ ਲੋਕਾਂ ਦੀ ਗਿਣਤੀ ਦੂੱਗਣੀ ਹੋ ਗਈ ਹੈ। ਇਨ੍ਹਾਂ ਹਾਲਤਾਂ ਨੂੰ ਵੇਖਦਿਆਂ ਪਰਵਾਸੀ ਲੋਕਾਂ ਨੇ ਇਸ ਮੁਲਕ ਨੂੰ ਛੱਡਣਾ ਸ਼ੁਰੂ ਕਰ ਦਿੱਤਾ ਹੈ। ਜ਼ਿਆਦਾਤਰ ਲੋਕਾਂ ਨੇ ਪੱਕੀ ਨਾਗਰਿਕਤਾ ਲੈਣ ਬਾਰੇ ਸੋਚਣਾ ਬੰਦ ਕਰ ਦਿੱਤਾ ਹੈ।

ਨਵੇਂ ਆਉਣ ਵਾਲੇ ਪਰਵਾਸੀਆਂ ਦੀ ਗਿਣਤੀ ਘਟਣੀ ਸ਼ੁਰੂ ਹੋ ਗਈ ਹੈ। ਪੁਰਾਣੇ ਕਾਰਖਾਨੇਦਾਰਾਂ ਅਤੇ ਕਾਰੋਬਾਰੀਆਂ ਨੇ ਇਸ ਨੂੰ ਛੱਡਣਾ ਸ਼ੁਰੂ ਕਰ ਦਿੱਤਾ ਅਤੇ ਨਵਿਆਂ ਦੇ ਆਉਣ ਦੀਆਂ ਸੰਭਾਵਨਾਵਾਂ ਘਟਣ ਲੱਗ ਪਈਆਂ ਹਨ। ਕੈਨੇਡਾ ਦੀ ਆਰਥਿਕਤਾ ਅਤੇ ਅੰਦਰੂਨੀ ਹਾਲਤ ਵਿਗੜਦੀ ਜਾ ਰਹੀ ਹੈ। ਮੌਕੇ ਦੀ ਨਜ਼ਾਕਤ ਨੂੰ ਵੇਖਦਿਆਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ ਨੂੰ ਅਮਰੀਕਾ ’ਚ ਮਿਲਾਉਣ ਦੇ ਉਦੇਸ਼ ਨਾਲ ਇਸ ਦੀ ਆਰਥਿਕਤਾ ਨੂੰ ਹੋਰ ਕਮਜ਼ੋਰ ਕਰਨ ਲਈ ਇਸ ਦੇਸ਼ ਤੋਂ ਆਉਣ ਵਾਲੀਆਂ ਚੀਜ਼ਾਂ ’ਤੇ ਟੈਕਸ ਵਧਾਉਣੇ ਸ਼ੁਰੂ ਕਰ ਦਿੱਤੇ ਹਨ।

ਅਮਰੀਕਾ ਦੀ ਇਸ ਸਿਆਸੀ ਚਾਲ ਨੇ ਕੈਨੇਡਾ ’ਚ ਬੇਰੁਜ਼ਗਾਰੀ ਅਤੇ ਮਹਿੰਗਾਈ ਹੋਰ ਵੀ ਵਧਾ ਦਿੱਤੀ ਤੇ ਕਾਰਖਾਨੇਦਾਰਾਂ ਅਤੇ ਕਾਰੋਬਾਰੀਆਂ ਲਈ ਆਰਥਿਕ ਸੰਕਟ ਹੋਰ ਵੀ ਜ਼ਿਆਦਾ ਵਧਣਾ ਸ਼ੁਰੂ ਹੋ ਗਿਆ ਹੈ। ਪਿਛਲੀ ਸਰਕਾਰ ਦੀ ਸਭ ਤੋਂ ਵੱਡੀ .ਗਲਤੀ ਚੋਰੀਆਂ, ਡਕੈਤੀਆਂ, ਫਿਰੌਤੀਆਂ, ਲੁੱਟਾਂ ਖੋਹਾਂ, ਨਸ਼ਿਆਂ ਦੀ ਵਿਕਰੀ ਤੇ ਸਮਗਲਿੰਗ, ਜੇਬ ਕਤਰਿਆਂ ਅਤੇ ਮਾਰ ਮਰਾਈ ਨੂੰ ਰੋਕਣ ਲਈ ਨਾ ਪੁਲੀਸ ਅਤੇ ਅਦਾਲਤਾਂ ਨੂੰ ਵੱਧ ਅਧਿਕਾਰ ਦਿੱਤੇ, ਨਾ ਪੁਲੀਸ ਅਤੇ ਜੱਜਾਂ ਦੀ ਗਿਣਤੀ ਵਧਾਈ ਅਤੇ ਨਾ ਹੀ ਇਨ੍ਹਾਂ ਸਮੱਸਿਆਵਾਂ ’ਤੇ ਕਾਬੂ ਪਾਉਣ ਲਈ ਸਰਕਾਰ ਦੇ ਪੱਧਰ ’ਤੇ ਸਖ਼ਤ .ਫ਼ੈਸਲੇ ਲਏ।

ਕੈਨੇਡਾ ਦੀ ਨਵੀਂ ਸਰਕਾਰ ਨੂੰ ਆਪਣੇ ਸਿਆਸੀ ਹਿੱਤਾਂ ਨੂੰ ਛੱਡ ਕੇ ਕਾਨੂੰਨ ਵਿਵਸਥਾ ਦੀ ਹਾਲਤ ਨੂੰ ਸੁਧਾਰਨ ਅਤੇ ਲੋਕਾਂ ਦੀ ਜਾਨ ਮਾਲ ਦੀ ਸੁਰੱਖਿਆ ਲਈ ਵੱਧ ਤੋਂ ਵੱਧ ਤਰਜੀਹ ਦਿੰਦੇ ਹੋਏ ਸਖ਼ਤ ਤੋਂ ਸਖ਼ਤ .ਫ਼ੈਸਲੇ ਲੈਣੇ ਹੋਣਗੇ। ਦੋਸ਼ੀ ਪਰਵਾਸੀਆਂ ਨੂੰ ਤੁਰੰਤ ਇਸ ਮੁਲਕ ਤੋਂ ਬਾਹਰ ਕੱਢਣਾ ਹੋਵੇਗਾ। ਕਾਰਾਂ ਚੋਰੀ, ਟੈਕਸ ਚੋਰੀ, ਬੀਮਾ, ਰੀਅਲ ਅਸਟੇਟ, ਬਿਲਡਰਾਂ, ਕਾਰੋਬਾਰੀਆਂ, ਕ੍ਰੈਡਿਟ ਕਾਰਡਾਂ ਨਾਲ ਹੇਰਾਫੇਰੀਆਂ ਕਰਨ ,ਬੈਂਕਾਂ ਤੋਂ ਘਰਾਂ ਵਾਸਤੇ ਕਰਜ਼ ਦਿਵਾਉਣ ਵਾਲਿਆਂ, ਉੱਚ ਸਿੱਖਿਆ ਤੇ ਕੰਮ ਧੰਦਿਆਂ ਲਈ ਲਾਇਸੈਂਸ ਦਿਵਾਉਣ ਵਾਲਿਆਂ, ਟਰਾਂਸਪੋਰਟ, ਇਮੀਗ੍ਰੇਸ਼ਨ ਦਾ ਧੰਦਾ ਕਰਨ ਵਾਲਿਆਂ ਅਤੇ ਰਿਸ਼ਵਤ ਖੋਰਾਂ ਨੇ ਸਰਕਾਰ ਦੀ ਸ਼ੈਅ, ਮਿਲੀਭੁਗਤ ਅਤੇ .ਗੈਰ ਜ਼ਿੰਮੇਵਾਰੀ ਕਾਰਨ ਦੇਸ਼ ਦੀ ਆਰਥਿਕਤਾ ਨੂੰ ਖੋਰਾ ਲਾਇਆ ਹੈ। ਕੈਨੇਡਾ ਦੀ ਨਵੀਂ ਸਰਕਾਰ ਨੂੰ ਮੁਲਕ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਅਜਿਹੇ ਸਖ਼ਤ .ਫ਼ੈਸਲੇ ਲੈਣੇ ਹੋਣਗੇ ਜਿਨ੍ਹਾਂ ਨਾਲ ਇਨ੍ਹਾਂ ਸਾਰਿਆਂ ’ਤੇ ਕਾਬੂ ਪਾਇਆ ਜਾ ਸਕੇ। ਇਸ ਦੇਸ਼ ਦੀਆਂ ਪਿਛਲੀਆਂ ਸਰਕਾਰਾਂ ਨੇ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਵੱਖ ਵੱਖ ਦੇਸ਼ਾਂ ਦੇ ਲੱਖਾਂ ਲੋਕਾਂ ਨੂੰ ਸਿਆਸੀ ਸ਼ਰਣ ਦੇ ਕੇ ਉਨ੍ਹਾਂ ਨੂੰ ਜ਼ਰੂਰਤ ਤੋਂ ਜ਼ਿਆਦਾ ਆਰਥਿਕ ਸਹੂਲਤਾਂ ਦੇ ਕੇ ਆਪਣੇ ਦੇਸ਼ ਲਈ ਆਰਥਿਕ ਸੰਕਟ, ਬੇਰੁਜ਼ਗਾਰੀ ਅਤੇ ਹੋਰ ਸਮੱਸਿਆਵਾਂ ਖੜ੍ਹੀਆਂ ਕਰ ਲਈਆਂ।

ਮੌਜੂਦਾ ਸਰਕਾਰ ਨੂੰ ਇਸ ਆਰਥਿਕ ਸੰਕਟ ਅਤੇ ਬੇਰੁਜ਼ਗਾਰੀ ਦੀ ਸਮੱਸਿਆ ਨਾਲ ਨਜਿੱਠਣ ਲਈ ਸਖ਼ਤ .ਫ਼ੈਸਲੇ ਲੈਣੇ ਪੈਣਗੇ। ਇਸ ਮੁਲਕ ਦੀਆਂ ਸਰਕਾਰਾਂ ਨੇ ਆਪਣੇ ਸਿਆਸੀ ਹਿੱਤਾਂ ਨੂੰ ਪੂਰਾ ਕਰਨ ਲਈ ਪਰਵਾਸੀ ਲੋਕਾਂ ਨੂੰ ਧਰਮ ਦੇ ਆਧਾਰ ’ਤੇ ਲੜਾਉਣਾ ਸ਼ੁਰੂ ਕਰ ਦਿੱਤਾ। ਮੁਲਕ ਵਿੱਚ ਵਧ ਰਹੀ ਫਿਰਕਾਪ੍ਰਸਤੀ ਨੇ ਇਸ ਮੁਲਕ ’ਚ ਅਤਿਵਾਦ ਨੂੰ ਸ਼ੈਅ ਦੇ ਕੇ ਇੱਥੋਂ ਦੀ ਸ਼ਾਂਤੀ ਭੰਗ ਕਰ ਦਿੱਤੀ। ਮੌਜੂਦਾ ਸਰਕਾਰ ਨੂੰ ਇਸ ਫਿਰਕਾਪ੍ਰਸਤੀ ਨੂੰ ਨੱਥ ਪਾਉਣ ਲਈ ਤੁਰੰਤ ਅਤੇ ਸਖ਼ਤ .ਫ਼ੈਸਲੇ ਲੈਣੇ ਹੋਣਗੇ।

ਇੱਥੋਂ ਦੇ ਲੋਕਾਂ ਦੀਆਂ ਵੋਟਾਂ ਲੈਣ ਲਈ ਲੋਕਾਂ ਨੂੰ ਜ਼ਰੂਰਤ ਤੋਂ ਵੱਧ ਦਿੱਤੀਆਂ ਜਾ ਰਹੀਆਂ ਵਿੱਤੀ ਸਹੂਲਤਾਂ ਬਾਰੇ ਵਿਚਾਰ ਕਰਦਿਆਂ ਉਨ੍ਹਾਂ ਨੂੰ ਘਟਾਉਣ ਲਈ ਸਖ਼ਤ ਫੈਸਲੇ ਲੈਣੇ ਹੋਣਗੇ। ਬਾਹਰਲੇ ਦੇਸ਼ਾਂ ਤੋਂ ਆਏ ਜਿਹੜੇ ਮੁੰਡੇ-ਕੁੜੀਆਂ ਅਤੇ ਹੋਰ ਪਰਵਾਸੀ ਆਪਣੀਆਂ .ਗਲਤ ਗਤੀਵਿਧੀਆਂ ਨਾਲ ਦੇਸ਼ ਦੀ ਸ਼ਾਂਤੀ, ਸੁਰੱਖਿਆ, ਕਾਨੂੰਨ ਵਿਵਸਥਾ ਅਤੇ ਆਰਥਿਕਤਾ ਨੂੰ ਨੁਕਸਾਨ ਪਹੁੰਚਾ ਰਹੇ ਹਨ, ਉਨ੍ਹਾਂ ਨੂੰ ਇਸ ਦੇਸ਼ ’ਚੋਂ ਕੱਢਣ ਦਾ ਅਤੇ ਬਾਕੀਆਂ ਲਈ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਤੁਰੰਤ ਸਖ਼ਤ ਫੈਸਲੇ ਲੈਣੇ ਹੋਣਗੇ। ਇਸ ਦੇਸ਼ ਦੀ ਆਰਥਿਕਤਾ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਪਰਵਾਸੀਆਂ ਦੇ ਇਸ ਮੁਲਕ ਵਿੱਚ ਆਉਣ ’ਤੇ ਨਿਰਭਰ ਕਰਦੀ ਹੈ।

ਇੱਥੇ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਪਰਵਾਸੀਆਂ ਦੀ ਆਮਦ ’ਤੇ ਪਾਬੰਦੀ ਲਗਾਉਣ ਦੇ .ਫ਼ੈਸਲੇ ’ਤੇ ਨਵੀਂ ਸਰਕਾਰ ਨੂੰ ਮੁੜ ਵਿਚਾਰ ਕਰਨਾ ਪਵੇਗਾ ਕਿਉਂਕਿ ਨਵੇਂ ਪਰਵਾਸੀਆਂ ਦੀ ਆਮਦ ਰੁਕਣ ਨਾਲ ਵਪਾਰ, ਕਾਰੋਬਾਰ, ਆਯਾਤ, ਨਿਰਯਾਤ, ਖੇਤੀਬਾੜੀ ਅਤੇ ਹੋਰ ਧੰਦੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਬੇਰੁਜ਼ਗਾਰੀ ਘਟਣ ਦੀ ਬਜਾਏ ਵਧੀ ਹੈ। ਕੁਦਰਤੀ ਸੋਮਿਆਂ ਤੋਂ ਹੋਣ ਵਾਲੀ ਆਮਦਨ ਦੇ ਘਟਣ ਦੇ ਕਾਰਨਾਂ ’ਤੇ ਵਿਚਾਰ ਕਰਕੇ ਉਨ੍ਹਾਂ ਵਿੱਚ ਵਾਧਾ ਕਰਨਾ ਪਵੇਗਾ। ਰੀਅਲ ਅਸਟੇਟ ’ਤੇ ਹੋਣ ਵਾਲੇ ਨਿਵੇਸ਼ ਨੂੰ ਰੋਕ ਕੇ ਨਵੇਂ ਕਾਰਖਾਨੇ ਲਗਾਉਣ ਨੂੰ ਤਰਜੀਹ ਦੇਣੀ ਪਵੇਗੀ। ਇਸ ਮੁਲਕ ਵਿੱਚੋਂ ਛੱਡ ਕੇ ਗਏ ਕਾਰਖਾਨੇਦਾਰਾਂ ਨੂੰ ਮੁੜ ਇਸ ਮੁਲਕ ਵਿੱਚ ਆਪਣੇ ਕਾਰਖਾਨਿਆਂ ਨੂੰ ਲਿਆਉਣ ਲਈ ਸਹਿਮਤ ਕਰਨਾ ਹੋਵੇਗਾ।

ਕਿਰਾਏਦਾਰਾਂ ਅਤੇ ਮਾਲਕਾਂ ਦੇ ਝਗੜਿਆਂ ਨੂੰ ਘਟਾਉਣ ਲਈ ਸਖ਼ਤ ਕਾਨੂੰਨ ਲਿਆਉਣੇ ਹੋਣਗੇ। ਅਪਰਾਧ ਨੂੰ ਰੋਕਣ ਲਈ ਪ੍ਰਾਈਵੇਸੀ ਕਾਨੂੰਨ ਨੂੰ ਖ਼ਤਮ ਕਰਨਾ ਹੋਵੇਗਾ। ਸਰਕਾਰ ਵਿੱਚ ਲੋਕਾਂ ਦੇ ਨੁਮਾਇੰਦਿਆਂ, ਵਿਹਲੜਾਂ ਅਤੇ ਹੋਰ ਲੋਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਵਿੱਤੀ ਸਹੂਲਤਾਂ ਨੂੰ ਘਟਾਉਣਾ ਹੋਵੇਗਾ। ਬੇਆਬਾਦ ਇਲਾਕਿਆਂ ਨੂੰ ਆਬਾਦ ਕਰਕੇ ਉੱਥੇ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ। ਬੇਰੁਜ਼ਗਾਰੀ ਘਟਾਉਣ ਲਈ ਵਿਜ਼ਿਟਰ ਵੀਜ਼ੇ ’ਤੇ ਆਏ ਲੋਕਾਂ ਅਤੇ ਬਜ਼ੁਰਗਾਂ ਨੂੰ ਕੰਮ ਦੇਣ ’ਤੇ ਪਾਬੰਦੀ ਲਗਾਉਣੀ ਹੋਵੇਗੀ ਤਾਂ ਕਿ ਨੌਜਵਾਨ ਮੁੰਡੇ-ਕੁੜੀਆਂ ਨੂੰ ਰੁਜ਼ਗਾਰ ਮਿਲ ਸਕੇ। ਜੇਕਰ ਇਸ ਮੁਲਕ ਦੀ ਮੌਜੂਦਾ ਸਰਕਾਰ ਨੇ ਕੈਨੇਡਾ ਦੀ ਅਜੋਕੀ ਮਾੜੀ ਹਾਲਤ ਨੂੰ ਵੇਖ ਕੇ ਸਖ਼ਤ ਕਾਨੂੰਨ ਨਾ ਬਣਾਏ, ਸਖ਼ਤ .ਫ਼ੈਸਲੇ ਨਾ ਲਏ ਤਾਂ ਇੱਥੇ ਆਉਣ ਵਾਲਾ ਸਮਾਂ ਹੋਰ ਵੀ ਭਿਆਨਕ ਹੋਵੇਗਾ।

Dosanjh Family AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

FREMONT HYUNDAI

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD